**Reo-Bankowned Properties**

From San Jose to Sacramento

JASSI GILL *Broker/Owner*

Ph:510-304-9292

**Refinance Now**

@ZERO COST

Call Sukhi Gill:510-207-9067



*Jassi Gill*

CA DRE Lic.#01180969 CA DRE# 00966763



**Golden State Realty**

Please Contact For Commercial or Residential Needs

ਅਸੀਂ ਲੋਨ ਲੈਣ ਵਿਚ ਤੁਹਾਡੀ ਮਦਦ ਕਰਦੇ ਹਾਂ

*Call: Sohanpreet 'Sam' Chahal*

Ph: 916-612-5773

**email:** samchahal@hotmail.com

***Serving all over California***



Sam Chahal
CA Lic. 01504071



COVERED CALIFORNIA

**ਓਬਾਮਾ ਕੇਅਰ**

ਦੀ ਐਪਲੀਕੇਸ਼ਨ ਖੁਲ੍ਹ ਗਈ ਹੈ

November 1 to January 31

ਐਪਲੀਕੇਸ਼ਨ ਭਰਨ ਲਈ ਮਿਲੋ

ਗੁਰਚਰਨ ਸਿੰਘ ਮਾਨ

ਫੋਨ: 510-797-7989

Email: duabbal@gmail.com



License# OC70672
Certified Agent

ਐਪਲੀਕੇਸ਼ਨ ਦੀ ਕੋਈ ਫੀਸ ਨਹੀਂ



Sixteenth Year of Publication | ਕੈਲੀਫੋਰਨੀਆ ਐਡੀਸ਼ਨ | Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 17, Issue 14, April 2, 2016 | 20451 N Plum Grove Rd., Palatine, IL 60074 | Ph:847-359-0746, Fax:847-705-9388


## ਬਹਿਬਲ ਕਲਾਂ ਕਾਂਡ: ਪੁਲਿਸ ਤੇ ਸਰਕਾਰ ਕਟਹਿਰੇ 'ਚ

### ਜਸਟਿਸ ਕਾਟਜੂ ਕਮਿਸ਼ਨ ਵੱਲੋਂ ਰਿਪੋਰਟ ਪੇਸ਼

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਜਸਟਿਸ ਕਾਟਜੂ ਪੀਪਲਜ਼ ਕਮਿਸ਼ਨ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵਿਰੁੱਧ ਬਹਿਬਲ ਕਲਾਂ ਅਤੇ ਕੋਟਕਪੂਰਾ ਵਿਚ ਇਕੱਠੇ ਹੋਏ ਸਿੱਖਾਂ 'ਤੇ ਗੋਲੀਆਂ ਚਲਾਉਣ ਦੇ ਮਾਮਲੇ ਬਾਰੇ ਪੇਸ਼ ਕੀਤੀ ਰਿਪੋਰਟ ਵਿਚ ਜਿਥੇ ਪੰਜਾਬ ਪੁਲਿਸ ਨੂੰ ਦੋਸ਼ੀ ਠਹਿਰਾਇਆ ਹੈ, ਉਥੇ ਸਰਕਾਰ ਦੇ ਰਵੱਈਏ 'ਤੇ ਵੀ ਸਵਾਲ ਚੁੱਕੇ ਹਨ। ਕਮਿਸ਼ਨ ਨੇ ਕਿਹਾ ਹੈ ਕਿ ਉਸ ਦੀਆਂ ਵਾਰ-ਵਾਰ ਅਪੀਲਾਂ ਦੇ ਬਾਵਜੂਦ ਕੋਈ ਸਰਕਾਰੀ ਅਧਿਕਾਰੀ ਉਸ ਸਾਹਮਣੇ ਪੇਸ਼ ਨਹੀਂ ਹੋਇਆ। ਇਹ ਰਿਪੋਰਟ ਭਾਵੇਂ ਅਜੇ ਸਰਕਾਰ ਨੂੰ ਭੇਜੀ ਜਾਣੀ ਹੈ, ਪਰ ਅਕਾਲੀ ਆਗੂਆਂ ਤੇ ਮੰਤਰੀਆਂ ਨੇ ਇਸ ਕਮਿਸ਼ਨ 'ਤੇ ਹੀ ਸਵਾਲ ਖੜ੍ਹੇ ਕਰ ਦਿੱਤੇ ਹਨ।

ਪੰਜਾਬ ਦੇ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਦਾ ਕਹਿਣਾ ਹੈ ਕਿ ਜੋ ਲੋਕ ਕਾਟਜੂ ਦੇ ਨਾਲ ਹਨ ਤੇ ਉਨ੍ਹਾਂ ਨੂੰ ਪੰਜਾਬ ਲੈ ਕੇ ਆਏ ਹਨ, ਉਹ ਸਾਰੇ ਅਕਾਲੀ ਦਲ ਤੇ ਭਾਜਪਾ ਵਿਰੋਧੀ ਹਨ। ਉਹ ਅਜਿਹੇ ਕਮਿਸ਼ਨ ਦੀ ਰਿਪੋਰਟ ਨੂੰ ਨਹੀਂ ਮੰਨਦੇ, ਜਦ ਕਿ ਅਕਾਲੀ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਦਾਅਵਾ ਕੀਤਾ ਹੈ ਕਿ ਬਹਿਬਲ ਕਾਂਡ ਬਾਰੇ ਸੱਚ ਸਰਕਾਰੀ ਰਿਪੋਰਟ ਨਾਲ ਹੀ ਸਾਹਮਣੇ ਆਵੇਗਾ।

ਦੂਜੇ ਪਾਸੇ ਸਿੱਖ ਜਥੇਬੰਦੀਆਂ ਨੇ ਖ਼ਦਸ਼ਾ ਜ਼ਾਹਿਰ ਕੀਤਾ ਹੈ ਕਿ ਜਿਵੇਂ ਪੰਜਾਬ ਸਰਕਾਰ ਨੇ ਪੀਪਲਜ਼ ਕਮਿਸ਼ਨ ਨੂੰ ਅਣਗੌਲਿਆ ਕੀਤਾ ਸੀ, ਉਸੇ ਤਰ੍ਹਾਂ ਇਸ ਦੀ ਰਿਪੋਰਟ ਨੂੰ ਵੀ ਦਰਕਿਨਾਰ ਕੀਤਾ ਜਾ ਸਕਦਾ ਹੈ। ਪੰਥਕ ਤਾਲਮੇਲ ਸੰਗਠਨ ਦੇ ਕਨਵੀਨਰ ਅਤੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਦਾ ਕਹਿਣਾ ਹੈ ਕਿ ਜੇ ਸਰਕਾਰ ਵੱਲੋਂ ਕਮਿਸ਼ਨ ਦੀ ਰਿਪੋਰਟ ਨੂੰ ਦਰਕਿਨਾਰ ਕੀਤਾ ਜਾਂਦਾ ਹੈ ਤਾਂ ਇਹ ਲੋਕ ਭਾਵਨਾਵਾਂ ਦਾ ਕਤਲ ਹੋਵੇਗਾ। ਉਹ ਖ਼ੁਦ ਵੀ ਕਮਿਸ਼ਨ ਦੇ ਸਾਹਮਣੇ ਬਤੌਰ ਗਵਾਹ ਪੇਸ਼ ਹੋ ਚੁੱਕੇ ਹਨ। ਯਾਦ ਰਹੇ ਕਿ

***(ਬਾਕੀ ਸਫਾ 6 'ਤੇ)***



### ਪੁਲਿਸ ਕਾਰਵਾਈ 'ਤੇ ਉਠੇ ਸਵਾਲ

**ਚੰਡੀਗੜ੍ਹ:** ਜਸਟਿਸ ਕਾਟਜੂ ਕਮਿਸ਼ਨ ਨੇ ਪੁਲਿਸ ਕਾਰਵਾਈ 'ਤੇ ਗੰਭੀਰ ਸਵਾਲ ਚੁੱਕੇ ਹਨ। ਕਮਿਸ਼ਨ ਦਾ ਕਹਿਣਾ ਹੈ ਕਿ ਪੁਲਿਸ ਨੂੰ ਗੋਲੀ ਚਲਾਉਣ ਦੀ ਲੋੜ ਨਹੀਂ ਸੀ ਤੇ ਸਿੱਖ ਪ੍ਰਦਰਸ਼ਨਕਾਰੀਆਂ ਨੂੰ ਹੋਰ ਤਰੀਕਿਆਂ ਨਾਲ ਉਥੋਂ ਪਰ੍ਹਾਂ ਕੀਤਾ ਜਾ ਸਕਦਾ ਸੀ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਪੰਜਾਬ ਪੁਲਿਸ ਨੇ ਮੋਰਚੇ ਬਣਾ ਕੇ ਨਿਹੱਥੇ ਤੇ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਲੋਕਾਂ 'ਤੇ ਇੰਜ ਗੋਲੀਆਂ ਚਲਾਈਆਂ, ਜਿਵੇਂ ਪੁਲਿਸ ਕਿਸੇ ਦੁਸ਼ਮਣ ਨਾਲ ਮੁਕਾਬਲਾ ਕਰ ਰਹੀ ਹੋਵੇ। ਇਹ ਬਹੁਤ ਹੈਰਾਨੀਜਨਕ ਸੀ ਕਿ ਮੌਕੇ 'ਤੇ ਮੈਜਿਸਟਰੇਟ ਹਾਜ਼ਰ ਨਹੀਂ ਸੀ ਤੇ ਇਹ ਰਸਮੀ ਪ੍ਰਕਿਰਿਆ ਸਰਕਾਰੀ ਪੱਧਰ 'ਤੇ ਬਾਅਦ ਵਿਚ ਪੂਰੀ ਕੀਤੀ ਗਈ। ਭਾਰਤੀ ਸੰਵਿਧਾਨ ਦੀ ਧਾਰਾ 19 ਇਸ ਦੇਸ਼ ਦੇ ਨਾਗਰਿਕਾਂ ਨੂੰ ਬਿਨਾਂ ਹਥਿਆਰਾਂ ਤੋਂ ਆਪਣੇ ਅਧਿਕਾਰਾਂ ਲਈ ਸ਼ਾਂਤਮਈ ਪ੍ਰਦਰਸ਼ਨ ਕਰਨ ਦੀ ਆਗਿਆ ਦਿੰਦੀ ਹੈ।

## 'ਕਮਾਊ ਪੁੱਤਾਂ' ਦੀ ਬੇਰੁਖੀ ਨੇ ਸਰਕਾਰ ਦੀ ਚਿੰਤਾ ਵਧਾਈ

**ਚੰਡੀਗੜ੍ਹ:** ਸਰਕਾਰੀ ਖਜ਼ਾਨੇ ਲਈ ਕਮਾਊ ਪੁੱਤ ਮੰਨੇ ਜਾਂਦੇ ਸ਼ਰਾਬ ਦੇ ਠੇਕੇਦਾਰਾਂ ਵੱਲੋਂ ਇਸ ਵਾਰ ਕਾਰੋਬਾਰ ਬਾਰੇ ਵਿਖਾਈ ਬੇਰੁਖੀ ਨੇ ਸਰਕਾਰ ਨੂੰ ਫਿਕਰ ਵਿਚ ਪਾ ਦਿੱਤਾ ਹੈ। ਸਰਕਾਰ ਵੱਲੋਂ ਨਵੀਂ ਆਬਕਾਰੀ ਨੀਤੀ ਲਿਆਉਣ ਦੇ ਬਾਵਜੂਦ ਠੇਕਿਆਂ ਦੀ ਨਿਲਾਮੀ ਤੋਂ ਮਿਥੇ ਗਏ ਟੀਚੇ ਮੁਤਾਬਕ 300 ਕਰੋੜ ਰੁਪਏ ਦਾ ਘੱਟ ਮਾਲੀਆ ਇਕੱਠਾ ਹੋਇਆ ਹੈ। ਇਸ ਨਿਲਾਮੀ ਲਈ ਅਰਜ਼ੀ ਫੀਸ ਵੀ ਪਿਛਲੇ ਸਾਲ ਨਾਲੋਂ 146 ਕਰੋੜ ਰੁਪਏ ਘੱਟ ਪ੍ਰਾਪਤ ਹੋਈ।

ਐਤਕੀਂ ਸ਼ਰਾਬ ਦੇ ਕਾਰੋਬਾਰ ਤੋਂ ਸਰਕਾਰ ਨੂੰ ਤਕਰੀਬਨ 450 ਕਰੋੜ ਰੁਪਏ ਘੱਟ ਕਮਾਈ ਹੋਈ ਹੈ। ਕਈ ਪੁਰਾਣੇ ਠੇਕੇਦਾਰ ਤਾਂ ਕਿਨਾਰਾ ਹੀ ਕਰ ਗਏ ਹਨ। ਸਰਕਾਰ ਦੀ ਨਵੀਂ ਨੀਤੀ ਨੂੰ ਆਪਣੇ ਚਹੇਤਿਆਂ ਨੂੰ ਲਾਭ ਪਹੁੰਚਾਉਣ ਵਾਲੀ ਕਰਾਰ ਦਿੱਤਾ ਜਾ ਰਿਹਾ ਹੈ। ਕਰ ਤੇ ਆਬਕਾਰੀ ਵਿਭਾਗ ਵੱਲੋਂ ਸ਼ਰਾਬ ਦੇ ਠੇਕਿਆਂ ਤੋਂ 5440 ਕਰੋੜ ਰੁਪਏ ਕਮਾਉਣ ਦਾ ਟੀਚਾ ਸੀ, ਪਰ ਅੰਕੜਾ ਤਕਰੀਬਨ 300 ਕਰੋੜ ਹੇਠਾਂ ਰਿਹਾ। 5440 ਕਰੋੜ ਦੇ ਮੁਕਾਬਲੇ ਅੰਦਾਜ਼ਨ 5100 ਤੋਂ 5200 ਕਰੋੜ ਰੁਪਏ ਵਿਚ ਠੇਕਿਆਂ ਦੀ ਨਿਲਾਮੀ ਹੋਈ ਹੈ।

ਐਤਕੀਂ ਸ਼ਰਾਬ ਦੇ ਠੇਕੇ ਲੈਣ ਦੇ ਚਾਹਵਾਨਾਂ ਦੀਆਂ ਤਕਰੀਬਨ 47 ਹਜ਼ਾਰ ਅਰਜ਼ੀਆਂ ਪੁੱਜੀਆਂ ਸਨ ਜਿਨ੍ਹਾਂ ਤੋਂ ਫੀਸ ਦੇ ਰੂਪ ਵਿਚ 145 ਕਰੋੜ ਰੁਪਏ ਦੀ ਆਮਦਨ ਹੋਈ ਹੈ। ਸਾਲ 2015-16 ਲਈ 52 ਹਜ਼ਾਰ ਦਰਖਾਸਤਾਂ ਪੁੱਜੀਆਂ ਸਨ ਅਤੇ ਉਨ੍ਹਾਂ ਤੋਂ 291 ਕਰੋੜ ਰੁਪਏ ਦੀ ਆਮਦਨ ਹੋਈ ਸੀ। ਪਿਛਲੇ ਵਰ੍ਹੇ ਨਾਲੋਂ ਐਤਕੀਂ ਪੰਜ ਹਜ਼ਾਰ

***(ਬਾਕੀ ਸਫਾ 6 'ਤੇ)***

## ਪਾਕਿ ਜਾਂਚ ਟੀਮ ਦੇ ਦੌਰੇ 'ਤੇ ਸਿਆਸਤ

**ਨਵੀਂ ਦਿੱਲੀ:** ਇਸ ਸਾਲ ਦੋ ਜਨਵਰੀ ਨੂੰ ਪਠਾਨਕੋਟ ਏਅਰਬੇਸ ਉਤੇ ਹੋਏ ਅਤਿਵਾਦੀ ਹਮਲੇ ਦੀ ਪੜਤਾਲ ਲਈ ਆਈ ਪਾਕਿਸਤਾਨ ਦੀ ਪੰਜ ਮੈਂਬਰੀ ਸਾਂਝੀ ਜਾਂਚ ਟੀਮ (ਜੇ.ਆਈ.ਟੀ.) ਦੇ ਦੌਰੇ 'ਤੇ ਸਿਆਸਤ ਭਖ ਗਈ ਹੈ। ਪਾਕਿਸਤਾਨੀ ਟੀਮ ਨੂੰ ਪਠਾਨਕੋਟ ਏਅਰਬੇਸ ਅੰਦਰ ਜਾਂਚ ਦੀ ਆਗਿਆ ਦੇਣ ਨਾਲ ਸਰਕਾਰ, ਵਿਰੋਧੀਆਂ ਸਮੇਤ ਆਪਣੇ ਭਾਈਵਾਲ ਸ਼ਿਵ ਸੈਨਾ ਦੇ ਨਿਸ਼ਾਨੇ ਉਤੇ ਹੈ।

ਕਾਂਗਰਸ ਨੇ ਦੋਸ਼ ਲਾਇਆ ਹੈ ਕਿ ਮੋਦੀ ਸਰਕਾਰ ਨੇ ਗਲਤ ਮਿਸਾਲ ਕਾਇਮ ਕੀਤੀ ਹੈ ਅਤੇ ਹੈਰਾਨੀ ਹੈ ਕਿ ਜਿਸ ਟੀਮ ਵਿਚ ਆਈ.ਐਸ.ਆਈ. ਦੇ ਨੁਮਾਇੰਦੇ ਹਨ, ਉਨ੍ਹਾਂ ਨੂੰ 'ਬਰਿਆਨੀ' ਪੇਸ਼ ਕੀਤੀ ਗਈ ਹੈ। ਸ਼ਿਵ ਸੈਨਾ



ਆਗੂ ਸੰਜੈ ਰੌਤ ਨੇ ਸਰਕਾਰ ਦੇ ਫੈਸਲੇ ਨੂੰ ਗਲਤ ਦੱਸਦਿਆਂ ਕਿਹਾ ਹੈ ਕਿ ਭਾਰਤ ਨੂੰ ਜਾਂਚ ਲਈ ਆਪਣੀ ਟੀਮ ਪਾਕਿਸਤਾਨ ਭੇਜਣ ਦੀ ਲੋੜ ਹੈ ਤੇ ਇਹ ਸਾਰਾ ਘਟਨਾਕ੍ਰਮ ਹਾਸੋਹੀਣਾ ਹੈ। ਪਠਾਨਕੋਟ ਏਅਰਬੇਸ ਦੇ ਬਾਹਰ ਕਾਂਗਰਸ ਤੇ ਆਮ ਆਦਮੀ ਪਾਰਟੀ (ਆਪ) ਵਰਕਰ ਪਾਕਿਸਤਾਨ ਟੀਮ ਦੇ ਵਿਰੋਧ ਲਈ ਹੱਥਾਂ ਵਿਚ

***(ਬਾਕੀ ਸਫਾ 6 'ਤੇ)***


**We Do Real Estate in Bay Area & Central Valley**

**We do loans anywhere in California**



Cell: 408-816-0408
Tel: 209-918-6464
Fax: 866-594-4680
email:
realtoramanhundal@gmail.com

AMAN S. HUNDAL
Broker/Realtor/MBA
BRE# 01839828
NMLS# 162808

Alltime REALTY & MORTGAGE

16 Corning Ave, Ste. 230, Milpitas, CA 92035
3819 Northern Oak Dr., Ceres, CA 95307

CDPE, SFR *LAR 2010, 2011, 2012 Masters Club
Masters Emerald Award 2010, 2011



Raja SWEETS & CATERING
Presents
PARADISE BALLROOMS
banquet hall & event center



ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜ਼ਾਮ ਹੈ।

SERVICES INCLUDE
- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.

PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com
www.paradiseballrooms.com



**Law Office of Manpreet S. Gahra**

>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ

Criminal Defense (DUI, simple battery, domestic violence, immigration post-conviction relief)



Manpreet S. Gahra
*Attorny At Law*

Berkeley Office
2161 Shattuck Ave., 304, Berkeley
Ph:510-841-4582 Fax:510-217-6847

Sacramento Office
Call For Appointment
Ph:916-970-5611
**Email:** manpreet@gahralaw.com

# ਚੋਣ ਕਮਿਸ਼ਨ ਬੰਗਾਲ ਵਿਚੋਂ ਲੱਭੇਗਾ ਅਕਾਲੀਆਂ ਦਾ ਤੋੜ

**ਚੰਡੀਗੜ੍ਹ:** ਪੰਜਾਬ ਵਿਚ ਪੁਲਿਸ ਅਤੇ ਸਿਵਲ ਪ੍ਰਸ਼ਾਸਨ ਨੂੰ ਹਾਕਮ ਸ਼੍ਰੋਮਣੀ ਅਕਾਲੀ ਦਲ ਦੀ ਪਕੜ 'ਚੋਂ ਕੱਢਣਾ ਚੋਣ ਕਮਿਸ਼ਨ ਲਈ ਵੱਡੀ ਚੁਣੌਤੀ ਬਣ ਗਿਆ ਹੈ। ਕਮਿਸ਼ਨ ਦੇ ਅਧਿਕਾਰੀਆਂ ਦਾ ਮੰਨਣਾ ਹੈ ਕਿ ਜਿਸ ਰਾਜ ਵਿਚ ਵੀ ਕਿਸੇ ਸਿਆਸੀ ਧਿਰ ਨੇ ਲਗਾਤਾਰ ਦੂਜੀ ਵਾਰ ਸੱਤਾ 'ਤੇ ਕਬਜ਼ਾ ਕੀਤਾ ਹੈ, ਉਸ ਰਾਜ ਦੇ ਸਿਵਲ ਤੇ ਪੁਲਿਸ ਅਧਿਕਾਰੀ ਹਾਕਮ ਪਾਰਟੀ ਦੇ ਪਿਛਲੱਗ ਬਣ ਹੀ ਜਾਂਦੇ ਹਨ। ਕਮਿਸ਼ਨ ਵੱਲੋਂ ਇਸ ਤਰ੍ਹਾਂ ਦਾ ਪ੍ਰਭਾਵ ਦੋ ਸਾਲ ਪਹਿਲਾਂ ਹੋਈਆਂ ਲੋਕ ਸਭਾ ਚੋਣਾਂ ਦੌਰਾਨ ਪੰਜਾਬ 'ਚ ਦੇਖਿਆ ਗਿਆ ਹੈ। ਇਨ੍ਹਾਂ ਚੁਣੌਤੀਆਂ ਦੇ ਮੱਦੇਨਜ਼ਰ ਹੀ ਕਮਿਸ਼ਨ ਨੇ ਪੰਜਾਬ ਨਾਲ ਸਬੰਧਿਤ ਚੋਣ ਅਧਿਕਾਰੀਆਂ ਨੂੰ ਪੱਛਮੀ ਬੰਗਾਲ ਵਰਗੇ ਸੂਬਿਆਂ 'ਚ ਹੋ ਰਹੀਆਂ ਵਿਧਾਨ ਸਭਾ ਚੋਣਾਂ ਦੇ ਅਮਲ ਦਾ ਅਧਿਐਨ ਕਰਨ ਲਈ ਕਿਹਾ ਹੈ।

ਕਮਿਸ਼ਨ ਦੇ ਨਿਰਦੇਸ਼ਾਂ 'ਤੇ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਵੀ.ਕੇ. ਸਿੰਘ ਨੇ ਬੰਗਾਲ ਦਾ ਦੌਰਾ ਕਰ ਕੇ ਉਥੋਂ ਦੇ ਚੋਣ ਅਮਲ ਦਾ ਅਧਿਐਨ ਕੀਤਾ ਹੈ। ਬੰਗਾਲ 'ਚ ਲਗਾਤਾਰ 35 ਸਾਲ ਖੱਬੀਆਂ ਪਾਰਟੀਆਂ ਦਾ ਰਾਜ ਰਿਹਾ ਹੈ ਤੇ ਪੰਜਾਬ ਵਿਚ ਅਕਾਲੀ-ਭਾਜਪਾ ਗੱਠਜੋੜ ਸਰਕਾਰ ਦਾ ਲਗਾਤਾਰ ਦੂਜਾ ਕਾਰਜਕਾਲ ਹੈ। ਰਾਜਸੀ ਤੇ ਪ੍ਰਸ਼ਾਸਕੀ ਹਲਕਿਆਂ ਵਿਚ ਚਰਚਾ ਹੈ ਕਿ ਅਕਾਲੀ ਦਲ ਨੇ ਸੱਤਾ 'ਤੇ ਪਕੜ ਬਣਾਉਣ ਲਈ ਖੱਬੀਆਂ ਪਾਰਟੀਆਂ ਦੇ 'ਬੰਗਾਲ ਮਾਡਲ' ਦਾ ਅਧਿਐਨ ਕਰ ਕੇ ਉਨ੍ਹਾਂ ਦੀਆਂ ਕਈ ਨੀਤੀਆਂ ਨੂੰ ਇਥੇ ਲਾਗੂ ਕੀਤਾ ਸੀ। ਚੋਣ ਕਮਿਸ਼ਨ ਦਾ ਇਹ ਵੀ ਮੰਨਣਾ ਹੈ ਕਿ ਪੰਜਾਬ ਦੀਆਂ ਚੋਣਾਂ 'ਚ ਹੋਰਨਾਂ ਸੂਬਿਆਂ ਦੇ ਮੁਕਾਬਲੇ ਬਾਹੂਬਲ ਤੇ ਧਨ ਦਾ ਪ੍ਰਭਾਵ ਲਗਾਤਾਰ ਵਧ ਰਿਹਾ ਹੈ।

ਮੁੱਖ ਚੋਣ ਅਧਿਕਾਰੀ ਵੀ.ਕੇ. ਸਿੰਘ ਜੋ ਇੱਕ ਹਫ਼ਤੇ ਲਈ ਬੰਗਾਲ ਗਏ ਸਨ, ਨੇ ਰਾਜ ਦੇ ਅਤਿ ਸੰਵੇਦਨਸ਼ੀਲ ਚਾਰ ਜ਼ਿਲ੍ਹਿਆਂ ਪੂਰਬੀ ਮਿਦਨਾਪੁਰ, ਪੱਛਮੀ ਮਿਦਨਾਪੁਰ, ਹੁਗਲੀ ਅਤੇ ਹਾਵੜਾ ਦਾ ਦੌਰਾ ਕੀਤਾ। ਬੰਗਾਲ 'ਚ ਅਗਲੇ ਮਹੀਨੇ ਤੋਂ ਵੋਟਾਂ ਪੈਣ ਦਾ ਅਮਲ ਸ਼ੁਰੂ ਹੋਣਾ ਹੈ। ਬੰਗਾਲ ਦੇ ਇਹ ਜ਼ਿਲ੍ਹੇ ਆਬਾਦੀ ਪੱਖੋਂ ਵੱਡੇ ਹਨ ਤੇ ਪੰਜਾਬ ਦੇ ਅਧਿਕਾਰੀਆਂ ਨੂੰ ਇਨ੍ਹਾਂ ਜ਼ਿਲ੍ਹਿਆਂ 'ਚ ਰਾਜਸੀ ਤੇ ਪ੍ਰਸ਼ਾਸਕੀ ਗਤੀਵਿਧੀਆਂ ਦਾ ਅਧਿਐਨ ਕਰਨ ਲਈ ਕਿਹਾ ਗਿਆ ਸੀ।

ਮੁੱਖ ਚੋਣ ਅਧਿਕਾਰੀ ਨੇ ਦੱਸਿਆ ਕਿ ਬੰਗਾਲ ਪ੍ਰਸ਼ਾਸਨ ਵੱਲੋਂ ਜ਼ਿਲ੍ਹਾ ਪੱਧਰ 'ਤੇ ਸਿੱਧੇ ਭਰਤੀ ਹੋਏ ਆਈ.ਏ.ਐਸ. ਅਤੇ ਆਈ.ਪੀ.ਐਸ. ਅਫ਼ਸਰਾਂ ਦੀਆਂ ਤਾਇਨਾਤੀਆਂ ਕੀਤੀਆਂ ਗਈਆਂ ਹਨ।

## ਸੁਖਪਾਲ ਸਿੰਘ ਖਹਿਰਾ 14 ਅਪਰੈਲ ਤੋਂ ਅਮਰੀਕਾ ਫੇਰੀ 'ਤੇ

**ਫਰਿਜ਼ਨੋ (ਬਿਊਰੋ):** ਪੰਜਾਬ ਵਿਧਾਨ ਸਭਾ ਦੀਆਂ 2017 ਵਿਚ ਹੋ ਰਹੀਆਂ ਚੋਣਾਂ ਨੂੰ ਮੁੱਖ ਰੱਖ ਕੇ ਆਮ ਆਦਮੀ ਪਾਰਟੀ, ਪੰਜਾਬ ਦੇ ਮੁੱਖ ਬੁਲਾਰੇ ਸ. ਸੁਖਪਾਲ ਸਿੰਘ ਖਹਿਰਾ ਅਮਰੀਕਾ ਵਸਦੇ ਪ੍ਰਵਾਸੀ ਪੰਜਾਬੀਆਂ ਨਾਲ ਰਾਬਤਾ ਮਜ਼ਬੂਤ ਕਰਨ ਅਤੇ ਪਾਰਟੀ ਏਜੰਡੇ ਤੋਂ ਜਾਣੂ ਕਰਵਾਉਣ ਵਾਸਤੇ ਅਮਰੀਕਾ ਫੇਰੀ 'ਤੇ 14 ਅਪਰੈਲ ਤੋਂ ਪਹਿਲੀ ਮਈ ਤੱਕ ਅਮਰੀਕਾ



ਦੇ ਦੌਰੇ 'ਤੇ ਆ ਰਹੇ ਹਨ। ਇਸ ਦੌਰੇ ਦੌਰਾਨ ਉਹ ਵੱਖ ਵੱਖ ਸ਼ਹਿਰਾਂ ਵਿਚ ਪਰਵਾਸੀ ਪੰਜਾਬੀਆਂ ਨੂੰ ਸੰਬੋਧਨ ਕਰਨਗੇ।

ਜ਼ਿਕਰਯੋਗ ਹੈ ਕਿ 2017 ਦੀਆਂ ਚੋਣਾਂ ਨੂੰ ਮੁੱਖ ਰੱਖ ਕੇ ਜਿਥੇ ਪੰਜਾਬ ਵਿਚ ਸਿਆਸੀ ਅਖਾੜਾ ਭਖਦਾ ਜਾ ਰਿਹਾ ਹੈ, ਉਥੇ ਪਰਵਾਸੀ ਪੰਜਾਬੀਆਂ ਨੂੰ ਲੁਭਾਉਣ ਲਈ ਹਰ ਪਾਰਟੀ ਅੱਡੀ ਚੋਟੀ ਦਾ ਜ਼ੋਰ ਲਾ ਰਹੀ ਹੈ ਅਤੇ ਉਨ੍ਹਾਂ ਦੇ ਬੁਲਾਰੇ ਵਿਦੇਸ਼ਾਂ ਦੇ ਦੌਰੇ 'ਤੇ ਚੜ੍ਹ ਰਹੇ ਹਨ।

ਇਸ ਫੇਰੀ ਦੌਰਾਨ ਸ. ਖਹਿਰਾ 15 ਅਪਰੈਲ ਨੂੰ ਬੇਕਰਜ਼ਫੀਲਡ, 16 ਨੂੰ ਲਾਸ ਏਂਜਲਸ, 17 ਨੂੰ ਸੈਨ ਫਰਾਂਸਿਸਕੋ, 19 ਨੂੰ ਫਰਿਜ਼ਨੋ, 22 ਨੂੰ ਸਟਾਕਟਨ, 23 ਨੂੰ ਸਿਆਟਲ, 24 ਅਤੇ 25 ਅਪਰੈਲ ਨੂੰ ਕ੍ਰਮਵਾਰ ਹਿਊਸਟਨ ਤੇ ਡੈਲਸ (ਟੈਕਸਸ), 26 ਨੂੰ ਡਿਟਰਾਇਟ (ਮਿਸ਼ੀਗਨ), 27 ਨੂੰ ਸ਼ਿਕਾਗੋ, 29 ਨੂੰ ਵਾਸ਼ਿੰਗਟਨ ਡੀ.ਸੀ., 30 ਅਪਰੈਲ ਨੂੰ ਨਿਊ ਯਾਰਕ ਅਤੇ ਪਹਿਲੀ ਮਈ ਨੂੰ ਨਿਊ ਜਰਸੀ ਵਿਚ ਪੰਜਾਬੀਆਂ ਦੇ ਰੂਬਰੂ ਹੋਣਗੇ।

## ਪੰਜ ਮਹੀਨੇ ਬਾਅਦ ਵੀ ਭਰਤੀ ਸਿਰੇ ਨਹੀਂ ਲੱਗੀ

**ਫ਼ਿਰੋਜ਼ਪੁਰ:** ਸੂਬਾ ਸਰਕਾਰਾਂ ਵਲੋਂ ਪੰਜਾਬ ਅੰਦਰ ਪੜ੍ਹ-ਲਿਖ ਕੇ ਵਿਹਲੀ ਘੁੰਮ ਰਹੀ 40 ਲੱਖ ਬੇਰੁਜ਼ਗਾਰਾਂ ਦੀ ਫ਼ੌਜ ਨੂੰ ਰੁਜ਼ਗਾਰ ਦੇਣ ਲਈ ਕੁਝ ਮਹੀਨੇ ਪਹਿਲਾਂ ਵੱਖ-ਵੱਖ ਵਿਭਾਗਾਂ 'ਚ ਇਕ ਲੱਖ 20 ਹਜ਼ਾਰ ਸਰਕਾਰੀ ਭਰਤੀ ਕਰਨ ਦੇ ਕੀਤੇ ਐਲਾਨ ਮਹਿਜ਼ ਇਕ ਸਿਆਸੀ ਡਰਾਮਾ ਸਾਬਤ ਹੋਣ ਲੱਗੇ ਹਨ। 4-5 ਮਹੀਨੇ ਬੀਤਣ 'ਤੇ ਵੀ ਕਿਸੇ ਬੇਰੁਜ਼ਗਾਰ ਨੂੰ ਨੌਕਰੀ ਨਹੀਂ ਮਿਲੀ, ਉਲਟਾ ਖੱਜਲ ਖੁਆਰੀਆਂ 'ਚ ਵਾਧਾ ਹੋਇਆ ਹੈ।

ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਜਦੋਂ ਵੱਖ-ਵੱਖ ਵਿਭਾਗਾਂ ਤੋਂ ਖਾਲੀ ਪੋਸਟਾਂ ਦੇ ਅੰਕੜੇ ਲੈ ਕੇ ਇਨ੍ਹਾਂ ਸਾਰੀਆਂ ਪੋਸਟਾਂ ਨੂੰ ਭਰਨ ਦੀ ਗੱਲ ਕਹੀ ਸੀ ਤਾਂ ਲੱਖਾਂ ਬੇਰੁਜ਼ਗਾਰਾਂ ਨੇ ਇਸ ਦਾ ਸਵਾਗਤ ਕੀਤਾ ਸੀ। ਪਿਛਲੇ 4-5 ਮਹੀਨਿਆਂ 'ਚ ਸਿੱਖਿਆ ਤੇ ਮਾਲ ਵਿਭਾਗ ਵਿਚ ਭਰਤੀ ਪ੍ਰਕਿਰਿਆ ਵਿੱਢੀ ਗਈ ਸੀ। ਕੁਝ ਵਿਭਾਗਾਂ ਵਿਚ ਕਲਰਕਾਂ ਦੀ ਭਰਤੀ ਲਈ ਵੀ ਲਿਖਤੀ ਪੇਪਰ ਲਏ ਗਏ ਪਰ ਹਕੀਕਤ ਇਹ ਹੈ ਕਿ 4522 ਈ.ਟੀ.ਟੀ. ਪੋਸਟਾਂ ਲਈ ਪਿਛਲੇ 3-4 ਮਹੀਨਿਆਂ ਤੋਂ ਨਤੀਜੇ 'ਚ ਪੰਜਵੀਂ ਸੋਧ 22 ਮਾਰਚ ਨੂੰ ਕੀਤੀ ਗਈ ਹੈ। 1227 ਪਟਵਾਰੀ ਦੀਆਂ ਪੋਸਟਾਂ ਲਈ ਇਕ ਪੇਪਰ ਹੋ ਚੁੱਕਾ ਹੈ ਜਿਸ ਉਪਰ ਤਰ੍ਹਾਂ-ਤਰ੍ਹਾਂ ਦੇ ਸਵਾਲੀਆ ਨਿਸ਼ਾਨ ਲੱਗੇ ਹੋਣ ਕਰ ਕੇ ਅਜੇ ਦੂਜਾ ਪੇਪਰ ਨਹੀਂ ਲਿਆ ਗਿਆ। ਇਹੀ ਹਾਲ 2000 ਦੇ ਕਰੀਬ ਕਲਰਕਾਂ ਦੀ ਭਰਤੀ ਦਾ ਹੈ। ਸਿਰਫ਼ 650 ਲੈਕਚਰਾਰਾਂ ਦੀ ਭਰਤੀ ਪ੍ਰਕਿਰਿਆ ਸਹੀ ਦਿਸ਼ਾ 'ਚ ਹੈ। ਸਰਕਾਰੀ ਨੌਕਰੀਆਂ ਤੋਂ ਭੱਜ ਰਹੀ ਸਰਕਾਰ ਨੇ ਹੁਣ ਆਪਣਾ ਪੂਰਾ ਜ਼ੋਰ ਸਕਿਲ ਡਿਵੈਲਪਮੈਂਟ ਵਾਲੇ ਪਾਸੇ ਮੋੜ ਲਿਆ ਹੈ। ਰਾਜ ਸਰਕਾਰ ਹਰ ਬਲਾਕ 'ਚ 2-2 ਸਕਿਲ ਡਿਵੈਲਪਮੈਂਟ ਕੇਂਦਰ ਖੋਲ੍ਹ ਰਹੀ ਹੈ ਜਿਸ 'ਚ ਸਾਰੇ ਸ਼ੌਰਟ ਟਰਮ ਕੋਰਸ ਕਰਵਾਏ ਜਾਣੇ ਹਨ। ਪਹਿਲੀ ਕਿਸ਼ਤ ਵਿਚ ਹੀ 50 ਹਜ਼ਾਰ ਨੌਜਵਾਨਾਂ ਨੂੰ ਹੁਨਰਮੰਦ ਕਰਨ ਦਾ ਪ੍ਰੋਗਰਾਮ ਹੈ। ਜੇ 2 ਕਿਸ਼ਤਾਂ 'ਚ ਸਰਕਾਰ 1 ਲੱਖ ਬੇਰੁਜ਼ਗਾਰਾਂ ਨੂੰ ਹੁਨਰਮੰਦ ਕਰਦੀ ਹੈ ਤਾਂ ਰਹਿੰਦੇ 8 ਮਹੀਨਿਆਂ 'ਚ ਸਰਕਾਰੀ ਭਰਤੀ 25-30 ਹਜ਼ਾਰ ਦਾ ਅੰਕੜਾ ਵੀ ਪਾਰ ਨਹੀਂ ਕਰ ਸਕੇਗੀ।

## ਫਿਲਮ 'ਸੰਤਾ ਬੰਤਾ' ਉੱਤੇ ਪਾਬੰਦੀ ਤੋਂ ਇਨਕਾਰ

**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਨੇ ਫਿਲਮ 'ਸੰਤਾ-ਬੰਤਾ ਪ੍ਰਾਈਵੇਟ ਲਿਮਟਿਡ' ਉਤੇ ਰੋਕ ਲਾਉਣ ਤੋਂ ਇਨਕਾਰ ਕਰ ਦਿੱਤਾ ਹੈ ਪਰ ਨਾਲ ਹੀ ਕੇਂਦਰੀ ਫਿਲਮ ਸਰਟੀਫਿਕੇਟ ਬੋਰਡ (ਸੀ.ਬੀ.ਐਫ.ਸੀ.) ਜਿਸ ਨੂੰ ਆਮ ਭਾਸ਼ਾ ਵਿਚ ਸੈਂਸਰ ਬੋਰਡ ਕਿਹਾ ਜਾਂਦਾ ਹੈ, ਨੂੰ ਹਦਾਇਤ ਕੀਤੀ ਹੈ ਕਿ ਉਹ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਾਈ ਗਈ ਪਟੀਸ਼ਨ ਦੇ ਮੱਦੇਨਜ਼ਰ ਇਸ ਫਿਲਮ ਨੂੰ ਦਿੱਤੇ ਯੂ/ਏ ਸਰਟੀਫਿਕੇਟ ਉਪਰ ਨਜ਼ਰਸਾਨੀ ਕਰੇ। ਇਸ ਦੇ ਨਾਲ ਹੀ ਅਦਾਲਤ ਨੇ ਫਿਲਮ ਦੇ ਨਿਰਮਾਤਾ ਤੇ ਨਿਰਦੇਸ਼ਕ ਨੂੰ ਕਿਹਾ ਹੈ ਕਿ ਉਹ ਸੀ.ਬੀ.ਐਫ.ਸੀ. ਕੋਲ ਦੋ ਦਿਨਾਂ ਦੇ ਅੰਦਰ ਆਪਣਾ ਜੁਆਬ ਦਾਖ਼ਲ ਕਰਨ।

ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਧਰਮ ਪ੍ਰਚਾਰ ਕਮੇਟੀ ਨੇ ਜਨਹਿੱਤ ਪਟੀਸ਼ਨ ਪਾ ਕੇ ਕਿਹਾ ਹੈ ਕਿ ਇਸ ਫਿਲਮ ਦੇ ਪੋਸਟਰਾਂ ਤੇ ਟਰੇਲਰਾਂ ਤੋਂ ਸਾਫ਼ ਹੈ ਕਿ ਇਸ ਵਿਚ ਵਿਚ ਸਿੱਖਾਂ ਦਾ ਮਜ਼ਾਕ ਉਡਾਇਆ ਗਿਆ ਹੈ ਤੇ ਇਸ ਦੇ ਰਿਲੀਜ਼ ਹੋਣ ਨਾਲ ਹਾਲਾਤ ਵਿਗੜ ਸਕਦੇ ਹਨ। ਫਿਲਮ ਦੇ ਨਿਰਮਾਤਾ ਵਾਇਆਕੌਮ 18 ਨੇ ਮੰਨਿਆ ਹੈ, ਉਸ ਨੇ ਇਤਰਾਜ਼ਯੋਗ ਪੋਸਟਰ ਵਾਪਸ ਲੈ ਲਏ ਹਨ। ਚੀਫ ਜਸਟਿਸ ਜੀ. ਰੋਹਿਨੀ ਤੇ ਜਸਟਿਸ ਜੈਅੰਤ ਨਾਥ ਨੇ ਕਿਹਾ ਕਿ ਕਾਨੂੰਨੀ ਵਿਵਸਥਾਵਾਂ ਨਾ ਹੋਣ ਕਾਰਨ ਇਸ ਫਿਲਮ 'ਤੇ ਪਾਬੰਦੀ ਲਾਉਣ ਦੀ ਸਥਿਤੀ ਵਿਚ ਨਹੀਂ ਹਨ। ਸਿਨਮੈਟੋਗਰਾਫੀ ਕਾਨੂੰਨ-1952 ਦੀ ਧਾਰਾ 5 ਸੀ ਤਹਿਤ ਸੀ.ਬੀ.ਐਫ.ਸੀ. ਦੇ ਕਿਸੇ ਵੀ ਫੈਸਲੇ ਨੂੰ ਹਾਈ ਕੋਰਟ ਵਿਚ ਸਿਰਫ ਫਿਲਮ ਨਿਰਮਾਤਾ ਹੀ ਚੁਣੌਤੀ ਦੇ ਸਕਦੇ ਹਨ।

### ਅਮਰੀਕੀ ਸਿੱਖ ਫ਼ੌਜੀਆਂ ਵੱਲੋਂ ਕੇਸ ਦਾਇਰ

**ਵਾਸ਼ਿੰਗਟਨ:** ਤਿੰਨ ਅਮਰੀਕੀ ਸਿੱਖ ਫ਼ੌਜੀਆਂ ਨੇ ਹਥਿਆਰਬੰਦ ਬਲਾਂ ਵਿਚ ਸੇਵਾਵਾਂ ਦੇਣ ਬਦਲੇ ਉਨ੍ਹਾਂ ਦੇ ਧਾਰਮਿਕ ਚਿੰਨ੍ਹ ਪੱਗ, ਕੇਸ ਤੇ ਦਾੜ੍ਹੀ ਨਾਲ ਸਮਝੌਤਾ ਕਰਨ ਲਈ ਪਾਏ ਜਾ ਰਹੇ ਦਬਾਅ ਲਈ ਰੱਖਿਆ ਵਿਭਾਗ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਸਪੈਸ਼ਲਿਸਟ ਕੰਵਰ ਸਿੰਘ ਤੇ ਹਰਪਾਲ ਸਿੰਘ ਅਤੇ ਪ੍ਰਾਈਵੇਟ ਅਰਜਨ ਸਿੰਘ ਘੋਤੜਾ ਨੇ ਮੰਗ ਕੀਤੀ ਹੈ ਕਿ ਰੱਖਿਆ ਵਿਭਾਗ ਆਸਥਾ ਦੇ ਪ੍ਰਤੀਕ ਧਾਰਮਿਕ ਚਿੰਨ੍ਹਾਂ ਸਮੇਤ ਫੌਜ ਵਿਚ ਸੇਵਾਵਾਂ ਦੇਣ ਦੀ ਇਜਾਜ਼ਤ ਦੇਵੇ।







# Anu Attorney
# Professional Law Group, PLLC.

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



Anu Peshawaria
*Attorney at Law*
*Licensed to practice Immigration in all 50 states.*
More than 20 year experience in US immigration & Indian law

## US IMMIGRATION

*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

## FAMILY LAW *(Only In WA)*

*Divorce *Annulment
*International Custody

## INCORPORATIONS *(Only In WA)*

*International Contracts, Mergers
*Attorney Supreme Court of India

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801 Pine Street, Suite 7H, Seattle, WA 98101
Offices: Seattle, WA *Fremont, CA *UK *Canada *India

Evening Appointments Available

ONE | REALTYONEGROUP AMERICAN

## ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਉ ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਸਮਾਂ

ਆਪਣਾ ਘਰ ਖਰੀਦਣ ਜਾਂ ਵੇਚਣ ਵਾਸਤੇ ਸਲਾਹ ਲਈ ਇੱਕ ਵਾਰ ਸੰਪਰਕ ਕਰੋ

ਪਹਿਲਾਂ ਘਰ ਲੀਜ਼ 'ਤੇ ਲਓ ਤੇ ਫਿਰ ਖਰੀਦੋ

Duplex, Four Plax ਅਤੇ Apartment Building ਵਿਚ Investment ਲਈ ਕਾਲ ਕਰੋ ਜੀ



ਜਗਦੇਵ ਸਿੰਘ
ਫੋਨ: 510-689-4625

REALTOR® EQUAL HOUSING OPPORTUNITY

JAGDEV SINGH
*Realtor*
CalBre #01423409
42820 Albrae, St.,
Fremont, CA 94538

STATEN SOLAR
AFFORDABLE ENERGY FOR EVERYONE

# Save with Solar

## Commercial, Agricultural and Residential



For South California



Simran Deol
*Solar Engineer*
661-412-4728
661-427-0843 (fax)



# BYE BILL

## No One Can Beat Our Price Guaranteed!

Top Quality Product *20 Years Performance Guarantee *25 Years Guarantee for Panels *Free Maintenance for 20 Years *No Need to worry about increasing utility *Professional Installation *24/7 Monitoring

For North California



Balwinder Garcha
*Sales Rep Bay Area by North California*
510-468-9525

# ਬ੍ਰੱਸਲਜ਼ ਹਮਲਾ: ਦਹਿਸ਼ਤ ਦੇ ਨਿਸ਼ਾਨ ਅਜੇ ਵੀ ਬਾਕੀ

**ਬ੍ਰੱਸਲਜ਼:** ਬ੍ਰੱਸਲਜ਼ ਵਿਚ ਬੀਤੇ ਦਿਨੀਂ ਹੋਏ ਤਿੰਨ ਬੰਬ ਧਮਾਕਿਆਂ ਦੀ ਦਹਿਸ਼ਤ ਅਜੇ ਵੀ ਬਰਕਰਾਰ ਹੈ। ਪੁਲਿਸ ਨੇ ਭਾਵੇਂ ਹਮਲੇ ਪਿੱਛੋਂ ਵੱਡੀ ਗਿਣਤੀ ਸ਼ੱਕੀਆਂ ਨੂੰ ਹਿਰਾਸਤ ਵਿਚ ਲਿਆ ਹੈ, ਪਰ ਮੁੜ ਅਜਿਹੇ ਧਮਾਕਿਆਂ ਦੀਆਂ ਅਫਵਾਹਾਂ ਜ਼ੋਰਾਂ 'ਤੇ ਹਨ। ਯਾਦ ਰਹੇ ਕਿ ਧਮਾਕਿਆਂ ਵਿਚ 31 ਵਿਅਕਤੀ ਮਾਰੇ ਗਏ ਸਨ ਜਦ ਕਿ 300 ਫੱਟੜ ਹੋ ਗਏ ਸਨ। ਧਮਾਕਿਆਂ ਦੀ ਜ਼ਿੰਮੇਵਾਰੀ ਇਸਲਾਮਿਕ ਸਟੇਟ ਨੇ ਲਈ ਸੀ। ਇਸ ਦੌਰਾਨ ਹਮਲਿਆਂ ਸਬੰਧੀ ਖੁਫੀਆ ਨਾਕਾਮੀ ਕਾਰਨ ਆਲੋਚਨਾ ਝੱਲ ਰਹੇ ਬੈਲਜੀਅਮ ਦੇ ਮੰਤਰੀਆਂ ਨੇ ਅਸਤੀਫ਼ਿਆਂ ਦੀ ਪੇਸ਼ਕਸ਼ ਕੀਤੀ ਹੈ। ਅਮਰੀਕਾ ਨੇ ਬ੍ਰੱਸਲਜ਼ ਵਿਚ ਅਤਿਵਾਦੀ ਹਮਲੇ ਦੌਰਾਨ ਉਸ ਦੇ ਦੋ ਨਾਗਰਿਕਾਂ ਮਰਨ ਦੀ ਪੁਸ਼ਟੀ ਕੀਤੀ ਹੈ।

ਦੂਜੇ ਪਾਸੇ ਧਮਾਕਿਆਂ ਵਿਚ ਮਾਰੇ ਗਏ ਲੋਕਾਂ ਦੇ ਪਰਿਵਾਰ ਆਪਣੇ ਸਕੇ ਸਬੰਧੀਆਂ ਦੀਆਂ ਲਾਸ਼ਾਂ ਨਾ ਮਿਲਣ ਕਾਰਨ ਦੁਖੀ ਹਨ, ਕਿਉਂਕਿ ਫੋਰੈਂਸਿਕ ਮਾਹਰਾਂ ਨੇ ਕਿਹਾ ਹੈ ਕਿ ਲਾਸ਼ਾਂ ਦੀ ਸ਼ਨਾਖਤ ਕਰਨ ਵਿਚ ਕਈ ਹਫਤੇ ਲੱਗ ਸਕਦੇ ਹਨ। ਅਮਰੀਕਾ ਦੇ ਵਿਦੇਸ਼ ਮੰਤਰੀ ਜੌਹਨ ਕੈਰੀ ਬੈਲਜੀਅਮ ਦੇ ਅਧਿਕਾਰੀਆਂ ਨਾਲ ਗੱਲਬਾਤ ਕਰਨ ਲਈ ਇਥੇ ਪੁੱਜੇ ਸਨ ਤੇ ਉਨ੍ਹਾਂ ਨੇ ਹਮਲਾਵਰਾਂ ਦੇ ਬਚ ਨਿਕਲਣ ਦੀ ਕਾਫੀ ਆਲੋਚਨਾ ਕੀਤੀ। ਪਤਾ ਲੱਗਿਆ ਹੈ ਕਿ ਬ੍ਰੱਸਲਜ਼ ਵਿਚ ਹੋਏ ਹਮਲੇ ਵਿਚ ਸ਼ਾਮਲ ਸਕੇ ਭਰਾ ਇਬਰਾਹੀਮ ਤੇ ਖ਼ਾਲਿਦ ਅਲ ਬਕਾਉਈ ਅਮਰੀਕਾ ਦੀ ਅਤਿਵਾਦੀ ਕੌਮਾਂਤਰੀ ਸੂਚੀ ਵਿਚ ਸਨ।

ਬ੍ਰੱਸਲਜ਼ ਤੋਂ 242 ਭਾਰਤੀਆਂ ਤੇ ਅਮਲੇ ਦੇ 28 ਮੈਂਬਰਾਂ ਨੂੰ ਲੈ ਕੇ ਜੈੱਟ ਏਅਰਵੇਜ਼ ਦਾ ਇਕ ਹਵਾਈ ਜਹਾਜ਼ ਇਥੇ ਕੌਮਾਂਤਰੀ ਇੰਦਰਾ ਗਾਂਧੀ ਹਵਾਈ ਅੱਡੇ 'ਤੇ ਉਤਰਿਆ। ਇਹ ਹਵਾਈ ਜਹਾਜ਼ ਐਮਸਟਰਡਮ ਤੋਂ ਇਥੇ ਪੁੱਜਿਆ। ਹਵਾਈ ਕੰਪਨੀ ਨੇ ਸੜਕ ਰਾਹੀਂ ਬ੍ਰੱਸਲਜ਼ ਤੋਂ ਐਮਸਟਰਡਮ ਤੱਕ ਯਾਤਰੀਆਂ ਨੂੰ ਲਿਜਾਇਆ ਗਿਆ ਤੇ ਉਥੋਂ ਹਵਾਈ ਜਹਾਜ਼ ਰਾਹੀਂ ਭਾਰਤ ਰਵਾਨਾ ਹੋਏ। ਇਸ ਦੌਰਾਨ ਦਿੱਲੀ, ਮੁੰਬਈ, ਬੰਗਲੌਰ, ਹੈਦਰਾਬਾਦ, ਕੋਲਕਾਤਾ, ਚੇਨਈ ਤੇ ਅਹਿਮਦਾਬਾਦ ਦੇ ਹਵਾਈ ਅੱਡਿਆਂ 'ਤੇ ਚੌਕਸੀ ਵਧਾ ਦਿੱਤੀ ਗਈ ਹੈ।



### ਆਈ.ਐਸ. ਦੇ ਟਾਕਰੇ ਲਈ ਮੁਸਲਮਾਨਾਂ ਦਾ ਸਾਥ ਮੰਗਿਆ

**ਵਾਸ਼ਿੰਗਟਨ:** ਰਾਸ਼ਟਰਪਤੀ ਬਰਾਕ ਓਬਾਮਾ ਨੇ ਕਿਹਾ ਹੈ ਕਿ ਅਤਿਵਾਦੀ ਸੰਗਠਨ ਇਸਲਾਮਿਕ ਸਟੇਟ ਖਿਲਾਫ ਲੜਨ ਲਈ ਅਮਰੀਕੀ ਮੁਸਲਮਾਨ ਬਹੁਤ ਅਹਿਮ ਸਹਿਯੋਗੀ ਹਨ ਤੇ ਮੁਸਲਿਮ ਭਾਈਚਾਰੇ ਦੇ ਅਹਿਮ ਯੋਗਦਾਨ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਅਤਿਵਾਦੀ ਸੰਗਠਨ ਆਈ.ਐਸ. ਦੇ ਕੱਟੜ ਤੇ ਹਿੰਸਕ ਪ੍ਰਚਾਰ ਦੇ ਖ਼ਾਤਮੇ ਲਈ ਤੇ ਨੌਜਵਾਨ ਮੁਸਲਮਾਨਾਂ ਨੂੰ ਗੁੰਮਰਾਹ ਹੋਣ ਤੋਂ ਬਚਾਉਣ ਲਈ ਉਨ੍ਹਾਂ ਦਾ ਸਹਿਯੋਗ ਅਤਿ ਜ਼ਰੂਰੀ ਹੈ।



ਅਮਰੀਕੀ ਮੁਸਲਮਾਨਾਂ ਨੂੰ ਦੇਸ਼ ਦਾ ਅਹਿਮ ਅੰਗ ਕਰਾਰ ਦਿੰਦਿਆਂ ਓਬਾਮਾ ਨੇ ਰਿਪਬਲੀਕਨ ਪਾਰਟੀ ਦੇ ਉਮੀਦਵਾਰਾਂ ਡੋਨਲਡ ਤੇ ਕਰੂਜ਼ ਦੇ ਮੁਸਲਮਾਨ ਵਿਰੋਧੀ ਵਿਚਾਰਾਂ ਦੀ ਤਿੱਖੀ ਆਲੋਚਨਾ ਕੀਤੀ।

### ਆਈ.ਐਸ. ਦਹਿਸ਼ਤੀਆਂ ਦੇ ਨਿਸ਼ਾਨੇ ਉਤੇ ਯੂਰਪ

**ਪੈਰਿਸ:** ਬੈਲਜੀਅਮ ਦੇ ਬ੍ਰੱਸਲਜ਼ ਸ਼ਹਿਰ ਵਿਚ ਹੋਏ ਦਹਿਸ਼ਤਗਰਦੀ ਹਮਲੇ ਤੋਂ ਬਾਅਦ ਯੂਰਪ ਦੇ ਕਈ ਹੋਰ ਸ਼ਹਿਰ ਵੀ ਅਤਿਵਾਦੀ ਜਥੇਬੰਦੀ ਆਈ.ਐਸ ਦੇ ਨਿਸ਼ਾਨੇ ਉਤੇ ਹੈ। ਖੁਫੀਆ ਏਜੰਸੀਆਂ ਨੇ ਖਦਸ਼ਾ ਪ੍ਰਗਟਾਇਆ ਹੈ ਕਿ ਆਉਣ ਵਾਲੇ ਦਿਨਾਂ ਵਿਚ ਯੂਰਪ ਦੇ ਕਈ ਹੋਰ ਦੇਸ਼ਾਂ ਵਿਚ ਆਈ.ਐਸ. ਦੇ ਦਹਿਸ਼ਤਗਰਦ ਹਮਲਾ ਕਰਨ ਦੀ ਫਿਰਾਕ ਵਿਚ ਹਨ। ਫੌਕਸ ਨਿਊਜ਼ ਨੇ ਖੁਫੀਆ ਏਜੰਸੀਆਂ ਦੇ ਹਵਾਲੇ ਨਾਲ ਆਖਿਆ ਹੈ ਕਿ ਆਈ.ਐਸ. ਦੇ 400 ਦੇ ਕਰੀਬ ਟਰੇਨਿੰਗ ਪ੍ਰਾਪਤ ਦਹਿਸ਼ਤਗਰਦ ਵੱਖ-ਵੱਖ ਯੂਰਪੀ ਦੇਸ਼ਾਂ ਵਿਚ ਹਮਲਾ ਕਰਨ ਦੀ ਸਾਜ਼ਿਸ਼ ਰਚ ਰਹੇ ਹਨ।

ਯੂਰਪੀਅਨ ਤੇ ਇਰਾਕੀ ਖੁਫੀਆ ਏਜੰਸੀਆਂ ਅਨੁਸਾਰ ਯੂਰਪ ਉਤੇ ਹਮਲੇ ਲਈ ਇਸਲਾਮਿਕ ਸਟੇਟ ਦੇ 400 ਤੋਂ ਵੱਧ ਦਹਿਸ਼ਤਗਰਦਾਂ ਨੂੰ ਸੀਰੀਆ ਅਤੇ ਇਰਾਕ ਵਿਚ ਖਾਸ ਟਰੇਨਿੰਗ ਦਿੱਤੀ ਗਈ ਹੈ। ਆਈ.ਐਸ. ਵਾਰ-ਵਾਰ ਇਸ ਗੱਲ ਦਾ ਦਾਅਵਾ ਕਰ ਰਿਹਾ ਹੈ ਕਿ ਇਰਾਕ ਤੇ ਸੀਰੀਆ ਤੋਂ ਬਾਅਦ ਉਨ੍ਹਾਂ ਦਾ ਅਗਲਾ ਨਿਸ਼ਾਨਾ ਯੂਰਪ ਹੈ। ਬੈਲਜੀਅਮ ਪੁਲਿਸ ਨੇ 18 ਮਾਰਚ ਨੂੰ ਆਈ.ਐਸ. ਦੇ ਦਹਿਸ਼ਤਗਰਦ ਤੇ ਪੈਰਿਸ ਹਮਲੇ ਦੇ ਦੋਸ਼ੀ ਸਾਲੇਹ ਅਬਦੇਸਲਾਮ ਨੂੰ ਗ੍ਰਿਫਤਾਰ ਕੀਤਾ ਸੀ। ਇਸ ਤੋਂ ਬਾਅਦ ਆਈ.ਐਸ. ਨੇ ਬ੍ਰੱਸਲਜ਼ ਸ਼ਹਿਰ ਦੇ ਹਵਾਈ ਅੱਡੇ ਅਤੇ ਮੈਟਰੋ ਸਟੇਸ਼ਨ ਉਤੇ ਤਿੰਨ ਧਮਾਕੇ ਕਰ ਦਿੱਤੇ ਸਨ।

## ਯੂ.ਕੇ. ਦੀ ਰਾਣੀ ਨੂੰ ਭਗਤ ਸਿੰਘ ਦੀ ਫਾਂਸੀ 'ਤੇ ਮੁਆਫੀ ਮੰਗਣ ਦੀ ਨਸੀਹਤ

**ਲਾਹੌਰ:** ਸ਼ਹੀਦ ਭਗਤ ਸਿੰਘ ਨੂੰ 1931 ਵਿਚ ਫਾਂਸੀ ਦਿੱਤੇ ਜਾਣ ਦੇ ਮੁੱਦੇ ਉਤੇ ਇੰਗਲੈਂਡ ਦੀ ਮਹਾਰਾਣੀ ਮਲਿਕਾ ਐਲਿਜ਼ਾਬੈਥ ਨੂੰ ਮੁਆਫੀ ਮੰਗਣ ਦੀ ਨਸੀਹਤ ਪਾਕਿਸਤਾਨ ਦੇ ਮਨੁੱਖੀ ਅਧਿਕਾਰ ਸੰਗਠਨ ਨੇ ਦਿੱਤੀ ਹੈ। ਮੁਆਫੀ ਦੀ ਮੰਗ ਸ਼ਹੀਦ ਭਗਤ ਸਿੰਘ ਦੇ 85ਵੇਂ ਸ਼ਹੀਦੀ ਦਿਹਾੜੇ ਦੇ ਮੌਕੇ ਉਤੇ ਕੀਤੀ ਗਈ।

ਪਾਕਿਸਤਾਨ ਵਿਚ ਦੋ ਥਾਂਵਾਂ ਉਤੇ ਸ਼ਹੀਦ ਭਗਤ ਸਿੰਘ ਦਾ ਸ਼ਹਾਦਤ ਦਿਵਸ ਮਨਾਇਆ ਗਿਆ। ਪਹਿਲਾਂ ਸਮਾਗਮ ਭਗਤ ਸਿੰਘ ਦੇ ਜਨਮ ਸਥਾਨ ਫੈਸਲਾਬਾਦ ਜ਼ਿਲ੍ਹੇ ਦੇ ਚੱਕ 105 ਜੀਬੀ ਬੰਗਾ ਚੱਕ ਜਰਨਵਾਲਾ ਵਿਖੇ ਹੋਇਆ। ਪਾਕਿਸਤਾਨ ਦੇ ਵੱਖ-ਵੱਖ ਸੂਬਿਆਂ ਦੇ ਲੋਕ ਇਸ ਸਮਾਗਮ ਵਿਚ ਸ਼ਾਮਲ ਹੋਏ ਤੇ ਸ਼ਹੀਦ ਨੂੰ ਸ਼ਰਧਾਂਜਲੀ ਦਿੱਤੀ। ਇਸ ਦੌਰਾਨ ਇਕੱਠੇ ਹੋਏ ਲੋਕਾਂ ਨੇ ਸਰਵਸੰਮਤੀ ਨਾਲ ਇੰਗਲੈਂਡ ਦੀ ਮਹਾਰਾਣੀ ਨੂੰ ਮੁਆਫੀ ਮੰਗਣ ਦਾ ਮਤਾ ਪਾਸ ਕੀਤਾ।

ਇਸ ਤੋਂ ਇਲਾਵਾ ਲਾਹੌਰ ਦੇ ਸ਼ਾਦਮਨ ਚੌਕ ਵਿਖੇ ਵੀ ਭਗਤ ਸਿੰਘ ਅਤੇ ਸਾਥੀਆਂ ਨੂੰ ਸ਼ਰਧਾਂਜਲੀ ਦਿੱਤੀ ਗਈ। ਇਸ ਚੌਕ ਵਿਖੇ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ 23 ਮਾਰਚ 1931 ਫਾਂਸੀ ਦਿੱਤੀ ਗਈ ਸੀ। ਇਸ ਦੌਰਾਨ ਭਗਤ ਸਿੰਘ ਦੇ ਪਰਿਵਾਰਕ ਮੈਂਬਰਾਂ ਨੂੰ ਬਲੱਡ ਮਨੀ ਦੇਣ ਦੀ ਮੰਗ ਵੀ ਕੀਤੀ। ਪਾਕਿਸਤਾਨ ਦੇ ਮਨੁੱਖੀ ਅਧਿਕਾਰ ਸੰਗਠਨ ਅਨੁਸਾਰ ਭਗਤ ਸਿੰਘ ਨੂੰ ਉਮਰ ਕੈਦ ਦੀ ਸਜ਼ਾ ਹੋਈ ਸੀ, ਪਰ ਬਾਅਦ ਵਿਚ ਜਾਅਲੀ ਕੇਸ ਵਿਚ ਉਨ੍ਹਾਂ ਨੂੰ ਫਾਂਸੀ ਦਿੱਤੀ ਗਈ।

## ਕੇਜਰੀਵਾਲ ਮਹਾਨ ਹਸਤੀਆਂ ਦੀ ਸੂਚੀ ਵਿਚ ਸ਼ੁਮਾਰ

**ਨਵੀਂ ਦਿੱਲੀ:** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦਾ ਨਾਮ ਦੁਨੀਆਂ ਦੀਆਂ 50 ਮਹਾਨ ਹਸਤੀਆਂ ਦੀ ਸੂਚੀ ਵਿਚ ਸ਼ਾਮਲ ਕੀਤਾ ਗਿਆ ਹੈ। ਵਿਦੇਸ਼ੀ ਰਸਾਲੇ 'ਫਾਰਚੂਨ' ਵੱਲੋਂ ਜਾਰੀ ਸੂਚੀ ਵਿਚ ਸ੍ਰੀ ਕੇਜਰੀਵਾਲ ਨੂੰ 42ਵਾਂ ਸਥਾਨ ਮਿਲਿਆ ਹੈ। ਦਿੱਲੀ ਦੀਆਂ ਸੜਕਾਂ ਤੋਂ ਟ੍ਰੈਫਿਕ ਅਤੇ ਪ੍ਰਦੂਸ਼ਣ ਰੋਕਣ ਲਈ ਚੁੱਕੇ ਗਏ ਕਦਮਾਂ ਨਾਲ ਸ੍ਰੀ ਅਰਵਿੰਦ ਕੇਜਰੀਵਾਲ ਸੂਚੀ 'ਚ ਸਥਾਨ ਹਾਸਲ ਕਰਨ ਵਿਚ ਕਾਮਯਾਬ ਰਹੇ। ਪ੍ਰਦੂਸ਼ਣ ਖਿਲਾਫ ਸ਼ੁਰੂ ਕੀਤੀ ਗਈ 'ਜਿਸਤ-ਟਾਂਕ' ਯੋਜਨਾ ਨਾਲ ਉਨ੍ਹਾਂ ਦੀ ਅੰਤਰਰਾਸ਼ਟਰੀ ਪੱਧਰ 'ਤੇ ਪ੍ਰਸ਼ੰਸਾ ਹੋਈ ਸੀ। ਉਹ ਏਸ਼ੀਆ ਦੇ ਦੂਜੇ ਵਿਅਕਤੀ ਹਨ, ਜੋ ਸੂਚੀ ਵਿਚ ਥਾਂ ਬਣਾਉਣ ਵਿਚ ਸਫਲ ਰਹੇ। ਏਸ਼ੀਆ 'ਚੋਂ ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ 10ਵਾਂ ਨੰਬਰ ਮਿਲਿਆ ਹੈ।



## ਅਫਰੀਕਾ ਵਿਚ ਪੰਜਾਬਣ ਦਾ ਢਾਬਾ ਚਰਚਾ ਵਿਚ



**ਘਾਨਾ:** ਅਫਰੀਕੀ ਦੇਸ਼ ਘਾਨਾ ਵਿਚ ਪੰਜਾਬੀ ਮਹਿਲਾ ਦਾ ਢਾਬਾ ਚਰਚਾ ਵਿਚ ਹੈ। ਘਾਨਾ ਦੇ ਐਕਰਾ ਇਲਾਕੇ ਵਿਚ ਸੁਰਿੰਦਰ ਕੌਰ ਚੀਮਾ ਪਿਛਲੇ ਕਈ ਸਾਲਾਂ ਤੋਂ ਢਾਬਾ ਚਲਾ ਰਹੀ ਹੈ। ਸੁਰਿੰਦਰ ਕੌਰ ਚੀਮਾ ਕਈ ਦਹਾਕੇ ਪਹਿਲਾਂ ਭਾਰਤ ਦੇ ਗੁਜਰਾਤ ਸੂਬੇ ਤੋਂ ਆਪਣੇ ਪਤੀ ਨਾਲ ਇਥੇ ਆਈ ਸੀ। ਇਥੇ ਆ ਕੇ ਉਨ੍ਹਾਂ ਨੇ ਪੰਜਾਬੀ ਢਾਬਾ ਬਣਾਇਆ ਜੋ ਲੋਕਾਂ ਨੇ ਕਾਫੀ ਪਸੰਦ ਕੀਤਾ।

ਇਸ ਵਕਤ ਸੁਰਿੰਦਰ ਕੌਰ ਚੀਮਾ ਦੇ ਦੋ ਢਾਬੇ ਹਨ। ਬੀਬੀ ਚੀਮਾ ਜਿਥੇ ਆਪਣੇ ਭਾਈਚਾਰਕ ਸਮਾਗਮਾਂ ਵਿਚ ਕੇਟਰਿੰਗ ਸੇਵਾਵਾਂ ਮੁਹੱਈਆ ਕਰਵਾਉਂਦੀ ਹੈ, ਉਹ ਸਮਾਜ ਸੇਵਾ ਵਿਚ ਵੀ ਮੋਹਰੀ ਭੂਮਿਕਾ ਨਿਭਾਅ ਰਹੀ ਹੈ। ਅਸਲ ਵਿਚ ਸੁਰਿੰਦਰ ਕੌਰ ਚੀਮਾ 1974 ਵਿਚ ਆਪਣੇ ਕਾਰੋਬਾਰੀ ਪਤੀ ਹਰਚਰਨ ਸਿੰਘ ਚੀਮਾ ਨਾਲ ਇਥੇ ਪੁੱਜੀ ਸੀ।

ਸ਼ੁਰੂ ਵਿਚ ਉਸ ਨੇ ਇਕ ਸਕੂਲ ਵਿਚ ਪੜ੍ਹਾਉਣਾ ਸ਼ੁਰੂ ਕੀਤਾ ਤੇ ਬਾਅਦ ਵਿਚ ਉਸ ਨੇ ਪਹਿਲਾਂ ਰੇਸਤਰਾਂ ਕੋਹਿਨੂਰ ਸ਼ੁਰੂ ਕੀਤਾ। ਇਸ ਦੀ ਕਾਮਯਾਬੀ ਤੋਂ ਬਾਅਦ ਟੇਮਾ ਵਿਚ ਦੂਜਾ ਰੇਸਤਰਾਂ ਦਿੱਲੀ ਪੈਲੇਸ ਖੋਲ੍ਹਿਆ। ਆਪਣੇ ਕਾਰੋਬਾਰੀ ਰੁਝੇਵਿਆਂ ਦੇ ਬਾਵਜੂਦ ਸੁਰਿੰਦਰ ਕੌਰ ਚੀਮਾ ਸਮਾਜ ਭਲਾਈ ਖਾਸ ਤੌਰ ਉਤੇ ਮਹਿਲਾਵਾਂ ਦੇ ਅਧਿਕਾਰਾਂ ਲਈ ਕੰਮ ਕਰਦੀ ਹੈ।

## ਭਾਰਤ ਨੂੰ ਅਸਹਿਣਸ਼ੀਲ ਨਹੀਂ ਕਿਹਾ ਜਾ ਸਕਦਾ: ਤਸਲੀਮਾ ਨਸਰੀਨ

**ਨਵੀਂ ਦਿੱਲੀ:** ਬੰਗਲਾਦੇਸ਼ੀ ਲੇਖਿਕਾ ਤਸਲੀਮਾ ਨਸਰੀਨ ਨੇ ਕਿਹਾ ਕਿ ਕੁਝ ਮੰਦਭਾਗੀਆਂ ਘਟਨਾਵਾਂ ਕਾਰਨ ਭਾਰਤ ਨੂੰ 'ਅਸਹਿਣਸ਼ੀਲ' ਨਹੀਂ ਕਿਹਾ ਜਾ ਸਕਦਾ, ਜੋ ਅਜਿਹੀਆਂ ਘਟਨਾਵਾਂ ਵਿਚ ਸ਼ਾਮਲ ਸਨ, ਉਨ੍ਹਾਂ ਨੂੰ ਹੋਰ 'ਸਿੱਖਿਅਤ' ਕਰਨਾ ਚਾਹੀਦਾ ਹੈ। ਦਾਦਰੀ ਕਾਂਡ, ਤਰਕਸ਼ੀਲ ਗੋਵਿੰਦ ਪਨਸਾਰੇ, ਨਰੇਂਦਰ ਦਾਭੋਲਕਰ ਤੇ ਐਮ.ਐਮ. ਕਲਬੁਰਗੀ ਦੀ ਹੱਤਿਆ ਦੀ ਨਿੰਦਾ ਕਰਦਿਆਂ ਕਿਹਾ ਕਿ ਗਾਂ ਦਾ ਮਾਸ ਖਾਣ ਜਾਂ ਵੱਖਰੇ ਵਿਚਾਰ ਕਾਰਨ ਲੋਕਾਂ ਦੀ ਹੱਤਿਆ ਅਸਹਿਣਸ਼ੀਲਤਾ ਨਹੀਂ ਬਲਕਿ ਘਿਨਾਉਣਾ ਅਪਰਾਧ ਹੈ। ਪਰ ਕੁਝ ਮੰਦਭਾਗੀਆਂ ਘਟਨਾਵਾਂ ਕਾਰਨ ਮੈਂ ਕਰੋੜਾਂ ਭਾਰਤੀਆਂ ਨੂੰ ਅਸਹਿਣਸ਼ੀਲ ਨਹੀਂ ਕਹਿਣਾ ਚਾਹੁੰਦੀ।

## ਡੇਵਿਡ ਹੇਡਲੀ ਵੱਲੋਂ ਮੁੰਬਈ ਅਦਾਲਤ ਅੱਗੇ ਅਹਿਮ ਖੁਲਾਸੇ

**ਮੁੰਬਈ:** ਪਾਕਿਸਤਾਨੀ-ਅਮਰੀਕੀ ਅਤਿਵਾਦੀ ਡੇਵਿਡ ਹੇਡਲੀ ਨੇ ਮੁੰਬਈ ਦੀ ਇਕ ਅਦਾਲਤ ਵਿਚ ਦਾਅਵਾ ਕੀਤਾ ਕਿ ਉਸ ਨੇ ਅਮਰੀਕਾ ਵਿਚ ਸ਼ਿਵ ਸੈਨਾ ਲਈ ਫੰਡ ਇਕੱਠਾ ਕਰਨ ਲਈ ਇਕ ਪ੍ਰੋਗਰਾਮ ਦਾ ਪ੍ਰਬੰਧ ਕੀਤਾ ਸੀ ਅਤੇ ਉਸ ਨੇ ਇਸ ਸਮਾਗਮ ਲਈ ਸ਼ਿਵ ਸੈਨਾ ਦੇ ਪ੍ਰਧਾਨ ਬਾਲ ਠਾਕਰੇ ਨੂੰ ਬੁਲਾਉਣ ਦੀ ਯੋਜਨਾ ਬਣਾਈ ਸੀ। 55 ਸਾਲਾ ਹੇਡਲੀ ਜਿਹੜਾ 26/11 ਮੁੰਬਈ ਹਮਲਿਆਂ ਦੇ ਮਾਮਲੇ ਵਿਚ ਵਾਅਦਾ ਮੁਆਫ ਗਵਾਹ ਬਣ ਗਿਆ ਸੀ, ਨੇ ਇਹ ਖੁਲਾਸਾ 2008 ਮੁੰਬਈ ਹਮਲੇ ਦੇ ਮੁੱਖ ਸਾਜ਼ਿਸ਼ਕਾਰ ਅਬੂ ਜੰਡਾਲ ਦੇ ਵਕੀਲ ਅਬਦੁਲ ਵਾਹਬ ਖਾਨ ਵੱਲੋਂ ਅਮਰੀਕਾ ਤੋਂ ਵੀਡੀਓ ਕਾਨਫਰੰਸਿੰਗ ਰਾਹੀਂ ਕੀਤੀ ਜਾ ਰਹੀ ਜਿਰ੍ਹਾ ਦੌਰਾਨ ਕੀਤਾ। ਇਕ ਸਵਾਲ ਦੇ ਜਵਾਬ ਵਿਚ ਹੇਡਲੀ ਨੇ ਕਿਹਾ ਕਿ ਉਸ ਨੇ ਪ੍ਰੋਗਰਾਮ ਲਈ ਬਾਲ ਠਾਕਰੇ ਨੂੰ ਸੱਦਣ ਦੀ ਯੋਜਨਾ ਬਣਾਈ ਸੀ ਪਰ ਇਹ ਯੋਜਨਾ ਸ਼ੁਰੂਆਤੀ ਪੜਾਅ 'ਚ ਸੀ। ਹੇਡਲੀ ਨੇ ਇਹ ਵੀ ਕਿਹਾ ਕਿ ਸ੍ਰੀ ਠਾਕਰੇ ਨੂੰ ਸੱਦਣ ਲਈ ਕੋਈ ਵਿਸ਼ੇਸ਼ ਯੋਜਨਾ ਨਹੀਂ ਸੀ ਬਣਾਈ ਗਈ।



ਅਤਿਵਾਦੀ ਹਮਲਿਆਂ ਵਿਚ ਆਪਣੀ ਭੂਮਿਕਾ ਲਈ ਦੋਸ਼ੀ ਕਰਾਰ ਦਿੱਤੇ ਲਸ਼ਕਰੇ ਤਾਇਬਾ ਦੇ ਇਸ ਅਤਿਵਾਦੀ ਨੇ ਕਿਹਾ ਕਿ ਸ਼ਿਵ ਸੈਨਾ ਦੇ ਇਕ ਵਿਅਕਤੀ ਰਾਜਾ ਰਾਮ ਰੇਗੇ ਨੇ ਉਸ ਨੂੰ ਦੱਸਿਆ ਸੀ ਕਿ ਠਾਕਰੇ ਬਿਮਾਰ ਹੈ ਅਤੇ ਇਸ ਲਈ ਸ਼ਾਇਦ ਉਨ੍ਹਾਂ ਦਾ ਪੁੱਤਰ ਅਤੇ ਹੋਰ ਅਹੁਦੇਦਾਰ ਪ੍ਰੋਗਰਾਮ ਵਿਚ ਸ਼ਾਮਲ ਹੋ ਸਕਦੇ ਹਨ, ਜਦੋਂ ਹੇਡਲੀ ਨੂੰ ਪੁੱਛਿਆ ਗਿਆ ਕਿ ਇਸ ਗੱਲ ਦੀ ਜਾਣਕਾਰੀ ਲਸ਼ਕਰੇ ਤਾਇਬਾ ਨੂੰ ਸੀ ਤਾਂ ਉਸ ਨੇ ਕਿਹਾ ਕਿ ਉਸ ਨੇ ਚੰਦਾ ਉਗਰਾਹੁਣ ਦੇ ਪ੍ਰੋਗਰਾਮ ਸਬੰਧੀ ਅਤਿਵਾਦੀ ਸੰਗਠਨ ਨਾਲ ਚਰਚਾ ਕੀਤੀ ਸੀ, ਜਦੋਂ ਉਸ ਨੂੰ ਇਹ ਪੁੱਛਿਆ ਗਿਆ ਕਿ ਕੀ ਠਾਕਰੇ ਨੂੰ ਇਸ ਪ੍ਰੋਗਰਾਮ ਬਾਰੇ ਜਾਣਕਾਰੀ ਸੀ ਤਾਂ ਹੇਡਲੀ ਨੇ ਜਵਾਬ ਦਿੱਤਾ ਕਿ ਮੈਨੂੰ ਕੀ ਪਤਾ, ਮੈਂ ਤਾਂ ਰਾਜਾਰਾਮ ਰੇਗੇ ਨਾਲ ਗੱਲਬਾਤ ਕੀਤੀ ਸੀ ਅਤੇ ਉਸ ਨੇ ਦੱਸਿਆ ਸੀ ਕਿ ਬਾਲ ਠਾਕਰੇ ਨੂੰ ਸਫਰ ਨਾ ਕਰਨ ਦੀ ਸਲਾਹ ਦਿੱਤੀ ਗਈ ਹੈ। ਹੇਡਲੀ ਨੇ ਰੱਖਿਆ ਪੱਖ ਦੇ ਵਕੀਲ ਦੀ ਗੱਲ ਨਾਲ ਸਹਿਮਤੀ ਜ਼ਾਹਿਰ ਕੀਤੀ ਕਿ ਉਸ ਨੇ ਇਸ ਪ੍ਰੋਗਰਾਮ ਸਬੰਧੀ ਰੇਗੇ ਨਾਲ ਚਰਚਾ ਕੀਤੀ ਸੀ।

### ਭਾਰਤੀਆਂ ਪ੍ਰਤੀ ਬਚਪਨ ਤੋਂ ਹੀ ਸੀ ਨਫਰਤ

**ਮੁੰਬਈ:** ਹੇਡਲੀ ਨੇ ਅਦਾਲਤ ਨੂੰ ਦੱਸਿਆ ਕਿ ਉਸ ਨੂੰ ਬਚਪਨ ਤੋਂ ਹੀ ਭਾਰਤ ਤੇ ਭਾਰਤੀਆਂ ਪ੍ਰਤੀ ਨਫਰਤ ਪੈਦਾ ਹੋ ਗਈ ਸੀ ਅਤੇ ਉਦੋਂ ਤੋਂ ਹੀ ਉਹ ਭਾਰਤ ਨੂੰ ਵੱਧ ਤੋਂ ਵੱਧ ਨੁਕਸਾਨ ਪਹੁੰਚਾਉਣਾ ਚਾਹੁੰਦਾ ਸੀ, ਜਦੋਂ ਉਸ ਨੂੰ ਇਸ ਨਫਰਤ ਦਾ ਕਾਰਨ ਪੁੱਛਿਆ ਗਿਆ ਤਾਂ ਉਸ ਨੇ ਕਿਹਾ ਕਿ ਸੰਨ 1971 ਵਿਚ ਭਾਰਤੀ ਜਹਾਜ਼ਾਂ ਨੇ ਮੇਰੇ ਸਕੂਲ 'ਤੇ ਬੰਬ ਸੁੱਟੇ ਸਨ। ਹਮਲੇ ਵਿਚ ਬਹੁਤ ਸਾਰੇ ਲੋਕ ਮਾਰੇ ਗਏ ਸਨ। ਉਸ ਦਾ ਲਸ਼ਕਰੇ ਤਾਇਬਾ ਨਾਲ ਜੁੜਨ ਦੇ ਕਾਰਨਾਂ ਵਿਚੋਂ ਇਕ ਇਹ ਵੀ ਸੀ। ਹੇਡਲੀ ਅਮਰੀਕਾ ਵਿਚ 35 ਸਾਲ ਦੀ ਕੈਦ ਕੱਟ ਰਿਹਾ ਹੈ। ਉਸ ਨੇ ਇਸ ਗੱਲ ਤੋਂ ਇਨਕਾਰ ਕੀਤਾ ਕਿ ਉਹ 1988 ਤੋਂ 2008 ਤੱਕ ਅਮਰੀਕੀ ਖੁਫੀਆ ਏਜੰਸੀਆਂ ਦੇ ਸੰਪਰਕ 'ਚ ਰਿਹਾ।

## ਰਾਕੇਟ ਹਮਲੇ ਵਿਚ ਭਾਰਤੀ ਨਰਸ ਤੇ ਬੱਚੇ ਦੀ ਮੌਤ

**ਨਵੀਂ ਦਿੱਲੀ:** ਲਿਬੀਆ ਦੇ ਹਿੰਸਾ ਪ੍ਰਭਾਵਿਤ ਜ਼ਾਵੀਆ ਸ਼ਹਿਰ ਵਿਚ ਰਾਕੇਟ ਹਮਲੇ ਵਿਚ ਕੇਰਲਾ ਦੀ ਨਰਸ ਤੇ ਉਸ ਦੇ ਡੇਢ ਸਾਲਾ ਬੱਚੇ ਦੀ ਮੌਤ ਹੋ ਗਈ। ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਮੁਤਾਬਕ ਸੁਨੂ ਸਤਯਾਨ ਤੇ ਉਸ ਦੇ ਬੇਟੇ ਪ੍ਰਣਵ ਦੀ ਜ਼ਾਵੀਆ ਸ਼ਹਿਰ ਵਿਚ ਰਾਕੇਟ ਹਮਲੇ ਵਿਚ ਮੌਤ ਹੋ ਗਈ। ਜ਼ਾਵੀਆ ਹਸਪਤਾਲ ਵਿਚ 26 ਹੋਰ ਭਾਰਤੀ ਕੰਮ ਕਰਦੇ ਹਨ।

ਕੇਰਲਾ ਦੇ ਕੋਟਾਯਾਮ ਜ਼ਿਲ੍ਹੇ ਦੇ ਕੋਡਾਡੂ ਨਾਲ ਸਬੰਧ ਰੱਖਣ ਵਾਲੇ ਸੁਨੂ ਦੇ ਪਿਤਾ ਸਤਯਾਨ ਨਾਇਰ ਨੇ ਦੱਸਿਆ ਕਿ ਸੁਨੂ ਲੀਬਿਆ ਦੇ ਅਜ਼ ਜ਼ਾਵੀਆ ਦੇ ਜ਼ਾਵੀਆ ਮੈਡੀਕਲ ਸੈਂਟਰ ਵਿਚ ਨਰਸ ਵਜੋਂ ਕੰਮ ਕਰਦੀ ਸੀ। ਵਿਦੇਸ਼ ਮੰਤਰੀ ਨੇ ਕਿਹਾ, 'ਅਸੀਂ ਕਈ ਵਾਰ ਐਡਵਾਇਜ਼ਰੀ ਜਾਰੀ ਕੀਤੀ ਹੈ। ਮੈਂ ਇਕ ਵਾਰ ਫਿਰ ਆਪ ਨੂੰ ਬੇਨਤੀ ਕਰਦੀ ਹਾਂ ਕਿ ਸੰਘਰਸ਼ ਵਾਲੇ ਖੇਤਰਾਂ ਵਿਚੋਂ ਬਾਹਰ ਨਿਕਲ ਆਓ।'

# ਬਾਦਲਾਂ ਦੇ ਜ਼ਿਲ੍ਹਿਆਂ 'ਤੇ ਵਰ੍ਹਿਆ ਸਰਕਾਰੀ ਫੰਡਾਂ ਦਾ ਮੀਂਹ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਰਾਹਤ ਫੰਡ ਵਿਚੋਂ ਸੂਬੇ ਦੇ ਬਹੁਤ ਘੱਟ ਜ਼ਿਲ੍ਹਿਆਂ 'ਤੇ ਸਰਕਾਰ ਦੀ 'ਸਵੱਲੀ ਨਜ਼ਰ' ਹੋਈ ਹੈ। ਸੂਚਨਾ ਅਧਿਕਾਰ ਕਾਨੂੰਨ ਤਹਿਤ ਮੰਗੀ ਗਈ ਜਾਣਕਾਰੀ ਵਿਚ ਖੁਲਾਸਾ ਹੋਇਆ ਹੈ ਕਿ ਸ੍ਰੀ ਬਾਦਲ ਅਖਤਿਆਰੀ ਕੋਟੇ ਦੀਆਂ ਗ੍ਰਾਂਟਾਂ ਵਾਂਗ ਮੁੱਖ ਮੰਤਰੀ ਰਾਹਤ ਕੋਸ਼ ਫੰਡ ਦੀ ਰਾਸ਼ੀ ਦੀ ਵੰਡ ਵੀ ਆਮ ਤੌਰ 'ਤੇ ਮੁਕਤਸਰ, ਬਠਿੰਡਾ, ਅੰਮ੍ਰਿਤਸਰ, ਗੁਰਦਾਸਪੁਰ ਅਤੇ ਸੰਗਰੂਰ ਜ਼ਿਲ੍ਹਿਆਂ ਵਿਚ ਹੀ ਕਰਦੇ ਹਨ।

ਸੂਚਨਾ ਦੌਰਾਨ ਇਹ ਤੱਥ ਵੀ ਸਾਹਮਣੇ ਆਏ ਹਨ ਕਿ ਮੁੱਖ ਮੰਤਰੀ ਰਾਹਤ ਕੋਸ਼ ਵਿਚ ਰਾਜ ਸਰਕਾਰ ਦੇ ਬੋਰਡਾਂ ਤੇ ਨਿਗਮਾਂ ਵੱਲੋਂ ਵਧੇਰੇ ਯੋਗਦਾਨ ਪਾਇਆ ਜਾਂਦਾ ਹੈ। ਇਸ ਫੰਡ ਲਈ ਆਮ ਦਾਨੀਆਂ ਦੀ ਕਮੀ ਨਜ਼ਰ ਆ ਰਹੀ ਹੈ। ਇਸ ਸੂਚਨਾ ਵਿਚ ਇਹ ਵੀ ਸਾਹਮਣੇ ਆਇਆ ਹੈ ਕਿ ਉਤਰਾਖੰਡ, ਜੰਮੂ-ਕਸ਼ਮੀਰ ਵਿਚ ਆਈਆਂ ਕੁਦਰਤੀ ਆਫਤਾਂ ਦੌਰਾਨ ਸਰਕਾਰ ਨੇ ਫੰਡ ਤਾਂ



ਵਧੇਰੇ ਇਕੱਠਾ ਕੀਤਾ, ਪਰ ਭੇਜਿਆ ਬਹੁਤ ਘੱਟ ਗਿਆ। ਸੂਚਨਾ ਅਧਿਕਾਰ ਕਾਨੂੰਨ ਤਹਿਤ ਇਸ ਫੰਡ ਬਾਰੇ ਜਾਣਕਾਰੀ ਗੈਰ-ਸਰਕਾਰੀ ਸੰਸਥਾ 'ਹੈਲਪ' ਦੇ ਨੁਮਾਇੰਦੇ ਪਰਵਿੰਦਰ ਕਿੱਤਣਾ ਵੱਲੋਂ ਹਾਸਲ ਕੀਤੀ ਗਈ। ਮੁੱਖ ਮੰਤਰੀ ਰਾਹਤ ਫੰਡ 'ਚੋਂ ਮੁਕਤਸਰ ਜ਼ਿਲ੍ਹੇ ਨੂੰ 1.60 ਕਰੋੜ, ਬਠਿੰਡਾ ਨੂੰ 1.38 ਕਰੋੜ, ਅੰਮ੍ਰਿਤਸਰ ਨੂੰ 1.53 ਕਰੋੜ, ਗੁਰਦਾਸਪੁਰ ਨੂੰ 90 ਲੱਖ ਅਤੇ ਸੰਗਰੂਰ ਦੇ ਹਿੱਸੇ 75 ਲੱਖ ਰੁਪਏ ਆਏ। ਬਰਨਾਲਾ ਤੇ ਫਾਜ਼ਿਲਕਾ ਨੂੰ ਸਿਰਫ 4-4 ਲੱਖ ਜਦੋਂ ਕਿ ਮੋਗਾ ਜ਼ਿਲ੍ਹੇ ਨੂੰ ਕੱਖ ਵੀ ਨਹੀਂ ਮਿਲਿਆ। ਬਾਕੀ ਜ਼ਿਲ੍ਹਿਆਂ ਨੂੰ ਵੀ 10 ਤੋਂ 15 ਲੱਖ ਦੇ ਦਰਮਿਆਨ ਹੀ ਰਾਸ਼ੀ ਮਿਲੀ ਹੈ।

ਮੁੱਖ ਮੰਤਰੀ ਵੱਲੋਂ ਪਹਿਲੀ ਜਨਵਰੀ 2014 ਤੋਂ ਫਰਵਰੀ 2016 ਤੱਕ ਦੇ ਸਮੇਂ ਦੌਰਾਨ ਕੁੱਲ 9.39 ਕਰੋੜ ਰੁਪਏ ਦੀ ਰਾਸ਼ੀ ਆਪਣੇ ਰਾਹਤ ਕੋਸ਼ ਫੰਡ ਵਿਚੋਂ ਵੰਡੀ ਗਈ ਸੀ। ਇਸ ਵਿਚੋਂ 6.16 ਕਰੋੜ ਰੁਪਏ ਉਕਤ ਪੰਜ ਜ਼ਿਲ੍ਹਿਆਂ ਦੇ ਹਿੱਸੇ ਆਏ ਭਾਵ 65.65 ਫੀਸਦੀ ਫੰਡ ਇਨ੍ਹਾਂ ਜ਼ਿਲ੍ਹਿਆਂ 'ਚ ਹੀ ਦਿੱਤਾ ਗਿਆ। ਜੰਮੂ-ਕਸ਼ਮੀਰ ਅਤੇ ਉਤਰਾਖੰਡ ਵਿਚ ਆਈਆਂ ਕੁਦਰਤੀ ਆਫਤਾਂ ਦੌਰਾਨ ਮਦਦ ਲਈ ਪ੍ਰਧਾਨ ਮੰਤਰੀ ਰਾਹਤ ਫੰਡ ਵਿਚ ਰਾਜ ਸਰਕਾਰ ਵੱਲੋਂ ਮੁੱਖ ਮੰਤਰੀ ਰਾਹਤ ਫੰਡ ਵਿਚੋਂ ਦੋ ਕਰੋੜ ਰੁਪਏ ਦੀ ਰਾਸ਼ੀ ਭੇਜੀ ਗਈ। ਇਸ ਫੰਡ 'ਚ ਰਾਜ ਸਰਕਾਰ ਦੇ ਅਦਾਰਿਆਂ ਵੱਲੋਂ ਵਧੇਰੇ ਯੋਗਦਾਨ ਪਾਇਆ ਗਿਆ ਹੈ। ਪੰਜਾਬ ਦੇ ਬਜਟ ਵਿਚੋਂ ਦੋ ਕਰੋੜ, ਪੰਜਾਬ ਵੇਅਰ ਹਾਊਸਿੰਗ ਕਾਰਪੋਰੇਸ਼ਨ ਨੇ ਇਕ ਕਰੋੜ, ਪੰਜਾਬ ਰਾਜ ਸਹਿਕਾਰੀ ਬੈਂਕ ਵੱਲੋਂ 65 ਲੱਖ ਰੁਪਏ, ਮਾਰਕਫੈਡ ਵੱਲੋਂ 80 ਲੱਖ ਰੁਪਏ, ਪੁੱਡਾ ਵੱਲੋਂ 55 ਲੱਖ, ਦਿਹਾਤੀ ਵਿਕਾਸ ਫੰਡ ਵਿਚੋਂ 50 ਲੱਖ ਰੁਪਏ, ਪੰਜਾਬ ਲਘੂ ਨਿਰਯਾਤ ਨਿਗਮ ਵੱਲੋਂ 50 ਲੱਖ, ਹਾਊਸਫੈੱਡ ਵੱਲੋਂ 25 ਲੱਖ ਤੇ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਵੱਲੋਂ 25 ਲੱਖ, ਗਮਾਡਾ ਵੱਲੋਂ 25 ਲੱਖ, ਗਲਾਡਾ ਵੱਲੋਂ 20 ਲੱਖ, ਅੰਮ੍ਰਿਤਸਰ ਵਿਕਾਸ ਅਥਾਰਟੀ ਤੋਂ 10 ਲੱਖ ਰੁਪਏ ਅਤੇ ਸੂਬੇ ਦੇ ਵੱਖ-ਵੱਖ ਸਕੂਲਾਂ ਤੋਂ 44 ਲੱਖ ਰੁਪਏ ਦੀ ਰਕਮ ਦਾਨ ਵਜੋਂ ਹਾਸਲ ਹੋਈ। ਜ਼ਿਆਦਾਤਰ ਰਾਸ਼ੀ ਉਤਰਾਖੰਡ ਵਿਚ ਆਈ ਤਰਾਸਦੀ ਦੇ ਪੀੜਤਾਂ ਦੀ ਮਦਦ ਲਈ ਹਾਸਲ ਹੋਈ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਦੇ ਅਖਤਿਆਰੀ ਫੰਡ ਵਿਚੋਂ ਵੀ ਮੁਕਤਸਰ ਸਮੇਤ ਕੁਝ ਚੋਣਵੇਂ ਜ਼ਿਲ੍ਹਿਆਂ ਨੂੰ ਹੀ ਭਰਵੀਂ ਮਾਲੀ ਮਦਦ ਮਿਲਦੀ ਹੈ।

# ਹਵਾਈ ਅੱਡੇ ਦੇ ਨਾਮਕਰਨ ਬਾਰੇ ਢਿੱਲੀ ਰਹੀ ਸਰਕਾਰ ਦੀ ਪਹੁੰਚ

## ਬਾਦਲ ਨੇ ਸਵਾ ਸਾਲ 'ਚ ਕੇਂਦਰ ਨੂੰ ਸਿਰਫ ਇਕ ਪੱਤਰ ਲਿਖਿਆ

**ਚੰਡੀਗੜ੍ਹ:** ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਸ਼ਹੀਦੀ ਦਿਹਾੜਾ ਲੰਘਣ ਮਗਰੋਂ ਵੀ ਮੋਹਾਲੀ ਦੇ ਕੌਮਾਂਤਰੀ ਹਵਾਈ ਅੱਡਾ ਦੇ ਨਾਮਕਰਨ ਦਾ ਫੈਸਲਾ ਨਹੀਂ ਹੋ ਸਕਿਆ ਹੈ। ਹਾਲਾਂਕਿ ਪੰਜਾਬ




ਭਾਜਪਾ ਦੇ ਪ੍ਰਧਾਨ ਕਮਲ ਸ਼ਰਮਾ ਨੇ ਆਖਿਆ ਸੀ ਕਿ ਕੇਂਦਰ ਸਰਕਾਰ ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਵਸ ਮੌਕੇ ਹਵਾਈ ਅੱਡੇ ਦਾ ਨਾਮ ਸ਼ਹੀਦ ਦੇ ਨਾਮ 'ਤੇ ਰੱਖਣ ਦਾ ਐਲਾਨ ਕਰੇਗੀ। ਪੰਜਾਬ ਸਰਕਾਰ ਦੀ ਇਸ ਮਾਮਲੇ ਵਿਚ ਪਹੁੰਚ ਢਿੱਲੀ ਹੀ ਚੱਲ ਰਹੀ ਹੈ। ਮੁੱਖ ਮੰਤਰੀ ਪੰਜਾਬ ਵੱਲੋਂ ਲੰਘੇ ਸਵਾ ਸਾਲ ਦੌਰਾਨ ਇਸ ਮਸਲੇ 'ਤੇ ਕੇਂਦਰ ਸਰਕਾਰ ਨੂੰ ਸਿਰਫ ਇਕ ਚਿੱਠੀ ਲਿਖੀ ਗਈ ਹੈ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਹਾੜੇ 'ਤੇ ਹਵਾਈ ਅੱਡੇ ਦੇ ਨਾਮਕਰਨ ਦੀ ਮੰਗ ਮੁੜ ਕੇਂਦਰ ਸਰਕਾਰ ਕੋਲ ਸਟੇਜ ਤੋਂ ਉਠਾਈ ਸੀ।

ਸ਼ਹਿਰੀ ਹਵਾਬਾਜ਼ੀ ਵਿਭਾਗ ਪੰਜਾਬ ਨੇ ਆਰ.ਟੀ.ਆਈ. ਵਿਚ ਜੋ ਤਾਜ਼ਾ ਵੇਰਵੇ ਦਿੱਤੇ ਹਨ, ਉਨ੍ਹਾਂ ਅਨੁਸਾਰ ਪੰਜਾਬ ਸਰਕਾਰ ਤਰਫ਼ੋਂ ਮੁੱਖ ਮੰਤਰੀ ਪੰਜਾਬ ਨੇ ਪਹਿਲੀ ਜਨਵਰੀ 2015 ਤੋਂ ਹੁਣ ਤੱਕ ਪ੍ਰਧਾਨ ਮੰਤਰੀ ਨੂੰ ਸਿਰਫ ਇਕ ਪੱਤਰ ਹਵਾਈ ਅੱਡੇ ਦੇ ਨਾਮਕਰਨ ਬਾਰੇ ਲਿਖਿਆ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 11 ਸਤੰਬਰ 2015 ਨੂੰ ਮੋਹਾਲੀ ਦੇ ਕੌਮਾਂਤਰੀ ਹਵਾਈ ਅੱਡੇ ਦਾ ਉਦਘਾਟਨ ਕੀਤਾ ਸੀ। ਉਸ ਤੋਂ ਪਹਿਲਾਂ ਮੁੱਖ ਮੰਤਰੀ ਪੰਜਾਬ ਨੇ 27 ਅਗਸਤ 2015 ਨੂੰ ਪ੍ਰਧਾਨ ਮੰਤਰੀ ਨੂੰ ਪੱਤਰ ਲਿਖਿਆ ਸੀ, ਜਿਸ ਵਿਚ ਉਨ੍ਹਾਂ ਨੇ ਮੰਗ ਉਠਾਈ ਸੀ ਕਿ ਹਵਾਈ ਅੱਡੇ ਦੇ ਉਦਘਾਟਨ ਵਾਲੇ ਦਿਨ ਹਵਾਈ ਅੱਡੇ ਦਾ ਨਾਮ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਇੰਟਰਨੈਸ਼ਨਲ ਏਅਰਪੋਰਟ ਮੋਹਾਲੀ ਰੱਖਣ ਦਾ ਐਲਾਨ ਕੀਤਾ ਜਾਵੇ। ਪ੍ਰਧਾਨ ਮੰਤਰੀ ਨੇ ਇਸ ਹਵਾਈ ਅੱਡੇ ਦੇ ਨਾਮਕਰਨ ਦੇ ਮਾਮਲੇ 'ਤੇ ਚੁੱਪ ਵੱਟ ਲਈ ਸੀ। ਇਸੇ ਦੌਰਾਨ ਹਰਿਆਣਾ ਦੇ ਮੁੱਖ ਮੰਤਰੀ ਨੇ ਡਾ. ਮੰਗਲ ਸੇਨ ਇੰਟਰਨੈਸ਼ਨਲ ਏਅਰਪੋਰਟ ਚੰਡੀਗੜ੍ਹ ਦੀ ਮੰਗ ਕੇਂਦਰ ਸਰਕਾਰ ਕੋਲ ਉਠਾ ਦਿੱਤੀ ਸੀ। ਇਹ ਮਾਮਲੇ ਹਾਲੇ ਕਿਸੇ ਤਣ ਪੱਤਣ ਨਹੀਂ ਲੱਗਿਆ ਹੈ।

ਸ਼ਹਿਰੀ ਹਵਾਬਾਜ਼ੀ ਵਿਭਾਗ ਪੰਜਾਬ ਦੇ ਪ੍ਰਮੁੱਖ ਸਕੱਤਰ ਵਿਸ਼ਵਾਜੀਤ ਖੰਨਾ ਦਾ ਕਹਿਣਾ ਹੈ ਕਿ ਰਾਜ ਸਰਕਾਰ ਨੇ ਕੇਂਦਰ ਸਰਕਾਰ ਨੂੰ ਕਈ ਵਾਰ ਪੱਤਰ ਭੇਜੇ ਹਨ ਪਰ ਕੇਂਦਰ ਨੇ ਹਾਲੇ ਤੱਕ ਕੌਮਾਂਤਰੀ ਹਵਾਈ ਅੱਡੇ ਦੇ ਨਾਮਕਰਨ ਬਾਰੇ ਕੋਈ ਆਖਰੀ ਫੈਸਲਾ ਨਹੀਂ ਲਿਆ ਹੈ।

# ਮੂਰਥਲ ਕਾਂਡ: ਹਾਈ ਕੋਰਟ 'ਚ ਹਰਿਆਣਾ ਸਰਕਾਰ ਦੀ ਝਾੜ-ਝੰਬ

**ਚੰਡੀਗੜ੍ਹ:** ਮੁਰਥਲ ਗੈਂਗਰੇਪ ਮਾਮਲੇ ਵਿਚ ਕਿਸ ਤਰ੍ਹਾਂ ਦੀ ਜਾਂਚ ਹੋ ਰਹੀ ਹੈ ਜਿਸ ਵਿਚ ਅਜੇ ਤੱਕ ਬਿਆਨ ਵੀ ਦਰਜ ਨਹੀਂ ਕੀਤੇ ਗਏ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਸਲਾਹਕਾਰ ਨੇ ਸੁਣਵਾਈ ਦੌਰਾਨ ਹਰਿਆਣਾ ਸਰਕਾਰ ਨੂੰ ਇਹ ਸਵਾਲ ਪੁੱਛਿਆ। ਸਰਕਾਰ



ਲਗਾਤਾਰ ਅਜਿਹੀ ਕਿਸੇ ਵੀ ਘਟਨਾ ਤੋਂ ਇਨਕਾਰ ਕਰਦੀ ਆ ਰਹੀ ਹੈ। ਹਾਈ ਕੋਰਟ ਵਿਚ ਸੁਣਵਾਈ ਦੌਰਾਨ ਅਦਾਲਤ ਨੇ ਸੂਬਾ ਸਰਕਾਰ ਤੋਂ ਪੁੱਛਿਆ ਕਿ ਬਾਬੀ ਜੋਸ਼ੀ ਦਾ ਨਾਂਅ ਸਟੇਟਸ ਰਿਪੋਰਟ ਵਿਚ ਕਿਉਂ ਨਹੀਂ ਹੈ? ਮਾਮਲੇ ਵਿਚ ਕੋਈ ਐਫ.ਆਈ.ਆਰ. ਦਰਜ ਕਿਉਂ ਨਹੀਂ ਕੀਤੀ ਗਈ? ਪੁਲਿਸ ਚਸ਼ਮਦੀਦ ਦੇ ਬਿਆਨ ਨੂੰ ਤਵੱਜੋ ਨਹੀਂ ਦੇ ਰਹੀ, ਅਜਿਹਾ ਕਿਉਂ? ਇਸ ਤੋਂ ਤਾਂ ਲੱਗ ਰਿਹਾ ਹੈ ਕਿ ਸਰਕਾਰ ਕੋਰਟ ਨੂੰ ਗੁੰਮਰਾਹ ਕਰ ਰਹੀ ਹੈ। ਅਜਿਹੇ ਕਈ ਸਵਾਲਾਂ ਦੇ ਜਵਾਬ ਸਰਕਾਰ ਕੋਲ ਨਹੀਂ ਸਨ।

ਹਰਿਆਣਾ ਸਰਕਾਰ ਲਗਾਤਾਰ ਮੂਰਥਲ ਵਿਚ ਗੈਂਗਰੇਪ ਦਾ ਕੋਈ ਵੀ ਸਬੂਤ ਨਾ ਮਿਲਣ ਦਾ ਦਾਅਵਾ ਕਰ ਰਹੀ ਹੈ। ਮਾਮਲੇ ਦੀ ਜਾਂਚ ਕਰ ਰਹੀ ਐਸ.ਆਈ.ਟੀ. ਨੇ ਹਾਈ ਕੋਰਟ 'ਚ ਇਹ ਦਾਅਵਾ ਕੀਤਾ ਹੈ। ਜਾਂਚ ਟੀਮ ਮੁਤਾਬਕ ਅਜੇ ਤੱਕ ਕਿਸੇ ਵੀ ਸ਼ਿਕਾਇਤਕਰਤਾ ਨੇ ਅਜਿਹੀ ਕਿਸੇ ਘਟਨਾ ਬਾਰੇ ਸ਼ਿਕਾਇਤ ਨਹੀਂ ਦਿੱਤੀ। ਸਰਕਾਰ ਨੇ ਹਾਈ ਕੋਰਟ ਵੱਲੋਂ ਇਸ ਸ਼ਰਮਨਾਕ ਮਾਮਲੇ 'ਚ ਲਏ ਗਏ ਸਵੈ ਨੋਟਿਸ 'ਤੇ ਇਹ ਜਵਾਬ ਦਾਇਰ ਕੀਤਾ ਹੈ।

# ਸਰਕਾਰੀ ਨੀਤੀਆਂ ਵਿਰੁਧ ਕਿਸਾਨਾਂ ਦਾ ਰੋਹ ਮੁੜ ਭੜਕਿਆ



**ਅੰਮ੍ਰਿਤਸਰ:** ਸਰਕਾਰ ਵੱਲੋਂ ਮੰਗਾਂ ਮੰਨਣ ਦੇ ਬਾਵਜੂਦ ਕਿਸਾਨਾਂ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ। ਮੰਗਾਂ ਮਨਵਾਉਣ ਲਈ ਕਿਸਾਨਾਂ ਵੱਲੋਂ ਡੀ.ਸੀ. ਦਫਤਰਾਂ ਅੱਗੇ ਮੋਰਚੇ ਮੱਲ ਲਏ ਹਨ। ਇਹ ਧਰਨੇ ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਦੀ ਅਗਵਾਈ ਹੇਠ ਦਿੱਤੇ ਗਏ। ਕਿਸਾਨਾਂ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਮੰਗਾਂ ਮੰਨਣ ਦੇ ਬਾਵਜੂਦ ਕਿਸਾਨਾਂ ਨੂੰ ਨਜ਼ਰ ਅੰਦਾਜ਼ ਕਰ ਰਹੀ ਹੈ।

ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਸਰਕਾਰ ਹਾਲੇ ਵੀ ਨਾ ਜਾਗੀ ਤਾਂ ਕਿਸਾਨ ਜਥੇਬੰਦੀਆਂ ਵੱਡੇ ਸੰਘਰਸ਼ ਦੀ ਸ਼ੁਰੂਆਤ ਕਰ ਸਕਦੀਆਂ ਹਨ। ਉਨ੍ਹਾਂ ਮੰਗ ਕੀਤੀ ਕਿ ਕਿਸਾਨਾਂ ਨੂੰ ਕਰਜ਼ੇ ਤੋਂ ਮੁਕਤ ਕਰਨ ਅਤੇ ਵਿਆਜ ਦਰ ਘਟਾਉਣ ਤੋਂ ਇਲਾਵਾ ਘਟੀਆ ਬੀਜਾਂ ਅਤੇ ਸਪ੍ਰੇਅ ਕਾਰਨ ਖਰਾਬ ਹੋਈਆਂ ਫਸਲਾਂ ਦਾ ਮੁਆਵਜ਼ਾ, ਮਜ਼ਦੂਰਾਂ ਦੇ ਰੋਜ਼ਗਾਰ ਉਜਾੜੇ ਦਾ ਮੁਆਵਜ਼ਾ, ਪੰਚਾਇਤੀ ਸ਼ਾਮਲਾਟ ਜ਼ਮੀਨਾਂ ਤੇ ਰਿਹਾਇਸ਼ ਕਰ ਰਹੇ ਬੇਘਰੇ ਤੇ ਬੇਜ਼ਮੀਨੇ ਮਜ਼ਦੂਰਾਂ, ਕਿਸਾਨਾਂ ਨੂੰ ਮਾਲਕੀ ਹੱਕ ਦੇਣ ਤੋਂ ਇਲਾਵਾ ਕਈ ਹੋਰ ਮੰਗਾਂ ਨੂੰ ਲੈ ਕੇ ਕਿਸਾਨ ਪਿਛਲੇ ਲੰਬੇ ਸਮੇਂ ਤੋਂ ਸੰਘਰਸ਼ ਕੀਤਾ ਜਾ ਰਿਹਾ ਹੈ।

ਕਿਸਾਨਾਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਅਵਾਰਾ ਕੁੱਤਿਆਂ ਅਤੇ ਪਸ਼ੂਆਂ ਦੀ ਸਮੱਸਿਆ ਦਾ ਵੀ ਤੁਰਤ ਹੱਲ ਕੀਤਾ ਜਾਵੇ। ਕਿਸਾਨ ਆਗੂਆਂ ਨੇ ਕਿਹਾ ਕਿ ਕਾਲੇ ਕਾਨੂੰਨ ਨੂੰ ਰੱਦ ਕਰਵਾਉਣ ਲਈ ਸੰਘਰਸ਼ ਹੋਰ ਵੀ ਤੇਜ਼ ਕੀਤਾ ਜਾਵੇਗਾ ਕਿਉਂਕਿ ਸਰਕਾਰ ਜੋ ਅਣ ਐਲਾਨੀ ਐਮਰਜੈਂਸੀ ਲਗਾਉਣ ਜਾ ਰਹੀ ਹੈ, ਉਸ ਤੋਂ ਨਿਜਾਤ ਪਾਈ ਜਾ ਸਕੇ।

# ਕਾਲੀ ਸੂਚੀ ਵਿਚੋਂ ਕਈ ਸਿੱਖਾਂ ਦੇ ਨਾਂ ਹਟਾਏ

**ਨਵੀਂ ਦਿੱਲੀ:** ਵਿਦੇਸ਼ਾਂ ਵਿਚ ਵੱਸੇ ਸਿੱਖਾਂ 'ਤੇ ਵੀਜ਼ਾ ਪਾਬੰਦੀਆਂ ਲਈ ਕੇਂਦਰ ਸਰਕਾਰ ਵੱਲੋਂ ਬਣਾਈ ਕਾਲੀ ਸੂਚੀ ਦੀ ਕਾਂਟ-ਛਾਂਟ ਕੀਤੀ ਗਈ ਹੈ। ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਸਰਕਾਰ ਵੱਲੋਂ ਬਣਾਈ ਗੁਪਤ ਕਾਲੀ ਸੂਚੀ ਵਿਚੋਂ 36 ਸਿੱਖਾਂ ਦੇ ਨਾਂਅ ਹਟਾਉਣ ਲਈ ਲਿਖੇ ਪੱਤਰ ਪਿੱਛੋਂ ਪ੍ਰਧਾਨ ਮੰਤਰੀ ਨੇ ਮਾਮਲੇ ਵਿਚ ਦਖਲ ਦਿੱਤਾ ਹੈ। ਸਰਕਾਰੀ ਸੂਤਰਾਂ ਨੇ ਦੱਸਿਆ ਕਿ ਵੱਖ-ਵੱਖ ਸਬੰਧਤ ਧਿਰਾਂ ਵਿਚਕਾਰ ਵਿਚਾਰ ਵਟਾਂਦਰੇ ਪਿੱਛੋਂ ਕਾਲੀ ਸੂਚੀ ਵਿਚੋਂ ਕੁਝ ਸਿੱਖਾਂ ਦੇ ਨਾਵਾਂ ਨੂੰ ਹਟਾ ਦਿੱਤਾ ਗਿਆ ਹੈ।

ਕਾਲੀ ਸੂਚੀ ਜਿਹੜੀ ਸੁਰੱਖਿਆ ਏਜੰਸੀਆਂ ਵੱਲੋਂ ਵੱਖ-ਵੱਖ ਪੱਧਰ 'ਤੇ ਤਿਆਰ ਕੀਤੀ ਕਾਲੀ ਗਈ ਸੀ, ਨੂੰ ਸਰਕਾਰ ਨੇ ਕਾਇਮ ਰੱਖਿਆ ਹੋਇਆ ਹੈ। ਇਸ ਤਰ੍ਹਾਂ ਦੇ ਲੋਕ ਜਿਨ੍ਹਾਂ ਦਾ ਕਾਲੀ ਸੂਚੀ ਵਿਚ ਨਾਂਅ ਸ਼ਾਮਲ ਹੈ, ਨੂੰ ਭਾਰਤ ਆਉਣ ਦੀ ਮਨਾਹੀ ਹੈ। 2014 ਵਿਚ ਸ੍ਰੀ ਮੋਦੀ ਦੇ ਪ੍ਰਧਾਨ ਮੰਤਰੀ ਬਣਨ ਪਿੱਛੋਂ ਸ. ਬਾਦਲ ਨੇ ਉਨ੍ਹਾਂ ਨੂੰ




ਅਪੀਲ ਕੀਤੀ ਸੀ ਕਿ ਉਹ ਗ੍ਰਹਿ ਮੰਤਰਾਲੇ ਨੂੰ ਇਸ ਤਰ੍ਹਾਂ ਦੇ ਸਾਰੇ ਮਾਮਲਿਆਂ ਦੀ ਨਿਯਮਤ ਜਾਇਜ਼ੇ ਲਈ ਇਕ ਢਾਂਚਾ ਕਾਇਮ ਕਰਨ ਦੀ ਹਦਾਇਤ ਕਰਨ।

ਸ. ਬਾਦਲ ਨੇ ਕਿਹਾ ਸੀ ਕਿ ਉਹ ਉਨ੍ਹਾਂ ਲੋਕਾਂ ਦੇ ਸੂਚੀ ਵਿਚੋਂ ਨਾਂਅ ਹਟਾਉਣਾ ਚਾਹੁੰਦੇ ਹਨ ਜਿਨ੍ਹਾਂ ਖਿਲਾਫ ਕੋਈ ਮਾਮਲਾ ਨਹੀਂ ਜਾਂ ਕੋਈ ਕਾਨੂੰਨੀ ਕਾਰਵਾਈ ਨਹੀਂ ਚੱਲ ਰਹੀ। ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਵੀ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੂੰ ਪੱਤਰ ਲਿਖ ਕੇ ਅਪੀਲ ਕੀਤੀ ਸੀ ਕਿ ਸਿੱਖਾਂ ਦੀ ਕਾਲੀ ਸੂਚੀ ਦਾ ਜਾਇਜ਼ਾ ਲਿਆ ਜਾਵੇ ਅਤੇ ਉਨ੍ਹਾਂ ਵਿਅਕਤੀਆਂ ਦਾ ਸੂਚੀ ਵਿਚੋਂ ਨਾਂਅ ਕੱਟ ਦਿੱਤਾ ਜਾਵੇ ਜਿਨ੍ਹਾਂ ਖਿਲਾਫ ਸੂਬੇ ਵਿਚ ਕੋਈ ਅਪਰਾਧਕ ਮਾਮਲਾ ਨਹੀਂ।

ਬਰਤਾਨਵੀ ਸਿੱਖਾਂ ਦੇ ਇਕ ਵਫਦ ਨੇ ਵੀ ਪ੍ਰਧਾਨ ਮੰਤਰੀ ਨੂੰ ਸੂਚੀ ਵਿਚੋਂ ਸਿੱਖਾਂ ਦੇ ਨਾਂਅ ਹਟਾਉਣ ਦੀ ਮੰਗ ਕੀਤੀ ਸੀ। 1980 ਅਤੇ 1990 ਦੇ ਦਹਾਕੇ ਦੌਰਾਨ ਵੱਡੀ ਗਿਣਤੀ ਵਿਚ ਸਿੱਖ ਪਰਿਵਾਰ ਸਿਆਸੀ ਸ਼ਰਨ ਲੈਣ ਲਈ ਅਮਰੀਕਾ, ਕੈਨੇਡਾ, ਬਰਤਾਨੀਆ, ਜਰਮਨੀ ਤੇ ਹੋਰ ਦੇਸ਼ਾਂ ਨੂੰ ਪ੍ਰਵਾਸ ਕਰ ਗਏ ਸਨ। ਵਿਦੇਸ਼ ਵਿਚ ਰਾਜਸੀ ਸ਼ਰਨ ਮੰਗਣ ਵਾਲੇ ਕਈ ਵਿਅਕਤੀਆਂ ਖਿਲਾਫ ਭਾਰਤ ਵਿਚ ਕੇਸ ਦਰਜ ਸਨ ਅਤੇ ਉਨ੍ਹਾਂ ਨੂੰ ਬੀਤੇ ਦਹਾਕਿਆਂ ਦੌਰਾਨ ਭਾਰਤ ਆਉਣ ਦੀ ਇਜਾਜ਼ਤ ਨਹੀਂ ਦਿੱਤੀ ਗਈ। ਸਰਕਾਰੀ ਸੂਤਰਾਂ ਨੇ ਦੱਸਿਆ ਕਿ ਕਾਲੀ ਸੂਚੀ ਵਿਚ ਕੋਈ ਹਜ਼ਾਰ ਵਿਅਕਤੀਆਂ ਦੇ ਨਾਂਅ ਹਨ।

# ਕੈਪਟਨ ਅਮਰਿੰਦਰ ਸਿੰਘ ਨੂੰ ਮਿਲੀ ਵਿਦੇਸ਼ ਜਾਣ ਦੀ ਇਜਾਜ਼ਤ

**ਮੁਹਾਲੀ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਤੇ ਲੋਕ ਸਭਾ ਮੈਂਬਰ ਕੈਪਟਨ ਅਮਰਿੰਦਰ ਸਿੰਘ ਨੂੰ ਵਿਦੇਸ਼ ਜਾਣ ਦੀ ਆਗਿਆ ਮਿਲ ਗਈ ਹੈ। ਉਧਰ ਵਿਜੀਲੈਂਸ ਨੇ ਕੈਪਟਨ ਅਮਰਿੰਦਰ ਸਿੰਘ ਦੀ ਵਿਦੇਸ਼ ਜਾਣ ਵਾਲੀ ਅਰਜ਼ੀ 'ਤੇ ਇਤਰਾਜ਼ ਜਤਾਉਂਦਿਆਂ ਕਿਹਾ ਕਿ ਉਹ ਕੇਸ ਨੂੰ ਬਿਨਾਂ ਵਜ੍ਹਾ ਲਮਕਾਉਣਾ ਚਾਹੁੰਦੇ ਹਨ, ਇਸ ਲਈ ਉਨ੍ਹਾਂ ਨੂੰ ਵਿਦੇਸ਼ ਜਾਣ ਦੀ ਆਗਿਆ ਨਾ ਦਿੱਤੀ ਜਾਵੇ। ਅਦਾਲਤ ਨੇ ਦੋਹਾਂ ਧਿਰਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਕੈਪਟਨ ਨੂੰ ਵਿਦੇਸ਼ ਜਾਣ ਦੀ ਆਗਿਆ ਦੇ ਦਿੱਤੀ ਹੈ।

ਦੱਸਣਯੋਗ ਹੈ ਕਿ ਕੈਪਟਨ ਅਮਰਿੰਦਰ ਸਿੰਘ 15 ਅਪਰੈਲ ਤੋਂ ਲੈ ਕੇ 15 ਮਈ ਤੱਕ ਉਤਰੀ ਅਮਰੀਕਾ ਦਾ ਦੌਰਾ ਕਰਨਗੇ। ਉਨ੍ਹਾਂ ਦਾ ਵਿਦੇਸ਼ ਜਾਣ ਦਾ ਮਕਸਦ ਉਥੇ ਰਹਿ ਰਹੇ ਪੰਜਾਬੀਆਂ ਨਾਲ 2017 ਵਿਚ ਪੰਜਾਬ 'ਚ ਹੋ ਰਹੀਆਂ ਚੋਣਾਂ ਬਾਰੇ ਵਿਚਾਰ ਚਰਚਾ ਕਰਨਾ ਹੈ। ਉਧਰ, ਕੈਪਟਨ ਅਮਰਿੰਦਰ ਸਿੰਘ ਤੇ ਹੋਰਨਾਂ ਮੁਲਜ਼ਮਾਂ ਤੇ ਅਧਿਕਾਰੀਆਂ ਖਿਲਾਫ਼ ਦਰਜ ਭ੍ਰਿਸ਼ਟਾਚਾਰ ਮਾਮਲੇ ਦੀ ਸੁਣਵਾਈ ਵੀ ਮੋਹਾਲੀ



ਦੇ ਵਧੀਕ ਜ਼ਿਲ੍ਹਾ ਸੈਸ਼ਨ ਜੱਜ ਦੀ ਅਦਾਲਤ ਵਿਚ ਹੋਈ। ਅਦਾਲਤ 'ਚ ਕੈਪਟਨ ਅਮਰਿੰਦਰ ਸਿੰਘ ਦੇ ਵਕੀਲ ਰਮਦੀਪ ਪ੍ਰਤਾਪ ਸਿੰਘ ਪੇਸ਼ ਹੋਏ।

ਉਨ੍ਹਾਂ ਅਦਾਲਤ 'ਚ ਪੇਸ਼ੀ ਤੋਂ ਛੋਟ ਲਈ ਅਰਜ਼ੀ ਦਿੱਤੀ ਸੀ। ਅਦਾਲਤ ਨੇ ਸਾਰਿਆਂ ਦੀਆਂ ਅਰਜ਼ੀਆਂ ਮਨਜ਼ੂਰ ਕਰਦਿਆਂ ਅਗਲੀ ਸੁਣਵਾਈ ਲਈ 25 ਅਪਰੈਲ 2016 ਦੀ ਤਾਰੀਖ ਤੈਅ ਕੀਤੀ ਹੈ।

**Punjab Times**

**Established in 2000**
**17th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।
ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.


Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਹਰਿਆਣਾ ਵਿਧਾਨ ਸਭਾ ਵੱਲੋਂ ਰਾਖਵਾਂਕਰਨ ਬਿੱਲ ਪਾਸ

**ਚੰਡੀਗੜ੍ਹ:** ਹਰਿਆਣਾ ਵਿਧਾਨ ਸਭਾ ਨੇ ਸਰਬਸੰਮਤੀ ਨਾਲ ਜਾਟਾਂ ਸਮੇਤ ਪੰਜ ਹੋਰ ਜਾਤਾਂ ਨੂੰ ਰਾਖਵਾਂਕਰਨ ਦੇਣ ਲਈ ਹਰਿਆਣਾ ਪਛੜਾ ਵਰਗ (ਨੌਕਰੀਆਂ ਤੇ ਵਿਦਿਅਕ ਸੰਸਥਾਵਾਂ 'ਚ ਦਾਖਲੇ) ਰਾਖਵਾਂਕਰਨ ਬਿੱਲ (2016) ਪਾਸ ਕਰ ਦਿੱਤਾ ਹੈ। ਇਹ ਬਿੱਲ ਰਾਜਪਾਲ ਦੀ ਸਹੀ ਬਾਅਦ ਕਾਨੂੰਨ ਬਣ ਜਾਵੇਗਾ। ਇਸੇ ਦੌਰਾਨ ਵਿਧਾਨ ਸਭਾ ਨੇ ਹਰਿਆਣਾ ਪੱਛੜੀਆਂ ਜਾਤੀਆਂ ਕਮਿਸ਼ਨ ਬਿੱਲ ਵੀ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਹੈ।

ਪ੍ਰਸ਼ਨ ਕਾਲ ਬਾਅਦ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਰਾਖਵੇਂਕਰਨ ਬਾਰੇ ਬਿੱਲ ਪੇਸ਼ ਕੀਤਾ ਜਿਸ 'ਚ ਪਿਛੜਾ ਵਰਗ ਬਲਾਕ ਏ, ਬੀ ਤੇ ਸੀ ਨੂੰ ਕਾਨੂੰਨੀ ਦਰਜਾ ਦੇਣ ਦੀ ਵਿਵਸਥਾ ਕੀਤੀ ਗਈ ਹੈ। ਇਸ ਬਿੱਲ ਦੇ ਕਾਨੂੰਨ ਬਣਨ ਬਾਅਦ ਇਸ ਨੂੰ ਸੰਵਿਧਾਨ ਦੀ 9ਵੀਂ ਅਨੁਸੂਚੀ ਵਿਚ ਸ਼ਾਮਲ ਕਰਨ ਵਾਸਤੇ ਕੇਂਦਰ ਸਰਕਾਰ ਨੂੰ ਭੇਜਿਆ



ਜਾਵੇਗਾ। ਇਸ ਬਿੱਲ ਵਿਚ ਪਛੜੇ ਵਰਗ ਏ, ਬੀ ਤੇ ਸੀ ਲਈ ਸ਼੍ਰੇਣੀ 1 ਤੇ 2 ਆਸਾਮੀਆਂ ਲਈ ਅਨੁਸੂਚੀ 1, 2 ਤੇ 3 ਵਿਚ ਰਾਖਵਾਂਕਰਨ 10 ਫ਼ੀਸਦੀ, 5 ਤੇ 5 ਫ਼ੀਸਦੀ ਤੋਂ ਵਧਾ ਕੇ ਕ੍ਰਮਵਾਰ 11 ਫ਼ੀਸਦੀ, 6 ਤੇ 6 ਫ਼ੀਸਦੀ ਕਰਨ ਦੀ ਵਿਵਸਥਾ ਹੈ। ਸ਼੍ਰੇਣੀ 1 ਤੇ 2 ਆਸਾਮੀਆਂ ਵਿਚ ਜਨਰਲ ਜਾਤੀ ਵਰਗ ਵਿਚ ਪਛੜੇ ਵਰਗ ਦੇ ਵਿਅਕਤੀਆਂ ਲਈ 5 ਫ਼ੀਸਦੀ ਰਾਖਵੇਂਕਰਨ ਨੂੰ ਵਧਾ ਕੇ 7 ਫ਼ੀਸਦੀ ਕਰ ਦਿੱਤਾ ਗਿਆ ਹੈ। ਬਿੱਲ ਪੇਸ਼ ਤੇ ਪਾਸ ਕੀਤੇ ਜਾਣ ਸਮੇਂ ਕਾਂਗਰਸੀ ਮੈਂਬਰ ਸਦਨ ਤੋਂ ਬਾਹਰ ਹੀ ਰਹੇ। ਉਨ੍ਹਾਂ ਨੇ ਇਕ ਦਿਨ ਪਹਿਲਾਂ ਸਦਨ ਵਿਚ ਮੰਗ ਕੀਤੀ ਸੀ ਕਿ ਤਿੰਨ ਕਾਂਗਰਸੀ ਵਿਧਾਇਕਾਂ ਦੀ ਛੇ ਮਹੀਨਿਆਂ ਲਈ ਮੁਅੱਤਲੀ ਦੀ ਸਜ਼ਾ ਖਤਮ ਕੀਤੀ ਜਾਵੇ ਪਰ ਸਰਕਾਰ ਨੇ ਕੋਈ ਹਾਮੀ ਨਹੀਂ ਭਰੀ ਸੀ, ਜਿਸ ਕਾਰਨ ਕਾਂਗਰਸੀ ਵਿਧਾਇਕ ਵਾਕਆਊਟ ਕਰ ਗਏ। ਵਿਰੋਧੀ ਧਿਰ ਦੇ ਨੇਤਾ ਅਭੈ ਚੌਟਾਲਾ ਤੇ ਹੋਰ ਵਿਧਾਇਕਾਂ ਨੇ ਸਰਕਾਰ ਵੱਲੋਂ ਦੋਵੇਂ ਬਿੱਲ ਪਾਸ ਕਰਨ ਦਾ ਸੁਆਗਤ ਕਰਦਿਆਂ ਕਿਹਾ ਕਿ ਇਸ ਨਾਲ ਜਾਟਾਂ ਦੀ ਮੰਗ ਪੂਰੀ ਹੋ ਗਈ ਹੈ। ਇੰਡੀਅਨ ਨੈਸ਼ਨਲ ਲੋਕ ਦਲ ਦੇ ਪ੍ਰਧਾਨ ਅਸ਼ੋਕ ਅਰੋੜਾ ਨੇ ਕਿਹਾ ਕਿ ਜੇ ਭਾਜਪਾ ਸਰਕਾਰ ਇਹ ਬਿੱਲ ਪਹਿਲਾਂ ਪਾਸ ਕਰ ਦਿੰਦੀ ਤਾਂ ਸੂਬੇ 'ਚ ਤਬਾਹੀ ਟਲ ਜਾਣੀ ਸੀ। ਸਦਨ ਤੋਂ ਬਾਹਰ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਕਿਹਾ ਕਿ ਸਰਕਾਰ ਨੇ ਜਿਹੜਾ ਬਿੱਲ ਪਾਸ ਕੀਤਾ ਹੈ, ਉਹ ਕਾਂਗਰਸ ਦੇ ਰਾਖਵੇਂਕਰਨ ਬਿੱਲ ਦੀ ਨਕਲ ਹੈ।

ਹਰਿਆਣਾ ਦੇ ਵੱਖ ਵੱਖ ਹਿੱਸਿਆਂ ਤੋਂ ਜਾਟ ਨੇਤਾ ਵਿਧਾਨ ਸਭਾ ਕੰਪਲੈਕਸ ਵਿਚ ਪੁੱਜੇ ਹੋਏ ਸਨ ਅਤੇ ਉਨ੍ਹਾਂ ਨੇ ਮੁੱਖ ਮੰਤਰੀ ਖੱਟਰ ਦਾ ਲਾਲ ਰੰਗ ਦੀ ਪਗੜੀ ਪਹਿਨਾ ਕੇ ਸੁਆਗਤ ਕੀਤਾ। ਮੁੱਖ ਮੰਤਰੀ ਨੇ ਕਿਹਾ ਕਿ ਕਾਂਗਰਸ ਪਾਰਟੀ ਨੇ ਇਸ ਬਿੱਲ ਦੇ ਨਾਂ ਕੇਵਲ ਰਾਜਨੀਤੀ ਹੀ ਕੀਤੀ ਹੈ। ਪੱਛੜੀਆਂ ਜਾਤੀਆਂ ਕਮਿਸ਼ਨ ਬਿੱਲ ਦੇ ਕਾਨੂੰਨ ਬਣਨ ਬਾਅਦ ਕਰੀਮੀ ਲੇਅਰ ਨੂੰ ਰਾਖਵੇਂਕਰਨ ਦੇ ਦਾਇਰੇ ਵਿਚੋਂ ਬਾਹਰ ਕੱਢਣ ਦਾ ਰਾਹ ਪੱਧਰਾ ਹੋ ਜਾਵੇਗਾ।

**ਬਿੱਲ ਸੁਪਰੀਮ ਕੋਰਟ ਦੇ ਫੈਸਲੇ ਖਿਲਾਫ਼:** ਹਰਿਆਣਾ ਵਿਧਾਨ ਸਭਾ ਵੱਲੋਂ ਪਾਸ ਕੀਤਾ ਗਿਆ ਰਾਖਵਾਂਕਰਨ ਬਿੱਲ ਅਸਲ ਵਿਚ ਸਾਲ ਪਹਿਲਾਂ ਸੁਪਰੀਮ ਕੋਰਟ ਵੱਲੋਂ ਰਾਖਵੇਂਕਰਨ ਬਾਰੇ ਜਾਰੀ ਕੀਤੇ ਗਏ ਹੁਕਮਾਂ ਨੂੰ ਨਕਾਰਦਾ ਹੈ। ਸੁਪਰੀਮ ਕੋਰਟ ਨੇ ਕਿਹਾ ਸੀ ਕਿ ਜਾਟਾਂ ਨੂੰ ਰਾਖਵੇਂਕਰਨ ਦੀ ਲੋੜ ਨਹੀਂ ਹੈ ਅਤੇ ਇਹ ਸਿਰਫ਼ ਬਦਹਾਲ ਲੋਕਾਂ ਲਈ ਹੈ। ਪਿਛਲੇ ਸਾਲ 17 ਮਾਰਚ ਨੂੰ ਸੁਪਰੀਮ ਕੋਰਟ ਨੇ ਕੇਂਦਰ ਦੇ 4 ਮਾਰਚ, 2014 ਦੇ ਨੋਟੀਫਿਕੇਸ਼ਨ ਨੂੰ ਰੱਦ ਕਰ ਦਿੱਤਾ ਸੀ ਜਿਸ ਵਿਚ ਹਰਿਆਣਾ, ਹਿਮਾਚਲ ਪ੍ਰਦੇਸ਼, ਉਤਰਾਖੰਡ ਅਤੇ ਛੇ ਹੋਰ ਰਾਜਾਂ ਵਿਚ ਹੋਰ ਪੱਛੜੀਆਂ ਜਾਤਾਂ (ਓ.ਬੀ.ਸੀਜ਼) ਨੂੰ ਨੌਕਰੀਆਂ ਤੇ ਵਿਦਿਅਕ ਦਾਖ਼ਲਿਆਂ ਵਿਚ ਰਾਖਵਾਂਕਰਨ ਦੇਣਾ ਸੀ। ਓ.ਬੀ.ਸੀਜ਼ 'ਚ ਜਾਟ ਵੀ ਸ਼ਾਮਲ ਕੀਤੇ ਗਏ ਸਨ।

## 'ਕਮਾਊ ਪੁੱਤਾਂ' ਦੀ ਬੇਰੁਖੀ ਨੇ ਸਰਕਾਰ ਦੀ ਚਿੰਤਾ ਵਧਾਈ

*(ਸਫਾ ਇਕ ਦੀ ਬਾਕੀ)*

ਦਰਖਾਸਤਾਂ ਘੱਟ ਪੁੱਜੀਆਂ ਸਨ। ਇਸੇ ਤਰ੍ਹਾਂ ਸਾਲ 2014-15 ਵਿਚ 62850 ਅਰਜ਼ੀਆਂ ਪੁੱਜੀਆਂ ਸਨ ਜਿਨ੍ਹਾਂ ਤੋਂ 267.33 ਕਰੋੜ ਦੀ ਕਮਾਈ ਹੋਈ ਸੀ। ਸਾਲ 2013-14 ਲਈ ਦਰਖਾਸਤਾਂ ਦੀ ਗਿਣਤੀ 40,949 ਸੀ, ਜਿਨ੍ਹਾਂ ਤੋਂ 197.15 ਕਰੋੜ ਦੀ ਆਮਦਨ ਹੋਈ ਸੀ। ਬਠਿੰਡਾ ਜ਼ਿਲ੍ਹੇ ਵਿਚ ਵੀ ਐਤਕੀਂ ਅਰਜ਼ੀ ਫੀਸ ਤੋਂ ਹੋਣ ਵਾਲੀ ਆਮਦਨ ਵਿਚ ਤਕਰੀਬਨ ਦੋ ਕਰੋੜ ਰੁਪਏ ਦੀ ਕਟੌਤੀ ਹੋ ਗਈ ਹੈ।

ਸਰਕਾਰ ਦੀ 'ਚਲਾਕੀ' ਨੂੰ ਹਾਈ ਕੋਰਟ ਵਿਚ ਚੁਣੌਤੀ: ਪੰਜਾਬ ਸਰਕਾਰ ਦੀ ਨਵੀਂ ਆਬਕਾਰੀ ਨੀਤੀ ਨੂੰ ਚੁਣੌਤੀ ਦਿੰਦੀ ਪਟੀਸ਼ਨ 'ਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਸਰਕਾਰ ਨੂੰ ਨੋਟਿਸ ਜਾਰੀ ਕਰ ਦਿੱਤਾ ਹੈ। ਚੰਡੀਗੜ੍ਹ ਦੀ ਅਰਾਈਵ ਸੇਫ਼ ਨਾਂ ਦੀ ਗੈਰ ਸਰਕਾਰੀ ਸੰਸਥਾ ਨੇ ਪਟੀਸ਼ਨ ਵਿਚ ਦੋਸ਼ ਲਾਇਆ ਸੀ ਕਿ ਹਾਈ ਕੋਰਟ ਨੇ ਸੂਬੇ ਦੇ ਸਟੇਟ ਅਤੇ ਕੌਮੀ ਮਾਰਗਾਂ 'ਤੇ ਸ਼ਰਾਬ ਦੇ ਠੇਕੇ ਖੋਲ੍ਹਣ ਉਤੇ ਰੋਕ ਲਾਈ ਹੋਈ ਹੈ। ਪੰਜਾਬ ਸਰਕਾਰ ਨੇ ਆਪਣੀ ਨਵੀਂ ਆਬਕਾਰੀ ਨੀਤੀ 'ਚ ਸੋਧ ਕਰਦਿਆਂ ਅਜਿਹਾ ਹੱਲ ਕੱਢ ਲਿਆ ਹੈ ਕਿ ਜਿਸ ਤਹਿਤ ਕੌਮੀ ਅਤੇ ਸਟੇਟ ਮਾਰਗਾਂ ਉਤੇ ਸ਼ਰਾਬ ਦੇ ਠੇਕੇ ਚੱਲਦੇ ਰਹਿਣਗੇ। ਨਵੀਂ ਨੀਤੀ ਤਹਿਤ ਮਿਊਂਸਪਲ ਕਮੇਟੀ ਦੀ ਹੱਦ 'ਚ ਨੈਸ਼ਨਲ ਤੇ ਸਟੇਟ ਹਾਈਵੇ ਉਤੇ ਸ਼ਰਾਬ ਦੇ ਠੇਕੇ ਚਲਾਏ ਜਾ ਸਕਦੇ ਹਨ। ਇਸੇ ਨੀਤੀ ਨੂੰ ਹਾਈ ਕੋਰਟ ਵਿਚ ਚੁਣੌਤੀ ਦਿੱਤੀ ਗਈ ਹੈ।

## ਪਾਕਿ ਜਾਂਚ ਟੀਮ ਦੇ ਦੌਰੇ 'ਤੇ ਸਿਆਸਤ

*(ਸਫਾ ਇਕ ਦੀ ਬਾਕੀ)*

ਕਾਲੇ ਝੰਡੇ ਫੜ ਕੇ ਖੜ੍ਹੇ ਸਨ। ਉਨ੍ਹਾਂ ਨੇ ਪਾਕਿਸਤਾਨੀ ਵਿਰੋਧੀ ਨਾਅਰੇ ਵੀ ਲਗਾਏ।

'ਆਪ' ਦੇ ਕੌਮੀ ਬੁਲਾਰੇ ਸੰਜੇ ਸਿੰਘ ਨੇ ਦੋਸ਼ ਲਾਇਆ ਹੈ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਪਾਕਿਸਤਾਨ ਸਰਕਾਰ ਸਾਹਮਣੇ ਗੋਡੇ ਟੇਕ ਦਿੱਤੇ ਹਨ ਜੋ ਪੂਰੇ ਦੇਸ਼ ਲਈ ਸ਼ਰਮ ਦੀ ਗੱਲ ਹੈ। ਉਨ੍ਹਾਂ ਸਵਾਲ ਕੀਤਾ ਕਿ ਪਠਾਨਕੋਟ ਹਮਲੇ ਦੀ ਸਾਜ਼ਿਸ਼ ਪਾਕਿਸਤਾਨ ਵਿਚ ਹੀ ਰਚੀ ਗਈ ਸੀ ਅਤੇ ਇਸ ਨੂੰ ਪਾਕਿਸਤਾਨੀ ਅਤਿਵਾਦੀਆਂ ਨੇ ਹੀ ਅੰਜਾਮ ਦਿੱਤਾ ਸੀ। ਭਾਰਤ ਸਰਕਾਰ ਵੱਲੋਂ ਪਾਕਿਸਤਾਨੀ ਟੀਮ ਨੂੰ ਇਜਾਜ਼ਤ ਦੇਣਾ ਕਿਸ ਤਰ੍ਹਾਂ ਜਾਇਜ਼ ਹੈ। ਵਿਰੋਧ ਕਾਰਨ ਜਾਂਚ ਟੀਮ ਨੂੰ ਏਅਰਬੇਸ ਦੀ ਦੀਵਾਰ ਵਾਲੇ ਪਾਸੇ ਤੋਂ ਅੰਦਰ ਲਿਜਾਇਆ ਗਿਆ ਅਤੇ ਉਥੋਂ ਹੀ ਛੋਟੇ ਜਿਹੇ ਆਰਜ਼ੀ ਤੌਰ 'ਤੇ ਬਣਾਏ ਗਏ ਗੇਟ ਰਾਹੀਂ ਬਾਹਰ ਕੱਢਿਆ ਗਿਆ।

# ਬਹਿਬਲ ਕਲਾਂ ਕਾਂਡ: ਪੁਲਿਸ ਤੇ ਸਰਕਾਰ ਕਟਹਿਰੇ 'ਚ

*(ਸਫਾ ਇਕ ਦੀ ਬਾਕੀ)*

ਮਨੁੱਖੀ ਅਧਿਕਾਰਾਂ ਬਾਰੇ ਕੁਝ ਜਥੇਬੰਦੀਆਂ ਨੇ ਜਸਟਿਸ ਕਾਟਜੂ ਪੀਪਲਜ਼ ਕਮਿਸ਼ਨ ਬਣਾਇਆ ਸੀ ਅਤੇ ਸਰਕਾਰ ਨੇ ਇਸ ਕਾਂਡ ਦੀ ਜਾਂਚ ਲਈ ਜਸਟਿਸ ਜੋਰਾ ਸਿੰਘ ਕਮਿਸ਼ਨ ਬਣਾਇਆ ਹੋਇਆ ਹੈ। ਸਰਕਾਰੀ ਕਮਿਸ਼ਨ ਨੇ ਅਜੇ ਤੱਕ ਰਿਪੋਰਟ ਪੇਸ਼ ਨਹੀਂ ਕੀਤੀ ਤੇ ਉਸ ਦੀ ਮਿਆਦ ਇਕ ਵਾਰ ਵਧਾਈ ਜਾ ਚੁੱਕੀ ਹੈ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਬਹਿਬਲ ਕਲਾਂ ਅਤੇ ਕੋਟਕਪੂਰਾ ਵਿਚ ਸਿੱਖਾਂ ਦੇ ਇਕੱਠ ਦੌਰਾਨ ਪੁਲਿਸ ਵੱਲੋਂ ਗੈਰ-ਕਾਨੂੰਨੀ ਢੰਗ ਨਾਲ ਗੋਲੀਆਂ ਚਲਾ ਕੇ ਖੂਨੀ ਕਾਂਡ ਰਚਿਆ ਗਿਆ। ਪੁਲਿਸ ਨੇ ਮੈਜਿਸਟਰੇਟ ਦੇ ਹੁਕਮਾਂ ਤੋਂ ਬਿਨਾਂ ਹੀ ਗੋਲੀਆਂ ਚਲਾਈਆਂ ਹਨ। ਬਹਿਬਲ ਕਲਾਂ ਕਾਂਡ ਦੀ ਪੜਤਾਲ ਲਈ ਇਹ ਰਿਪੋਰਟ ਪ੍ਰਭਾਵਿਤ 37 ਵਿਅਕਤੀਆਂ ਦੇ ਬਿਆਨਾਂ ਦੇ ਆਧਾਰ ਉਤੇ ਤਿਆਰ ਕੀਤੀ ਹੈ।

ਕਮਿਸ਼ਨ ਨੇ ਬਹਿਬਲ ਕਲਾਂ ਵਿਚ ਪੁਲਿਸ ਵੱਲੋਂ 14 ਅਕਤੂਬਰ 2015 ਨੂੰ ਚਲਾਈਆਂ ਗੋਲੀਆਂ ਦੌਰਾਨ ਮਾਰੇ ਕ੍ਰਿਸ਼ਨ ਭਗਵਾਨ ਸਿੰਘ ਅਤੇ ਗੁਰਜੀਤ ਸਿੰਘ ਦੇ ਪਰਿਵਾਰ ਨੂੰ ਇਕ-ਇਕ ਕਰੋੜ ਰੁਪਏ ਮੁਆਵਜ਼ਾ ਦੇਣ ਸਮੇਤ ਦੋਵਾਂ ਪਰਿਵਾਰਾਂ ਦੇ ਇਕ-ਇਕ ਮੈਂਬਰ ਨੂੰ ਨੌਕਰੀ ਦੇਣ ਦੀ ਸਿਫਾਰਸ਼ ਕੀਤੀ ਹੈ। ਇਸ ਗੋਲੀ ਕਾਂਡ ਵਿਚ ਬੁਰੀ ਤਰ੍ਹਾਂ ਜ਼ਖ਼ਮੀ ਹੋਏ ਬੇਅੰਤ ਸਿੰਘ ਨੂੰ 50 ਲੱਖ ਰੁਪਏ ਮੁਆਵਜ਼ਾ ਦੇਣ ਸਮੇਤ ਉਸ ਦੇ ਪਰਿਵਾਰ ਦੇ ਇਕ ਮੈਂਬਰ ਨੂੰ ਨੌਕਰੀ ਦੇਣ ਲਈ ਕਿਹਾ ਹੈ। ਇਸ ਤੋਂ ਇਲਾਵਾ ਇਨ੍ਹਾਂ ਗੋਲੀ ਕਾਂਡਾਂ ਦੌਰਾਨ ਜ਼ਖ਼ਮੀ ਹੋਏ ਦਰਜਨਾਂ ਵਿਅਕਤੀਆਂ ਨੂੰ ਪੰਜ-ਪੰਜ ਲੱਖ ਰੁਪਏ ਮੁਆਵਜ਼ਾ ਦੇਣ ਦੀ ਸਿਫਾਰਸ਼ ਕੀਤੀ ਗਈ ਹੈ। ਕਮਿਸ਼ਨ ਨੇ ਬਹਿਬਲ ਕਲਾਂ ਕਾਂਡ ਲਈ ਉਸ ਵੇਲੇ ਮੋਗੇ ਦੇ ਐਸ.ਐਸ.ਪੀ. ਚਰਨਜੀਤ ਸ਼ਰਮਾ 'ਤੇ ਜ਼ਿੰਮੇਵਾਰੀ ਪਾਉਂਦਿਆਂ ਇਸ ਮਾਮਲੇ ਦੇ ਦੋਸ਼ੀ ਪੁਲਿਸ ਅਧਿਕਾਰੀਆਂ ਅਤੇ ਮੁਲਾਜ਼ਮਾਂ ਦੀ ਨਿਸ਼ਾਨਦੇਹੀ ਕਰ ਕੇ ਉਨ੍ਹਾਂ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਦੀ ਸਿਫਾਰਸ਼ ਕੀਤੀ ਹੈ।

## ਕਾਟਜੂ ਕਮਿਸ਼ਨ ਦੀਆਂ ਸਿਫ਼ਾਰਿਸ਼ਾਂ ਦੇ ਆਧਾਰ 'ਤੇ ਹੋਵੇ ਕਾਰਵਾਈ: ਕੈਪਟਨ

**ਅਜਨਾਲਾ:** ਪੰਜਾਬ ਪ੍ਰਦੇਸ਼ ਕਾਂਗਰਸ ਦੇ ਸੂਬਾ ਪ੍ਰਧਾਨ ਅਤੇ ਸੰਸਦ ਮੈਂਬਰ ਕੈਪਟਨ ਅਮਰਿੰਦਰ ਸਿੰਘ ਨੇ ਕਸਬਾ ਚਮਿਆਰੀ ਦੀ ਦਾਣਾ ਮੰਡੀ ਵਿਚ ਜਨ ਜਾਗਰੂਕ ਮਿਸ਼ਨ 2017 ਤਹਿਤ ਹੋਈ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਬਰਗਾੜੀ ਕਾਂਡ ਸਬੰਧੀ ਜਸਟਿਸ ਕਾਟਜੂ ਦੀ ਆਈ ਰਿਪੋਰਟ ਵਿਚ ਪੰਜਾਬ ਸਰਕਾਰ ਚਲਾ ਰਹੇ ਬਾਦਲ ਪਰਿਵਾਰ ਅਤੇ ਪੰਜਾਬ ਪੁਲਿਸ ਨੂੰ ਦੋਸ਼ੀ ਠਹਿਰਾਇਆ ਗਿਆ ਹੈ। ਇਸ ਲਈ ਮੁੱਖ ਮੰਤਰੀ ਅਤੇ ਪੁਲਿਸ ਅਧਿਕਾਰੀਆਂ ਜਿਨ੍ਹਾਂ ਨੂੰ ਜਸਟਿਸ ਕਾਟਜੂ ਦੀ ਰਿਪੋਰਟ ਵਿਚ ਦੋਸ਼ੀ ਕਿਹਾ ਗਿਆ ਹੈ, ਖ਼ਿਲਾਫ਼ ਬਣਦੀ ਕਾਨੂੰਨੀ ਕਾਰਵਾਈ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਤਾਂ ਪਹਿਲਾਂ ਹੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਨਿਰਦੋਸ਼ ਵਿਅਕਤੀਆਂ ਵਿਰੁੱਧ ਪੁਲਿਸ ਵੱਲੋਂ ਚਲਾਈ ਗਈ ਗੋਲੀ ਨੂੰ ਇਨਸਾਨੀਅਤ ਵਿਰੁੱਧ ਕਰਾਰ ਦਿੱਤਾ ਸੀ।

# ਪੰਚਾਇਤਾਂ ਦੇ ਹਿਸਾਬ-ਕਿਤਾਬ ਵਿਚ ਬੇਅੰਤ ਬੇਨੇਮੀਆਂ

**ਚੰਡੀਗੜ੍ਹ:** ਭਾਰਤ ਦੇ ਕੰਪਟਰੋਲਰ ਅਤੇ ਆਡੀਟਰ ਜਨਰਲ (ਕੈਗ) ਵੱਲੋਂ ਪੰਜਾਬ ਵਿਧਾਨ ਸਭਾ ਦੇ ਬਜਟ ਸੈਸ਼ਨ ਦੌਰਾਨ ਪੇਸ਼ ਕੀਤੀ ਰਿਪੋਰਟ ਅਨੁਸਾਰ ਸੂਬੇ ਦੀਆਂ 110 ਪੰਚਾਇਤਾਂ ਨੇ 3.90 ਕਰੋੜ ਰੁਪਏ ਦੇ ਸਾਜ਼ੋ-ਸਾਮਾਨ ਦੀ ਖਰੀਦ ਨਿਯਮਾਂ ਨੂੰ ਛਿੱਕੇ ਟੰਗ ਕੇ ਕੀਤੀ ਅਤੇ 46 ਸਰਪੰਚਾਂ ਨੇ 95.10 ਲੱਖ ਰੁਪਏ ਖਾਤਿਆਂ ਵਿਚ ਜਮ੍ਹਾਂ ਹੀ ਨਹੀਂ ਕਰਵਾਏ। ਕੈਗ ਵੱਲੋਂ ਜਾਰੀ ਪੰਚਾਇਤੀ ਰਾਜ ਸੰਸਥਾਵਾਂ ਦੀ ਲੇਖਾ ਪ੍ਰੀਖਿਆ ਦੇ ਨਤੀਜਿਆਂ ਮੁਤਾਬਕ 110 ਪੰਚਾਇਤਾਂ ਨੇ 3.90 ਕਰੋੜ ਰੁਪਏ ਦਾ ਸਾਜ਼ੋ-ਸਾਮਾਨ ਗਲਤ ਢੰਗ ਨਾਲ ਖਰੀਦਿਆ ਜਦ ਕਿ 30 ਪੰਚਾਇਤਾਂ ਨੇ 1.04 ਕਰੋੜ ਰੁਪਏ ਦਾ ਸਾਜ਼ੋ-ਸਾਮਾਨ ਬਗੈਰ ਟੈਂਡਰਾਂ ਤੋਂ ਖਰੀਦ ਲਿਆ।

ਨਿਯਮਾਂ ਅਨੁਸਾਰ ਪੰਜ ਹਜ਼ਾਰ ਰੁਪਏ ਦੇ ਮੁੱਲ ਜਾਂ ਇਸ ਤੋਂ ਵੱਧ ਭਾਅ ਦਾ ਸਾਮਾਨ ਖਰੀਦਣ ਲਈ ਟੈਂਡਰ ਜ਼ਰੂਰੀ ਹਨ। ਰਿਪੋਰਟ ਅਨੁਸਾਰ ਪੰਜਾਬ ਦੇ ਛੇ ਬਲਾਕਾਂ ਦੇ 46 ਸਰਪੰਚਾਂ ਵੱਲੋਂ ਆਪਣੇ ਅਹੁਦੇ ਛੱਡਣ ਮੌਕੇ 95.10 ਲੱਖ ਰੁਪਏ ਨਿਯਮਾਂ ਅਨੁਸਾਰ ਸਬੰਧਤ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰਾਂ ਦੇ ਹਵਾਲੇ ਹੀ ਨਹੀਂ ਕੀਤੇ ਗਏ। 21 ਪੰਚਾਇਤਾਂ ਅਤੇ ਚਾਰ ਪੰਚਾਇਤ ਸਮਿਤੀਆਂ ਨੇ ਨਿਯਮਾਂ ਦੇ ਉਲਟ 52.84 ਲੱਖ ਰੁਪਏ ਆਪ ਹੀ ਬੈਂਕਾਂ ਵਿਚੋਂ ਕਢਵਾ ਲਏ। ਇਹ ਸਾਲਾਨਾ ਤਕਨੀਕੀ ਨਿਰੀਖਣ ਰਿਪੋਰਟ 31 ਮਾਰਚ 2014 ਨੂੰ ਸਮਾਪਤ ਹੋਏ ਸਾਲ ਤੱਕ ਦੀ ਹੈ। ਰਿਪੋਰਟ ਅਨੁਸਾਰ ਪੰਜਾਬ ਦੀਆਂ ਦੋ ਜ਼ਿਲ੍ਹਾ ਪ੍ਰੀਸ਼ਦਾਂ, ਦੋ ਪੰਚਾਇਤ ਸਮਿਤੀਆਂ ਅਤੇ 36 ਪੰਚਾਇਤਾਂ ਵੱਲੋਂ ਨਿਯਮਾਂ ਅਨੁਸਾਰ ਸਾਲਾਨਾ ਲੇਖੇ ਹੀ ਨਹੀਂ ਬਣਾਏ।

ਇਕ ਗੱਲ ਇਹ ਵੀ ਸਾਹਮਣੇ ਆਈ ਹੈ ਕਿ ਪੰਚਾਇਤੀ ਸੰਸਥਾਵਾਂ ਦੀਆਂ 320 ਦੁਕਾਨਾਂ ਅਤੇ ਜ਼ਮੀਨ ਦਾ 2.23 ਕਰੋੜ ਰੁਪਏ ਕਿਰਾਇਆ ਅਤੇ ਲੀਜ਼ ਰਕਮ ਵਸੂਲੀ ਨਹੀਂ ਗਈ। ਰਿਪੋਰਟ ਵਿਚ ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਗਰੰਟੀ ਸਕੀਮ (ਮਨਰੇਗਾ) ਤਹਿਤ 11 ਪੰਚਾਇਤਾਂ ਵੱਲੋਂ 50.79 ਲੱਖ ਰੁਪਏ ਦੀਆਂ ਉਜ਼ਰਤਾਂ 13 ਤੋਂ 280 ਦਿਨਾਂ ਤੱਕ ਦੀ ਦੇਰੀ ਨਾਲ ਅਦਾ ਕੀਤੀਆਂ ਗਈਆਂ। ਨਿਯਮਾਂ ਅਨੁਸਾਰ ਕੰਮ ਪੂਰਾ ਹੋਣ ਵਾਲੇ ਦਿਨ ਤੋਂ 15 ਦਿਨਾਂ ਦੌਰਾਨ ਅਦਾਇਗੀ ਕਰਨੀ ਲਾਜ਼ਮੀ ਹੈ ਅਤੇ ਦੇਰੀ ਹੋਣ ਦੀ ਸੂਰਤ ਵਿਚ ਕਾਮੇ ਹਰਜਾਨਾ ਲੈਣ ਦੇ ਹੱਕਦਾਰ ਹਨ।

## ਅਫ਼ਗਾਨ ਸੰਸਦ ਉਤੇ ਦਾਗੇ ਰਾਕੇਟ

**ਕਾਬੁਲ:** ਅਫ਼ਗਾਨਿਸਤਾਨ ਦੇ ਸੰਸਦ ਭਵਨ ਨੂੰ ਨਿਸ਼ਾਨਾ ਬਣਾ ਕੇ ਅਤਿਵਾਦੀਆਂ ਨੇ ਚਾਰ ਰਾਕੇਟ ਦਾਗੇ, ਜਿਨ੍ਹਾਂ ਵਿਚੋਂ ਇਕ ਇਮਾਰਤ ਉਤੇ ਲੱਗਾ। 'ਖਾਮਾ ਪ੍ਰੈਸ' ਦੀ ਰਿਪੋਰਟ ਮੁਤਾਬਕ ਇਹ ਹਮਲਾ ਉਸ ਸਮੇਂ ਹੋਇਆ ਜਦੋਂ ਸੀਨੀਅਰ ਸੁਰੱਖਿਆ ਅਧਿਕਾਰੀ ਕਾਨੂੰਨਸਾਜ਼ਾਂ ਨੂੰ ਮੁਲਕ ਦੀ ਮੌਜੂਦਾ ਸਥਿਤੀ ਬਾਰੇ ਜਾਣੂ ਕਰਾਉਣ ਲਈ ਇਸ ਇਮਾਰਤ ਵੱਲ ਜਾ ਰਹੇ ਸਨ। ਇਕ ਚਸ਼ਮਦੀਦ ਦੇ ਹਵਾਲੇ ਨਾਲ ਦੱਸਿਆ ਕਿ ਸੰਸਦ ਦੀ ਇਮਾਰਤ ਨੂੰ ਨਿਸ਼ਾਨਾ ਬਣਾ ਕੇ ਚਾਰ ਰਾਕੇਟ ਦਾਗੇ ਗਏ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਭਾਈ ਰਾਮ ਸਿੰਘ ਨੂੰ ਸਦਮਾ ਮਾਤਾ ਸਵਰਗਵਾਸ

**ਫਰੀਮਾਂਟ (ਬਿਊਰੋ):** ਉਘੇ ਸਿੱਖ ਆਗੂ ਤੇ ਭਾਈਚਾਰੇ ਦੀ ਜਾਣੀ-ਪਛਾਣੀ ਸ਼ਖਸੀਅਤ ਭਾਈ ਰਾਮ ਸਿੰਘ ਦੀ ਮਾਤਾ ਧੰਨਤੀ ਕੌਰ ਕਲੇਰ ਲੰਘੇ ਐਤਵਾਰ ਅਕਾਲ ਚਲਾਣਾ ਕਰ ਗਏ। ਉਹ ਕਰੀਬ ਸੌ ਸਾਲਾਂ ਦੇ ਸਨ।



ਪੰਜਾਬ ਵਿਚ ਉਹ ਪਿੰਡ ਨੂਰਪੁਰ ਜਿਲਾ ਨਵਾਂ ਸ਼ਹਿਰ ਤੋਂ ਸਨ ਅਤੇ ਪਿਛਲੇ 35 ਸਾਲ ਤੋਂ ਅਮਰੀਕਾ ਵਿਚ ਆਪਣੇ ਤਿੰਨ ਪੁੱਤਰਾਂ, ਪੋਤਰਿਆਂ, ਪੜਪੋਤਿਆਂ ਦੇ ਵੱਡੇ ਪਰਿਵਾਰ ਨਾਲ ਰਹਿ ਰਹੇ ਸਨ।

ਬੀਬੀ ਧੰਨਤੀ ਕੌਰ ਦਾ ਅੰਤਮ ਸੰਸਕਾਰ ਸ਼ੁਕਰਵਾਰ, ਪਹਿਲੀ ਅਪਰੈਲ 2016 ਨੂੰ ਚੈਪਲ ਆਫ ਚਾਈਮਜ਼, ਹੇਵਰਡ (32992 ਮਿਸ਼ਨ ਬੁਲੇਵਾਰਡ) ਵਿਚ ਸਵੇਰੇ 10 ਤੋਂ 12 ਵਜੇ ਕੀਤਾ ਜਾਵੇਗਾ। ਉਪਰੰਤ ਅੰਤਮ ਅਰਦਾਸ ਗੁਰਦੁਆਰਾ ਫਰੀਮਾਂਟ ਵਿਖੇ ਇਕ ਤੋਂ 3 ਵਜੇ ਤੱਕ ਹੋਵੇਗੀ।

ਪਰਿਵਾਰ ਨਾਲ ਸੰਪਰਕ ਫੋਨ 408-667-3116 ਜਾਂ 510-695-3266 ਰਾਹੀਂ ਕੀਤਾ ਜਾ ਸਕਦਾ ਹੈ।

# ਹੰਸ ਰਾਜ ਹੰਸ ਵੱਲੋਂ ਚੋਣ ਲੜਨ ਤੋਂ ਤੋਬਾ

**ਜਲੰਧਰ:** ਸੂਫ਼ੀ ਗਾਇਕ ਹੰਸ ਰਾਜ ਹੰਸ ਨੇ ਭਵਿੱਖ ਵਿਚ ਕੋਈ ਵੀ ਚੋਣ ਲੜਨ ਤੋਂ ਤੋਬਾ ਕਰਦਿਆਂ ਕਿਹਾ ਕਿ ਉਹ ਸਿਰਫ਼ ਕਾਂਗਰਸ ਦੇ ਸੱਚੇ ਸਿਪਾਹੀ ਬਣ ਕੇ ਕੈਪਟਨ ਅਮਰਿੰਦਰ ਸਿੰਘ ਦੇ ਮੋਢੇ ਨਾਲ ਮੋਢਾ ਜੋੜ ਕੇ ਚੋਣ ਪ੍ਰਚਾਰ ਕਰਨਗੇ। ਰਾਜ ਸਭਾ ਦੀ ਹੱਥੋਂ ਖਿਸਕੀ ਟਿਕਟ ਨੂੰ ਬੁਰਾ ਸੁਪਨਾ ਦੱਸਦਿਆਂ ਹੰਸ ਰਾਜ ਹੰਸ ਨੇ ਕਿਹਾ ਕਿ ਉਨ੍ਹਾਂ ਦੀ ਮੁਲਾਕਾਤ ਕਾਂਗਰਸ ਦੇ ਉਪ ਪ੍ਰਧਾਨ ਰਾਹੁਲ ਗਾਂਧੀ ਨਾਲ ਹੋਣ 'ਤੇ ਸਾਰੇ ਭਰਮ ਭੁਲੇਖੇ ਦੂਰ ਹੋ ਗਏ ਸਨ। ਉਹ ਰਾਜ ਸਭਾ ਦੀ ਟਿਕਟ ਤੋਂ ਵੀ ਗੱਲ ਅੱਗੇ ਲੈ ਗਏ ਸਨ ਜਦੋਂ ਉਨ੍ਹਾਂ ਨੇ ਇੱਕ ਘੰਟੇ ਤੱਕ ਮੁਲਾਕਾਤ ਕੀਤੀ ਸੀ।



ਸ੍ਰੀ ਹੰਸ ਨੇ ਕਿਹਾ ਕਿ ਚੋਣਾਂ ਲੜਨਾ ਤਾਂ ਹੁਣ ਉਨ੍ਹਾਂ ਦੇ ਏਜੰਡੇ 'ਤੇ ਹੀ ਨਹੀਂ ਰਿਹਾ ਕਿਉਂਕਿ ਉਹ ਕਾਂਗਰਸ ਦੇ ਆਮ ਵਰਕਰ ਵਾਂਗ ਵਿਚਰ ਕੇ ਦੱਬੇ ਤੇ ਕੁਚਲੇ ਲੋਕਾਂ ਲਈ ਆਪਣਾ ਜੀਵਨ ਸਮਰਪਿਤ ਕਰਨਗੇ। ਕੈਪਟਨ ਅਮਰਿੰਦਰ ਸਿੰਘ ਦੀ ਤਾਰੀਫ ਕਰਦਿਆਂ ਉਨ੍ਹਾਂ ਕਿਹਾ ਕਿ ਤਬਾਹ ਹੋ ਰਹੇ ਪੰਜਾਬ ਨੂੰ ਬਚਾਉਣ ਦੀ ਜੇ ਕਿਸੇ ਵਿਚ ਸਮਰੱਥਾ ਹੈ ਤਾਂ ਉਹ ਸਿਰਫ ਕੈਪਟਨ ਅਮਰਿੰਦਰ ਸਿੰਘ ਹਨ। ਹੰਸ ਨੇ ਇਹ ਵੀ ਕਿਹਾ ਕਿ ਉਹ ਜਾਤ ਵਾਲੀ ਸਿਆਸਤ 'ਚ ਭਰੋਸਾ ਨਹੀਂ ਰੱਖਦੇ।

# ਸਹਾਰਾ ਦੀਆਂ ਜਾਇਦਾਦਾਂ ਵੇਚਣ ਦੀ ਖੁੱਲ੍ਹ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਪਿਛਲੇ ਦੋ ਸਾਲ ਤੋਂ ਜੇਲ੍ਹ ਵਿਚ ਬੰਦ ਸਹਾਰਾ ਮੁਖੀ ਸੁਬ੍ਰੱਤਾ ਰਾਏ ਦੀ ਜ਼ਮਾਨਤ 'ਤੇ ਰਿਹਾਈ ਲਈ ਪੈਸਾ ਜੁਟਾਉਣ ਲਈ ਮਾਰਕੀਟ ਰੈਗੂਲੇਟਰ ਸੇਬੀ ਨੂੰ ਸਹਾਰਾ ਗਰੁੱਪ ਨਾਲ ਸਬੰਧਤ 87 ਅਜਿਹੀਆਂ ਕਰਜ਼ਾਮੁਕਤ ਜਾਇਦਾਦਾਂ ਵੇਚਣ ਲਈ ਕਿਹਾ ਹੈ ਜੋ ਸੇਬੀ ਦੇ ਕਬਜ਼ੇ ਵਿਚ ਹਨ।

ਤਿੰਨ ਮੈਂਬਰੀ ਬੈਂਚ ਦੀ ਅਗਵਾਈ ਕਰਦਿਆਂ ਚੀਫ਼ ਜਸਟਿਸ ਟੀ.ਐਸ. ਠਾਕੁਰ ਨੇ ਹਦਾਇਤ ਕੀਤੀ ਕਿ ਇਸ ਸਾਰੇ ਅਮਲ ਦੌਰਾਨ ਸੇਬੀ ਨੂੰ ਅਜਿਹੀਆਂ ਜਾਇਦਾਦਾਂ ਵੇਚਣ ਦੀ ਮਨਾਹੀ ਹੋਵੇਗੀ ਜਿਸ ਦਾ ਸਰਕਲ ਭਾਅ 90 ਫੀਸਦੀ ਤੋਂ ਘੱਟ ਹੋਵੇਗਾ।

# ਨੇਤਾ ਜੀ ਨਾਲ ਸਬੰਧਤ 50 ਹੋਰ ਫਾਈਲਾਂ ਜਨਤਕ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਨੇਤਾ ਜੀ ਸੁਭਾਸ਼ ਚੰਦਰ ਬੋਸ ਨਾਲ ਸਬੰਧਤ 50 ਹੋਰ ਫਾਈਲਾਂ ਜਨਤਕ ਕਰ ਦਿੱਤੀਆਂ ਹਨ। ਇਨ੍ਹਾਂ ਦਸਤਾਵੇਜ਼ਾਂ 'ਚ 10 ਫਾਈਲਾਂ ਪ੍ਰਧਾਨ ਮੰਤਰੀ ਦੇ ਦਫ਼ਤਰ ਜਦਕਿ 10 ਫਾਈਲਾਂ ਗ੍ਰਹਿ ਮੰਤਰਾਲੇ ਅਤੇ 30 ਫਾਈਲਾਂ ਵਿਦੇਸ਼ ਮੰਤਰਾਲੇ ਵੱਲੋਂ ਜਾਰੀ ਕੀਤੀਆਂ ਗਈਆਂ ਹਨ। ਇਹ ਫਾਈਲਾਂ 1956 ਤੋਂ 2009 ਤੱਕ ਦੇ ਸਮੇਂ ਦੀਆਂ ਹਨ।


## Prince's Barber Shop

37477 Fremont Blvd, suite C, Fremont, CA 94536

Men & Children's Hair Cut

*Threading
*Men's Facials
*Custom Designing
*Line-ups
*Custom Text
*Hair Coler
*Shave &
*Head Massage

ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ



Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)



Cell: (510)-677-9942
Shop: (510)-505-9605
www.princebarbershop.com



## Matrimonial

### ਵਰ ਦੀ ਲੋੜ ਹੈ

Wanted well educated Jatt Sikh match for a US citizen girl 27, 5'-1" working as registered nurse. Please contact 630-483-0543 or Email: tokaurn@dupage.edu 14-

Wanted US citizen/Green card holder boy for a girl 26, 5'7" BCA, MCA and now doing MS in US, residency in NJ. Boy should be from Saini or Jatt family with good qualification and at least 5'-10". Pl. contact ph. 408-625-0621 14-

### ਲੜਕੀ ਦੀ ਲੋੜ ਹੈ

Ramgariah family looking for a suitable Ramgariah girl for their US born Sr. financial analyst son 32 years. Please contact: jsnov1973@aol.com 12-15

Wanted suitable girl preferable in medical field for a US Citizen Kharti Sikh boy, Age 30, Bachelor in premed biology. Contact, Ph: 630-506-7888 11-



Punjab Times
Our New E-mail
*Punjabtimes1@gmail.com*
*Visit us on the web:*
***punjabtimesusa.com***



## ਐਚ ਡੀ ਅਤੇ ਆਈ ਪੀ ਕੈਮਰਿਆਂ ਦੀਆਂ ਬਹੁਤ ਹੀ ਵਾਜਬ ਕੀਮਤਾਂ

ਪੀ ਓ ਐਸ ਤੇ ਕੈਸ਼ ਰਜਿਸਟਰ ਲਈ ਇੰਟਰਫੇਸ ਉਪਲਬਧ ਹੈ




Upgrade your Security Cameras to High Definition at very reasonable prices

*For a Free Demo of our new HD Cameras*
*Please Contact us*: Balbir S Sidhu
209-495-3905 (Cell)
www.dvrunlimited.com
Toll Free (888) 233-4566

DVRunlimited Inc.

Installation Available



## Golden State Realty

9912 Kapalua Ln., Elk Grove, CA 95624

*Please Contact For*
Commercial or Residential Needs



Sohanpreet (Sam) Chahal
CA Lic. 01504071
Realtor/CEO
CRE Group Inc.
Multi Million Dollar Producers
2009 to 2014

ਅਸੀਂ ਲੋਨ ਲੈਣ ਵਿਚ ਤੁਹਾਡੀ ਮਦਦ ਕਰਦੇ ਹਾਂ

*Call: Sohanpreet 'Sam' Chahal*
Ph: 916-612-5773
**email:** samchahal@hotmail.com

*Serving all over California*

# ‘ਆਪ’ ਦੇ ਡਿਨਰ ’ਤੇ ਭਾਰੂ ਪਿਆ ਕਾਂਗਰਸ ਦਾ ਲੰਗਰ

**ਸੰਗਰੂਰ:** ਆਮ ਆਦਮੀ ਪਾਰਟੀ ਵੱਲੋਂ ਕਰਵਾਏ ਪੰਜ ਹਜ਼ਾਰੀ ਡਿਨਰ ਦੇ ਮੁਕਾਬਲੇ ਕਾਂਗਰਸ ਦੇ ਮੀਤ ਪ੍ਰਧਾਨ ਸੁਰਿੰਦਰਪਾਲ ਸਿੰਘ ਸਿਬੀਆ ਵੱਲੋਂ ਲਗਾਇਆ ਮੁਫ਼ਤ ਲੰਗਰ ਭਾਰੂ ਪੈਂਦਾ ਦਿਖਾਈ ਦਿੱਤਾ। ‘ਆਪ’ ਵੱਲੋਂ ਪੰਜ ਹਜ਼ਾਰ ਰੁਪਏ ਪ੍ਰਤੀ ਮੈਂਬਰ ਤੈਅ ਕੀਤੇ ਡਿਨਰ ਵਿਚ ਲੋਕ ਸਭਾ ਹਲਕਾ ਸੰਗਰੂਰ ਨਾਲ ਸਬੰਧਤ ਵੱਖ-ਵੱਖ ਵਿਧਾਨ ਸਭਾ ਹਲਕਿਆਂ ਤੋਂ ਟਿਕਟ ਦੇ ਚਾਹਵਾਨ ਪੁੱਜੇ ਹੋਏ ਸਨ, ਪਰ ‘ਆਪ’ ਦਾ ਉਹ ਟਕਸਾਲੀ ਬ੍ਰਿਗੇਡ ਇਸ ਡਿਨਰ ਡਿਪਲੋਮੇਸੀ ਵਾਲੀ ਥਾਂ ’ਤੇ ਕਿਧਰੇ ਵੀ ਦਿਖਾਈ ਨਹੀਂ ਦਿੱਤਾ ਜਿਸ ਸਦਕਾ ਪਾਰਟੀ ਨੇ ਲੋਕ ਸਭਾ ਚੋਣਾਂ ਵਿਚ ਜ਼ਬਰਦਸਤ ਜਿੱਤ ਦਰਜ ਕਰਵਾਈ ਸੀ।




‘ਆਪ’ ਦੇ ਰਾਤਰੀ ਭੋਜ ਵਿਚ ਲਗਜ਼ਰੀ ਕਾਰਾਂ ਵਿਚੋਂ ਉਤਰਦੇ ਸਨਅਤਕਾਰ, ਵਪਾਰੀ ਇਸ ਗੱਲ ਦਾ ਵੀ ਝਲਕਾਰਾ ਪੇਸ਼ ਕਰ ਰਹੇ ਸਨ ਕਿ ਸ਼ਾਇਦ ਇਹ ਭੋਜ ਸਿਰਫ਼ ਧਨ ਕੁਬੇਰਾਂ ਵੱਲੋਂ ਆਪਣੀ ਕਿਸੇ ਬਿਜ਼ਨਸ ਡੀਲ ਦੇ ਮੰਤਵ ਤਹਿਤ ਹੀ ਕੀਤਾ ਗਿਆ ਹੈ। ਹੈਰਾਨੀਜਨਕ ਪਹਿਲੂ ਇਹ ਵੀ ਰਿਹਾ ਹੈ ਕਿ ਲਗਜ਼ਰੀ ਕਾਰਾਂ ਵਿਚੋਂ ਉਤਰਦੇ ਸੇਠਾਂ ਨੂੰ ਤਾਂ ਭੋਜ ਦੇ ਚਟਕਾਰੇ ਲੈਣ ਦੀ ਇਜਾਜ਼ਤ ਸੀ, ਪਰ ਉਨ੍ਹਾਂ ਦੀ ਕਾਰਾਂ ਦੇ ਡਰਾਈਵਰ ਦੂਰੋਂ ਹੀ ਭਾਂਤ ਭਾਂਤ ਦੇ ਵਿਅੰਜਨਾ ਦੀ ਖੁਸ਼ਬੂਆਂ ਲੈਣ ਲਈ ਮਜਬੂਰ ਸਨ। ਇਥੋਂ ਤੱਕ ਕਿ ਮਲੇਰਕੋਟਲਾ ਤੋਂ ਟਿਕਟ ਦੇ ਦਾਅਵੇਦਾਰ ਇਕ ਮੁਸਲਿਮ ਆਗੂ ਨੇ ਜਦ ਇਕ ਪ੍ਰਬੰਧਕ ਨੂੰ ਆਪਣੇ ਡਰਾਈਵਰਾਂ ਤੇ ਹੋਰ ਸਾਥੀਆਂ ਦੇ ਖਾਣੇ ਸਬੰਧੀ ਪੁੱਛਿਆ ਤਾਂ ਪ੍ਰਬੰਧਕ ਨੇ ਇਸ਼ਾਰਾ ਕੁਝ ਦੂਰੀ ਉਪਰ ਲੱਗੇ ਕਾਂਗਰਸ ਦੇ ਲੰਗਰ ਵੱਲ ਕਰ ਦਿੱਤਾ।

ਪੂਰੀ ਤਰ੍ਹਾਂ ਪੱਛਮੀ ਰੰਗ ਵਿਚ ਰੰਗੇ ਇਸ ਭੋਜ ਵਿਚ ਸੂਤਰਾਂ ਅਨੁਸਾਰ ਹਲਕਾ ਪੱਧਰ ਉਪਰ ਟਿਕਟ ਦੇ ਚਾਹਵਾਨਾਂ ਨੂੰ ਇਕੱਠਾ ਫੰਡ ਲਗਾਇਆ ਗਿਆ ਸੀ ਅਤੇ ਚਾਹਵਾਨ ਉਮੀਦਵਾਰਾਂ ਜੋ ਅਜੇ ਕੱਲ੍ਹ ਤੱਕ ਵਿਰੋਧੀ ਛੱਤਰੀਆਂ ’ਤੇ ਮੰਡਰਾਉਂਦੇ ਰਹੇ ਹਨ, ਨੇ ਆਪਣੇ ਖਾਸਮ-ਖਾਸਾਂ ਨੂੰ ਇਸ ਖਾਣੇ ਉਪਰ ਲਿਆਂਦਾ ਹੋਇਆ ਸੀ। ਰਾਤਰੀ ਭੋਜ ਦੇ ਮੁੱਖ ਆਗੂ ਲੋਕ ਸਭਾ ਮੈਂਬਰ ਭਗਵੰਤ ਮਾਨ ਨਾਲ ਜਦ ਰਾਤਰੀ ਭੋਜ ਉਪਰ ਆਮ ਆਦਮੀ ਦੀ ਬਜਾਇ ਧਨਵਾਨ ਸੇਠਾਂ ਦੀ ਭਰਮਾਰ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਸਾਡੇ ਲਈ ਉਹ ਵਿਅਕਤੀ ਆਮ ਹੈ ਜਿਹੜਾ ਬਾਕਾਇਦਾ ਟੈਕਸ ਦਿੰਦਾ ਹੈ ਅਤੇ ਇਮਾਨਦਾਰੀ ਨਾਲ ਜੀਵਨ ਬਤੀਤ ਕਰਦਾ ਹੈ।

ਉਨ੍ਹਾਂ ਕਿਹਾ ਕਿ ਆਮ ਆਦਮੀ ਕੋਲ ਮਰਸਡੀਜ਼ ਜਿਹੀ ਲਗਜ਼ਰੀ ਕਾਰ ਵੀ ਹੋ ਸਕਦੀ ਹੈ। ਇਸ ਲਈ ਜ਼ਰੂਰੀ ਨਹੀਂ ਕਿ ਸਿਰਫ਼ ਗਰੀਬ ਹੀ ਆਮ ਆਦਮੀ ਹੋਵੇ। ਮਾਨ ਨੇ ਕਿਹਾ ਕਿ ਪੰਜਾਬ ਵਿਚ ਇਹ ਰੁਝਾਨ ਨਵਾਂ ਹੈ, ਪਰ ਦਿੱਲੀ ਵਰਗੇ ਮਹਾਨਗਰਾਂ ਵਿਚ ਅਜਿਹੀ ਡਿਨਰ ਡਿਪਲੋਮੇਸੀ ਆਮ ਗੱਲ ਹੈ। ‘ਆਪ’ ਦੇ ਪੰਜਾਬ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਨੇ ਕਿਹਾ ਕਿ ਲੋਕ ਆਸਾਨੀ ਨਾਲ ਇਹ ਡਿਨਰ ਫੰਡ ਦੇ ਰਹੇ ਹਨ। ਕਿਸੇ ਜ਼ੋਨ ਵਿਚ ਪੰਦਰਾਂ ਲੱਖ ਆ ਰਿਹਾ ਹੈ ਅਤੇ ਕਿਧਰੋਂ 20 ਲੱਖ ਤੱਕ ਫੰਡ ਮਿਲ ਰਿਹਾ ਹੈ। ਛੋਟੇਪੁਰ ਨੇ ਕਿਹਾ ਕਿ ਮਹਾਤਮਾ ਗਾਂਧੀ ਨੇ ਵੀ ਅੰਗਰੇਜ਼ਾਂ ਨੂੰ ਕੱਢਣ ਲਈ ਵੱਡੇ ਲੋਕਾਂ ਦਾ ਸਹਾਰਾ ਲਿਆ ਸੀ।

ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਇਸ ਫੰਡ ਦਾ ਪੂਰਾ ਹਿਸਾਬ ਰੱਖਿਆ ਜਾਵੇਗਾ ਤੇ ਇਸ ਦਾ ਇਸਤੇਮਾਲ ਪਾਰਟੀ ਦੀ ਭਲਾਈ ਅਤੇ ਵਿਕਾਸ ਲਈ ਹੀ ਕੀਤਾ ਜਾਵੇਗਾ। ‘ਆਪ’ ਦੇ ਡਿਨਰ ਤੋਂ ਕੁਝ ਕੁ ਕਦਮਾਂ ਦੀ ਵਿੱਥ ’ਤੇ ਕਾਂਗਰਸ ਪਾਰਟੀ ਦੇ ਲਗਾਏ ਲੰਗਰ ਵਿਚ ਤਕਰੀਬਨ ਦੋ ਘੰਟੇ ਖਾਸੀ ਭੀੜ ਜੁੜੀ ਦਿਖਾਈ ਦਿੱਤੀ। ਸੂਬਾ ਮੀਤ ਪ੍ਰਧਾਨ ਤੇ ਸਾਬਕਾ ਵਿਧਾਇਕ ਸੁਰਿੰਦਰਪਾਲ ਸਿੰਘ ਸਿਬੀਆ ਦੀ ਅਗਵਾਈ ਹੇਠ ਲੱਗੇ ਇਸ ਲੰਗਰ ਵਿਚ ਸਿਬੀਆ ਨੇ ਲੋਕਾਂ ਨੂੰ ਆਪਣੇ ਹੱਥੀ ਲੰਗਰ ਵਰਤਾਇਆ। ਛੁੱਟੀ ਤੇ ਹੋਲੀ ਦਾ ਦਿਨ ਹੋਣ ਕਾਰਨ ਇਸ ਸੜਕ ’ਤੇ ਪੈਂਦੇ ਭੱਠਿਆਂ ਦੀ ਪਰਵਾਸੀ ਲੇਬਰ ਤੋਂ ਇਲਾਵਾ ਨਜ਼ਦੀਕੀ ਬਸਤੀਆਂ ਅਤੇ ਪਿੰਡਾਂ ਵਿਚੋਂ ਆਈ ਗਰੀਬ ਜਨਤਾ ਨੇ ਪੰਗਤ ਵਿਚ ਬੈਠ ਕੇ ਲੰਗਰ ਛਕਿਆ।

# ਸ਼ਸ਼ੀ ਥਰੂਰ ਵਿਰੁਧ ਫਰੀਦਕੋਟ ਅਦਾਲਤ ਵਿਚ ਕੇਸ ਦਰਜ

**ਕੋਟਕਪੂਰਾ:** ਦਿੱਲੀ ਦੀ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਵਿਦਿਆਰਥੀ ਸੰਘ ਦੇ ਆਗੂ ਕਨੱਈਆ ਕੁਮਾਰ ਦੀ ਤੁਲਨਾ ਸ਼ਹੀਦ ਭਗਤ ਸਿੰਘ ਨਾਲ ਕੀਤੇ ਜਾਣ ਕਾਰਨ ਸਾਬਕਾ ਕੇਂਦਰੀ ਮੰਤਰੀ ਸ਼ਸ਼ੀ ਥਰੂਰ ਖ਼ਿਲਾਫ਼ ਕੋਟਕਪੂਰਾ ਦੇ ਵਸਨੀਕ ਭਾਜਪਾ ਆਗੂ ਕੁਲਦੀਪ ਧਾਲੀਵਾਲ ਨੇ ਫਰੀਦਕੋਟ ਦੀ ਜੁਡੀਸ਼ਲ ਮੈਜਿਸਟਰੇਟ ਫਸਟ ਕਲਾਸ ਸ੍ਰੀਮਤੀ ਸ਼ਵੇਤਾ ਦਾਸ ਦੀ ਅਦਾਲਤ ਵਿਚ ਫੌਜਦਾਰੀ ਕੇਸ ਦਾਇਰ ਕੀਤਾ ਹੈ।



ਸ਼ਿਕਾਇਤਕਰਤਾ ਅਨੁਸਾਰ ਸ਼ਸ਼ੀ ਥਰੂਰ ਨੇ ਕਨੱਈਆ ਕੁਮਾਰ ਦਾ ਕੱਦ ਦੇਸ਼ ਦੀ ਅਜ਼ਾਦੀ ਵਿਚ ਅਹਿਮ ਯੋਗਦਾਨ ਪਾਉਣ ਵਾਲੇ ਸ਼ਹੀਦ ਭਗਤ ਸਿੰਘ ਦੇ ਬਰਾਬਰ ਖੜ੍ਹਾ ਕਰ ਦਿੱਤਾ ਹੈ। ਅਜਿਹਾ ਕਰਕੇ ਉਨ੍ਹਾਂ ਨੇ ਦੇਸ਼ ਵਾਸੀਆਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ। ਸ਼ਿਕਾਇਤਕਰਤਾ ਦੇ ਵਕੀਲ ਗੁਰਸਾਹਿਬ ਸਿੰਘ ਮੁਤਾਬਕ ਆਈ.ਪੀ.ਸੀ. ਦੀ ਧਾਰਾ 504,505 ਤਹਿਤ ਸ਼ਿਕਾਇਤ ਦਾਇਰ ਕੀਤੀ ਹੈ।

# ਪੰਜਾਬ ‘ਚ ਇਕੱਲੇ ਚੋਣ ਲੜਨ ਦੇ ਦਾਅਵੇ ਨਾਲ ਬਸਪਾ ਨੇ ਵਧਾਈਆਂ ਸਰਗਰਮੀਆਂ

**ਜਲੰਧਰ:** ਬਹੁਜਨ ਸਮਾਜ ਪਾਰਟੀ (ਬਸਪਾ) ਨੇ ਪੰਜਾਬ ਵਿਧਾਨ ਸਭਾ ਚੋਣਾਂ ਇਕੱਲੇ ਲੜਨ ਦੇ ਕੀਤੇ ਐਲਾਨ ਤੋਂ ਬਾਅਦ ਇਸ ਦੀ ਤਿਆਰੀ ਵਿੱਢ ਦਿੱਤੀ ਹੈ। ਪਾਰਟੀ ਦੀ ਸੂਬਾ ਇਕਾਈ ਲੀਡਰਸ਼ਿਪ ਦੀ ਹੋਈ ਉਚੇਚੀ ਮੀਟਿੰਗ ਵਿਚ ਸਾਰੇ 117 ਵਿਧਾਨ ਸਭਾ ਹਲਕਿਆਂ ਵਿਚੋਂ ਚਾਰ-ਚਾਰ ਉਮੀਦਵਾਰਾਂ ਦੇ ਨਾਂ ਪੈਨਲ ਵਾਸਤੇ ਮੰਗੇ ਗਏ ਹਨ।



ਪਾਰਟੀ ਦੇ ਸੂਬਾ ਪੱਧਰੀ ਦਫਤਰ ਵਿਚ ਕੀਤੀ ਗਈ ਮੀਟਿੰਗ ਨੂੰ ਸੰਬੋਧਨ ਕਰਦਿਆਂ ਬਹੁਜਨ ਸਮਾਜ ਪਾਰਟੀ ਦੇ ਕੌਮੀ ਜਨਰਲ ਸਕੱਤਰ ਅਤੇ ਰਾਜ ਸਭਾ ਮੈਂਬਰ ਨਰਿੰਦਰ ਕਸ਼ਯਪ ਨੇ ਹਰ ਵਿਧਾਨ ਸਭਾ ਦੇ ਅਹੁਦੇਦਾਰਾਂ ਨੂੰ ਹਰ ਹਲਕੇ ਵਿਚੋਂ ਸੰਭਾਵਿਤ ਚਾਰ ਉਮੀਦਵਾਰਾਂ ਦੇ ਪੈਨਲ ਬਣਾਉਣ ਲਈ ਕਹਿ ਦਿੱਤਾ ਹੈ, ਤਾਂਕਿ ਉਮੀਦਵਾਰਾਂ ਦੀ ਚੋਣ ਦਾ ਅਮਲ ਆਰੰਭ ਹੋ ਸਕੇ। ਉਨ੍ਹਾਂ ਕਿਹਾ ਕਿ 14 ਅਪਰੈਲ ਤੋਂ ਇਸ ਬਾਰੇ ਪਾਰਟੀ ਵੱਲੋਂ ਵਿਚਾਰ-ਵਟਾਂਦਰਾ ਸ਼ੁਰੂ ਕਰ ਦਿੱਤਾ ਜਾਵੇਗਾ ਅਤੇ ਪਾਰਟੀ ਦੀ ਮੁਖੀ ਕੁਮਾਰੀ ਮਾਇਆਵਤੀ ਦੀ ਦੇਖ ਰੇਖ ਵਿਚ ਉਮੀਦਵਾਰਾਂ ਦੇ ਨਾਂ ਫਾਈਨਲ ਕੀਤੇ ਜਾਣਗੇ। ਸ੍ਰੀ ਕਸ਼ਯਪ ਨੇ ਕਿਹਾ ਕਿ 14 ਅਪਰੈਲ ਨੂੰ ਪਾਰਟੀ ਵੱਲੋਂ ਡਾ. ਭੀਮ ਰਾਓ ਅੰਬੇਦਕਰ ਦੇ ਜਨਮ ਦਿਨ ਮੌਕੇ ਪਰਿਵਰਤਨ ਰੈਲੀ ਸਰਦੂਲਗੜ੍ਹ ਵਿਚ ਕੀਤੀ ਜਾਵੇਗੀ।

ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਅਵਤਾਰ ਸਿੰਘ ਕਰੀਮਪੁਰੀ ਨੇ ਪਾਰਟੀ ਦੇ ਸਾਰੇ ਵਰਕਰਾਂ ਦਾ ਨਵਾਂ ਸ਼ਹਿਰ ਰੈਲੀ ਲਈ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਬਸਪਾ ਦੇ ਉਭਾਰ ਨਾਲ ਪੰਜਾਬ ਵਿਚ ਕਾਂਗਰਸ ਉਸੇ ਤਰ੍ਹਾਂ ਹੀ ਖਤਮ ਹੋ ਜਾਵੇਗੀ ਜਿਸ ਤਰ੍ਹਾਂ ਯੂ.ਪੀ. ਵਿਚ ਹੋਈ ਹੈ। ਉਨ੍ਹਾਂ ਨੇ ਮਾਹੌਲ ਬਸਪਾ ਦੇ ਪੱਖ ਵਿਚ ਹੋਣ ਦਾ ਦਾਅਵਾ ਕਰਦਿਆਂ ਕਿਹਾ ਕਿ ਬਸਪਾ ਇਸ ਵਾਰ ਤਾਂ ਸੂਬੇ ਵਿਚ ਸੱਤਾ ਹਾਸਲ ਕਰ ਹੀ ਲਵੇਗੀ।

# ਕੈਪਟਨ ਅਕਾਲੀਆਂ ਦਾ ਟਾਕਰਾ ਨਹੀਂ ਕਰ ਸਕਦਾ: ਬਰਾੜ

**ਚੰਡੀਗੜ੍ਹ:** ਕਾਂਗਰਸੀ ਆਗੂ ਜਗਮੀਤ ਸਿੰਘ ਬਰਾੜ ਨੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ’ਤੇ ਭਰਪੂਰ ਸਿਆਸੀ ਹਮਲਾ ਕਰਦੇ ਹੋਏ ਵਿਚਾਰ ਪ੍ਰਗਟ ਕੀਤਾ ਹੈ ਕਿ ਲਗਪਗ 6 ਮਹੀਨੇ ਪਹਿਲਾਂ ਪ੍ਰਦੇਸ਼ ਕਾਂਗਰਸ ਦੀ ਪ੍ਰਧਾਨਗੀ ਦਾ ਅਹੁਦਾ ਸੰਭਾਲਣ ਵਾਲਾ ਕੈਪਟਨ ਅਮਰਿੰਦਰ ਸਿੰਘ 2017 ਵਿਚ ਹੋਣ ਵਾਲੀਆਂ ਰਾਜ ਵਿਧਾਨ ਸਭਾ ਦੀਆਂ ਚੋਣਾਂ ਵਿਚ ਅਕਾਲੀ-ਭਾਜਪਾ ਗਠਜੋੜ ਨਾਲ ਟੱਕਰ ਨਹੀਂ ਲੈ ਸਕਦਾ। ਲਿਹਾਜ਼ਾ, ਕਾਂਗਰਸ ਹਾਈ ਕਮਾਨ ਤੇ ਪੰਜਾਬ ਦੀ ਸੀਨੀਅਰ ਕਾਂਗਰਸ ਲੀਡਰਸ਼ਿਪ ਨੂੰ ਹੁਣ ਤੋਂ ਹੀ ਗੰਭੀਰਤਾ ਨਾਲ ਇਸ ਮਾਮਲੇ ’ਤੇ ਵਿਚਾਰ ਕਰਨੀ ਚਾਹੀਦੀ ਹੈ।

ਸ. ਬਰਾੜ ਨੇ ਦੋਸ਼ ਲਾਇਆ ਕਿ ਕੈਪਟਨ ਨੂੰ ਹੁਣ ਤੋਂ ਹੀ ਕਈ ਇਹੋ ਜਿਹੇ ਭ੍ਰਿਸ਼ਟਾਚਾਰੀ ਤੇ ਮੌਕਾਪ੍ਰਸਤ ਲੋਕਾਂ ਨੇ ਘੇਰ ਲਿਆ ਹੈ ਜਿਨ੍ਹਾਂ ਦਾ ਕਾਂਗਰਸੀ ਵਿਚਾਰਧਾਰਾ ਨਾਲ ਦੂਰ ਦਾ ਵੀ ਵਾਸਤਾ ਨਹੀਂ। ਉਨ੍ਹਾਂ ਪੰਜਾਬ ਦੇ ਕਈ ਸੀਨੀਅਰ ਕਾਂਗਰਸੀ ਲੀਡਰਾਂ ਦਾ ਨਾਂ ਲੈ ਕੇ ਉਨ੍ਹਾਂ ਨੂੰ ਕਿਹਾ ਕਿ ਉਹ ਤੁਰੰਤ ਮਿਲ ਬੈਠ ਕੇ ਕੋਈ ਸਾਂਝਾ ਫੈਸਲਾ ਕਰਨ ਕਿ ਕੈਪਟਨ ਅਮਰਿੰਦਰ ਸਿੰਘ ਦਾ ਬਦਲ ਕੀ ਹੈ। ਉਨ੍ਹਾਂ ਵਿਸ਼ੇਸ਼ ਤੌਰ ’ਤੇ ਬੀਬੀ ਰਾਜਿੰਦਰ ਕੌਰ ਭੱਠਲ, ਲਾਲ ਸਿੰਘ, ਪ੍ਰਤਾਪ ਸਿੰਘ ਬਾਜਵਾ, ਬ੍ਰਹਮ ਮਹਿੰਦਰਾ ਤੇ ਸ਼ਮਸ਼ੇਰ ਸਿੰਘ ਦੂਲੋ ਦਾ ਨਾਂ ਲੈ ਕੇ ਕਿਹਾ ਕਿ ਉਹ ਇਸ ਸਮੇਂ ਚੁੱਪ ਨਾ ਬੈਠਣ। ਸ. ਬਰਾੜ ਨੇ ਇਹ ਪ੍ਰਗਟਾਵਾ ਵੀ ਕੀਤਾ ਕਿ ਕੈਪਟਨ ਹੁਣ ਆਪਣੇ ਬੇਟੇ ਰਣਇੰਦਰ ਸਿੰਘ ਦੀ ਬਜਾਏ ਆਪਣੇ ਦੋਹਤਰੇ ਨਿਰਵਾਨ ਸਿੰਘ ਨੂੰ ਸਿਆਸੀ ਤੌਰ ’ਤੇ ਅੱਗੇ ਲਿਆ ਰਿਹਾ ਹੈ, ਕਿਉਂਕਿ ਉਨ੍ਹਾਂ ਦਾ ਬੇਟਾ ਹੁਣ ਤੱਕ ਜਿੰਨੀਆਂ ਵੀ ਚੋਣਾਂ ਲੜਿਆ ਹੈ, ਉਨ੍ਹਾਂ ਵਿਚੋਂ ਕੋਈ ਵੀ ਜਿੱਤ ਨਹੀਂ ਸਕਿਆ। ਇਹ ਉਹੀ ਨੌਜਵਾਨ ਹੈ (ਦੋਹਤਰਾ) ਜਿਸ ਨੇ ਪਿਛਲੇ ਸਾਲ ਨਵੰਬਰ ਮਹੀਨੇ ਬਠਿੰਡਾ ਵਿਚ ਕੈਪਟਨ ਵੱਲੋਂ ਪ੍ਰਧਾਨਗੀ ਦਾ ਅਹੁਦਾ ਸੰਭਾਲਣ ਸਮੇਂ ਗੁਟਕਾ ਸਾਹਿਬ ’ਤੇ ਹੱਥ ਰੱਖ ਕੇ ਸਹੁੰ ਖਾਧੀ ਸੀ ਕਿ ਉਹ ਪੰਜਾਬ ਵਿਚੋਂ ਨਸ਼ੀਲੇ ਪਦਾਰਥਾਂ ਨੂੰ ਖਤਮ ਕਰ ਕੇ ਦਮ ਲਵੇਗਾ। ਇਕ ਸੁਆਲ ਦੇ ਉਤਰ ਵਿਚ ਉਨ੍ਹਾਂ ਦਾਅਵਾ ਕੀਤਾ ਕਿ ਇਸ ਸਮੇਂ ਪੰਜਾਬ ਵਿਚ ਅਸਲ ਟੱਕਰ ਸ਼੍ਰੋਮਣੀ ਅਕਾਲੀ ਦਲ ਤੇ ਆਮ ਆਦਮੀ ਪਾਰਟੀ (ਆਪ) ਵਿਚਾਲੇ ਬਣ ਰਹੀ ਹੈ।

# ਨੰਗੇ ਸਿਰ ਹੋਲੀ ਖੇਡਣ ਦੇ ਮਾਮਲੇ ‘ਤੇ ਘਿਰੇ ਸੁਖਬੀਰ ਸਿੰਘ ਬਾਦਲ

**ਪਟਿਆਲਾ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਨੰਗੇ ਸਿਰ ਹੋਲੀ ਖੇਡੇ ਜਾਣ ਦੀਆਂ ਵਾਇਰਲ ਹੋਈਆਂ ਤਸਵੀਰਾਂ ’ਤੇ ਵਿਵਾਦ ਖੜ੍ਹਾ ਹੋ ਗਿਆ ਹੈ। ਇਸ ਨੂੰ ਸਿੱਖ ਰਵਾਇਤਾਂ ਅਨੁਸਾਰ ਦਸਤਾਰ ਤੇ ਕੇਸਾਂ ਦੀ ਮਰਿਆਦਾ ਦਾ ਨਿਰਾਦਰ ਕਰਾਰ ਦਿੰਦਿਆਂ ਪੰਜਾਬ ਕਾਂਗਰਸ ਨੇ ਇਸ ਮਾਮਲੇ ‘ਤੇ ਉਨ੍ਹਾਂ ਨੂੰ ਅਕਾਲ ਤਖ਼ਤ ’ਤੇ ਸੱਦਣ ਦੀ ਅਪੀਲ ਕੀਤੀ ਹੈ। ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਵੀ ਆਖਿਆ ਕਿ ਸਿੱਖ ਰਹਿਤ ਮਰਿਆਦਾ ਅਨੁਸਾਰ ਸਿੱਖ ਵਿਅਕਤੀ ਨੂੰ ਕੇਸਾਂ ਦਾ ਸਨਮਾਨ ਕਰਦਿਆਂ ਸਿਰ ਢੱਕ ਕੇ ਰੱਖਣਾ ਚਾਹੀਦਾ ਹੈ।



ਉਨ੍ਹਾਂ ਆਖਿਆ ਕਿ ਜਨਤਕ ਤੌਰ ’ਤੇ ਨੰਗੇ ਸਿਰ ਨਹੀਂ ਆਉਣਾ ਚਾਹੀਦਾ। ਦਲ ਖਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਆਖਿਆ ਕਿ ਉਪ ਮੁੱਖ ਮੰਤਰੀ ਨੂੰ ਚਾਹੀਦਾ ਹੈ ਕਿ ਉਹ ਅਕਾਲ ਤਖ਼ਤ ’ਤੇ ਜਾ ਕੇ ਹੱਥ ਜੋੜ ਕੇ ਖਿਮਾ ਯਾਚਨਾ ਕਰਨ। ਇਸ ਨਾਲ ਸਿੱਖਾਂ ਦੀ ਦਸਤਾਰ ਦੀ ਸ਼ਾਨ ਲਈ ਲੜੀ ਜਾ ਰਹੀ ਲੜਾਈ ਦੀ ਇਖਲਾਕੀ ਤੌਰ ’ਤੇ ਹਾਰ ਹੈ। ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਅਤੇ ਦਿੱਲੀ ਅਕਾਲੀ ਦਲ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਵੀ ਉਪ ਮੁੱਖ ਮੰਤਰੀ ਦੀ ਬਿਨਾਂ ਦਸਤਾਰ ਤੇ ਬਿਨਾਂ ਪਟਕਾ ਵਾਲੀ ਨੰਗੇ ਸਿਰ ਹੋਲੀ ਖੇਡਦਿਆਂ ਦੀ ਇਸ ਤਸਵੀਰ ਦੀ ਸਖ਼ਤ ਆਲੋਚਨਾ ਕਰਦਿਆਂ ਕਿਹਾ ਕਿ ਇਸ ਨਾਲ ਸਿੱਖ ਕੌਮ ਦੀ ਸਾਖ ਨੂੰ ਢਾਹ ਲੱਗੀ ਹੈ।

ਹਮੇਸ਼ਾਂ ਜ਼ੈਡ ਸੁਰੱਖਿਆ ਵਿਚ ਘਿਰੇ ਰਹਿਣ ਵਾਲੇ ਸੁਖਬੀਰ ਸਿੰਘ ਬਾਦਲ ਨੇ ਜਿਸ ਢੰਗ ਨਾਲ ਹੋਲੀ ਮਨਾਈ ਹੈ, ਉਹ ਤਸਵੀਰਾਂ ਦੇਖ ਕੇ ਲੋਕ ਹੱਕੇ-ਬੱਕੇ ਰਹਿ ਗਏ ਹਨ। ਇਸ ਤਰ੍ਹਾਂ ਦੇ ਰੂਪ ਵਿਚ ਲੋਕਾਂ ਨੇ ਸੁਖਬੀਰ ਨੂੰ ਪਹਿਲੀ ਵਾਰ ਦੇਖਿਆ ਹੈ। ਇਨ੍ਹਾਂ ਤਸਵੀਰਾਂ ਵਿਚ ਸੁਖਬੀਰ ਬਾਦਲ ਨੂੰ ਪਹਿਲੀ ਵਾਰ ਬਿਨਾਂ ਪਗੜੀ ਤੋਂ ਨੰਗੇ ਸਿਰ ਦਿਖਾਇਆ ਗਿਆ ਹੈ। ਇਕ ਤਸਵੀਰ ਵਿਚ ਤਾਂ ਉਨ੍ਹਾਂ ਦੇ ਕੇਸ ਵੀ ਖੁੱਲ੍ਹੇ ਹੋਏ ਹਨ। ਇਨ੍ਹਾਂ ਤਸਵੀਰਾਂ ’ਚ ਨਾਲ ਖੜ੍ਹੇ ਵਿਅਕਤੀ ਵੀ ਆਮ ਲੋਕਾਂ ਵਿਚੋਂ ਹੀ ਦੱਸੇ ਜਾ ਰਹੇ ਹਨ।

ਕਾਂਗਰਸ ਦੇ ਬੁਲਾਰੇ ਬੀਰਦਵਿੰਦਰ ਸਿੰਘ ਨੇ ਕਿਹਾ ਕਿ ਹੋਲਾ ਮਹੱਲਾ ਕੱਢਣ ਸਮੇਂ ਹੋਲੀ ਖੇਡਣ ਵਿਚ ਵਧ ਚੜ੍ਹ ਕੇ ਹਿੱਸਾ ਲੈਣ ਵਾਲੇ ਨਿਹੰਗ ਸਿੰਘ ਵੀ ਨੰਗੇ ਸਿਰ ਹੋਲੇ ਮਹੱਲੇ ਵਿਚ ਸ਼ਾਮਲ ਨਹੀਂ ਹੁੰਦੇ, ਪਰ ਸ੍ਰੀ ਬਾਦਲ ਨੇ ਅਕਾਲੀ ਦਲ ਦਾ ਅੰਮ੍ਰਿਤਧਾਰੀ ਪ੍ਰਧਾਨ ਹੁੰਦਿਆਂ ਆਪਣੇ ਤੁੱਛ ਜਿਹੇ ਮਨੋਰੰਜਨ ਲਈ ਨੰਗੇ ਸਿਰ ਰੰਗ ਪੁਆ ਕੇ ਕੇਸਾਂ ਦੀ ਪਵਿੱਤਰ ਮਰਿਆਦਾ ਦਾ ਹਨਨ ਕੀਤਾ ਹੈ।

# ਜਗਮੀਤ ਬਰਾੜ ਵਿਰੁਧ ਨਿੱਤਰੇ ਕੈਪਟਨ ਹਮਾਇਤੀ

**ਬਠਿੰਡਾ:** ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਦੇ ਹਮਾਇਤੀ ਕਾਂਗਰਸੀ ਵਿਧਾਇਕਾਂ ਤੇ ਸਾਬਕਾ ਵਿਧਾਇਕਾਂ ਨੇ ਸਾਬਕਾ ਲੋਕ ਸਭਾ ਮੈਂਬਰ ਜਗਮੀਤ ਬਰਾੜ ਖ਼ਿਲਾਫ਼ ਮੋਰਚਾ ਖੋਲ੍ਹ ਦਿੱਤਾ ਹੈ। ਜਗਮੀਤ ਬਰਾੜ ਵੱਲੋਂ ਕੈਪਟਨ ਅਮਰਿੰਦਰ ਸਿੰਘ ਖ਼ਿਲਾਫ਼ ਕੀਤੀ ਜਾ ਰਹੀ ਲਫ਼ਜ਼ੀ ਬਗਾਵਤ ਤੋਂ ਭੜਕੇ ਕਾਂਗਰਸੀ ਆਗੂਆਂ ਨੇ ਜਗਮੀਤ ਬਰਾੜ ਨੂੰ ਪਾਰਟੀ ਵਿਚੋਂ ਫੌਰੀ ਕੱਢੇ ਜਾਣ ਦੀ ਮੰਗ ਕੀਤੀ ਹੈ। ਇਨ੍ਹਾਂ ਆਗੂਆਂ ਨੇ ਆਖਿਆ ਕਿ ਜਗਮੀਤ ਬਰਾੜ ਦਾ ਜਿਸ ਨਵੀਂ ਪਾਰਟੀ ਪ੍ਰਤੀ ਮੋਹ ਜਾਗਿਆ ਹੈ, ਉਹ ਜਾ ਕੇ ਉਸ ਵਿਚ ਸ਼ਾਮਲ ਹੋਣ ਅਤੇ ਕਾਂਗਰਸ ਨੂੰ ਲੋਕਾਂ ਵੱਲੋਂ ਨਕਾਰੇ ਨੇਤਾਵਾਂ ਦੀ ਕੋਈ ਲੋੜ ਨਹੀਂ ਹੈ।



ਮਾਲਵਾ ਖ਼ਿੱਤੇ ਤੋਂ ਸਾਬਕਾ ਖ਼ਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ, ਸਾਬਕਾ ਵਿਧਾਇਕ ਗੁਰਪ੍ਰੀਤ ਸਿੰਘ ਕਾਂਗੜ ਮਾਲਵਾ ਜ਼ੋਨ ਇੰਚਾਰਜ, ਵਿਧਾਇਕ ਅਜੈਬ ਸਿੰਘ ਭੱਟੀ, ਸਾਬਕਾ ਮੰਤਰੀ ਹਰਮਿੰਦਰ ਸਿੰਘ ਜੱਸੀ, ਸਾਬਕਾ ਵਿਧਾਇਕ ਮੱਖਣ ਸਿੰਘ ਸਮੇਤ ਕਈ ਆਗੂਆਂ ਨੇ ਜਗਮੀਤ ਬਰਾੜ ਨੂੰ ਕੈਪਟਨ ਅਮਰਿੰਦਰ ਸਿੰਘ ਖ਼ਿਲਾਫ਼ ਬੇਤੁਕੀ ਬਿਆਨਬਾਜ਼ੀ ਬੰਦ ਕਰਨ ਦੀ ਸਲਾਹ ਦਿੱਤੀ ਹੈ। ਆਗੂਆਂ ਨੇ ਕਿਹਾ ਕਿ ਅੱਜ ਪੰਜਾਬ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਕਾਂਗਰਸ ਪਾਰਟੀ ਪੂਰੀ ਇਕਜੁਟ ਹੈ ਅਤੇ ਆਉਂਦੀਆਂ ਵਿਧਾਨ ਸਭਾ ਚੋਣਾਂ ਵਿਚ ਲੋਕ ਪੱਖੀ ਨੀਤੀਆਂ ਦੇ ਆਧਾਰ ’ਤੇ ਕਾਂਗਰਸ ਪਾਰਟੀ ਪੰਜਾਬ ਵਿਚ ਸਰਕਾਰ ਬਣਾਏਗੀ। ਇਨ੍ਹਾਂ ਆਗੂਆਂ ਨੇ ਪਾਰਟੀ ਹਾਈਕਮਾਂਡ ਤੋਂ ਵੀ ਮੰਗ ਕੀਤੀ ਹੈ ਕਿ ਪਾਰਟੀ ਦੀ ਪਿੱਠ ਵਿਚ ਛੁਰਾ ਮਾਰਨ ਅਤੇ ਪਾਰਟੀ ਦਾ ਅਕਸ ਖ਼ਰਾਬ ਕਰਨ ਵਾਲੇ ਜਗਮੀਤ ਬਰਾੜ ਨੂੰ ਤੁਰਤ ਪਾਰਟੀ ਵਿਚੋਂ ਬਰਖ਼ਾਸਤ ਕੀਤਾ ਜਾਵੇ।

ਉਨ੍ਹਾਂ ਕਿਹਾ ਕਿ ਪਾਰਟੀ ਵੱਲੋਂ ਜਗਮੀਤ ਬਰਾੜ ਨੂੰ ਸਮੇਂ-ਸਮੇਂ ਸਿਰ ਪੂਰਾ ਮਾਣ ਸਤਿਕਾਰ ਦਿੱਤਾ ਗਿਆ, ਪਰ ਇਹ ਆਗੂ ਸਿਆਸੀ ਲਾਹਾ ਲੈਣ ਲਈ ਪਾਰਟੀ ਦਾ ਨੁਕਸਾਨ ਕਰ ਰਹੇ ਹਨ। ਆਗੂਆਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਜਗਮੀਤ ਬਰਾੜ ਨੇ ਬੇਤੁਕੀ ਬਿਆਨਬਾਜ਼ੀ ਬੰਦ ਨਾ ਕੀਤੀ ਤਾਂ ਕਾਂਗਰਸ ਦੇ ਆਗੂ ਤੇ ਵਰਕਰ ਇਸ ਨੂੰ ਬਰਦਾਸ਼ਤ ਨਹੀਂ ਕਰਨਗੇ।

# ਸਿੱਖ ਬਜ਼ੁਰਗ ‘ਤੇ ਹਮਲੇ ਦੇ ਦੋਸ਼ ਵਿਚ ਦੋ ਨੌਜਵਾਨ ਗ੍ਰਿਫਤਾਰ

**ਫਰਿਜ਼ਨੋ (ਬਿਊਰੋ):** ਇਕ ਸਿੱਖ ਬਜ਼ੁਰਗ ਅਮਰੀਕ ਸਿੰਘ ਬੱਲ ਉਤੇ ਨਸਲੀ ਹਮਲੇ ਸਬੰਧੀ ਫਰਿਜ਼ਨੋ ਪੁਲਿਸ ਨੇ ਦੋ ਸ਼ੱਕੀ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਹੈ। ਇਸ ਸਬੰਧੀ ਐਲਾਨ ਫਰਿਜ਼ਨੋ ਪੁਲਿਸ ਵਿਭਾਗ ਦੇ ਮੁਖੀ ਜੈਰੀ ਡਾਇਰ ਨੇ ਇਕ ਪ੍ਰੈਸ ਕਾਨਫਰੰਸ ਵਿਚ ਮੰਗਲਵਾਰ ਨੂੰ ਕੀਤਾ। ਜ਼ਿਕਰਯੋਗ ਹੈ ਕਿ ਦੋ ਹਮਲਾਵਰਾਂ ਨੇ 68 ਸਾਲਾ ਸ. ਬੱਲ ਉਤੇ 26 ਦਸੰਬਰ 2015 ਦੀ ਸਵੇਰ ਕਰੀਬ 6.30 ਵਜੇ ਉਦੋਂ ਹਮਲਾ ਕਰਕੇ ਉਸ ਨੂੰ ਜ਼ਖਮੀ ਕਰ ਦਿਤਾ ਸੀ, ਜਦੋਂ ਉਹ ਆਪਣੇ ਘਰ ਦੇ ਸਾਹਮਣੇ ਕੰਮ ‘ਤੇ ਜਾਣ ਲਈ ਆਪਣੀ ਰਾਈਡ ਦੀ ਉਡੀਕ ਕਰ ਰਿਹਾ ਸੀ।

ਪਿਛਲੇ ਕੁਝ ਮਹੀਨਿਆਂ ਦੌਰਾਨ ਇਕੱਠੇ ਕੀਤੇ ਗਏ ਸਬੂਤਾਂ ਦੇ ਆਧਾਰ ‘ਤੇ ਸਾਬਤ ਹੋਇਆ ਕਿ ਦੋਵੇਂ ਕਥਿਤ ਦੋਸ਼ੀ ਉਸ ਚੌਕ ਵਿਚ ਮੌਜੂਦ ਸਨ ਜਿਥੇ ਹਮਲਾ ਹੋਇਆ।

ਪੁਲਿਸ ਨੇ ਇਸ ਹਮਲੇ ਦੇ ਮਾਮਲੇ ਵਿਚ 17 ਸਾਲਾ ਡਰਾਈਵਰ ਨੂੰ ਉਤਰ-ਪੱਛਮ ਫਰਿਜ਼ਨੋ ਵਿਚ ਪੈਂਦੇ ਘਰੋਂ ਗ੍ਰਿਫਤਾਰ ਕੀਤਾ ਹੈ, ਜਦੋਂਕਿ ਉਸ ਦੇ ਸਾਥੀ 22 ਸਾਲਾ ਡੇਨੀਅਲ ਵਿਲਸਨ ਨੂੰ ਕੁਝ ਹੀ ਸਮੇਂ ਬਾਅਦ ਇਕ ਵੈਂਡੀ ਰੈਸਟੋਰੈਂਟ ਤੋਂ ਗ੍ਰਿਫਤਾਰ ਕੀਤਾ। ਜਾਂਚ ਅਫਸਰ ਇਹ ਨਹੀਂ ਮੰਨਦੇ ਕਿ ਹਮਲਾਵਰ ਸਿੱਖ ਬਜ਼ੁਰਗ ਨੂੰ ਜਾਣਦੇ ਸਨ।

ਅਮਰੀਕ ਸਿੰਘ ਬੱਲ ਨੇ ਬਾਅਦ ਵਿਚ ਪੁਲਿਸ ਨੂੰ ਦਸਿਆ ਕਿ ਦੋ ਗੋਰੇ ਮੁੰਡੇ ਆਪਣੀ ਕਾਰ ਵਿਚੋਂ ਨਿਕਲੇ ਅਤੇ ਉਸ ਨੂੰ ਘਸੁੰਨਾਂ ਨਾਲ ਮਾਰਨਾ ਸ਼ੁਰੂ ਕਰ ਦਿਤਾ ਤੇ ਫਿਰ ਆਪਣੀ ਕਾਰ ਵਿਚ ਬੈਠ ਕੇ ਕਾਰ ਉਸ ਉਤੇ ਚੜ੍ਹਾਉਣ ਦੀ ਕੋਸ਼ਿਸ਼ ਕੀਤੀ। ਇਸ ਹਮਲੇ ਵਿਚ ਉਸ ਦੀ ਕਾਲਰ ਬੋਨ ਟੁਟ ਗਈ ਸੀ ਅਤੇ ਪਸਲੀਆਂ ‘ਤੇ ਕਾਫੀ


ਅਮਰੀਕ ਸਿੰਘ ਬੱਲ

ਸੱਟਾਂ ਲੱਗੀਆਂ ਸਨ। ਹੁਣ ਉਸ ਦੀਆਂ ਸੱਟਾਂ ਕਾਫੀ ਹੱਦ ਤਕ ਠੀਕ ਹੋ ਗਈਆਂ ਹਨ।

ਕਥਿਤ ਦੋਸ਼ੀਆਂ ਵਿਰੁਧ ਇਕ ਖਤਰਨਾਕ ਹਥਿਆਰ ਨਾਲ ਹਮਲਾ ਕਰਕੇ ਗੰਭੀਰ ਜ਼ਖਮੀ ਕਰਨ ਅਤੇ ਨਸਲੀ ਹਮਲੇ ਦੇ ਦੋਸ਼ ਆਇਦ ਕੀਤੇ ਗਏ ਹਨ। 17 ਸਾਲਾ ਮੁੰਡੇ ਉਪਰ ਇਕ ਬਾਲਗ ਵਜੋਂ ਕੇਸ ਚਲਾਇਆ ਜਾਵੇਗਾ।

ਫਰਿਜ਼ਨੋ ਪੁਲਿਸ ਅਤੇ ਫੈਡਰਲ ਅਧਿਕਾਰੀਆਂ ਨੇ ਇਸ ਜ਼ੁਰਮ ਦੀ ਪੜਤਾਲ ਇਸ ਬਿਨਾ ਉਤੇ ਇਕ ਨਸਲੀ ਹਮਲੇ ਵਜੋਂ ਕੀਤੀ ਕਿ ਅਮਰੀਕ ਸਿੰਘ ਉਤੇ ਹਮਲਾ ਉਸ ਦੀ ਪੱਗ ਤੇ ਦਾੜ੍ਹੀ ਕਰਕੇ ਕੀਤਾ ਗਿਆ।

ਪੁਲਿਸ ਨੇ ਹਮਲੇ ਦੇ ਵਾਕਿਆ ਦੇ ਆਲੇ-ਦੁਆਲੇ ਰਹਿੰਦੇ ਕੋਈ 50 ਵਿਅਕਤੀਆਂ ਤੋਂ ਪੁਛ-ਪੜਤਾਲ ਕੀਤੀ। ਤਫਤੀਸ਼ ਦੌਰਾਨ ਉਨ੍ਹਾਂ ਨੂੰ ਇਲਾਕੇ ਦੇ ਘਰਾਂ ਅਤੇ ਬਿਜਨਸਾਂ ਤੋਂ ਪੰਜ ਵਖੋ-ਵਖ ਵੀਡੀਓ ਮਿਲੀਆਂ ਜਿਨ੍ਹਾਂ ਵਿਚੋਂ ਇਕ ਵਿਚ ਜੋ ਕੁਝ ਵਾਪਰਿਆ, ਉਹ ਸਾਫ ਨਜ਼ਰ ਆਉਂਦਾ ਸੀ। ਸਰਵੇਲੈਂਸ ਕੈਮਰੇ ਦੀ ਪਕੜ ਵਿਚ ਹਮਲੇ ਦਾ ਇਕ ਹਿੱਸਾ ਆ ਗਿਆ, ਜਿਸ ਤੋਂ ਜਾਹਰ ਸੀ ਕਿ 68 ਸਾਲਾ ਅਮਰੀਕ ਸਿੰਘ ਉਪਰ ਜਾਣ-ਬੁਝ ਕੇ ਹਮਲਾ ਕੀਤਾ ਗਿਆ ਅਤੇ ਇਸੇ ਆਧਾਰ ‘ਤੇ ਪੁਲਿਸ ਤੇ ਐਫ ਬੀ ਆਈ ਅਫਸਰਾਂ ਨੇ ਇਸ ਨੂੰ ਇਕ ਨਸਲੀ ਹਮਲਾ ਕਰਾਰ ਦਿਤਾ। ਜੈਰੀ ਡਾਇਰ ਨੇ ਕਿਹਾ ਕਿ ਹਮਲਾਵਰਾਂ ਨੇ ਜੋ ਟਿਪਣੀਆਂ ਕੀਤੀਆਂ, ਉਨ੍ਹਾਂ ਤੋਂ ਸਾਫ ਜਾਹਰ ਹੁੰਦਾ ਸੀ ਕਿ ਇਹ ਇਕ ਨਸਲੀ ਹਮਲਾ ਹੈ।

**Punjab Times**
**Our New E-mail**
*Punjabtimes1@gmail.com*


## ਸ਼ੈਫ, ਕਿਚਨ ਹੈਲਪਰ ਅਤੇ ਵੇਟਰ ਦੀ ਲੋੜ ਹੈ

ਅਟਲਾਂਟਾ, ਜਾਰਜੀਆ ’ਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਤਜ਼ਰਬੇਕਾਰ ਸ਼ੈਫ, ਕਿਚਨ ਹੈਲਪਰ ਅਤੇ ਵੇਟਰ ਦੀ ਫੌਰੀ ਲੋੜ ਹੈ। ਚੰਗੀ ਤਨਖਾਹ, ਮੁਫਤ ਰਿਹਾਇਸ਼

*ਸੰਪਰਕ ਕਰੋ: ਜਸਵੀਰ ਸਿੰਘ ਢੀਂਡਸਾ*

**ਫੋਨ: 757-240-9348**

12-14



## ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?

*ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ*

**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
**1188 E Santa Clara St., San Jose, CA 95116**

**Homeopathic natural medicines supply**


*Gurdip Singh Sandhu*

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

**EX Member:**
*The California Homeopathic Society*
National Center For Homeopathy- USA

**Ph:(408) 687-1899**
**(408) 729-6691**
Fax:(408)292-6200

Email: Homeomdicine@yahoo.com
Website: www.Homeopathyatoz.com

***Toll Free: 1-877-OK-HOMEO (1-877-654-6636)***



## Satwant Singh Insurance Services

*We serve all over California*

**Auto, Home, Life, Business, Workers Comp.**

*See how much you can save. Get free quote for Auto, Home, Life and Business.*

*Compare Auto, Home quotes online at our website: www.satwantins.com*

Visit our web page and you’ll find an online tool that helps you compare different policies in just minutes. All you have to do is type in your name and a few details about your home or vehicle, and within a few minutes you’ll have several price quotes waiting for you to review.

ਸੱਤੇ ਦਿਨ ਖੁੱਲ੍ਹਾ, ਅਸੀਂ ਸੱਤੇ ਦਿਨ 24 ਘੰਟੇ ਫੋਨ ’ਤੇ ਜਵਾਬ ਦਿੰਦੇ ਹਾਂ


Satwant Singh, CLCS, MBA
*(CA Lic # 0H11256)*

**Now we have 3 locations:**

**San Jose:** 2774 Aborn Road
San Jose, CA 95121

**Sunnyvale:** 830 Stewart Dr Ste #126
Sunnyvale, CA 94085

**Fremont:** 44790 S Grimmer Blvd,
Fremont, CA 94538

Allied Insurance
a Nationwide Insurance® company

**Call today for your FREE, no-obligation quote: 1-408-771-2438**
satwant@satwantins.com



## ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

**National Truck Driving School**

**ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ**

**ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ**
*ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ*

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



**Call For Special Price**

**Kashmir S. Thandi**
**Office: (866) 933-3038**
**Balhar S. Ranu Cell:916-502-7733**
**Yuba City Ph:530-419-5058**
**1816 Main Ave., Secramento CA, 95838**

# ਮਗਨਰੇਗਾ ਲਈ ਤੈਅ ਟੀਚੇ ਦੇ ਨੇੜੇ-ਤੇੜੇ ਵੀ ਨਾ ਅੱਪੜਿਆ ਪੰਜਾਬ

**ਚੰਡੀਗੜ੍ਹ:** ਮਹਾਤਮਾ ਗਾਂਧੀ ਪੇਂਡੂ ਰੁਜ਼ਗਾਰ ਗਾਰੰਟੀ ਕਾਨੂੰਨ (ਮਗਨਰੇਗਾ) ਨੂੰ ਲਾਗੂ ਕਰਨ ਲਈ ਪੰਜਾਬ ਵੱਲੋਂ ਤਸੱਲੀਬਖ਼ਸ਼ ਕਦਮ ਨਾ ਚੁੱਕੇ ਜਾਣ ਕਾਰਨ ਕੇਂਦਰ ਨੇ ਸੂਬਾਈ ਸਰਕਾਰ ਦੀ ਖਿਚਾਈ ਕੀਤੀ ਹੈ। ਪੰਜਾਬ ਵਿਚ ਮਗਨਰੇਗਾ ਤਹਿਤ ਸ਼ੁਰੂ ਕੀਤੇ ਕੰਮਾਂ ਵਿਚੋਂ ਸਿਰਫ ਛੇ ਫੀਸਦੀ ਹੀ ਮੁਕੰਮਲ ਹੋਏ ਹਨ। ਦਿਹਾਤੀ ਵਿਕਾਸ ਵਿਭਾਗ ਨੇ ਸੂਬਾ ਸਰਕਾਰ ਨੂੰ ਅਧੂਰੇ ਰਹੇ ਕੰਮਾਂ ਦੇ ਕਾਰਨ ਲੱਭਣ ਤੇ ਇਹ ਕੰਮ 31 ਮਈ, 2016 ਤੱਕ ਮੁਕੰਮਲ ਕਰਨ ਦੀ ਹਦਾਇਤ ਕੀਤੀ ਹੈ। ਸੂਬੇ ਨੇ ਖੇਤੀ ਤੇ ਸਹਾਇਕ ਧੰਦਿਆਂ ਉਤੇ 60 ਫੀਸਦੀ ਖਰਚ ਕਰਨ ਦੀ ਸ਼ਰਤ ਵੀ ਪੂਰੀ ਨਹੀਂ ਕੀਤੀ। ਆਪਣੇ ਖੇਤ ਵਿਚ ਕੰਮ ਕਰਕੇ ਮਗਨਰੇਗਾ ਦਾ ਲਾਭ ਦੇਣ ਦੇ ਮਾਮਲੇ ਵਿਚ ਵੀ ਪੰਜਾਬ ਪਛੜਿਆ ਹੋਇਆ ਹੈ।

ਸੂਤਰਾਂ ਅਨੁਸਾਰ ਕੇਂਦਰ ਵੱਲੋਂ ਪੰਜਾਬ ਦੇ ਦਿਹਾਤੀ ਵਿਕਾਸ ਤੇ ਪੰਚਾਇਤ ਵਿਭਾਗ ਦੇ ਸਕੱਤਰ ਨੂੰ ਲਿਖੇ ਪੱਤਰ ਵਿਚ ਕਿਹਾ ਹੈ ਕਿ ਸੂਬੇ ਅੰਦਰਲੇ 8952 ਅਧੂਰੇ ਪਏ ਪ੍ਰਾਜੈਕਟਾਂ ਨੂੰ 31 ਮਈ ਤੱਕ ਸਿਰੇ ਚਾੜ੍ਹਿਆ ਜਾਵੇ। 22 ਮਾਰਚ ਨੂੰ ਜਾਰੀ ਕੀਤੀ ਗਈ ਇਸ ਚਿੱਠੀ ਵਿਚ ਨਵੀਂ ਦਿੱਲੀ ਵਿਚ 16 ਮਾਰਚ ਨੂੰ ਪੰਜਾਬ ਦੇ ਮਗਨਰੇਗਾ ਦੇ ਲੇਬਰ ਬਜਟ ਬਾਰੇ ਹੋਈ ਮੀਟਿੰਗ ਦਾ ਹਵਾਲਾ ਦਿੰਦਿਆਂ ਸੂਬੇ ਨੂੰ ਹੁਣ ਤੱਕ ਕੀਤੇ ਕੰਮਾਂ ਦਾ ਜ਼ਿਲ੍ਹਾ ਵਾਰ ਵੇਰਵਾ ਨਰੇਗਾ ਦੀ ਸਾਈਟ ਉਤੇ ਪਾਉਣ ਲਈ ਕਿਹਾ ਹੈ। ਸੂਬਾ ਸਰਕਾਰ ਨੇ

### ਛੇ ਫੀਸਦੀ ਕੰਮ ਹੀ ਮੁਕੰਮਲ ਹੋਏ, ਕੇਂਦਰ ਵਲੋਂ ਖਿਚਾਈ



ਪ੍ਰਧਾਨ ਮੰਤਰੀ ਕ੍ਰਿਸ਼ੀ ਸਿੰਜਾਈ ਯੋਜਨਾ ਨਾਲ ਜੋੜ ਕੇ ਮਗਨਰੇਗਾ ਦੇ ਕੰਮਕਾਜ ਨੂੰ ਕੁਦਰਤੀ ਸਰੋਤਾਂ ਦੀ ਸੰਭਾਲ ਦੇ ਰੂਪ ਵਿਚ ਵੀ ਲਾਗੂ ਕਰਨਾ ਚਾਹੀਦਾ ਹੈ। ਕੁਝ ਕਿਸਾਨਾਂ ਨੇ ਆਪਣੇ ਖੇਤ ਵਿਚ ਕੰਮ ਕਰਕੇ ਮਗਨਰੇਗਾ ਤਹਿਤ ਲਾਭ ਮੰਗੇ ਸਨ, ਪਰ ਉਨ੍ਹਾਂ ਦੀ ਸੁਣਵਾਈ ਨਹੀਂ ਹੋਈ। ਕੇਂਦਰ ਸਰਕਾਰ ਵੱਲੋਂ ਬੁਲਾਈ ਮੀਟਿੰਗ ਵਿਚ ਪੰਜਾਬ ਦੇ ਅਧਿਕਾਰੀਆਂ ਨੇ ਹੈਰਾਨ ਕਰਨ ਵਾਲੇ ਅੰਕੜੇ ਦਿੱਤੇ ਹਨ।

ਉਨ੍ਹਾਂ ਦੱਸਿਆ ਕਿ 2015-16 ਦੌਰਾਨ ਨਿੰਜੀ ਜ਼ਮੀਨ ਉਤੇ 2155 ਕੰਮ ਪ੍ਰਦਾਨ ਕੀਤੇ ਗਏ। ਰਾਜ ਸਰਕਾਰ ਅਜਿਹੇ ਕੰਮਾਂ ਨੂੰ ਹੋਰ ਵਧਾਉਣ ਦੀ ਕੋਸ਼ਿਸ਼ ਵਿਚ ਹੈ। ਇਹ ਕੰਮ ਮਗਨਰੇਗਾ ਤਹਿਤ ਦਿੱਤੇ ਗਏ ਕੁੱਲ ਕੰਮਾਂ ਦਾ 6.8 ਫੀਸਦੀ ਹਿੱਸਾ ਬਣਦਾ ਹੈ। ਗੌਰਤਲਬ ਹੈ ਕਿ ਮਗਨਰੇਗਾ ਕਾਨੂੰਨ ਮੁਤਾਬਕ ਬਣੀਆਂ 2013 ਦੀਆਂ ਗਾਈਡ ਲਾਈਨਜ਼ ਅਨੁਸਾਰ ਖੇਤੀ ਖੇਤਰ ਵਿਚ ਪੰਜ ਏਕੜ ਤੋਂ ਘੱਟ ਜ਼ਮੀਨ ਵਾਲੇ ਕਿਸਾਨ ਆਪਣੇ ਖੇਤ ਵਿਚ ਕੰਮ ਕਰ ਕੇ ਮਗਨਰੇਗਾ ਦਾ ਲਾਭ ਲੈਣ ਦੇ ਹੱਕਦਾਰ ਹਨ। ਇਸ ਵਿਚ ਬਾਗਬਾਨੀ, ਪਾਣੀ ਦਾ ਪ੍ਰਬੰਧ, ਪਸ਼ੂ ਪਾਲਣ, ਮੁਰਗੀ ਪਾਲਣ ਆਦਿ ਅਨੇਕ ਧੰਦਿਆਂ ਬਾਰੇ ਪ੍ਰਾਜੈਕਟ ਮਗਨਰੇਗਾ ਤਹਿਤ ਲਿਆਂਦੇ ਜਾ ਸਕਦੇ ਹਨ।

ਜ਼ਿਲ੍ਹਾ ਪੱਧਰ ਉਤੇ ਖੇਤੀ ਤੇ ਸਹਾਇਕ ਧੰਦਿਆਂ ਉਤੇ ਮਗਨਰੇਗਾ ਤਹਿਤ ਕੀਤੇ ਜਾਣ ਵਾਲੇ ਖਰਚ ਦਾ ਵੇਰਵਾ ਦਿੰਦਿਆਂ ਪੱਤਰ ਵਿਚ ਦੱਸਿਆ ਗਿਆ ਹੈ ਕਿ ਪੰਜਾਬ ਦੇ ਬਾਰ੍ਹਾਂ ਜ਼ਿਲ੍ਹਿਆਂ ਅੰਮ੍ਰਿਤਸਰ, ਬਠਿੰਡਾ, ਫ਼ਰੀਦਕੋਟ, ਫਤਹਿਗੜ੍ਹ ਸਾਹਿਬ, ਫਾਜ਼ਿਲਕਾ, ਗੁਰਦਾਸਪੁਰ, ਹੁਸ਼ਿਆਰਪੁਰ, ਜਲੰਧਰ, ਕਪੂਰਥਲਾ, ਪਠਾਨਕੋਟ, ਐਸ.ਏ.ਐਸ. ਨਗਰ ਮੁਹਾਲੀ ਅਤੇ ਤਰਨ ਤਾਰਨ ਵਿਚ 60 ਫੀਸਦੀ ਖਰਚ ਕਰਨ ਦੀ ਕਾਨੂੰਨੀ ਸ਼ਰਤ ਮੁਤਾਬਕ ਟੀਚੇ ਪੂਰੇ ਨਹੀਂ ਹੋਏ। ਕੇਂਦਰ ਸਰਕਾਰ ਨੇ ਸਾਲ 2016-17 ਦੌਰਾਨ ਇਨ੍ਹਾਂ ਟੀਚਿਆਂ ਨੂੰ ਪੂਰਾ ਕਰਨ ਲਈ ਕਿਹਾ ਹੈ।

### *73 ਫੀਸਦੀ ਪਰਿਵਾਰਾਂ ਦੀ ਆਮਦਨ ਪੰਜ ਹਜ਼ਾਰ ਤੋਂ ਘੱਟ*

**ਚੰਡੀਗੜ੍ਹ:** ਦੇਸ਼ ਵਿਚ ਸਮਾਜਿਕ, ਆਰਥਿਕ ਅਤੇ ਜਾਤੀਗਤ ਗਣਨਾ ਦੇ ਅੰਕੜੇ ਸਾਹਮਣੇ ਆਉਣ ਬਾਅਦ ਪਿੰਡਾਂ ਦੀ ਆਰਥਿਕ ਦੁਰਦਸ਼ਾ ਸਪੱਸ਼ਟ ਹੋ ਗਈ ਸੀ। ਪੰਜਾਬ ਦੇ 32 ਲੱਖ ਪੇਂਡੂ ਪਰਿਵਾਰਾਂ ਵਿਚੋਂ 73 ਫੀਸਦੀ ਪਰਿਵਾਰ ਪੰਜ ਹਜ਼ਾਰ ਰੁਪਏ ਮਹੀਨਾ ਤੋਂ ਵੀ ਘੱਟ ਉਤੇ ਗੁਜ਼ਾਰਾ ਕਰ ਰਹੇ ਹਨ। ਭਾਰਤੀ ਕਿਸਾਨ ਯੂਨੀਅਨ (ਸਿੱਧੂ ਪੁਰ) ਦੇ ਪ੍ਰਧਾਨ ਪਿਸ਼ੌਰਾ ਸਿੰਘ ਸਿੱਧੂ ਪੁਰ ਨੇ ਕਿਹਾ ਕਿ ਖੇਤੀ ਘਾਟੇ ਵਿਚ ਜਾਣ ਕਰਕੇ ਕਿਸਾਨ-ਮਜ਼ਦੂਰ ਖੁਦਕੁਸ਼ੀ ਕਰ ਰਿਹਾ ਹੈ ਅਤੇ ਮਗਨਰੇਗਾ ਰਾਹੀਂ ਕੰਮ ਮਿਲਣ ਨਾਲ ਆਰਥਿਕ ਸਹਾਰਾ ਮਿਲਣ ਦੀ ਉਮੀਦ ਹੈ, ਪਰ ਅਧਿਕਾਰੀਆਂ ਅਤੇ ਸੱਤਾਧਾਰੀ ਜਮਾਤ ਵੱਲੋਂ ਮਗਨਰੇਗਾ ਨੂੰ ਨਜ਼ਰ ਅੰਦਾਜ਼ ਕੀਤੇ ਜਾਣ ਨਾਲ ਇਸ ਦਾ ਲਾਭ ਨਹੀਂ ਲਿਆ ਜਾ ਰਿਹਾ। ਜਥੇਬੰਦੀ ਵੱਲੋਂ ਮਗਨਰੇਗਾ ਤਹਿਤ ਪੰਜ ਏਕੜ ਵਾਲਿਆਂ ਨੂੰ ਕੰਮ ਦਵਾਉਣ ਲਈ ਮੁਹਿੰਮ ਵਿੱਢੀ ਜਾਵੇਗੀ।

# ਵੀਰਭੱਦਰ ਦੀ ਜਾਇਦਾਦ ਕੁਰਕ ਕਰਨ ਦੇ ਈ.ਡੀ. ਵੱਲੋਂ ਹੁਕਮ

**ਨਵੀਂ ਦਿੱਲੀ:** ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਕਾਲੇ ਧਨ ਨੂੰ ਸਫੈਦ ਕਰਨ ਦੇ ਮਾਮਲੇ ਵਿਚ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਵੀਰਭੱਦਰ ਸਿੰਘ ਦੇ ਨਵੀਂ ਦਿੱਲੀ ਸਥਿਤ ਇਕ ਫਲੈਟ ਸਣੇ ਤਕਰੀਬਨ ਅੱਠ ਕਰੋੜ ਰੁਪਏ ਦੀ ਚੱਲ ਤੇ ਅਚੱਲ ਸੰਪਤੀ ਕੁਰਕ ਕਰਨ ਦਾ ਹੁਕਮ ਜਾਰੀ ਕੀਤਾ ਹੈ।



ਮੁੱਖ ਮੰਤਰੀ ਨੇ ਇਸ ਨੂੰ ਆਪਣੇ ਲਈ ਹੋਲੀ ਦਾ ਤੋਹਫ਼ਾ ਕਰਾਰ ਦਿੱਤਾ ਹੈ। ਏਜੰਸੀ ਨੇ ਕਾਲੇ ਧਨ ਨੂੰ ਸਫੈਦ ਕਰਨ ਤੋਂ ਰੋਕਣ ਵਾਲੇ ਕਾਨੂੰਨ (ਪੀ.ਐਮ.ਐਲ.ਏ.) ਤਹਿਤ ਇਹ ਹੁਕਮ ਜਾਰੀ ਕੀਤੇ ਹਨ। ਇਸ ਤਹਿਤ ਮੁੱਖ ਮੰਤਰੀ ਦੀਆਂ ਐਲ.ਆਈ.ਸੀ. ਪਾਲਿਸੀਆਂ, ਬੈਂਕ ਫਿਕਸਡ ਡਿਪਾਜ਼ਿਟ ਤੇ ਦੱਖਣੀ ਦਿੱਲੀ ਦੇ ਗਰੇਟਰ ਕੈਲਾਸ਼-1 ਇਲਾਕੇ ਵਿਚ ਦੋ ਮੰਜ਼ਿਲਾ ਇਮਾਰਤ ਦੀ ਕੁਰਕੀ ਦੇ ਹੁਕਮ ਹੋਏ ਹਨ।

ਸੂਤਰਾਂ ਮੁਤਾਬਕ ਏਜੰਸੀ ਦਾ ਮੰਨਣਾ ਹੈ ਕਿ ਇਹ ਸੰਪਤੀ ਕਾਲੇ ਧਨ ਨੂੰ ਸਫੈਦ ਕਰਕੇ ਇਕੱਠੀ ਕੀਤੀ ਗਈ ਹੈ। ਇਸ ਸਾਰੀ ਸੰਪਤੀ ਦੀ ਕੀਮਤ 7.93 ਕਰੋੜ ਰੁਪਏ ਬਣਦੀ ਹੈ। ਇਸ ਸੰਪਤੀ ਬਾਰੇ ਮਨਾਹੀ ਦੇ ਹੁਕਮ ਵੀ ਜਾਰੀ ਕਰ ਦਿੱਤੇ ਗਏ ਹਨ। ਕੁਰਕੀ ਦੇ ਹੁਕਮ ਵਿਰੁੱਧ ਦੋਸ਼ੀ ਧਿਰ 180 ਦਿਨਾਂ ਵਿਚ ਸਬੰਧਤ ਅਥਾਰਟੀ ਕੋਲ ਅਪੀਲ ਕਰ ਸਕਦੀ ਹੈ।

ਮੁੱਖ ਮੰਤਰੀ ਵੀਰਭੱਦਰ ਸਿੰਘ ਨੇ ਟਵੀਟ ਕਰਕੇ ਈ.ਡੀ. ਦੀ ਇਸ ਕਾਰਵਾਈ ਨੂੰ ਹੋਲੀ ਦਾ ਤੋਹਫਾ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਕ ਵਾਰ ਈ.ਡੀ. ਨੇ ਉਦੋਂ ਘਰ ਉਪਰ ਛਾਪਾ ਮਾਰਿਆ ਸੀ ਜਦੋਂ ਮੇਰੀ ਧੀ ਦਾ ਵਿਆਹ ਸੀ ਤੇ ਹੁਣ ਹੋਲੀ ਦਾ ਤੋਹਫਾ ਦੇ ਦਿੱਤਾ ਹੈ। ਇਹ ਭਾਜਪਾ ਦੀ ਬੜੀ ਹੀ ਗੰਦੀ ਸਿਆਸੀ ਸਾਜ਼ਿਸ਼ ਹੈ।

# ਆਦੇਸ਼ ਕੈਰੋਂ ਬਣੇ ਅਕਾਲੀ ਵਿਧਾਇਕਾਂ ਦਾ ਨਿਸ਼ਾਨਾ

**ਚੰਡੀਗੜ੍ਹ:** ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਗ੍ਰਿਹ ਵਿਖੇ ਅਕਾਲੀ ਆਗੂਆਂ ਵੱਲੋਂ ਸੂਬੇ ਦੇ ਖੁਰਾਕ ਤੇ ਸਿਵਲ ਸਪਲਾਈ ਮੰਤਰੀ ਤੇ ਸੁਖਬੀਰ ਦੇ ਜੀਜਾ ਆਦੇਸ਼ ਪ੍ਰਤਾਪ ਸਿੰਘ ਕੈਰੋਂ ਦੀ ਮੁਖ਼ਾਲਫ਼ਤ ਕਰਕੇ ਬਾਦਲ ਪਰਿਵਾਰ ਵਿਚ ਚਲਦੀ ਖਾਨਾਜੰਗੀ ਜੱਗ ਜ਼ਾਹਿਰ ਕਰ ਦਿੱਤੀ ਹੈ।

ਪ੍ਰਤੱਖਦਰਸ਼ੀਆਂ ਨੇ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਵੱਲੋਂ ਬਜਟ ਸੈਸ਼ਨ ਦੌਰਾਨ ਅਕਾਲੀ-ਭਾਜਪਾ ਵਿਧਾਇਕਾਂ ਨੂੰ ਦਿੱਤੇ ਗਏ ਰਾਤਰੀ ਭੋਜ ਦੌਰਾਨ ਸ੍ਰੀ ਕੈਰੋਂ ਆਪਣੀ ਹੀ ਪਾਰਟੀ ਦੇ ਨੇਤਾਵਾਂ ਦੇ ਨਿਸ਼ਾਨੇ 'ਤੇ ਰਹੇ। ਸ੍ਰੀ ਕੈਰੋਂ ਵੀ ਇਸ ਰਾਤਰੀ ਭੋਜ ਮੌਕੇ ਹਾਜ਼ਰ ਸਨ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਜਵਾਈ ਖਿਲਾਫ਼ ਮੁੱਖ ਸੰਸਦੀ ਸਕੱਤਰ ਵਿਰਸਾ ਸਿੰਘ ਵਲਟੋਹਾ ਅਤੇ ਹੋਰ ਕਈ ਵਿਧਾਇਕਾਂ ਨੇ ਇਸ ਤਰ੍ਹਾਂ ਭੜਾਸ ਕੱਢਣੀ ਸ਼ੁਰੂ ਕਰ ਦਿੱਤੀ ਜਿਵੇਂ ਉਹ ਲੰਬੇ ਸਮੇਂ ਤੋਂ ਮੌਕੇ ਦੀ ਤਾਕ ਵਿਚ ਹੋਣ। ਅਕਾਲੀ ਆਗੂਆਂ ਨੇ ਸ੍ਰੀ ਕੈਰੋਂ 'ਤੇ ਅਕਾਲੀ ਦਲ ਵਿਰੁੱਧ ਕੰਮ ਕਰਨ ਦੇ ਦੋਸ਼ ਵੀ ਲਾਏ। ਭਾਜਪਾ ਨਾਲ ਸਬੰਧਤ ਇਕ ਮੰਤਰੀ ਤੇ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ ਕੁਝ ਵਿਧਾਇਕਾਂ ਨੇ ਸ੍ਰੀ ਕੈਰੋਂ ਨਾਲ ਹੋਈ ਬਦਕਲਾਮੀ ਦੀ ਪੁਸ਼ਟੀ ਕੀਤੀ ਹੈ।

ਸੁਖਬੀਰ ਬਾਦਲ ਨੇ ਮੌਕੇ ਦੀ ਨਜ਼ਾਕਤ ਨੂੰ ਭਾਂਪਦਿਆਂ ਪਾਰਟੀ ਆਗੂਆਂ ਨੂੰ ਸ਼ਾਂਤ ਰਹਿਣ ਦੀ ਅਪੀਲ ਕੀਤੀ, ਪਰ ਛੋਟੇ ਬਾਦਲ ਦੀਆਂ ਅਪੀਲਾਂ ਦਾ ਕੋਈ ਅਸਰ ਨਾ ਹੋਇਆ। ਚਸ਼ਮਦੀਦਾਂ ਮੁਤਾਬਕ ਸ੍ਰੀ ਕੈਰੋਂ ਵਿਰੁੱਧ ਭੜਾਸ



ਕੱਢਣ ਵਾਲੇ ਅਕਾਲੀ ਨੇਤਾਵਾਂ ਨੇ ਇਥੋਂ ਤੱਕ ਕਹਿ ਦਿੱਤਾ ਕਿ ਖੁਰਾਕ ਮੰਤਰੀ, ਜਿਨ੍ਹਾਂ ਦਾ ਪਿਛੋਕੜ ਕਾਂਗਰਸੀ ਹੈ, ਦੇ ਦਿਮਾਗ ਤੇ ਖ਼ੂਨ ਵਿਚੋਂ ਅਜੇ ਤੱਕ ਕਾਂਗਰਸ ਨਹੀਂ ਨਿਕਲੀ। ਅਕਾਲੀ ਦਲ ਅਤੇ ਭਾਜਪਾ ਨਾਲ ਸਬੰਧਤ 60 ਦੇ ਕਰੀਬ ਆਗੂਆਂ ਦੀ ਮੌਜੂਦਗੀ 'ਚ ਮੁੱਖ ਮੰਤਰੀ ਦੇ ਜਵਾਈ ਖਿਲਾਫ਼ ਖੁੱਲ੍ਹੇਆਮ ਹੋਏ ਭੰਡੀ ਪ੍ਰਚਾਰ ਕਾਰਨ ਸਾਰੇ ਦੰਗ ਰਹਿ ਗਏ। ਇਸ ਕਾਰਨ ਸ੍ਰੀ ਕੈਰੋਂ ਦੀ ਆਪਣੇ ਹੀ ਰਿਸ਼ਤੇਦਾਰ ਦੇ ਘਰ ਹਾਲਤ ਕਸੂਤੀ ਬਣ ਗਈ ਸੀ। ਉਨ੍ਹਾਂ ਦੇ ਬਚਾਅ ਲਈ ਕੋਈ ਵੀ ਪਾਰਟੀ ਆਗੂ ਮੈਦਾਨ 'ਚ ਨਾ ਆਇਆ।

ਸੂਤਰਾਂ ਮੁਤਾਬਕ ਨੀਲੇ ਕਾਰਡਾਂ ਅਤੇ ਹੋਰ ਮੁੱਦਿਆਂ ਕਰ ਕੇ ਅਕਾਲੀ ਆਗੂ ਖੁਰਾਕ ਤੇ ਸਿਵਲ ਸਪਲਾਈ ਮੰਤਰੀ ਨਾਲ ਨਾਰਾਜ਼ ਦੱਸੇ ਜਾ ਰਹੇ ਸਨ। ਇਹ ਵੀ ਮੰਨਿਆ ਜਾਂਦਾ ਹੈ ਕਿ ਸ੍ਰੀ ਕੈਰੋਂ ਕਿਸੇ ਵੀ ਅਕਾਲੀ ਨੇਤਾ ਦੀ ਪਰਵਾਹ ਨਹੀਂ ਕਰਦੇ। ਜ਼ਿਕਰਯੋਗ ਹੈ ਕਿ ਸ੍ਰੀ ਕੈਰੋਂ ਮੰਤਰੀ ਮੰਡਲ ਦੀਆਂ ਮੀਟਿੰਗਾਂ ਦੌਰਾਨ ਕਈ ਵਾਰ ਸੁਖਬੀਰ ਬਾਦਲ ਅਤੇ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਨਾਲ ਵੀ ਆਢਾ ਲੈਂਦੇ ਹਨ। ਉਧਰ ਆਦੇਸ਼ ਪ੍ਰਤਾਪ ਸਿੰਘ ਕੈਰੋਂ ਨੇ ਉਪ ਮੁੱਖ ਮੰਤਰੀ ਦੇ ਘਰ ਹੋਈ ਬਦਕਲਾਮੀ ਸਬੰਧੀ ਕੋਈ ਵੀ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ। ਮੁੱਖ ਸੰਸਦੀ ਸਕੱਤਰ ਵਿਰਸਾ ਸਿੰਘ ਵਲਟੋਹਾ ਨੇ ਕਿਹਾ ਕਿ ਉਨ੍ਹਾਂ ਆਦੇਸ਼ ਪ੍ਰਤਾਪ ਸਿੰਘ ਕੈਰੋਂ ਦੀ ਸ਼ਾਨ ਖਿਲਾਫ਼ ਕੁਝ ਨਹੀਂ ਬੋਲਿਆ, ਪਰ ਕੁੱਝ ਮੁੱਦੇ ਸਨ ਜਿਨ੍ਹਾਂ ਬਾਰੇ ਖੁਰਾਕ ਤੇ ਸਿਵਲ ਸਪਲਾਈ ਮੰਤਰੀ ਨੂੰ ਪਾਰਟੀ ਆਗੂਆਂ ਦੀਆਂ ਦੀ ਭਾਵਨਾਵਾਂ ਬਾਰੇ ਜਾਣੂ ਕਰਵਾਇਆ ਗਿਆ ਹੈ।

### 'ਆਪ' ਦੇ ਟਾਕਰੇ ਲਈ ਰਣਨੀਤੀ

**ਚੰਡੀਗੜ੍ਹ:** ਮੀਟਿੰਗ ਦੌਰਾਨ ਸੁਖਬੀਰ ਸਿੰਘ ਬਾਦਲ ਨੇ ਪਾਰਟੀ ਆਗੂਆਂ ਨੂੰ 'ਆਪ' ਦੇ ਟਾਕਰੇ ਲਈ ਤਿਆਰ ਰਹਿਣ ਦਾ ਸੱਦਾ ਦਿੰਦਿਆਂ ਕਿਹਾ ਕਿ ਆਗਾਮੀ ਵਿਧਾਨ ਸਭਾ ਚੋਣਾਂ ਦੌਰਾਨ ਅਕਾਲੀ ਦਲ ਦੀ ਟੱਕਰ 'ਆਪ' ਨਾਲ ਹੀ ਹੋਣੀ ਹੈ। ਉਨ੍ਹਾਂ ਪਾਰਟੀ ਆਗੂਆਂ ਨੂੰ 'ਆਪ' ਵਾਂਗ ਹੀ ਸੋਸ਼ਲ ਮੀਡੀਆ ਦਾ ਸਹਾਰਾ ਲੈਣ ਲਈ ਕਿਹਾ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ 'ਮੈਨੂੰ ਅਕਾਲੀ ਹੋਣ ਉਤੇ ਮਾਣ ਹੈ' ਨਾਅਰੇ ਵਾਲੇ ਸਟਿੱਕਰ ਤਿਆਰ ਕਰਾਏ ਗਏ ਹਨ, ਜਿਨ੍ਹਾਂ ਨੂੰ ਪਿੰਡਾਂ ਵਿਚ ਘਰਾਂ ਬਾਹਰ ਲਾਇਆ ਜਾਵੇ।

# ਬੰਗਲਾਦੇਸ਼ ਦੇ ਗੁਰੂ ਘਰਾਂ ਵਿਚ ਮਰਿਆਦਾ ਬਹਾਲੀ ਲਈ ਮੁਹਿੰਮ

**ਅੰਮ੍ਰਿਤਸਰ:** ਬੰਗਲਾਦੇਸ਼ ਦੇ ਇਤਿਹਾਸਕ ਗੁਰਦੁਆਰਿਆਂ ਦੀ ਦਸ਼ਾ ਅਤੇ ਦਿਸ਼ਾ ਸਬੰਧੀ ਸਥਿਤੀ ਜਾਨਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਵੱਲੋਂ ਬਣਾਈ ਗਈ ਸਬ-ਕਮੇਟੀ ਵੱਲੋਂ ਦਿੱਤੀ ਰਿਪੋਰਟ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਪ੍ਰਵਾਨ ਕਰ ਲਈ ਹੈ।

ਸ਼੍ਰੋਮਣੀ ਕਮੇਟੀ ਦੇ ਬੁਲਾਰੇ ਤੇ ਵਧੀਕ ਸਕੱਤਰ ਦਿਲਜੀਤ ਸਿੰਘ ਬੇਦੀ ਨੇ ਕਿਹਾ ਕਿ ਜਥੇਦਾਰ ਅਵਤਾਰ ਸਿੰਘ ਨੇ ਰਜਿੰਦਰ ਸਿੰਘ ਮਹਿਤਾ, ਮੋਹਣ ਸਿੰਘ ਬੰਗੀ, ਅੰਤ੍ਰਿੰਗ ਕਮੇਟੀ ਮੈਂਬਰ ਨਿਰਮੈਲ ਸਿੰਘ ਜੌਲਾ, ਸਤਨਾਮ ਸਿੰਘ ਧਨੋਆ ਤੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਡਾ. ਰੂਪ ਸਿੰਘ 'ਤੇ ਆਧਾਰਤ ਸਬ-ਕਮੇਟੀ ਬਣਾਈ ਸੀ। ਇਸ ਸਬ- ਕਮੇਟੀ ਵੱਲੋਂ ਦਿੱਤੀ ਗਈ ਰਿਪੋਰਟ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵੱਲੋਂ ਪ੍ਰਵਾਨ ਕਰ ਲਈ ਗਈ ਹੈ। ਸਬ-ਕਮੇਟੀ ਦੀ ਰਿਪੋਰਟ ਅਨੁਸਾਰ ਬੰਗਲਾਦੇਸ਼ ਵਿਚ ਦੇਸ਼ ਦੀ ਵੰਡ ਤੋਂ ਪਹਿਲਾਂ 35 ਇਤਿਹਾਸਕ ਗੁਰਦੁਆਰੇ ਸਨ, ਜਿਨ੍ਹਾਂ ਵਿਚੋਂ ਇਸ ਵੇਲੇ ਸਿਰਫ ਚਾਰ ਇਤਿਹਾਸਕ ਗੁਰਦੁਆਰਿਆਂ ਵਿਚ ਹੀ ਗੁਰੂ ਗ੍ਰੰਥ ਸਾਹਿਬ ਦਾ

### *ਸਬ ਕਮੇਟੀ ਵੱਲੋਂ ਦਿੱਤੀ ਰਿਪੋਰਟ 'ਤੇ ਅਮਲ ਸ਼ੁਰੂ*




ਪ੍ਰਕਾਸ਼ ਰੋਜ਼ਾਨਾ ਮਰਿਆਦਾ ਅਨੁਸਾਰ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਗੁਰਦੁਆਰਾ ਨਾਨਕਸ਼ਾਹੀ ਢਾਕਾ, ਜਿਸ ਦੇ ਕੰਪਲੈਕਸ ਵਿਚ ਢਾਕਾ ਯੂਨੀਵਰਸਿਟੀ ਸਥਾਪਤ ਕੀਤੀ ਗਈ ਸੀ, ਦੀ ਇਮਾਰਤ, ਨਿਵਾਸ, ਰਿਸਰਚ ਸੈਂਟਰ ਮਰਿਆਦਾ ਪੱਖੋਂ ਤਸੱਲੀਬਖ਼ਸ਼ ਹਨ। ਗੁਰਦੁਆਰਾ ਨਾਨਕਸ਼ਾਹੀ ਢਾਕਾ ਸਾਹਿਬ ਗੁਰੂ ਨਾਨਕ ਦੇਵ ਅਤੇ ਭਾਈ ਮਰਦਾਨਾ ਦੀ ਢਾਕਾ ਫੇਰੀ ਨਾਲ ਸਬੰਧਤ ਹੈ।

ਉਨ੍ਹਾਂ ਦੱਸਿਆ ਕਿ ਸਬ-ਕਮੇਟੀ ਦੀ ਰਿਪੋਰਟ ਅਨੁਸਾਰ ਬਾਕੀ ਗੁਰਦੁਆਰਿਆਂ ਦੀਆਂ ਇਮਾਰਤਾਂ ਦੀ ਹਾਲਤ ਬਹੁਤ ਖਸਤਾ ਹੈ। ਕੁਝ ਗੁਰਦੁਆਰਿਆਂ ਵਿਚ ਸਿਰਫ ਇਕ ਗ੍ਰੰਥੀ ਸਿੰਘ ਸੇਵਾ ਨਿਭਾ ਰਿਹਾ ਹੈ। ਇਨ੍ਹਾਂ ਗੁਰਦੁਆਰਿਆਂ ਵਿਚ ਹਿੰਦੂ ਪਰਿਵਾਰਾਂ ਦਾ ਕਬਜ਼ਾ ਹੈ। ਇਥੋਂ ਦੀ ਸਥਿਤੀ ਇਸ ਤਰ੍ਹਾਂ ਦੀ ਬਣੀ ਹੋਈ ਹੈ ਕਿ ਕਿਸੇ ਵੇਲੇ ਵੀ ਕੋਈ ਅਣਸੁਖਾਵੀਂ ਘਟਨਾ ਵਾਪਰ ਸਕਦੀ ਹੈ। ਇਨ੍ਹਾਂ ਗੁਰਦੁਆਰਿਆਂ ਵਿਚ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਕਰਨ ਦੀ ਸੇਵਾ ਈਸਵੀ ਤੋਂ ਬਾਅਦ ਵਿਚ ਸ਼ੁਰੂ ਹੋਈ ਸੀ, ਪਹਿਲਾਂ ਦੀ ਸਥਿਤੀ ਬਾਰੇ ਕੋਈ ਜਾਣਕਾਰੀ ਨਹੀਂ ਹੈ।

ਸਬ-ਕਮੇਟੀ ਨੇ ਆਪਣੀ ਰਿਪੋਰਟ ਵਿਚ ਸੁਝਾਅ ਦਿੰਦਿਆਂ ਕਿਹਾ ਕਿ ਇਨ੍ਹਾਂ ਸਾਰੇ ਗੁਰੂ-ਘਰਾਂ ਵਿਚ ਗ੍ਰੰਥੀ ਸਿੰਘ ਤੇ ਸੇਵਾਦਾਰ ਟੂਰਿਸਟ ਵੀਜ਼ੇ 'ਤੇ ਜਾਂਦੇ ਹਨ, ਪਰ ਇਨ੍ਹਾਂ ਦਾ ਵੀਜ਼ਾ ਮਿਸ਼ਨਰੀ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਇਨ੍ਹਾਂ ਗੁਰਦੁਆਰਿਆਂ ਵਿਚ ਮਰਿਆਦਾ ਬਹਾਲ ਰੱਖਣੀ ਹੈ ਤਾਂ ਪਾਕਿਸਤਾਨ ਵਾਂਗ ਘੱਟੋ-ਘੱਟ ਗੁਰੂ ਨਾਨਕ ਦੇਵ ਦੇ ਪ੍ਰਕਾਸ਼ ਦਿਹਾੜੇ, ਗੁਰੂ ਤੇਗ ਬਹਾਦਰ ਦੇ ਸ਼ਹੀਦੀ ਦਿਹਾੜੇ ਅਤੇ ਖ਼ਾਲਸਾ ਦੇ ਸਾਜਨਾ ਦਿਵਸ ਵਿਸਾਖੀ ਮੌਕੇ ਸ਼੍ਰੋਮਣੀ ਕਮੇਟੀ ਵੱਲੋਂ ਧਾਰਮਿਕ ਜਥੇ ਭੇਜਣ ਬਾਰੇ ਵਿਚਾਰ ਕਰਨੀ ਚਾਹੀਦੀ ਹੈ। ਸਬ-ਕਮੇਟੀ ਨੇ ਇਹ ਵੀ ਸੁਝਾਅ ਦਿੱਤਾ ਹੈ ਕਿ ਇਨ੍ਹਾਂ ਗੁਰੂ ਘਰਾਂ ਨੂੰ ਧਰਮ ਪ੍ਰਚਾਰ ਕਮੇਟੀ ਦੇ ਪੱਛਮੀ ਬੰਗਾਲ ਵਿਚ ਚੱਲ ਰਹੇ ਸਿੱਖ ਮਿਸ਼ਨ ਨਾਲ ਜੋੜਨਾ ਚਾਹੀਦਾ ਹੈ ਤਾਂ ਜੋ ਗੁਰੂ ਘਰਾਂ ਦੀ ਮਰਿਆਦਾ, ਪਰੰਪਰਾ ਤੇ ਰਵਾਇਤਾਂ ਨੂੰ ਬਹਾਲ ਰੱਖਿਆ ਜਾ ਸਕੇ। ਇਨ੍ਹਾਂ ਗੁਰੂ ਘਰਾਂ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਛਪਦੇ ਗੁਰਮਤਿ ਪ੍ਰਕਾਸ਼, ਗੁਰਮਤਿ ਗਿਆਨ ਅਤੇ ਗੁਰਦੁਆਰਾ ਗਜਟ ਨਿਰੰਤਰ ਮੁਫ਼ਤ ਭੇਜਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਇਤਿਹਾਸਕ ਗੁਰਦੁਆਰਿਆਂ ਦੀ ਸਾਂਭ-ਸੰਭਾਲ, ਮਰਿਆਦਾ, ਪਰੰਪਰਾਵਾਂ, ਰਵਾਇਤਾਂ ਤੇ ਇਤਿਹਾਸ ਨੂੰ ਸੰਭਾਲਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਗ੍ਰੰਥੀ ਸਿੰਘ, ਰਾਗੀ ਸਿੰਘ, ਲਾਂਗਰੀ ਸਿੰਘ ਤੇ ਸੇਵਾਦਾਰ ਭੇਜਣ ਦਾ ਪ੍ਰਬੰਧ ਤੇ ਉਨ੍ਹਾਂ ਦੀ ਤਨਖਾਹ ਆਦਿ ਸ਼੍ਰੋਮਣੀ ਕਮੇਟੀ ਵੱਲੋਂ ਦੇਣ ਦਾ ਸੁਝਾਅ ਵੀ ਰੱਖਿਆ ਗਿਆ ਹੈ।

ਸ੍ਰੀ ਬੇਦੀ ਨੇ ਕਿਹਾ ਕਿ ਸਬ-ਕਮੇਟੀ ਵੱਲੋਂ ਦਿੱਤੇ ਗਏ ਸੁਝਾਵਾਂ 'ਤੇ ਅਮਲ ਕਰਦਿਆਂ ਅੰਤ੍ਰਿੰਗ ਕਮੇਟੀ ਵੱਲੋਂ ਇਸ ਨੂੰ ਸਰਬਸੰਮਤੀ ਨਾਲ ਪ੍ਰਵਾਨਗੀ ਦੇ ਦਿੱਤੀ ਗਈ ਹੈ ਅਤੇ ਜਲਦੀ ਹੀ ਇਸ 'ਤੇ ਅਗਲੇਰੀ ਕਾਰਵਾਈ ਕੀਤੀ ਜਾਵੇਗੀ।

# ਹਿੰਦ-ਪਾਕਿ ਦਾ ਸਾਂਝਾ ਦੁਸ਼ਮਣ

ਤਾਹਿਰ ਮਹਿਮੂਦ

ਦਹਿਸ਼ਤਗਰਦੀ ਨੇ ਸੰਸਾਰ ਭਰ ਦਾ, ਖ਼ਾਸ ਤੌਰ 'ਤੇ ਦੱਖਣੀ ਏਸ਼ੀਆ ਦਾ ਦ੍ਰਿਸ਼ ਬਦਲ ਕੇ ਰੱਖ ਦਿੱਤਾ ਹੈ। ਪਾਕਿਸਤਾਨ, ਹਿੰਦੁਸਤਾਨ ਤੇ ਅਫ਼ਗਾਨਿਸਤਾਨ ਨੂੰ ਇਸ ਦੀ ਵੱਡੀ ਜਾਨੀ ਤੇ ਮਾਲੀ ਕੀਮਤ ਅਦਾ ਕਰਨੀ ਪੈ ਰਹੀ ਹੈ। ਮਾਸੂਮ ਨਿਰਦੋਸ਼ ਲੋਕ ਚਾਹੇ ਪਾਕਿਸਤਾਨੀ ਹੋਣ, ਹਿੰਦੁਸਤਾਨੀ ਜਾਂ ਅਫ਼ਗਾਨ ਤੇ ਜਾਂ ਫਿਰ ਦੁਨੀਆਂ ਭਰ ਦੇ ਦਹਿਸ਼ਤਗਰਦੀ ਤੋਂ ਪ੍ਰਭਾਵਿਤ ਹੋਰ ਮੁਲਕਾਂ ਦਾ ਭਾਈਚਾਰਾ, ਇਨ੍ਹਾਂ ਸਾਰਿਆਂ ਦਾ ਦੁੱਖ ਸਾਂਝਾ ਹੈ। ਇਹ ਸਭ ਖੌਫ਼ਨਾਕ ਦਹਿਸ਼ਤਗਰਦੀ ਦਾ ਸ਼ਿਕਾਰ ਹਨ, ਖ਼ਾਸ ਤੌਰ 'ਤੇ ਆਮ ਪਾਕਿਸਤਾਨੀ, ਇਸ ਦੇ ਨਾਲ-ਨਾਲ ਹਿੰਦੁਸਤਾਨੀ ਵੀ। ਇਹ ਨਾ ਕੀਤੇ ਹੋਏ ਗੁਨਾਹ ਦੀ ਸਜ਼ਾ ਭੁਗਤ ਰਹੇ ਹਨ।

ਹਿੰਦੁਸਤਾਨ ਦੇ ਸ਼ਹਿਰ ਮੁੰਬਈ 'ਤੇ ਦਹਿਸ਼ਤਗਰਦਾਂ ਦਾ ਖੂਨੀ ਹਮਲਾ, ਪਾਕਿਸਤਾਨ 'ਚ ਆਰਮੀ ਪਬਲਿਕ ਸਕੂਲ 'ਤੇ ਅਤਿਵਾਦੀਆਂ ਦਾ ਭਿਆਨਕ ਹਮਲਾ। ਦਹਿਸ਼ਤਗਰਦੀ ਦੀ ਖੌਫ਼ਨਾਕ ਅੱਗ ਭੜਕਾਉਣ ਵਾਲੇ ਇਹ ਸਭ ਦਹਿਸ਼ਤਗਰਦ ਦਰਅਸਲ ਇਕ ਹੀ ਹਨ ਤੇ ਇਨ੍ਹਾਂ ਦੀ ਮਾਨਸਿਕਤਾ ਵੀ ਇਕ ਹੀ ਹੈ। ਜੇ ਇਹ ਸਾਰੇ ਇਕ ਹਨ ਤੇ ਫਿਰ ਪਾਕਿ-ਹਿੰਦ ਦੇ ਕਰੋੜਾਂ ਅਮਨ ਦੇ ਖਾਹਿਸ਼ਮੰਦ ਇਕ ਕਿਉਂ ਨਹੀਂ ਹੋ ਰਹੇ? ਪਾਕਿਸਤਾਨ ਦਹਿਸ਼ਤਗਰਦਾਂ ਦਾ ਗੜ੍ਹ ਅਤੇ ਦਹਿਸ਼ਤਗਰਦੀ ਦਾ ਸ਼ਿਕਾਰ ਬਣਿਆ ਹੋਇਆ ਹੈ। ਇਸ ਦਹਿਸ਼ਤਗਰਦੀ ਦੀ ਬਦਨਾਮੀ ਤੇ ਸਜ਼ਾ ਆਮ ਪਾਕਿਸਤਾਨੀ ਭੁਗਤ ਰਿਹਾ ਹੈ। ਲੱਖਾਂ ਲੋਕ ਮਾਰੇ ਜਾ ਚੁੱਕੇ ਹਨ। ਅਰਬਾਂ ਦੀਆਂ ਜਾਇਦਾਦਾਂ ਤਬਾਹ ਹੋ ਚੁੱਕੀਆਂ ਹਨ। ਪਰਿਵਾਰਾਂ ਦੇ ਪਰਿਵਾਰ ਉਜੜ ਚੁੱਕੇ ਹਨ। ਬਚੇ ਹੋਏ ਘਰ ਵੀਰਾਨ ਹੋਏ ਪਏ ਹਨ। ਕੀ ਅਜਿਹੇ ਹਾਲਾਤ 'ਚ ਵਿਚਾਰੇ ਅਮਨਪ੍ਰਸਤ, ਪਰ ਮਜਬੂਰ ਹਿੰਦੁਸਤਾਨੀਆਂ ਨਾਲ ਮੇਲ-ਮਿਲਾਪ ਦੇ ਦਿਲ-ਓ-ਜਾਨ ਨਾਲ ਚਾਹਤਮੰਦਾਂ ਨੂੰ ਹਿੰਦੁਸਤਾਨ ਦੇ ਦੁਸ਼ਮਣਾਂ ਦੀ ਕਤਾਰ 'ਚ ਖੜ੍ਹਾ ਕਰਨਾ ਮੁਨਾਸਬ ਹੋਵੇਗਾ? ਅਮਨਪਸੰਦ ਤੇ ਦੋਸਤੀ ਦੇ ਚਾਹਵਾਨ ਇਸ ਤਬਕੇ ਨੂੰ ਤਨਹਾ ਕਰ ਦੇਣਾ, ਦਹਿਸ਼ਤਗਰਦਾਂ ਦੇ ਗੁਨਾਹਾਂ ਦੀ ਸਜ਼ਾ ਦੇ ਹੱਕਦਾਰ ਇਨ੍ਹਾਂ ਨੂੰ ਕਰਾਰ ਦੇ ਦੇਣਾ, ਕੀ ਇਹ ਇਨਸਾਫ਼ ਹੈ?

ਜੋ ਦਹਿਸ਼ਤਗਰਦ ਪਾਕਿਸਤਾਨੀਆਂ ਨੂੰ ਬਰਬਾਦ ਕਰ ਰਹੇ ਹਨ, ਉਹੀ ਹਿੰਦੁਸਤਾਨੀਆਂ ਨੂੰ ਹਰ ਤਰ੍ਹਾਂ ਦੇ ਜਾਨੀ ਤੇ ਮਾਲੀ ਨੁਕਸਾਨ ਪਹੁੰਚਾਉਣ ਦੀ ਰਾਹ 'ਤੇ ਤੁਰੇ ਹੋਏ ਹਨ। ਪਾਕਿਸਤਾਨ ਦੀਆਂ ਖੁਫ਼ੀਆ ਏਜੰਸੀਆਂ ਦਹਿਸ਼ਤਗਰਦਾਂ ਦੀ ਦਹਿਸ਼ਤਗਰਦੀ ਨੂੰ ਆਪਣੇ ਮੁਲਕ 'ਚ ਤਾਂ ਰੋਕ ਨਹੀਂ ਸਕੀਆਂ, ਸਰਹੱਦ ਤੋਂ ਪਾਰ ਜਾਣ ਤੋਂ ਦਹਿਸ਼ਤਗਰਦਾਂ ਨੂੰ ਰੋਕਣ ਦੀ ਸ਼ਕਤੀ ਇਨ੍ਹਾਂ 'ਚ ਕਿੱਥੋਂ ਆਉਣੀ? ਪਾਕਿਸਤਾਨ ਦੇ ਵਿੱਤ ਮੰਤਰੀ ਨੇ ਪਿਛਲੇ ਦਿਨੀਂ ਸੈਨੇਟ ਦੇ ਇਜਲਾਸ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ 10 ਦਹਿਸ਼ਤਗਰਦ ਸਰਹੱਦ ਪਾਰ ਕਰ ਕੇ ਹਿੰਦੁਸਤਾਨ ਇਲਾਕੇ 'ਚ ਦਾਖ਼ਲ ਹੋ ਗਏ ਹਨ। ਇਸ ਬਾਰੇ ਹਿੰਦੁਸਤਾਨੀ ਖੁਫ਼ੀਆ ਏਜੰਸੀਆਂ ਦੇ ਮੁਖੀਆਂ ਨਾਲ ਰਾਬਤਾ ਕਰ ਕੇ ਉਨ੍ਹਾਂ ਨੂੰ ਇਨ੍ਹਾਂ ਦਹਿਸ਼ਤਗਰਦਾਂ ਬਾਰੇ ਜਾਣਕਾਰੀ ਦੇ ਦਿੱਤੀ ਗਈ ਹੈ। ਇੰਜ ਪਾਕਿਸਤਾਨ ਦੀਆਂ ਖੁਫ਼ੀਆ ਏਜੰਸੀਆਂ ਨੇ ਹਿੰਦੁਸਤਾਨ ਖੁਫ਼ੀਆ ਏਜੰਸੀਆਂ ਨਾਲ ਦਹਿਸ਼ਤਗਰਦਾਂ ਬਾਰੇ ਜਾਣਕਾਰੀ ਲਈ ਆਪਸੀ ਰਾਬਤਿਆਂ ਦੀ ਉਸਾਰੀ ਸ਼ੁਰੂ ਕਰ ਦਿੱਤੀ ਹੈ।

ਦੋਵਾਂ ਮੁਲਕਾਂ ਵਿਚਕਾਰ ਜਦ ਵੀ ਅਮਨ ਤੇ ਆਪਸੀ ਰਾਬਤਿਆਂ ਦੀ ਬਹਾਲੀ ਲਈ ਗੱਲਬਾਤ ਦੇ ਸਿਲਸਿਲੇ ਦੀ ਸ਼ੁਰੂਆਤ ਹੁੰਦੀ ਹੈ, ਦਹਿਸ਼ਤਗਰਦੀ ਦੀ ਕੋਈ ਨਾ ਕੋਈ ਵੱਡੀ ਦੁਰਘਟਨਾ ਵਾਪਰ ਜਾਂਦੀ ਹੈ। ਇੰਜ ਦੋਵਾਂ ਮੁਲਕਾਂ ਦੀ ਲੀਡਰਸ਼ਿਪ ਆਸਾਨੀ ਨਾਲ ਇਸ ਸਾਜ਼ਿਸ਼ ਦਾ ਸ਼ਿਕਾਰ ਬਣ ਜਾਂਦੀ ਹੈ। ਦਹਿਸ਼ਤਗਰਦਾਂ ਨੇ ਖਿੱਤੇ 'ਚ ਦਹਿਸ਼ਤਗਰਦੀ ਦਾ ਮੈਦਾਨ ਬਣਾਇਆ ਹੋਇਆ ਹੈ। 'ਨਾ ਖੇਡਣਾ ਹੈ, ਨਾ ਖੇਡਣ ਦੇਣਾ'। ਪਤਾ ਨਹੀਂ ਇਹ ਖੇਡ ਕਦ ਤੱਕ ਚਲਦੀ ਰਹੇਗੀ। ਕੀ ਇਹ ਸਮਝਿਆ ਜਾਏ ਕਿ ਇਸ ਖਿੱਤੇ ਦੇ ਲੀਡਰ ਦਹਿਸ਼ਤਗਰਦਾਂ ਨੂੰ ਇਸ ਮੈਦਾਨ 'ਚ ਕਰਾਰੀ ਹਾਰ ਦੇਣ ਦੇ ਕਾਬਲ ਨਹੀਂ ਰਹੇ? ਪਾਕਿਸਤਾਨ ਅੰਦਰ ਦਹਿਸ਼ਤਗਰਦੀ ਦੀ ਖੌਫ਼ਨਾਕ ਅੱਗ ਲਗਦਾ ਹੈ ਹਾਲੇ ਹੋਰ ਆਉਣ ਵਾਲੇ 40 ਸਾਲਾਂ ਤੱਕ ਬਲਦੀ ਰਹੇਗੀ। ਪਾਕਿਸਤਾਨ ਅੰਦਰ ਜਹਾਦੀ ਤਨਜ਼ੀਮਾਂ ਦੀ ਜੋ ਮਾਨਸਿਕਤਾ ਜਹਾਦ ਬਾਰੇ ਬਣ ਚੁੱਕੀ ਹੈ ਤੇ ਇਸ ਸਿਲਸਿਲੇ 'ਚ ਜੋ ਇਨਸਾਨੀ ਪਨੀਰੀ ਬੀਜੀ ਜਾ ਰਹੀ ਹੈ, ਉਸ ਇਨਸਾਨੀ ਪਨੀਰੀ ਨੂੰ ਜੜ੍ਹੋਂ ਪੁੱਟਣ ਲਈ ਆਉਣ ਵਾਲੀ ਅਗਲੀ ਪੀੜ੍ਹੀ ਦੀ ਪੂਰੀ ਜ਼ਿੰਦਗੀ ਲੱਗ ਸਕਦੀ ਹੈ।

ਪਾਕਿਸਤਾਨ ਅੰਦਰ ਮੁਲਕ ਦੇ ਫ਼ੌਜੀ ਤੇ ਧਾਰਮਿਕ ਲੀਡਰਾਂ ਨੇ ਸਾਮਰਾਜੀ ਤਾਕਤਾਂ ਅਮਰੀਕਾ ਤੇ ਬਰਤਾਨੀਆ ਦੇ ਹੁਕਮ 'ਤੇ ਜੋ ਜਹਾਦੀ ਬੀਜ ਲਾ ਕੇ ਫ਼ਸਲ ਉਗਾਈ ਸੀ, ਉਹੀ ਹੁਣ ਵੱਢਣੀ ਪੈ ਰਹੀ ਹੈ। ਸਾਡੇ ਦੋਵਾਂ ਮੁਲਕਾਂ ਦੇ ਲੀਡਰਾਂ ਨੂੰ ਦਹਿਸ਼ਤਗਰਦੀ ਦੇ ਤਿਆਰ ਹੋਏ ਇਸ ਖੂਨੀ ਹਨੇਰੇ ਜੰਗਲ ਵਿਚੋਂ ਹੀ ਅਮਨ ਦੀ ਰੌਸ਼ਨੀ ਲੱਭਣੀ ਪਵੇਗੀ। ਅਮਨ ਦੇ ਚਾਹਵਾਨ ਤੇ ਮੇਲ-ਮਿਲਾਪ ਦੇ ਖਾਹਿਸ਼ਮੰਦ ਪਾਕਿਸਤਾਨੀ-ਹਿੰਦੁਸਤਾਨੀ ਭਾਈਚਾਰੇ ਅੱਗੇ ਰੋਕਾਂ-ਟੋਕਾਂ ਦੇ ਕਾਨੂੰਨ ਦੀਆਂ ਕੰਧਾਂ ਖੜ੍ਹੀਆਂ ਕਰਨਾ ਕਿਸੇ ਵੀ ਮਸਲੇ ਦਾ ਕੋਈ ਹੱਲ ਨਹੀਂ ਹੈ। ਨਾ ਹੀ ਇੰਜ ਕਰਨ ਨਾਲ ਇਸ ਖਿੱਤੇ ਵਿਚੋਂ ਦਹਿਸ਼ਤਗਰਦੀ ਖ਼ਤਮ ਕਰਨ 'ਚ ਕੋਈ ਮਦਦ ਮਿਲੇਗੀ। ਅਜਿਹੀ ਨੀਤੀ ਨਾਲ ਦੋਵਾਂ ਮੁਲਕਾਂ 'ਚ ਧਾਰਮਿਕ ਨਫ਼ਰਤ ਤੇ ਇੰਤਹਾਪਸੰਦੀ ਹੋਰ ਵਧੇਗੀ। ਤਹਿਜ਼ੀਬਾਂ ਦਾ ਆਪਸੀ ਟਕਰਾਅ, ਧਾਰਮਿਕ ਵਿਚਾਰਾਂ ਦਾ ਆਪਸੀ ਭੇੜ, ਆਪਸੀ ਨਫ਼ਰਤਾਂ ਦੀ ਅੱਗ ਨੂੰ ਜਨਮ ਦੇ ਸਕਦਾ ਹੈ ਜੋ ਹਿੰਦੁਸਤਾਨ ਦੀ ਅਖੰਡਤਾ ਤੇ ਪਾਕਿਸਤਾਨ ਦੀ ਸਲਾਮਤੀ ਲਈ ਵੱਡਾ ਖ਼ਤਰਾ ਬਣ ਸਕਦਾ ਹੈ।

ਜਜ਼ਬਾਤੀ ਹੋਈ ਹਿੰਦੁਸਤਾਨੀ ਸਰਕਾਰ ਪਾਕਿਸਤਾਨ ਨੂੰ ਹੱਦੋਂ ਬਾਹਰਾ ਜ਼ਖ਼ਮ ਲਾ ਦਏ; ਇਹ ਅਮਰੀਕਾ ਤੇ ਬਰਤਾਨੀਆ ਦੀ ਇਸ ਖਿੱਤੇ ਬਾਰੇ ਨੀਤੀ ਦੇ ਖਿਲਾਫ਼ ਹੈ, ਕਿਉਂਕਿ ਜੇ ਇੰਜ ਹੋ ਗਿਆ, ਫਿਰ ਤਾਂ ਹਿੰਦੁਸਤਾਨ ਦੁਨੀਆ ਦੇ ਬਹੁਤ ਵੱਡੇ ਖਿੱਤੇ ਦਾ ਚੌਧਰੀ ਬਣ ਜਾਏਗਾ। ਅਜਿਹੀ ਨੀਤੀ ਸਾਮਰਾਜੀ ਤਾਕਤਾਂ ਨੂੰ ਕਬੂਲ ਨਹੀਂ ਹੈ।

ਜੇ ਹਿੰਦੁਸਤਾਨ ਨੂੰ ਏਸ਼ੀਆ ਜਾਂ ਇਸ ਤੋਂ ਵੀ ਵੱਡੇ ਖਿੱਤੇ ਦਾ ਪ੍ਰਧਾਨ ਬਣਨ ਦੇਣਾ ਹੁੰਦਾ ਤਾਂ ਫਿਰ ਸੰਸਾਰ ਦੀਆਂ ਸਾਮਰਾਜੀ ਤਾਕਤਾਂ ਪਾਕਿਸਤਾਨ ਨੂੰ ਐਟਮੀ ਤਾਕਤ ਨਾ ਬਣਨ ਦਿੰਦੀਆਂ। ਬਲਕਿ ਤਕਸੀਮ-ਏ-ਹਿੰਦ ਹੀ ਕਦੀ ਅਮਲੀ ਰੂਪ ਨਾ ਧਾਰਦੀ। ਤਕਸੀਮ-ਏ-ਹਿੰਦ ਪਿਛਲਾ ਫ਼ਲਸਫ਼ਾ ਹੀ ਇਹ ਹੈ ਕਿ ਮਰਦੇ ਰਹੋ, ਮਾਰਦੇ ਰਹੋ, ਆਪਸ 'ਚ ਲੜਦੇ ਰਹੋ, ਗੁਰਬਤ ਤੇ ਨਫ਼ਰਤ ਦੇ ਜੰਗਲ 'ਚ ਭਟਕਦੇ ਰਹੋ, ਪਰ ਸਾਡੇ ਗੁਲਾਮ ਬਣੇ ਰਹੋ। ਪਾਕਿ-ਹਿੰਦ ਵਿਚਕਾਰ ਦੋਸਤਾਨਾ ਸਬੰਧਾਂ ਤੇ ਖੁਸ਼ਹਾਲੀ ਦੇ ਦੁਸ਼ਮਣ ਬਹੁਤ ਚਲਾਕ ਤੇ ਸ਼ਕਤੀਸ਼ਾਲੀ ਹਨ। ਹਿੰਦ-ਪਾਕਿ ਖਿੱਤੇ ਦੇ ਲੀਡਰ ਲਗਾਤਾਰ ਇਨ੍ਹਾਂ ਦੀਆਂ ਸਾਜ਼ਿਸ਼ਾਂ ਦਾ ਸ਼ਿਕਾਰ ਬਣ ਰਹੇ ਹਨ ਤੇ ਜਾਣੇ-ਅਨਜਾਣੇ 'ਚ ਉਹ ਉਹੋ ਕੁਝ ਹੀ ਕਰ ਰਹੇ ਹਨ ਜੋ ਇਸ ਖਿੱਤੇ ਦੀਆਂ ਅਮਨ-ਦੁਸ਼ਮਣ ਤੇ ਦਹਿਸ਼ਤਗਰਦਾਂ ਦੀਆਂ ਹਮਾਇਤੀ ਤਾਕਤਾਂ ਚਾਹੁੰਦੀਆਂ ਹਨ। ਇਸ ਖਿੱਤੇ ਦੇ ਆਮ ਲੋਕ ਵੀ ਜਜ਼ਬਾਤ ਦਾ ਸ਼ਿਕਾਰ ਬਣ ਕੇ ਦੋਸਤਾਂ ਨੂੰ ਦੁਸ਼ਮਣ ਸਮਝਣ ਲੱਗ ਪੈਂਦੇ ਹਨ। ਇੰਜ ਦੋਸਤਾਨਾ ਸਬੰਧਾਂ ਦੀ ਬਹਾਲੀ ਹੋਰ ਮੁਸ਼ਕਿਲ ਹੋ ਜਾਂਦੀ ਹੈ। ਸਾਰੀ ਫ਼ਿਜ਼ਾ ਹੀ ਕੌੜਾਂ ਤੇ ਨਫ਼ਰਤਾਂ ਨਾਲ ਭਰਪੂਰ ਬਣ ਜਾਂਦੀ ਹੈ ਤੇ ਅਮਨ ਬਾਰੇ ਇਕ ਹੀ ਲਮਹੇ 'ਚ ਕੀਤਾ ਕਰਾਇਆ ਸਭ ਕੁਝ ਖੂਹ 'ਚ ਪੈ ਜਾਂਦਾ ਹੈ।

ਮੈਂ ਪਾਕਿਸਤਾਨ ਦੇ ਉਨ੍ਹਾਂ ਕਰੋੜਾਂ ਪਾਕਿਸਤਾਨੀਆਂ ਦੇ ਵਿਚਾਰਾਂ ਦੀ ਤਰਜਮਾਨੀ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ, ਜੋ ਹਿੰਦੁਸਤਾਨ ਨਾਲ ਅਮਨ-ਤਿਜਾਰਤ ਤੇ ਮਸਲਿਆਂ ਦੇ ਹੱਲ ਲਈ ਦਿਲ-ਓ-ਜਾਨ ਨਾਲ ਚਾਹਤਮੰਦ ਹਨ। ਹਿੰਦੁਸਤਾਨ ਦੇ ਮੀਡੀਆ, ਅਮਨ ਦੇ ਚਾਹਵਾਨ ਬਹੁ-ਗਿਣਤੀ ਹਿੰਦੁਸਤਾਨੀਆਂ ਅੱਗੇ ਬੇਨਤੀ ਹੈ ਕਿ ਉਹ ਹਿੰਦੁਸਤਾਨ ਅੰਦਰ ਭੜਕੀ ਹੋਈ ਇਨਸਾਨੀ ਨਫ਼ਰਤ ਤੇ ਗੁੱਸੇ ਦੇ ਜਜ਼ਬਾਤ ਜਿਸ ਦਾ ਰੁਖ਼ ਆਮ ਪਾਕਿਸਤਾਨੀਆਂ ਵੱਲ ਵਧ ਰਿਹਾ ਹੈ, ਨੂੰ ਠੰਢਾ ਕਰਨ 'ਚ ਆਪਣਾ ਕਿਰਦਾਰ ਨਿਭਾਉਣ।

ਦਰਅਸਲ ਹਿੰਦੁਸਤਾਨ ਤੇ ਪਾਕਿਸਤਾਨ ਇਕ ਹੀ ਖਿੱਤਾ ਹੈ। ਤਾਰਾਂ ਲੱਗਣ ਨਾਲ ਜੁਗਰਾਫੀਆ ਨਹੀਂ ਬਦਲ ਸਕਦਾ, ਨਾ ਹੀ ਮੌਸਮ ਤੇ ਨਾ ਹੀ ਰਸਮੋ-ਰਿਵਾਜ ਤੇ ਨਾ ਹੀ ਸੋਚਣ ਦੇ ਅੰਦਾਜ਼ ਬਦਲ ਸਕਦੇ ਹਨ। ਪਹਿਲਾਂ ਅਸੀਂ ਮੁਹੱਬਤਾਂ ਨੂੰ ਸਜ਼ਾਵਾਂ ਦੇ ਕੇ ਮਾਰ ਦਿੰਦੇ ਹਾਂ, ਫਿਰ ਉਸ ਨੂੰ ਦਫ਼ਨ ਕਰ ਕੇ ਉਸ ਉਪਰ ਮਜ਼ਾਰ ਬਣਾ ਕੇ ਮੇਲੇ ਲਾਉਂਦੇ ਹਾਂ। ਫਿਰ ਹੱਥੀਂ ਮਾਰੀਆਂ ਮੁਹੱਬਤਾਂ ਦੀ ਯਾਦ 'ਚ ਸੋਗਮਈ ਗੀਤ ਗਾਉਂਦੇ ਹਾਂ, ਰੋਂਦੇ ਤੇ ਪਛਤਾਉਂਦੇ ਵੀ ਹਾਂ, ਪਰ ਇਸ ਗੁਜ਼ਰੇ ਇਤਿਹਾਸ ਤੋਂ ਅਸੀਂ ਕੁਝ ਵੀ ਨਹੀਂ ਸਿਖਦੇ। ਜੋ ਗ਼ਲਤੀਆਂ ਅਸੀਂ ਗੁਜ਼ਰੇ ਸਮੇਂ 'ਚ ਕਰਦੇ ਹਾਂ, ਭਵਿੱਖ 'ਚ ਵੀ ਉਹੋ ਹੀ ਦੁਹਰਾਉਂਦੇ ਹਾਂ। ਹਿੰਦ-ਪਾਕਿ ਦੇ ਲੋਕਾਂ ਦੀ ਇਹੋ ਫ਼ਿਤਰਤ ਬਣ ਚੁੱਕੀ ਹੈ। ਆਓ, ਰਲ ਕੇ ਇਸ ਫ਼ਿਤਰਤ ਨੂੰ ਬਦਲਣ ਲਈ ਹਰ ਸੰਭਵ ਯਤਨ ਕਰੀਏ।

## ਜੀ.ਕੇ. ਵੱਲੋਂ ਕਨ੍ਹੱਈਆ ਦੀ ਸਿੱਖ ਕਤਲੇਆਮ ਬਾਰੇ ਟਿੱਪਣੀ ਦੀ ਆਲੋਚਨਾ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਦਿੱਲੀ ਇਕਾਈ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੀ ਸਟੂਡੈਂਟਸ ਯੂਨੀਅਨ ਦੇ ਪ੍ਰਧਾਨ ਕਨ੍ਹੱਈਆ ਕੁਮਾਰ ਵੱਲੋਂ 1984 ਸਿੱਖ ਕਤਲੇਆਮ ਨੂੰ ਬੇਕਾਬੂ ਭੀੜ ਦਾ ਗੁੱਸਾ ਕਰਾਰ ਦੇਣ 'ਤੇ ਉਨ੍ਹਾਂ ਨੂੰ ਕਰੜੇ ਹੱਥੀਂ ਲਿਆ ਹੈ।

ਉਨ੍ਹਾਂ ਕਨ੍ਹੱਈਆ ਨੂੰ ਨਾ-ਸਮਝ ਅਤੇ ਕਾਂਗਰਸ ਸਮਰਥਕ ਵੀ ਕਰਾਰ ਦਿੱਤਾ। ਉਨ੍ਹਾਂ ਨੇ ਸਵਾਲ ਕੀਤਾ ਕਿ ਜਿਸ ਦਾ ਜਨਮ ਹੀ 1984 ਤੋਂ ਬਾਅਦ ਹੋਇਆ ਹੋਵੇ, ਉਹ ਇਸ ਕਤਲੇਆਮ ਦੇ ਬਾਰੇ ਕੀ ਜਾਣਦਾ ਹੈ?

ਕਾਂਗਰਸੀ ਆਗੂ ਸ਼ਸ਼ੀ ਥਰੂਰ ਵੱਲੋਂ ਬੀਤੇ ਦਿਨੀਂ ਕਨ੍ਹੱਈਆ ਨੂੰ ਭਗਤ ਸਿੰਘ ਦੱਸਣ 'ਤੇ ਆਪਣਾ ਪ੍ਰਤੀਕਰਮ ਦਿੰਦੇ ਹੋਏ ਸ. ਜੀ.ਕੇ. ਨੇ ਕਿਹਾ ਕਿ ਕਨੱਈਆ ਭਗਤ ਸਿੰਘ ਦੇ ਚਰਨਾਂ ਦੀ ਧੂੜ ਬਰਾਬਰ ਵੀ ਨਹੀਂ। ਉਸ ਨੂੰ ਨਸੀਹਤ ਦਿੰਦੇ ਹੋਏ ਸ. ਜੀ.ਕੇ. ਨੇ ਸੰਸਾਰ ਦੀ ਇਕਲੌਤੀ ਵਿਧਵਾ ਕਾਲੋਨੀ ਤਿਲਕ ਵਿਹਾਰ ਬਣਨ ਦਾ ਮੂਲ ਕਾਰਨ ਰਾਜੀਵ ਗਾਂਧੀ ਨੂੰ ਦੱਸਿਆ। ਉਨ੍ਹਾਂ ਕਿਹਾ ਕਿ ਜੇ 1984 ਵਿਚ ਬੇਕਾਬੂ ਭੀੜ ਨੇ ਕਤਲੇਆਮ ਕੀਤਾ ਸੀ ਤੇ ਸੱਜਣ ਕੁਮਾਰ, ਜਗਦੀਸ਼ ਟਾਈਟਲਰ, ਐਚ.ਕੇ.ਐਲ. ਭਗਤ ਤੇ ਧਰਮਦਾਸ ਸ਼ਾਸਤਰੀ ਉਸ ਬੇਕਾਬੂ ਭੀੜ ਦਾ ਹਿੱਸਾ ਸੀ ਜਾਂ ਨਹੀਂ, ਇਹ ਵੀ ਕਨ੍ਹੱਈਆ ਨੂੰ ਸਾਫ਼ ਕਰਨਾ ਚਾਹੀਦਾ ਹੈ। ਜੋ ਖੁਦ ਅਦਾਲਤ 'ਚ ਦੇਸ਼ ਧਰੋਹ ਦੇ ਕੇਸ ਵਿਚ ਕਾਨੂੰਨੀ ਕਾਰਜਪ੍ਰਣਾਲੀ ਦੀ ਜਾਂਚ ਦਾ ਹਿੱਸਾ ਹੋਵੇ, ਉਹ ਦੂਜਿਆ ਨੂੰ ਬੇਗੁਨਾਹੀ ਦੇ ਸਰਟੀਫਿਕੇਟ ਵੰਡਣ ਦੀ ਕੋਸ਼ਿਸ਼ ਨਾ ਕਰੇ।

## ਪ੍ਰੇਮਿਕਾ ਨੂੰ ਮਿਲਣ ਲਈ ਜਹਾਜ਼ ਅਗਵਾ

**ਲਾਰਨਾਕਾ (ਸਾਈਪ੍ਰਸ):** ਮਾਨਸਿਕ ਤੌਰ 'ਤੇ ਬਿਮਾਰ ਇਕ ਵਿਅਕਤੀ ਵੱਲੋਂ ਮਿਸਰ ਦੇ ਜਹਾਜ਼ ਨੂੰ ਅਗਵਾ ਕਰ ਕੇ ਸਾਈਪ੍ਰਸ ਲਿਜਾਣ ਦਾ ਮਾਮਲਾ ਅਗਵਾਕਾਰ ਦੀ ਗ੍ਰਿਫ਼ਤਾਰੀ ਨਾਲ ਖ਼ਤਮ ਹੋ ਗਿਆ। ਜਹਾਜ਼ ਵਿਚ ਸਵਾਰ ਸਾਰੇ ਮੁਸਾਫ਼ਰ ਤੇ ਅਮਲੇ ਦੇ ਮੈਂਬਰ ਸੁਰੱਖਿਅਤ ਹਨ।

ਮਿਸਰ ਦਾ ਜਹਾਜ਼ ਅਲੈਗਜ਼ਾਂਦਰੀਆ ਤੋਂ ਕਾਹਿਰਾ ਜਾ ਰਿਹਾ ਸੀ ਜਦੋਂ ਮਿਸਰ ਵਾਸੀ ਅਗਵਾਕਾਰ ਨੇ ਨੇੜਲੇ ਕੰਟਰੋਲ ਟਾਵਰ ਨੂੰ ਧਮਾਕਾਖੇਜ਼ ਬੈਲਟ ਨਾਲ ਜਹਾਜ਼ ਉਡਾਉਣ ਦੀ ਧਮਕੀ ਦੇ ਕੇ ਇਸ ਨੂੰ ਸਾਈਪ੍ਰਸ ਵੱਲ ਮੋੜਨ ਲਈ ਕਿਹਾ। ਸਾਈਪ੍ਰਸ ਦੇ ਦੱਖਣ ਸਾਹਿਲੀ ਖੇਤਰ ਲਾਰਨਾਕਾ ਦੇ ਹਵਾਈ ਅੱਡੇ 'ਤੇ ਜਹਾਜ਼ ਉਤਰਨ ਤੋਂ ਫੌਰੀ ਬਾਅਦ ਅਗਵਾਕਾਰ ਨੇ ਕੁਝ ਮੁਸਾਫ਼ਰਾਂ ਨੂੰ ਰਿਹਾ ਕਰ ਦਿੱਤਾ ਜਦਕਿ ਕੁਝ ਘੰਟਿਆਂ ਦੇ ਡਰਾਮੇ ਪਿਛੋਂ ਖੁਦ ਨੂੰ ਵੀ ਪੁਲੀਸ ਹਵਾਲੇ ਕਰ ਦਿੱਤਾ।

WEBSITE - DHOLRADIO.CO
DHOL RADIO
ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ
ਹੁਣ ਸ਼ਿਕਾਗੋ ਤੋਂ
REQUEST SONG
MUSIC 24/7
LISTEN ON PHONE
Application For Android and iPhone - Dhol Radio
LIVE CALLS → USA 951-824-6365
skype - DHOLRADIO.ORG
LISTEN BY CALL → USA 702-489-0211
Sukhpal Gill 10 pm to 12 am (IST)
Puran singh waraich 2:30 pm to 4 pm (IST)

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.547.9210
FAX: 209.547.9211
www.gfbontime.com, raj@gfbontime.com

REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211

REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

ਪੰਜਾਬ ਟਾਈਮਜ਼

*ਸਨਿਚਰਵਾਰ, 2 ਅਪਰੈਲ 2016*

## ਬਰਨੀ ਸੈਂਡਰਜ਼ ਦਾ ਵਰਤਾਰਾ

ਅਮਰੀਕਾ ਵਿਚ ਰਾਸ਼ਟਰਪਤੀ ਦੇ ਅਹੁਦੇ ਲਈ ਡੈਮੋਕਰੈਟਿਕ ਪਾਰਟੀ ਅਤੇ ਰਿਪਬਲਿਕਨ ਪਾਰਟੀ ਦੇ ਉਮੀਦਵਾਰਾਂ ਦੀ ਨਾਮਜ਼ਦਗੀ ਦਾ ਸਮਾਂ ਜਿਉਂ-ਜਿਉਂ ਨੇੜੇ ਆ ਰਿਹਾ ਹੈ, ਸਿਆਸੀ ਪਿੜ ਨਿੱਤ ਨਵਾਂ ਰੰਗ ਬਦਲ ਰਿਹਾ ਹੈ। ਰਿਪਬਲਿਕਨ ਪਾਰਟੀ ਵੱਲੋਂ ਮੁੱਖ ਦਾਅਵੇਦਾਰ ਡੋਨਲਡ ਟਰੰਪ ਦੀ ਕਹਾਣੀ ਤਾਂ ਹੈ ਹੀ ਨਿਰਾਲੀ, ਪਰ ਡੈਮੋਕਰੈਟਿਕ ਪਾਰਟੀ ਵੱਲੋਂ ਅਹਿਮ ਦਾਅਵੇਦਾਰ ਵਰਮੌਂਟ ਦੇ ਸੈਨੇਟਰ ਬਰਨੀ ਸੈਂਡਰਜ਼ ਦਾ ਜੋ ਵਰਤਾਰਾ ਤੇ ਕ੍ਰਿਸ਼ਮਾ ਸਾਹਮਣੇ ਆਇਆ ਹੈ, ਉਹ ਕਈ ਦਹਾਕਿਆਂ ਬਾਅਦ ਦੇਖਣ ਨੂੰ ਮਿਲਿਆ ਹੈ। ਨਾਮਜ਼ਦਗੀਆਂ ਦੇ ਇਨ੍ਹਾਂ ਸਮਾਗਮਾਂ ਦੀ ਕਵਰੇਜ ਕਰਨ ਵਾਲੇ ਸਭ ਪੱਤਰਕਾਰਾਂ ਦੀ ਇਹ ਇਕ ਰਾਏ ਹੈ ਕਿ ਜੇ ਕਿਤੇ ਡੋਨਲਡ ਟਰੰਪ ਸੀਨ 'ਤੇ ਨਾ ਹੁੰਦਾ ਤਾਂ ਅਮਰੀਕਾ ਵਿਚ ਇਸ ਸਾਲ ਦੀ ਸਭ ਤੋਂ ਵੱਡੀ ਸਟੋਰੀ, ਬਰਨੀ ਸੈਂਡਰਜ਼ ਦੀ ਹੀ ਹੋਣੀ ਸੀ। ਹੁਣ ਤੱਕ ਆਮ ਰਾਏ ਇਹੀ ਸੀ ਕਿ ਡੈਮੋਕਰੈਟਿਕ ਪਾਰਟੀ ਵੱਲੋਂ ਮੁੱਖ ਦਾਅਵੇਦਾਰ ਸਾਬਕਾ ਵਿਦੇਸ਼ ਮੰਤਰੀ ਹਿਲਰੀ ਕਲਿੰਟਨ ਹੀ ਹੈ, ਪਰ ਮਾਰਚ ਮਹੀਨੇ ਦੀ ਸਮਾਪਤੀ ਤੱਕ ਚੋਣ ਪਿੜ ਕੁਝ ਹੋਰ ਸੁਨੇਹਾ ਵੀ ਦੇ ਰਿਹਾ ਹੈ ਅਤੇ ਡੈਲੀਗੇਟ ਹਾਸਲ ਕਰਨ ਦੇ ਮਾਮਲੇ ਵਿਚ ਕਾਫੀ ਪਿੱਛੇ ਹੋਣ ਦੇ ਬਾਵਜੂਦ, ਬਰਨੀ ਸੈਂਡਰਜ਼ ਨੇ ਹਿਲਰੀ ਕਲਿੰਟਨ ਦੀ ਨਾਮਜ਼ਦਗੀ 'ਤੇ ਸਵਾਲੀਆ ਨਿਸ਼ਾਨ ਲਗਾ ਦਿੱਤਾ ਹੈ। ਸੁਪਰ ਡੈਲੀਗੇਟਸ ਦੀ ਮਦਦ ਨਾਲ ਸੰਭਵ ਹੈ ਕਿ ਹਿਲਰੀ ਕਲਿੰਟਨ ਪਾਰਟੀ ਨਾਮਜ਼ਦਗੀ ਹਾਸਲ ਕਰਨ ਵਿਚ ਕਾਮਯਾਬ ਹੋ ਜਾਵੇ, ਪਰ ਜਿਹੜਾ 'ਸਿਆਸੀ ਇਨਕਲਾਬ' ਬਰਨੀ ਸੈਂਡਰਜ਼ ਦੀ ਨਾਮਜ਼ਦਗੀ ਮੁਹਿੰਮ ਦੌਰਾਨ ਸਾਹਮਣੇ ਆਇਆ ਹੈ, ਉਸ ਨੇ ਸਭ ਸਿਆਸੀ ਦਰਸ਼ਕਾਂ ਅਤੇ ਮਾਹਿਰਾਂ ਨੂੰ ਹੈਰਾਨ ਕਰ ਦਿੱਤਾ ਹੈ। ਸਭ ਇਹੀ ਚਰਚਾ ਕਰਨ ਵਿਚ ਰੁੱਝੇ ਹਨ ਕਿ 20ਵੀਂ ਸਦੀ ਦੇ ਦੂਜੇ ਦਹਾਕੇ ਦੌਰਾਨ ਕੋਈ ਬਰਨੀ ਸੈਂਡਰਜ਼, ਇਉਂ ਸਿਆਸੀ ਪਿੜ ਵਿਚ ਪੈਂਠ ਵੀ ਪਾ ਸਕਦਾ ਹੈ? ਬਰਨੀ ਸੈਂਡਰਜ਼ ਨੇ ਆਪਣੀ ਮੁਹਿੰਮ ਦੀ ਸ਼ੁਰੂਆਤ 'ਸਿਆਸੀ ਇਨਕਲਾਬ' ਦੇ ਸੱਦੇ ਨਾਲ ਕੀਤੀ ਸੀ। ਉਸ ਨੇ ਸਪਸ਼ਟ ਕਿਹਾ ਸੀ ਕਿ ਧਨਾਢਾਂ ਨੇ ਮੁਲਕ ਦਾ ਸਿਆਸੀ ਸਿਸਟਮ ਅਗਵਾ ਕਰ ਲਿਆ ਹੈ, ਹੁਣ ਨਵੀਂ ਸ਼ੁਰੂਆਤ ਕੀਤੀ ਜਾਣੀ ਚਾਹੀਦੀ ਹੈ। ਉਸ ਦੇ ਇਸ ਸੱਦੇ ਨੂੰ ਬੇਮਿਸਾਲ ਹੁੰਗਾਰਾ ਮਿਲਿਆ। ਇਸ ਤੋਂ ਬਾਅਦ ਜਿਉਂ-ਜਿਉਂ ਨਾਮਜ਼ਦਗੀ ਮੁਹਿੰਮ ਅਗਾਂਹ ਵਧਦੀ ਗਈ, ਬਰਨੀ ਸੈਂਡਰਜ਼ ਜੋ ਖੁਦ ਨੂੰ ਜਮਹੂਰੀ ਸਮਾਜਵਾਦੀ ਆਖਦਾ ਹੈ, ਉਸ ਦੇ 'ਸਿਆਸੀ ਇਨਕਲਾਬ' ਦਾ ਸੁਨੇਹਾ ਵੀ ਮੌਲਦਾ ਰਿਹਾ। ਉਸ ਨੇ ਜਦੋਂ ਲੋਕਾਂ ਨੂੰ ਜਚਾਇਆ ਕਿ ਜਮਹੂਰੀ ਸਿਸਟਮ ਧਨਾਢਾਂ ਲਈ ਨਹੀਂ ਸੀ ਬਣਿਆ, ਤਾਂ ਉਸ ਦੇ ਕਾਫਲੇ ਵਿਚ ਲੋਕ, ਖਾਸ ਕਰ ਕੇ ਨੌਜਵਾਨ ਤੇ ਔਰਤਾਂ ਵੱਡੀ ਗਿਣਤੀ ਵਿਚ ਜੁੜਦੇ ਗਏ।

ਵਾਸ਼ਿੰਗਟਨ, ਅਲਾਸਕਾ ਅਤੇ ਹਵਾਈ ਦੇ ਚੋਣ ਪਿੜ ਵਿਚ ਜਿਸ ਤਰ੍ਹਾਂ ਉਸ ਨੇ ਹਿਲਰੀ ਕਲਿੰਟਨ ਨੂੰ ਲਤਾੜਿਆ ਹੈ, ਚੋਣ ਮਾਹਿਰ ਇਹ ਕਹਿਣ ਲੱਗ ਪਏ ਹਨ ਕਿ ਹੁਣ ਡੈਮੋਕਰੇਟਿਕ ਪਾਰਟੀ ਦੇ ਸੁਪਰ ਡੈਲੀਗੇਟਸ ਲਈ ਸੰਕਟ ਵਧਣ ਵਾਲਾ ਹੈ। ਤਕਰੀਬਨ ਸਾਰੇ ਸੁਪਰ ਡੈਲੀਗੇਟ ਇਸ ਵੇਲੇ ਹਿਲਰੀ ਕਲਿੰਟਨ ਦੇ ਪੱਖ ਵਿਚ ਖੜ੍ਹੇ ਹਨ, ਪਰ ਜੇ ਬਰਨੀ ਸੈਂਡਰਜ਼ ਨੇ ਆਪਣੀ ਜੇਤੂ ਮੁਹਿੰਮ ਇਸੇ ਤਰ੍ਹਾਂ ਜਾਰੀ ਰੱਖੀ ਤਾਂ ਇਨ੍ਹਾਂ ਸੁਪਰ ਡੈਲੀਗੇਟਸ ਨੂੰ ਕੁਝ ਸੋਚਣਾ ਪੈ ਸਕਦਾ ਹੈ। ਹਾਲ ਹੀ ਦੇ ਸਰਵੇਖਣ ਵਿਚ ਹਿਲਰੀ ਕਲਿੰਟਨ ਦੀ ਕੌਮੀ ਹਮਾਇਤ 53 ਫੀਸਦੀ ਤੋਂ ਟੁੱਟ ਕੇ 49 'ਤੇ ਆ ਗਈ ਹੈ ਅਤੇ ਬਰਨੀ ਸੈਂਡਰਜ਼ 41 ਫੀਸਦੀ ਤੋਂ 43 ਤੱਕ ਪੁੱਜ ਗਿਆ ਹੈ। ਇਹੀ ਨਹੀਂ ਈ-ਮੇਲ ਮਾਮਲੇ ਕਾਰਨ ਹਿਲਰੀ ਕਲਿੰਟਨ ਦੀ ਨੈਗੇਟਿਵ ਰੇਟਿੰਗ ਵਧ ਰਹੀ ਹੈ। ਇਕ ਹੋਰ ਸਰਵੇਖਣ ਸੂਹ ਦਿੰਦਾ ਹੈ ਕਿ ਬਰਨੀ ਸੈਂਡਰਜ਼ ਕਿਸੇ ਵੀ ਰਿਪਬਲਿਕਨ ਉਮੀਦਵਾਰ ਨੂੰ ਹਰਾਉਣ ਦੀ ਸਮਰੱਥਾ ਰੱਖਦਾ ਹੈ। ਪ੍ਰਸਿੱਧ ਅਮਰੀਕੀ ਵਿਦਵਾਨ ਨੌਮ ਚੌਮਸਕੀ ਇਸ ਪ੍ਰਸੰਗ ਵਿਚ ਬਰਨੀ ਸੈਂਡਰਜ਼ ਨੂੰ 'ਬੇਸੀਕਲੀ ਨਿਊ ਡੀਲਰ' ਆਖਦਾ ਹੈ। ਅਮਰੀਕਾ ਵਿਚ 'ਨਿਊ ਡੀਲ' ਦਾ ਆਪਣਾ ਇਤਿਹਾਸ ਹੈ। ਉਦੋਂ ਅਮਰੀਕਾ ਦੀ ਕਮਾਨ ਰਾਸ਼ਟਰਪਤੀ ਫਰੈਂਕਲਿਨ ਰੂਜ਼ਵੈਲਟ ਕੋਲ ਸੀ ਅਤੇ ਉਨ੍ਹਾਂ 1933 ਵਿਚ 'ਨਿਊ ਡੀਲ' ਤਹਿਤ ਘਰੇਲੂ ਪ੍ਰੋਗਰਾਮਾਂ ਦੀ ਲੜੀ ਚਲਾਈ ਸੀ ਜੋ 1938 ਤੱਕ ਜਾਰੀ ਰਹੀ। ਇਹ ਪ੍ਰੋਗਰਾਮ ਅਸਲ ਵਿਚ ਮਹਾਂ ਮੰਦਵਾੜੇ ਦੇ ਟਾਕਰੇ ਲਈ ਸਨ ਅਤੇ ਉਦੋਂ ਮਾਹਿਰਾਂ ਨੇ ਇਸ 'ਨਿਊ ਡੀਲ' ਦੀ ਵਿਆਖਿਆ 'ਥਰੀ ਆਰਜ'-ਰਿਲੀਫ, ਰਿਕਵਰੀ ਅਤੇ ਰਿਫਾਰਮ (ਤਿੰਨ ਆਰ) ਨਾਲ ਕੀਤੀ ਸੀ: ਰਿਲੀਫ, ਭਾਵ ਬੇਰੁਜ਼ਗਾਰਾਂ ਤੇ ਗਰੀਬਾਂ ਲਈ ਰਾਹਤ; ਰਿਕਵਰੀ ਆਰਥਿਕਤਾ ਦੇ ਮਾਮਲੇ ਵਿਚ ਮੁੜ ਤਾਬੇ ਆਉਣ ਦੀ ਸੀ ਅਤੇ ਰਿਫਾਰਮ, ਮਹਾਂ ਮੰਦਵਾੜਾ ਠੱਲ੍ਹਣ ਲਈ ਚਾਰਾਜੋਈ ਸੀ। ਸਿਆਸੀ ਤੇ ਆਰਥਿਕ ਮਾਹਿਰ ਹੁਣ ਦੋਹਾਂ ਸਮਿਆਂ ਦੇ ਹਾਲਾਤ ਨੂੰ ਆਪਸ ਵਿਚ ਜੋੜ ਕੇ ਇਸ ਦੀ ਵਿਆਖਿਆ ਕਰ ਰਹੇ ਹਨ ਅਤੇ ਇਹ ਵਿਆਖਿਆ ਬਰਨੀ ਸੈਂਡਰਜ਼ ਕਰ ਕੇ ਹੀ ਸੰਭਵ ਹੋਈ ਹੈ। ਇਸ ਮੁਕਾਮ ਤੱਕ ਪੁੱਜਣ ਲਈ ਬਰਨੀ ਦਾ ਰਾਹ ਸੁਖਾਲਾ ਨਹੀਂ ਰਿਹਾ। ਇਕ ਤਾਂ ਉਸ ਦੇ ਮੁਕਾਬਲੇ ਵਿਚ ਡਟੀ ਹਿਲਰੀ ਕਲਿੰਟਨ ਦਾ ਉਂਜ ਹੀ ਜ਼ੋਰ ਬਹੁਤ ਸੀ, ਦੂਜੇ ਜਿਸ ਤਰ੍ਹਾਂ ਦੇ ਖਿਆਲ ਲੈ ਕੇ ਉਹ ਅਗਾਂਹ ਵਧ ਰਿਹਾ ਸੀ, ਪਹਿਲਾਂ-ਪਹਿਲ ਮੀਡੀਆ ਤੇ ਕੁਝ ਹੋਰ ਧਿਰਾਂ ਇਸ ਨੂੰ ਸਵੀਕਾਰ ਨਹੀਂ ਸੀ ਕਰ ਸਕੀਆਂ। ਇਸੇ ਕਰ ਕੇ ਸੰਸਾਰ ਪ੍ਰਸਿੱਧ ਰਸਾਲੇ 'ਟਾਈਮ' ਦਾ ਪਾਠਕਾਂ ਦੇ ਹੁੰਗਾਰੇ ਵਾਲਾ ਸਰਵੇਖਣ ਜਿੱਤਣ ਦੇ ਬਾਵਜੂਦ, ਇਸ ਦੇ ਸੰਪਾਦਕੀ ਬੋਰਡ ਵਾਲਾ ਇਨਾਮ ਬਰਨੀ ਨੂੰ ਦੇਣ ਤੋਂ ਹੱਥ ਪਿਛਾਂਹ ਖਿੱਚ ਲਿਆ ਗਿਆ ਸੀ। ਅਜਿਹੇ ਹਾਲਾਤ ਦੇ ਬਾਵਜੂਦ ਜੇ ਬਰਨੀ ਸੈਂਡਰਜ਼ ਆਪਣੀ ਨਾਮਜ਼ਦਗੀ ਮੁਹਿੰਮ ਨੂੰ ਇਥੋਂ ਤੱਕ ਲੈ ਆਇਆ ਹੈ ਤਾਂ ਅਮਰੀਕਣਾਂ ਦੇ ਮੂਡ ਦੀ ਕੁਝ ਤਾਂ ਸੂਹ ਮਿਲਦੀ ਹੀ ਹੈ। ਆਪਣੇ ਸੰਬੋਧਨਾਂ ਵਿਚ ਉਹ ਆਪਣੇ ਸਮਾਜਵਾਦੀ ਵਿਚਾਰ ਬਹੁਤ ਸਪਸ਼ਟ ਰੂਪ ਵਿਚ ਰੱਖਦਾ ਆ ਰਿਹਾ ਹੈ। ਸਿਆਸੀ ਵਿਸ਼ਲੇਸ਼ਕਾਂ ਮੁਤਾਬਕ ਜੇ ਕਿਤੇ ਉਹ ਰਾਸ਼ਟਰਪਤੀ ਬਰਾਕ ਓਬਾਮਾ ਦੀ ਹਮਾਇਤ ਹਾਸਲ ਕਰਨ ਵਿਚ ਸਫਲ ਹੋ ਜਾਂਦਾ ਤਾਂ ਕਹਾਣੀ ਹੋਰ ਹੋਣੀ ਸੀ। ਡੈਮੋਕਰੇਟਿਕ ਪਾਰਟੀ ਦੀ ਨਾਮਜ਼ਦਗੀ ਦੇ ਮਾਮਲੇ ਵਿਚ ਭਾਵੇਂ ਅਜੇ ਤੱਕ ਪਲੜਾ ਹਿਲਰੀ ਕਲਿੰਟਨ ਦਾ ਹੀ ਭਾਰੀ ਜਾਪ ਰਿਹਾ ਹੈ, ਪਰ ਬਰਨੀ ਸੈਂਡਰਜ਼ ਨੇ ਦਰਸਾ ਦਿੱਤਾ ਹੈ ਕਿ ਅਮਰੀਕਾ ਵਿਚ 'ਸਿਆਸੀ ਇਨਕਲਾਬ' ਦਾ ਨਆਰਾ ਲਾਉਣ ਦੀ ਜੁਰਅਤ ਕੀਤੀ ਜਾ ਸਕਦੀ ਹੈ। ਇਹੀ ਉਸ ਦੀ ਅਸਲ ਜਿੱਤ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਨੌਂ ਦਿਨ ਚੱਲਣ ਚੰਮ ਦੀਆਂ*

ਭਾਰਤ ਮਾਤਾ ਵਾਲਾ ਨਾਅਰਾ, ਹੋ ਕਿੱਦਾਂ ਮਸ਼ਹੂਰ ਗਿਆ।
ਸੰਘ ਨੇ ਸਭ ਦੀ ਸੰਘੀ ਨੱਪੀ, ਬਣ ਇਸ ਦਾ ਦਸਤੂਰ ਗਿਆ।
ਖਾਣ-ਪੀਣ 'ਤੇ ਸ਼ਰਤਾਂ ਲੱਗੀਆਂ, ਪਹਿਰਾਵੇ 'ਤੇ ਰੋਕਾਂ ਵੀ,
ਕਿਥੋਂ ਚੜ੍ਹ-ਚੜ੍ਹ ਆਈ ਨ੍ਹੇਰੀ, ਬੰਦਾ ਬਣ ਮਜਬੂਰ ਗਿਆ।
ਲੰਘਣ ਨੂੰ ਤਾਂ ਹਾਥੀ ਲੰਘਣ, ਨਾ ਲੰਘੇ ਤਾਂ ਸੂਈ ਵੀ,
ਨੌਂ ਦਿਨ ਚੱਲਣ ਚੰਮ ਦੀਆਂ, ਫਿਰ ਉਠਦਾ ਘੋਲ ਜ਼ਰੂਰ ਜਿਹਾ।

# ਸ਼ਰਧਾ ਦੀ ਲਾਮਬੰਦੀ ਤੇ ਵਿਦਿਅਕ ਅਦਾਰਿਆਂ ਦੀ ਘੇਰਾਬੰਦੀ

***ਸੰਘ ਧਰਮ ਦੇ ਨਾਂ 'ਤੇ ਮੁਲਕ ਚਲਾਉਂਦਾ ਹੈ ਤੇ ਦੁਸ਼ਮਣ ਕਰਾਰ ਦਿੱਤੇ 'ਮੁਲਕਵਾਸੀ' ਜਾਂ 'ਵਿਦੇਸ਼ੀ' ਨਾਲ ਬੇਕਿਰਕ ਵਿਹਾਰ ਦੀ ਵਕਾਲਤ ਕਰਦਾ ਹੈ। ਉਹ ਇੱਕ ਪਾਸੇ ਗ਼ੈਰ-ਹਿੰਦੂਆਂ ਨੂੰ ਵਿਦੇਸ਼ੀ ਕਰਾਰ ਦਿੰਦਾ ਹੈ; ਦੂਜੇ ਪਾਸੇ ਮਾਰਕਸਵਾਦ ਜਾਂ ਬਰਾਬਰੀ ਦੀ ਵਕਾਲਤ ਕਰਨ ਵਾਲਿਆਂ ਨੂੰ ਵਿਦੇਸ਼ੀ ਗ਼ਰਦਾਨਦਾ ਹੈ। ਇਸੇ ਵਿਦੇਸ਼ੀ ਨੂੰ ਉਹ ਲੋੜ ਪੈਣ 'ਤੇ ਅਤਿਵਾਦੀ, ਜਹਾਦੀ, ਵੱਖਵਾਦੀ, ਨਕਸਲਵਾਦੀ, ਮਾਓਵਾਦੀ ਅਤੇ ਦੇਸ਼ ਧਰੋਹੀ ਕਰਾਰ ਦਿੰਦਾ ਹੈ। ਇਸ ਪ੍ਰਚਾਰ ਨੂੰ ਅਵਾਮ ਤੱਕ ਲਿਜਾਣ ਲਈ ਸੰਘ ਕੋਲ ਸਾਧਨ ਹਨ ਅਤੇ ਗ਼ੁਰਬਤ ਤੇ ਜ਼ਹਾਲਤ ਨਾਲ ਭਰਿਆ ਸਾਜ਼ਗਾਰ ਮਾਹੌਲ ਹੈ। ਇਸ ਮਾਹੌਲ ਵਿਚ ਅਫ਼ਵਾਹਾਂ ਫੈਲਾਉਣਾ ਸੁਖਾਲਾ ਹੈ ਅਤੇ ਕੱਟੜਪੰਥੀ ਜਥੇਬੰਦੀਆਂ 'ਧਰਮ/ਪੰਥ ਨੂੰ ਖ਼ਤਰੇ' ਦੀਆਂ ਅਫ਼ਵਾਹਾਂ ਫੈਲਾਉਣ ਵਿਚ ਮੁਹਾਰਤ ਵੀ ਰੱਖਦੀਆਂ ਹਨ।***

ਹੈਦਰਾਬਾਦ ਸੈਂਟਰਲ ਯੂਨੀਵਰਸਿਟੀ ਦੇ ਉਪ ਕੁਲਪਤੀ ਪ੍ਰੋ. ਅੱਪਾ ਰਾਓ ਨੇ ਜਿਨ੍ਹਾਂ ਹਾਲਾਤ ਅਤੇ ਜਿਸ ਤਰ੍ਹਾਂ ਛੁੱਟੀ ਤੋਂ ਬਾਅਦ ਆਪਣਾ ਅਹੁਦਾ ਸੰਭਾਲਿਆ ਹੈ, ਉਹ ਆਪਣੇ-ਆਪ ਵਿਚ ਮਿਸਾਲ ਹੈ। ਪ੍ਰੋ. ਅੱਪਾ ਰਾਓ ਖ਼ਿਲਾਫ਼ ਅਦਾਲਤੀ ਜਾਂਚ ਚੱਲ ਰਹੀ ਹੈ ਅਤੇ ਉਹ ਰੋਹਿਤ ਵੇਮੁਲਾ ਦੀ ਖ਼ੁਦਕੁਸ਼ੀ ਵਾਲੇ ਮਾਮਲੇ ਵਿਚ ਮੁੱਖ ਮੁਲਜ਼ਮ ਹਨ। ਰੋਹਿਤ ਵੇਮੁਲਾ ਦੀ ਖ਼ੁਦਕੁਸ਼ੀ ਤੋਂ ਬਾਅਦ ਪ੍ਰੋ. ਅੱਪਾ ਰਾਓ ਛੁੱਟੀ ਉਤੇ ਚਲੇ ਗਏ ਸਨ। ਜਿਉਂ ਹੀ ਵਿਦਿਆਰਥੀਆਂ ਨੂੰ ਪ੍ਰੋ. ਅੱਪਾ ਰਾਓ ਦੇ ਪਰਤਣ ਦੀ ਜਾਣਕਾਰੀ ਮਿਲੀ, ਉਨ੍ਹਾਂ ਵਿਰੋਧ ਕੀਤਾ, ਤੇ ਪੁਲਿਸ ਨੇ ਵਿਦਿਆਰਥੀਆਂ ਉਤੇ ਲਾਠੀਚਾਰਜ ਕੀਤਾ। ਵਿਦਿਆਰਥੀਆਂ ਦੀ ਗ੍ਰਿਫ਼ਤਾਰੀ ਤੋਂ ਬਾਅਦ ਪੂਰੀ ਯੂਨੀਵਰਸਿਟੀ ਨੂੰ ਛਾਉਣੀ ਵਿਚ ਤਬਦੀਲ ਕਰ ਦਿੱਤਾ ਅਤੇ ਤਕਰੀਬਨ ਇੱਕ ਦਿਨ ਲਈ ਬਾਹਰ ਤੇ ਅੰਦਰਲਾ



**ਦਲਜੀਤ ਅਮੀ**
ਫੋਨ: +91-97811-21873

ਹਰ ਸੰਪਰਕ ਤੋੜ ਦਿੱਤਾ ਗਿਆ। ਅੰਦਰ ਰੋਟੀ-ਪਾਣੀ ਤੱਕ ਦੀ ਕਿੱਲਤ ਆਈ।

ਪ੍ਰੋ. ਅੱਪਾ ਰਾਓ ਨੂੰ ਛੁੱਟੀ ਉਤੇ ਭੇਜਿਆ ਗਿਆ ਸੀ। ਉਨ੍ਹਾਂ ਖ਼ਿਲਾਫ਼ ਜਾਂਚ ਨੂੰ ਸਹਿਯੋਗ ਦੇਣ ਲਈ ਉਨ੍ਹਾਂ ਦਾ ਅਹੁਦੇ ਤੋਂ ਦੂਰ ਰਹਿਣਾ ਅਹਿਮ ਹੈ। ਅਜਿਹੀ ਛੁੱਟੀ ਦਾ ਮਤਲਬ ਹੁੰਦਾ ਹੈ ਕਿ ਗਵਾਹਾਂ ਉਤੇ ਦਬਾਅ ਨਾ ਪਵੇ ਅਤੇ ਮੁਲਜ਼ਮ ਸਬੂਤਾਂ ਨੂੰ ਖੁਰਦ-ਬੁਰਦ ਨਾ ਕਰ ਸਕੇ।

ਸਾਹਮਣੇ ਆਏ ਤੱਥਾਂ ਤੇ ਨਸ਼ਰ ਹੋਈਆਂ ਖ਼ਬਰਾਂ ਮੁਤਾਬਕ ਪ੍ਰੋ. ਅੱਪਾ ਰਾਓ ਦੇ ਅਹੁਦਾ ਸੰਭਾਲਣ ਦੀ ਜਾਣਕਾਰੀ, ਕਾਰਜਕਾਰੀ ਉਪ ਕੁਲਪਤੀ ਤੱਕ ਨੂੰ ਨਹੀਂ ਸੀ, ਪਰ ਭਾਜਪਾ ਦੀ ਵਿਦਿਆਰਥੀ ਜਥੇਬੰਦੀ ਅਖਿਲ ਭਾਰਤੀਆ ਵਿਦਿਆਰਥੀ ਪ੍ਰੀਸ਼ਦ ਦੇ ਕਾਰਕੁਨਾਂ ਨੂੰ ਪੂਰੀ ਤਫ਼ਸੀਲ ਪਤਾ ਸੀ। ਤਫ਼ਸੀਲ ਦਰਸਾਉਂਦੀ ਹੈ ਕਿ ਪ੍ਰੀਸ਼ਦ ਅਤੇ ਪੁਲਿਸ ਨੇ ਇਸ ਕਾਰਵਾਈ ਦੀ ਵਿਉਂਤਬੰਦੀ ਵਿਚ ਸਰਗਰਮ ਹਿੱਸਾ ਪਾਇਆ।

ਪੁਲਿਸ ਅਤੇ ਭਾਜਪਾ ਦੀਆਂ ਹਮਾਇਤੀ ਜਥੇਬੰਦੀਆਂ ਦੀ ਜ਼ੋਰ-ਜਬਰੀ ਨਾਲ ਵਿਦਿਅਕ ਅਦਾਰੇ ਦੇ ਮੁਖੀ ਦਾ ਅਹੁਦਾ ਸੰਭਾਲਣ ਵਾਲੇ ਪ੍ਰੋ. ਅੱਪਾ ਰਾਓ ਪਹਿਲੇ ਸੱਜਣ ਨਹੀਂ। ਵਿਦਿਆਰਥੀਆਂ ਦੇ ਵਿਰੋਧ ਦੇ ਬਾਵਜੂਦ ਫ਼ਿਲਮ ਐਂਡ ਟੈਲੀਵਿਜ਼ਨ ਇੰਸਟੀਚਿਊਟ, ਪੂਣੇ ਦੇ ਨਿਰਦੇਸ਼ਕ ਵਜੋਂ ਗਜੇਂਦਰ ਚੌਹਾਨ ਨੇ ਇਸੇ ਤਰ੍ਹਾਂ ਅਹੁਦਾ ਸੰਭਾਲਿਆ ਸੀ। ਫਿਲਮ ਐਂਡ ਟੈਲੀਵਿਜ਼ਨ ਇੰਸਟੀਚਿਊਟ, ਪੂਣੇ ਤੋਂ ਲੈ ਕੇ ਆਈ.ਆਈ.ਟੀ. ਮਦਰਾਸ, ਅਲਾਹਾਬਾਦ ਤੋਂ ਲੈ ਕੇ ਕਾਲੀਕਟ, ਯੂਨੀਵਰਸਿਟੀਆਂ ਦੇ ਖੋਜਾਰਥੀਆਂ ਨੂੰ ਵਜ਼ੀਫ਼ੇ ਬੰਦ ਕਰਨ ਤੋਂ ਲੈ ਕੇ ਦਲਿਤ ਵਿਦਿਆਰਥੀਆਂ ਨਾਲ ਵਿਤਕਰੇ ਦੇ ਮਸਲਿਆਂ, ਹੈਦਰਾਬਾਦ ਸੈਂਟਰਲ ਯੂਨੀਵਰਸਿਟੀ ਤੋਂ ਲੈ ਕੇ ਜਵਾਹਰਲਾਲ ਨਹਿਰੂ ਯੂਨੀਵਰਸਿਟੀ ਤੱਕ ਸਾਰੇ ਵਿਦਿਅਕ ਅਦਾਰੇ ਇਸ ਵੇਲੇ ਤਕਰੀਬਨ ਜੰਗ ਦਾ ਅਖਾੜਾ ਬਣੇ ਹੋਏ ਹਨ। ਇੱਕ ਪਾਸੇ ਸਰਕਾਰੀ ਅਤੇ ਸਿਆਸੀ ਸਰਪ੍ਰਸਤੀ ਵਾਲਾ ਗ਼ੈਰ-ਸਰਕਾਰੀ ਜਬਰ ਅਤੇ ਦੂਜੇ ਪਾਸੇ ਇਨ੍ਹਾਂ ਵਧੀਕੀਆਂ ਦਾ ਵਿਰੋਧ ਮੌਜੂਦਾ ਦੌਰ ਦੇ ਵਿਦਿਆਰਥੀ ਜੀਵਨ ਦਾ ਅਨਿੱਖੜਵਾਂ ਹਿੱਸਾ ਹੈ।

ਇਸ ਰੁਝਾਨ ਦੌਰਾਨ ਭਾਜਪਾ ਅਤੇ ਇਸ ਦੀਆਂ ਹਮਾਇਤੀ ਜਥੇਬੰਦੀਆਂ ਨੇ ਵਿਦਿਆਰਥੀਆਂ ਦੇ ਰੋਹ ਅਤੇ ਵਿਦਿਅਕ ਅਦਾਰਿਆਂ ਦੀ ਘੇਰਾਬੰਦੀ ਕੀਤੀ ਹੈ। ਇਨ੍ਹਾਂ ਅਦਾਰਿਆਂ ਅਤੇ ਵਿਦਿਆਰਥੀਆਂ ਦਾ ਕੰਮ ਬਰੀਕੀ ਤੇ ਰਮਜ਼ ਨਾਲ ਖੋਜ ਕਰਨਾ ਹੈ, ਪਰ ਭਾਜਪਾਈ ਜਥੇਬੰਦੀਆਂ ਨੇ ਮੁਲਕ ਅਤੇ ਧਰਮ ਦੇ ਨਾਮ ਉਤੇ ਭਾਵੁਕਤਾ ਦਾ ਸਹਾਰਾ ਲਿਆ ਹੈ। ਵਿਦਿਆਰਥੀ ਜੇ ਗਜੇਂਦਰ ਚੌਹਾਨ ਦੀ ਯੋਗਤਾ ਉਤੇ ਸੁਆਲ ਕਰਦੇ ਹਨ ਤਾਂ ਭਾਜਪਾਈ ਜਥੇਬੰਦੀਆਂ ਉਨ੍ਹਾਂ ਨੂੰ ਜਹਾਦੀ, ਨਕਸਲਵਾਦੀ, ਮਾਓਵਾਦੀ ਅਤੇ ਅਤਿਵਾਦੀ ਕਰਾਰ ਦਿੰਦੀਆਂ ਹਨ। ਹੈਦਰਾਬਾਦ ਯੂਨੀਵਰਸਿਟੀ ਦੇ ਵਿਦਿਆਰਥੀ, ਦਲਿਤ ਵਿਦਿਆਰਥੀਆਂ ਦੀ ਬਰਾਬਰੀ ਅਤੇ ਮਨੁੱਖਾ ਸ਼ਾਨ ਦਾ ਸੁਆਲ ਕਰਦੇ ਹਨ ਤਾਂ ਉਨ੍ਹਾਂ ਨੂੰ ਦੇਸ਼ ਧਰੋਹੀ ਕਰਾਰ ਦਿੱਤਾ ਜਾਂਦਾ ਹੈ। ਜੇ.ਐਨ.ਯੂ. ਵਿਚੋਂ ਅਫ਼ਜ਼ਲ ਅਤੇ ਕਸ਼ਮੀਰ ਵਰਗੇ ਮੁੱਦਿਆਂ 'ਤੇ ਸੁਆਲ ਹੁੰਦਾ ਹੈ ਤਾਂ ਅਦਾਰੇ ਨੂੰ ਦੇਸ਼ ਧਰੋਹੀਆਂ ਦਾ ਅੱਡਾ ਕਰਾਰ ਦਿੱਤਾ ਜਾਂਦਾ ਹੈ, ਤੇ ਤਾਰਾਂ ਅਤਿਵਾਦੀ ਜਥੇਬੰਦੀਆਂ ਨਾਲ ਜੋੜੀਆਂ ਜਾਂਦੀਆਂ ਹਨ। ਅਦਾਰੇ ਨੂੰ ਬੰਦ ਕਰਨ ਦੀ ਵਕਾਲਤ ਕੀਤੀ ਜਾਂਦੀ ਹੈ, ਤੇ ਕੁਝ ਅਧਿਆਪਕਾਂ ਨੂੰ ਉਨ੍ਹਾਂ ਦੀਆਂ ਤਕਰੀਰਾਂ ਦੇ ਚੋਣਵੇਂ ਹਿੱਸਿਆਂ ਦੇ ਹਵਾਲੇ ਨਾਲ ਨਿਸ਼ਾਨਾ ਬਣਾਇਆ ਜਾਂਦਾ ਹੈ।

ਇਸ ਰੁਝਾਨ ਦੀਆਂ ਕੁਝ ਕੜੀਆਂ ਨੂੰ ਸਮਝਣਾ ਜ਼ਰੂਰੀ ਹੈ। ਪਹਿਲੀ ਕੜੀ ਭਾਜਪਾ ਦੀ ਵਿਦਿਅਕ ਅਦਾਰਿਆਂ ਦੀ ਸਮਝ ਨਾਲ ਜੁੜਦੀ ਹੈ। ਦੂਜੀ ਕੜੀ ਭਾਜਪਾ ਦੀ ਇਨ੍ਹਾਂ ਅਦਾਰਿਆਂ ਬਾਬਤ ਨਾਗਪੁਰ ਅਤੇ ਅਵਾਮ ਨੂੰ ਜੋੜਨ ਵਾਲੀ ਹੈ। ਭਾਜਪਾ ਜਦੋਂ ਵਿਦਿਅਕ ਅਦਾਰਿਆਂ ਜਾਂ ਵਿਦਿਆਰਥੀਆਂ ਬਾਬਤ ਬਿਆਨ ਦਿੰਦੀ ਹੈ ਤਾਂ ਉਸ ਦੀ ਸਮਝ ਜਾਂ ਤਵੱਕੋ ਸਮਝ ਆਉਂਦੀ ਹੈ। ਇੱਕ ਪਾਸੇ ਉਨ੍ਹਾਂ ਦੀ ਮੁਲਕ, ਸਮਾਜ ਅਤੇ ਧਰਮ ਦੀ ਸਮਝ ਹੈ ਅਤੇ ਦੂਜੇ ਪਾਸੇ ਇਸ ਸਮਝ ਨੂੰ ਲਾਗੂ ਕਰਨ ਦੀ ਜੁਗਤ ਹੈ। ਭਾਜਪਾ ਅਤੇ ਹਮਾਇਤੀ ਜਥੇਬੰਦੀਆਂ ਜਦੋਂ ਇਸ ਦੇ ਫ਼ੈਸਲਿਆਂ 'ਤੇ ਸੁਆਲ ਕਰ ਰਹੇ ਵਿਦਿਆਰਥੀਆਂ ਨੂੰ ਦੇਸ਼ ਧਰੋਹੀ, ਅਤਿਵਾਦੀ, ਨਕਸਲਵਾਦੀ, ਮਾਓਵਾਦੀ, ਜਹਾਦੀ ਜਾਂ ਵੱਖਵਾਦੀ ਕਰਾਰ ਦਿੰਦੇ ਹਨ ਤਾਂ ਇਹ ਵਿਦਿਅਕ ਅਦਾਰਿਆਂ ਤੇ ਵਿਦਿਆ ਬਾਰੇ ਆਪਣੀ ਸਮਝ ਦਾ ਇਜ਼ਹਾਰ ਕਰਦੇ ਹਨ। ਇਹ ਸਰਕਾਰੀ ਅਤੇ ਸਿਆਸੀ ਹੁਕਮਾਂ ਉਤੇ ਬਿਨਾਂ ਸੋਚ-ਵਿਚਾਰ ਕੀਤੇ ਫੁੱਲ ਚੜ੍ਹਾਉਣ ਵਾਲੇ ਅਦਾਰਿਆਂ ਅਤੇ ਵਿਦਿਆਰਥੀਆਂ ਦੀ ਤਵੱਕੋ ਕਰਦੇ ਹਨ। ਇਹ ਵਿਦਿਆ, ਵਿਦਿਆਰਥੀਆਂ ਅਤੇ ਵਿਦਿਅਕ ਅਦਾਰਿਆਂ ਨੂੰ ਸੁਆਲ ਦੀ ਥਾਂ ਸ਼ਰਧਾ ਨਾਲ ਜੋੜਨਾ ਚਾਹੁੰਦੇ ਹਨ।

ਇਸ ਤਵੱਕੋ ਦਾ ਦੂਜਾ ਪੱਖ ਵਿਦਿਆਰਥੀਆਂ, ਵਿਦਿਅਕ ਅਦਾਰਿਆਂ ਅਤੇ ਸਿਆਸਤ ਦੇ ਰਿਸ਼ਤਿਆਂ ਨਾਲ ਜੁੜਦਾ ਹੈ। ਭਾਜਪਾਈ ਅਤੇ ਇਨ੍ਹਾਂ ਵੱਲੋਂ ਲਾਏ ਵਿਦਿਅਕ ਅਦਾਰਿਆਂ ਦੇ ਮੁਖੀ ਬਿਆਨ ਦਿੰਦੇ ਹਨ ਕਿ ਵਿਦਿਆਰਥੀਆਂ ਨੂੰ ਸਿਆਸਤ ਛੱਡ ਕੇ ਪੜ੍ਹਾਈ ਉਤੇ ਧਿਆਨ ਦੇਣਾ ਚਾਹੀਦਾ ਹੈ। ਇਹ ਸਲਾਹ ਦੇਣ ਵਾਲੇ ਸਿਆਸਤਦਾਨ ਅਤੇ ਵਿਦਵਾਨ ਆਪ ਵਿਦਿਆਰਥੀ ਪ੍ਰੀਸ਼ਦ ਦੀ ਸਰਪ੍ਰਸਤੀ ਕਰਦੇ ਹਨ। ਪ੍ਰੀਸ਼ਦ ਇਸ ਵੇਲੇ ਵਿਦਿਅਕ ਅਦਾਰਿਆਂ ਬਾਬਤ ਫ਼ੈਸਲੇ ਕਰ ਰਹੀ ਹੈ। ਇਸ ਦੇ ਕਾਰਕੁਨਾਂ ਦੀਆਂ ਸ਼ਿਕਾਇਤਾਂ ਉਤੇ ਤੁਰੰਤ ਕਾਰਵਾਈ ਹੁੰਦੀ ਹੈ। ਇਹ ਸ਼ਿਕਾਇਤਾਂ ਇੱਕ ਤਰ੍ਹਾਂ ਦੇ ਸਰਕਾਰੀ ਹੁਕਮ ਹੋ ਗਈਆਂ ਹਨ। ਪ੍ਰੀਸ਼ਦ ਸਰਕਾਰੀ ਨੀਤੀਆਂ ਜਾਂ ਫ਼ੈਸਲਿਆਂ ਦਾ ਵਿਰੋਧ ਕਰ ਰਹੇ ਵਿਦਿਆਰਥੀਆਂ ਉਤੇ ਹਮਲੇ ਕਰਦੀ ਹੈ। ਪ੍ਰੋ. ਅੱਪਾ ਰਾਓ ਨੂੰ ਛੁੱਟੀ ਤੋਂ ਪਰਤ ਕੇ ਅਹੁਦਾ ਸੰਭਾਲਣ ਦੀ ਕਾਰਵਾਈ ਵਿਚ ਪ੍ਰੀਸ਼ਦ ਨੇ ਧਿਰ ਵਜੋਂ ਕੰਮ ਕੀਤਾ। ਇਸ ਜਥੇਬੰਦੀ ਨਾਲ ਮਿਲ ਕੇ ਭਾਜਪਾ ਦੀਆਂ ਬਾਕੀ ਜਥੇਬੰਦੀਆਂ ਦੇ ਕਾਰਕੁਨਾਂ ਨੇ ਰੋਸ ਮੁਜ਼ਾਹਰੇ ਕਰ ਰਹੇ ਵਿਦਿਆਰਥੀਆਂ ਉਤੇ ਹਮਲੇ ਕੀਤੇ ਹਨ। ਵਜ਼ੀਫ਼ੇ ਬੰਦ ਕੀਤੇ ਜਾਣ ਖ਼ਿਲਾਫ਼ ਕੀਤੇ ਮੁਜ਼ਾਹਰਿਆਂ ਉਤੇ ਪੁਲਿਸ ਨਾਲ ਮਿਲ ਕੇ ਇਨ੍ਹਾਂ ਜਥੇਬੰਦੀਆਂ ਦੇ ਕਾਰਕੁਨਾਂ ਨੇ ਹਮਲੇ ਕੀਤੇ ਸਨ। ਸਾਫ ਹੀ ਹੈ ਕਿ ਜਦੋਂ ਸਿਆਸਤਦਾਨ, ਵਿਦਿਆਰਥੀਆਂ ਨੂੰ ਪੜ੍ਹਨ ਦੀ ਸਲਾਹ ਦਿੰਦੇ ਹਨ ਤਾਂ ਉਹ ਸਾਫ਼ ਕਹਿ ਰਹੇ ਹਨ ਕਿ 'ਧੀਏ ਨੀ ਤੂੰ ਕੰਨ ਧਰ, ਨੂੰਹੇ ਨੀ ਤੂੰ ਕੰਮ ਕਰ'। ਉਹ ਇੱਕ ਪਾਸੇ ਸਿਆਸਤ ਨੂੰ ਗੰਦੀ ਕਰਾਰ ਦੇ ਰਹੇ ਹਨ, ਦੂਜੇ ਪਾਸੇ ਆਪਣੀਆਂ ਜਥੇਬੰਦੀਆਂ ਨਾਲ ਜੁੜੇ ਵਿਦਿਆਰਥੀਆਂ ਦੀ ਸਰਪ੍ਰਸਤੀ ਕਰ ਰਹੇ ਹਨ। ਉਨ੍ਹਾਂ ਦੀ ਸਮਝ ਸਾਫ਼ ਹੈ- 'ਸਿਆਸਤ ਗੰਦੀ ਖੇਡ ਹੈ, ਤੁਸੀਂ ਇਸ ਵਿਚ ਹੱਥ ਗੰਦੇ ਨਾ ਕਰੋ; ਅਸੀਂ ਇਸ ਗੰਦ ਨੂੰ ਕਾਇਮ ਰੱਖਾਂਗੇ ਤੇ ਆਪਣੀ ਖੇਡ ਖੇਡਾਂਗੇ ਜੋ ਤੁਹਾਡੀ ਜ਼ਿੰਦਗੀ ਦੇ ਫ਼ੈਸਲੇ ਕਰੇਗੀ'।

ਭਾਜਪਾ ਦੀ ਇਸ ਸਮਝ ਨੂੰ ਲਾਗੂ ਕਰਨ ਵੇਲੇ ਨਾਗਪੁਰ ਅਤੇ ਅਵਾਮ ਨੂੰ ਜੋੜਨ ਵਾਲੀ ਕੜੀ ਦੀ ਚਰਚਾ ਅਹਿਮ ਹੈ। ਰਾਸ਼ਟਰੀ ਸਵੈਮਸੇਵਕ ਸੰਘ ਦਾ ਦਫ਼ਤਰ ਨਾਗਪੁਰ ਤੋਂ ਚੱਲਦਾ ਹੈ ਅਤੇ ਉਸੇ ਦਫ਼ਤਰ ਨੂੰ ਭਾਜਪਾ ਆਪਣੀ ਸੋਚ ਦੇ ਸੋਮੇ ਵਜੋਂ ਵੇਖਦੀ ਹੈ। ਸੰਘ ਭਾਰਤ ਨੂੰ ਹਿੰਦੂ ਮੁਲਕ ਮੰਨਦਾ ਹੈ ਅਤੇ ਇਸ ਦੇ ਖ਼ਾਸੇ ਵਿਚੋਂ ਹਰ ਗ਼ੈਰ-ਹਿੰਦੂ ਅਸਰ ਨੂੰ ਮਨਫ਼ੀ ਕਰਨਾ ਚਾਹੁੰਦਾ ਹੈ ਜਾਂ ਘੱਟੋ-ਘੱਟ ਰੱਦ ਕਰਨਾ ਚਾਹੁੰਦਾ ਹੈ। ਇਸ ਸੋਚ ਤਹਿਤ ਸਮਾਜ ਅਤੇ ਮੁਲਕ ਨੂੰ ਆਪਣੇ ਅਤੇ ਪਰਾਏ ਵਿਚ ਵੰਡ ਕੇ ਰੱਖਣਾ ਇਸ ਦੀ ਸਿਆਸਤ ਦੀ ਅਹਿਮ ਤੰਦ ਹੈ। ਸੰਘ ਧਰਮ ਦੇ ਨਾਮ 'ਤੇ ਮੁਲਕ ਚਲਾਉਂਦਾ ਹੈ ਅਤੇ ਦੁਸ਼ਮਣ ਕਰਾਰ ਦਿੱਤੇ 'ਮੁਲਕਵਾਸੀ' ਜਾਂ 'ਵਿਦੇਸ਼ੀ' ਨਾਲ ਬੇਕਿਰਕ ਵਿਹਾਰ ਦੀ ਵਕਾਲਤ ਕਰਦਾ ਹੈ। ਉਹ ਇੱਕ ਪਾਸੇ ਗ਼ੈਰ-ਹਿੰਦੂਆਂ ਨੂੰ ਵਿਦੇਸ਼ੀ ਕਰਾਰ ਦਿੰਦਾ ਹੈ; ਦੂਜੇ ਪਾਸੇ ਮਾਰਕਸਵਾਦ, ਬਰਾਬਰੀ ਜਾਂ ਸਮਾਜਵਾਦ ਦੀ ਵਕਾਲਤ ਕਰਨ ਵਾਲਿਆਂ ਨੂੰ ਵਿਦੇਸ਼ੀ ਗ਼ਰਦਾਨਦਾ ਹੈ। ਇਸੇ ਵਿਦੇਸ਼ੀ ਨੂੰ ਉਹ ਲੋੜ ਪੈਣ 'ਤੇ ਅਤਿਵਾਦੀ, ਜਹਾਦੀ, ਵੱਖਵਾਦੀ, ਨਕਸਲਵਾਦੀ, ਮਾਓਵਾਦੀ ਅਤੇ ਦੇਸ਼ ਧਰੋਹੀ ਕਰਾਰ ਦਿੰਦਾ ਹੈ। ਇਸ ਪ੍ਰਚਾਰ ਨੂੰ ਅਵਾਮ ਤੱਕ ਲਿਜਾਣ ਲਈ ਸੰਘ ਕੋਲ ਸਾਧਨ ਹਨ ਅਤੇ ਗ਼ੁਰਬਤ ਤੇ ਜ਼ਹਾਲਤ ਨਾਲ ਭਰਿਆ ਸਾਜ਼ਗਾਰ ਮਾਹੌਲ ਹੈ। ਇਸ ਮਾਹੌਲ ਵਿਚ ਅਫ਼ਵਾਹਾਂ ਫੈਲਾਉਣਾ ਸੁਖਾਲਾ ਹੈ ਅਤੇ ਕੱਟੜਪੰਥੀ ਜਥੇਬੰਦੀਆਂ 'ਧਰਮ/ਪੰਥ ਨੂੰ ਖ਼ਤਰੇ' ਦੀਆਂ ਅਫ਼ਵਾਹਾਂ ਫੈਲਾਉਣ ਵਿਚ ਮੁਹਾਰਤ ਵੀ ਰੱਖਦੀਆਂ ਹਨ। ਜਦੋਂ ਧਰਮ ਅਤੇ ਮੁਲਕ ਨੂੰ ਇੱਕ ਕਰਾਰ ਦਿੱਤਾ ਜਾਂਦਾ ਹੈ ਤਾਂ ਗ਼ੁਰਬਤ ਅਤੇ ਜ਼ਹਾਲਤ ਦੀ ਮਾਰ ਹੇਠ ਆਏ ਸਮਾਜ ਵਿਚ ਦਲੀਲ ਦੀ ਗੁੰਜ਼ਾਇਸ਼ ਘਟ ਜਾਂਦੀ ਹੈ। ਇਸ ਮਾਹੌਲ ਵਿਚ ਭਾਜਪਾ ਨੇ ਆਪਣੀ ਸਮਝ ਲਾਗੂ ਕਰਨ ਲਈ ਕਾਰਗਰ ਜੁਗਤ ਦਾ ਇਸਤੇਮਾਲ ਕੀਤਾ ਹੈ। ਉਨ੍ਹਾਂ ਲਈ ਇਸ ਤੱਥ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਦਰਜ ਕੀਤੇ ਕੇਸਾਂ ਦਾ ਅਦਾਲਤ ਵਿਚ ਕੀ ਫ਼ੈਸਲਾ ਆਉਂਦਾ ਹੈ ਜਾਂ ਉਸ ਮਸਲੇ ਨਾਲ ਜੁੜੇ ਤੱਥ ਕੀ ਕਹਾਣੀ ਕਹਿੰਦੇ ਹਨ। ਉਨ੍ਹਾਂ ਲਈ ਇਹ ਮਾਅਨੇ ਰੱਖਦਾ ਹੈ ਕਿ ਵਿਦਿਅਕ ਅਦਾਰਿਆਂ ਦੇ ਸੁਆਲ ਕਰਨ ਵਾਲੇ ਖ਼ਾਸੇ ਖ਼ਿਲਾਫ਼ ਸ਼ਰਧਾਮਈ ਸ਼ਹਿਰੀਆਂ ਨੂੰ ਕਿਵੇਂ ਬੀੜਿਆ ਜਾ ਸਕਦਾ ਹੈ।

ਜੇ.ਐਨ.ਯੂ. ਤੋਂ ਬਾਹਰ ਹਰ ਰੇੜ੍ਹੀ, ਫੜ੍ਹੀ ਤੇ ਠੇਲੇ ਵਾਲਾ, ਹਰ ਦੁਕਾਨਦਾਰ ਅਤੇ ਟੈਕਸੀ/ਆਟੋ ਵਾਲਾ ਦੇਸ਼ ਧਰੋਹੀ ਅਤੇ ਅਤਿਵਾਦ ਵਰਗੇ ਸ਼ਬਦਾਂ ਦੀ ਬੋਲੀ ਸਮਝਦਾ ਹੈ। ਭਾਜਪਾ ਨੇ ਨਾਗਪੁਰ ਦੀ ਸਿੱਖਿਆ 'ਤੇ ਚੱਲਦੇ ਵਿਦਿਅਕ ਅਦਾਰਿਆਂ ਦੇ ਦਲੀਲ ਵਾਲੇ ਖ਼ਾਸੇ ਨੂੰ ਅਵਾਮ ਦੇ ਸ਼ਰਧਾ ਵਾਲੇ ਖ਼ਾਸੇ ਦੇ ਖ਼ਿਲਾਫ਼ ਬੀੜਿਆ ਹੈ। ਇਸ ਪਾਲਾਬੰਦੀ ਵਿਚ ਮੁਨਾਫ਼ਾਖ਼ੋਰ ਕਾਰਪੋਰੇਟ, ਸ਼ਰਧਾ ਦਾ ਕਾਰੋਬਾਰ ਅਤੇ ਫ਼ੌਜ-ਪੁਲਿਸ ਨੂੰ ਸਮਾਜਿਕ ਇਨਸਾਫ਼ ਅਤੇ ਵਿਗਿਆਨਕ ਸੋਚ ਦੇ ਖ਼ਿਲਾਫ਼ ਲਾਮਬੰਦ ਕੀਤਾ ਜਾ ਰਿਹਾ ਹੈ। ਇਸ ਲਾਮਬੰਦੀ ਦਾ ਸਾਜ਼ਗਾਰ ਮਾਹੌਲ ਪਿਛਲੀਆਂ ਸਰਕਾਰਾਂ ਦੀ ਕਾਰਗੁਜ਼ਾਰੀ ਦਾ ਨਤੀਜਾ ਹੈ। ਆਖ਼ਰ ਅਵਾਮ ਨੂੰ ਵਿਦਿਅਕ ਅਦਾਰਿਆਂ ਤੋਂ ਬਾਹਰ ਰੱਖ ਕੇ ਹੀ ਤਾਂ ਵਿਦਿਅਕ ਅਦਾਰਿਆਂ ਨੂੰ 'ਪਰਾਏ' ਕਰਾਰ ਦਿੱਤਾ ਜਾ ਸਕਿਆ ਹੈ। ਵਿਦਿਅਕ ਅਦਾਰਿਆਂ ਤੋਂ ਬਾਹਰ ਰੱਖਣ ਦੇ ਨਾਲ-ਨਾਲ ਵਿਦਿਆ ਦੇ ਮਿਆਰ ਨੂੰ ਨਜ਼ਰਅੰਦਾਜ਼ ਕੀਤਾ ਗਿਆ ਹੈ ਜਿਸ ਨੇ ਅੱਧਪੜ੍ਹ ਲੋਕਾਈ ਨੂੰ ਹਉਮੈ ਨਾਲ ਨਿਵਾਜਿਆ ਹੈ। ਇਸ ਅੱਧਪੜ੍ਹਤਾ ਨਾਲ ਸ਼ਰਧਾ ਦਾ ਜ਼ਿਆਦਾ ਪਸਾਰਾ ਹੋ ਸਕਦਾ ਹੈ। ਇਨ੍ਹਾਂ ਹਾਲਾਤ ਵਿਚ ਵਿਦਿਅਕ ਅਦਾਰਿਆਂ ਦੀ ਲੜਾਈ ਵਿਦਿਅਕ ਅਦਾਰਿਆਂ ਵਿਚੋਂ ਕਾਮਯਾਬੀ ਨਾਲ ਨਹੀਂ ਲੜੀ ਜਾ ਸਕਦੀ। ਜੇ ਵਿਦਿਅਕ ਅਦਾਰੇ ਆਪਣੀ ਵਿਦਿਆ ਸਮੇਤ ਅਵਾਮ ਨਾਲ ਰਾਬਤਾ ਕਾਇਮ ਕਰ ਸਕਦੇ ਹਨ ਤਾਂ ਸ਼ਰਧਾ ਅਤੇ ਬ੍ਰਾਹਮਣਵਾਦੀ ਦੇਸ਼ ਭਗਤੀ ਦੇ ਹੱਲੇ ਖ਼ਿਲਾਫ਼ ਟਿਕਿਆ ਜਾ ਸਕਦਾ ਹੈ।

*ਛੱਤੀਸਗੜ੍ਹ ਵਿਚ ਜਮਹੂਰੀ ਕਾਰਕੁਨਾਂ, ਪੱਤਰਕਾਰਾਂ ਅਤੇ ਵਕੀਲਾਂ ਨੂੰ ਕਿਸ ਤਰ੍ਹਾਂ ਦੇ ਫਾਸ਼ੀਵਾਦੀ ਹਾਲਾਤ ਵਿਚ ਕੰਮ ਕਰਨਾ ਪੈ ਰਿਹਾ ਹੈ, ਇਹ ਪੱਤਰਕਾਰਾਂ ਦੀਆਂ ਗ੍ਰਿਫ਼ਤਾਰੀਆਂ, ਸਰਕਾਰੀ ਪੁਸ਼ਤ-ਪਨਾਹੀ ਵਾਲੇ ਗਰੋਹਾਂ ਦੀ ਦਹਿਸ਼ਤਵਾਦੀ ਮੁਹਿੰਮ ਅਤੇ ਹਕੂਮਤੀ ਜਬਰ ਦੇ ਖ਼ਿਲਾਫ਼ ਬੋਲਣ ਵਾਲਿਆਂ ਨੂੰ ਬਸਤਰ ਵਿਚੋਂ ਕੱਢਣ ਦੇ ਸਿਲਸਿਲੇ ਦੀ ਸ਼ਕਲ ਵਿਚ ਸਾਹਮਣੇ ਆ ਰਿਹਾ ਹੈ। ਹਾਲ ਹੀ ਵਿਚ ਇਕ ਹੋਰ ਪੱਤਰਕਾਰ ਦੀਪਕ ਜੈਸਵਾਲ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਸਮਾਜ ਵਿਗਿਆਨੀ ਬੇਲਾ ਭਾਟੀਆ ਖ਼ਿਲਾਫ਼ ਕਿਸ ਤਰ੍ਹਾਂ ਦੀ ਭੜਕਾਊ ਮੁਹਿੰਮ ਚਲਾਈ ਜਾ ਰਹੀ ਹੈ, ਇਸ ਦੇ ਵੇਰਵੇ ਉਸ ਨੇ ਆਪਣੇ ਹਾਲੀਆ ਨੋਟ ਵਿਚ ਦਿੱਤੇ ਹਨ। ਬੇਲਾ ਦੇ ਨਾਲ-ਨਾਲ ਉਸ ਦੇ ਪਤੀ ਜਾਂ ਡਰੈਜ਼ ਜੋ ਕੌਮਾਂਤਰੀ ਪ੍ਰਸਿੱਧੀ ਵਾਲਾ ਅਰਥ ਸ਼ਾਸਤਰੀ ਹੈ ਤੇ 37 ਸਾਲ ਤੋਂ ਹਿੰਦੁਸਤਾਨ ਵਿਚ ਰਹਿ ਰਿਹਾ ਹੈ, ਨੂੰ ਵਿਦੇਸ਼ੀ ਅਤੇ ਨਕਸਲੀ ਹਮਾਇਤੀ ਕਰਾਰ ਦੇ ਕੇ ਉਨ੍ਹਾਂ ਦੇ ਖ਼ਿਲਾਫ਼ ਭੜਕਾਊ ਮਾਹੌਲ ਤਿਆਰ ਕੀਤਾ ਜਾ ਰਿਹਾ ਹੈ। ਬੇਲਾ ਵਲੋਂ ਦਿੱਤੇ ਵੇਰਵੇ ਪਾਠਕਾਂ ਨਾਲ ਸਾਂਝੇ ਕੀਤੇ ਜਾ ਰਹੇ ਹਨ ਅਤੇ ਉਹ ਪਰਚਾ ਵੀ ਛਾਪਿਆ ਜਾ ਰਿਹਾ ਹੈ ਜਿਹੜਾ ਲੋਕਾਂ ਨੂੰ ਭੜਕਾਉਣ ਲਈ ਬੇਲਾ ਖਿਲਾਫ ਕੱਢਿਆ ਗਿਆ। ਇਸ ਦੇ ਨਾਲ ਹੀ ਦਿੱਲੀ ਦੇ ਮਨੁੱਖੀ ਹੱਕਾਂ ਲਈ ਜੂਝ ਰਹੇ ਕਾਰਕੁਨ ਮਹਿਤਾਬ ਦਾ ਖੁੱਲ੍ਹਾ ਖਤ ਹੈ ਜੋ ਬੇਲਾ ਦੇ ਨਾਂ ਲਿਖਿਆ ਗਿਆ ਹੈ। ਇਹ ਸਾਰੀ ਸਮੱਗਰੀ ਅਸੀਂ ਆਪਣੇ ਕਾਲਮਨਵੀਸ ਬੂਟਾ ਸਿੰਘ ਦੀ ਬਦੌਲਤ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ। ਇਸ ਸਮੱਗਰੀ ਤੋਂ ਉਥੋਂ ਦੇ ਹਾਲਾਤ ਦੀ ਸੂਹ ਮਿਲਦੀ ਹੈ। -ਸੰਪਾਦਕ*

# ਬਸਤਰ ਵਿਚ ਰਾਜਕੀ ਫਾਸ਼ੀਵਾਦ ਦਾ ਚਿਹਰਾ

## ਸਮਾਜ ਵਿਗਿਆਨੀ ਬੇਲਾ ਭਾਟੀਆ ਦੀ ਆਵਾਜ਼



"26 ਮਾਰਚ, ਸ਼ਨਿੱਚਰਵਾਰ, ਸ਼ਾਮ ਨੂੰ ਚਾਰ ਵਜੇ ਭੜਕਿਆ ਹੋਇਆ ਹਜੂਮ (100 ਕੁ ਬੰਦੇ) ਜਗਦਲਪੁਰ ਤੋਂ ਅੱਠ ਕਿਲੋਮੀਟਰ ਦੂਰ ਉਸ ਪਿੰਡ ਵਿਚ ਮੇਰੀ ਗ਼ੈਰਹਾਜ਼ਰੀ ਵਿਚ ਆਇਆ, ਜਿਥੇ ਮੈਂ ਰਹਿੰਦੀ ਹਾਂ। ਉਹ ਚਾਰ ਜੀਪਾਂ/ਕਾਰਾਂ, ਪੰਜ ਆਟੋ ਅਤੇ ਪਿੱਕਅੱਪ ਵਾਹਨ ਵਿਚ ਸਵਾਰ ਸਨ। ਇਸ ਗਰੁੱਪ ਵਿਚ ਮਰਦ ਤੇ ਔਰਤਾਂ ਅਤੇ ਸਾਦਾ ਕੱਪੜਿਆਂ ਵਿਚ ਪੁਲਿਸੀਏ ਸ਼ਾਮਲ ਸਨ ਜਿਨ੍ਹਾਂ ਵਿਚੋਂ ਕੁਝ ਹਥਿਆਰਬੰਦ ਸਨ। ਪਿੰਡ ਵਾਲਿਆਂ ਨੇ ਉਨ੍ਹਾਂ ਵਿਚੋਂ ਕੁਝ ਨੂੰ ਪਛਾਣ ਲਿਆ ਜੋ ਲਾਗਲੇ, ਸੜਕ ਉਪਰ ਵਸੇ ਪਿੰਡ ਵਾਲੇ ਸਨ। 4-5 ਬੰਦੇ ਇਸੇ ਪਿੰਡ ਦੀ ਇਕ ਹੋਰ ਬਸਤੀ ਦੇ ਸਨ। ਗਰੁੱਪ ਨੇ ਬੈਨਰ ਚੁੱਕੇ ਹੋਏ ਸਨ। ਉਹ ਮੇਰੇ ਘਰ ਆਏ। ਮੇਰੀ ਮਕਾਨ ਮਾਲਕਣ ਅਤੇ ਕੁਝ ਗੁਆਂਢੀਆਂ ਦੀ ਜਵਾਬਤਲਬੀ ਕੀਤੀ ਗਈ। ਉਹ ਕਹਿ ਰਹੇ ਸਨ ਕਿ ਨਕਸਲੀ 'ਆਤੰਕਵਾਦੀ' ਨੂੰ ਰਹਿਣ ਲਈ ਕਮਰਾ ਕਿਉਂ ਦਿੱਤਾ ਗਿਆ ਹੈ ਅਤੇ ਉਨ੍ਹਾਂ ਨੇ ਮਕਾਨ ਮਾਲਕਣ ਨੂੰ ਮੈਨੂੰ ਤੁਰੰਤ ਕੱਢ ਦੇਣ ਲਈ ਕਿਹਾ। ਉਹ ਮਕਾਨ ਮਾਲਕਣ ਤੋਂ ਉਸ ਦੇ ਪਤੀ ਬਾਰੇ ਵੀ ਜਾਣਕਾਰੀ ਲੈ ਰਹੇ ਸਨ।

ਫਿਰ ਉਨ੍ਹਾਂ ਮੇਰੇ ਖ਼ਿਲਾਫ਼ ਨਾਅਰੇ (ਬੇਲਾ ਭਾਟੀਆ ਮੁਰਦਾਬਾਦ ਸਮੇਤ) ਲਾਉਂਦੇ ਹੋਏ ਉਥੇ ਜਲੂਸ ਕੱਢਿਆ ਅਤੇ ਹੱਥ-ਪਰਚੇ ਵੰਡੇ। ਉਨ੍ਹਾਂ ਵਿਚ ਮੇਰੇ ਉਪਰ ਬਾਹਰੋਂ ਆਈ "ਨਕਸਲੀ ਦਲਾਲ" ਦਾ ਇਲਜ਼ਾਮ ਲਾਇਆ ਗਿਆ ਸੀ। ਪਰਚਾ ਇਸ ਨਾਅਰੇ ਨਾਲ ਖ਼ਤਮ ਹੁੰਦਾ ਹੈ- 'ਬਸਤਰ ਛੋੜੋ, ਬਸਤਰ ਛੋੜੋ, ਬੇਲਾ ਭਾਟੀਆ ਬਸਤਰ ਛੋੜੋ'। ਪਰਚੇ ਉਪਰ ਕਿਸੇ ਦਾ ਨਾਂ ਜਾਂ ਕੋਈ ਵੇਰਵਾ ਨਹੀਂ ਦਿੱਤਾ ਗਿਆ। ਉਨ੍ਹਾਂ ਵਿਚੋਂ ਕੁਝ ਬੱਚਿਆਂ ਨੂੰ ਮਿਠਾਈਆਂ ਵੀ ਵੰਡ ਰਹੇ ਸਨ।"

## ਬੇਲਾ ਭਾਟੀਆ ਖਿਲਾਫ ਵੰਡੇ ਪਰਚੇ ਦੀ ਇਬਾਰਤ




ਜਾਨੀਏ ਆਪਕੇ ਬੀਚ ਮੇਂ ਰਹਨੇ ਵਾਲੀ ਨਕਸਲੀ ਦਲਾਲ ਬੇਲਾ ਭਾਟੀਆ ਕੋ

ਬਾਹਰੀ ਨਕਸਲੀ ਦਲਾਲ ਬੇਲਾ ਭਾਟੀਆ ਬਸਤਰੀਏ ਆਦਿਵਾਸੀਓਂ ਕੋ ਗੁਮਰਾਹ ਕਰਨਾ ਬੰਦ ਕਰੋ

ਵਿਦੇਸ਼ੀ ਦਲਾਲ ਬੇਲਾ ਭਾਟੀਆ ਬਸਤਰ ਸੇ ਬਾਹਰ ਆਓ

ਅਪਨੇ ਵਿਦੇਸ਼ੀ ਪਤੀ ਜਾਂ ਡਰੈਜ਼ ਕੇ ਸਾਥ ਮਿਲ ਕਰ ਖ਼ੂਨੀ ਨਕਸਲੀਓਂ ਕੇ ਸਾਥ ਦੇਸ਼ ਤੋੜਨਾ ਬੰਦ ਕਰੋਂ ਵਾ ਉਨਕੀ ਦਲਾਲੀ ਬੰਦ ਕਰੋ

ਬਸਤਰ ਛੋੜੋ, ਬਸਤਰ ਛੋੜੋ

ਬੇਲਾ ਭਾਟੀਆ ਬਸਤਰ ਛੋੜੋ

ਨਕਸਲਵਾਦੀ ਮੁਰਦਾਬਾਦ

## ਮਨੁੱਖੀ ਅਧਿਕਾਰ ਕਾਰਕੁਨ ਦਾ ਬੇਲਾ ਦੇ ਨਾਂ ਖੁੱਲ੍ਹਾ ਖਤ

**ਪਿਆਰੀ ਬੇਲਾ,**

ਤੁਹਾਡਾ ਖ਼ਤ ਪੜ੍ਹ ਕੇ ਬਹੁਤ ਖ਼ੁਸ਼ੀ ਹੋਈ ਅਤੇ ਹਿੰਮਤ ਵੀ ਮਿਲੀ। ਖ਼ੁਸ਼ੀ ਇਸ ਲਈ ਕਿ ਤੁਸੀਂ ਸਹੀ-ਸਲਾਮਤ ਹੋ ਅਤੇ ਹਿੰਮਤ ਇਸ ਲਈ ਕਿਉਂਕਿ ਜਿਸ ਡਰ ਦੀ ਹਾਲਤ ਵਿਚ ਮੈਂ ਬਸਤਰ ਤੋਂ ਵਾਪਸ ਪਰਤਿਆ ਹਾਂ, ਉਸ ਵਿਚ ਤੁਹਾਡਾ ਖ਼ਤ ਉਮੀਦ ਦੀ ਕਿਰਨ ਹੈ ਅਤੇ ਇਹ ਸਿਖਿਆ ਦਿੰਦਾ ਹੈ ਕਿ ਸਾਨੂੰ ਬੇਖ਼ੌਫ਼, ਹਿੰਮਤ ਨਾਲ ਹਰ ਤਰ੍ਹਾਂ ਦੀ ਹਿੰਸਾ ਅਤੇ ਦਾਬੇ ਦੇ ਖ਼ਿਲਾਫ਼ ਆਪਣਾ ਸੰਘਰਸ਼ ਜਾਰੀ ਰੱਖਣਾ ਚਾਹੀਦਾ ਹੈ। ਸ਼ਾਂਤੀ, ਨਿਆਂ ਅਤੇ ਜਮਹੂਰੀਅਤ ਦੀ ਸਥਾਪਨਾ ਲਈ ਸੰਘਰਸ਼।

ਪਿਛਲੇ ਹਫ਼ਤੇ ਜਦੋਂ ਅਸੀਂ ਜਗਦਲਪੁਰ ਵਿਚ ਸਾਲ ਬਾਅਦ ਮਿਲੇ ਸੀ ਤਾਂ ਤੁਸੀਂ ਕਿੰਨੀ ਖ਼ੁਸ਼ ਨਜ਼ਰ ਆ ਰਹੇ ਸੀ। ਮੈਨੂੰ ਚੇਤੇ ਹੈ, ਤੇ ਜਿਵੇਂ ਤੁਸੀਂ ਮੈਨੂੰ ਕਿਹਾ ਸੀ ਕਿ ਪਿਛਲੀ ਮੁਲਾਕਾਤ ਦੇ ਮੁਕਾਬਲੇ ਤੁਸੀਂ ਜ਼ਿਆਦਾ ਤਾਜ਼ਾ ਦਮ ਅਤੇ ਊਰਜਾਵਾਨ ਲੱਗ ਰਹੇ ਸੀ ਜਿਸ ਦੇ ਜਵਾਬ ਵਿਚ ਤੁਹਾਡਾ ਕਹਿਣਾ ਸੀ- "ਮੈਂ ਬਹੁਤ ਖ਼ੁਸ਼ ਹਾਂ ਕਿਉਂਕਿ ਵਰ੍ਹਿਆਂ ਬਾਅਦ ਮੈਂ ਉਹ ਕਰ ਸਕੀ ਹਾਂ ਜੋ ਕਰਨਾ ਚਾਹੁੰਦੀ ਸੀ।" ਤੁਸੀਂ ਦੱਸਿਆ ਸੀ ਕਿ ਕਿਸ ਤਰ੍ਹਾਂ ਤੁਸੀਂ ਮਹਿਜ਼ ਅਕਾਦਮਿਕ ਕੰਮਾਂ ਤੋਂ ਅੱਗੇ ਜਾ ਕੇ, ਆਪਣੀ ਨਾਗਰਿਕ ਜ਼ਿੰਮੇਦਾਰੀ ਨਿਭਾਉਣਾ ਚਾਹੁੰਦੇ ਸੀ। ਤੁਸੀਂ ਆਪਣੇ ਖ਼ਤ ਵਿਚ ਵੀ ਲਿਖਿਆ ਹੈ: "ਇਕ ਵਕਤ ਆਇਆ ਜਦੋਂ ਮੈਨੂੰ ਜ਼ਰੂਰੀ ਲੱਗਣ ਲੱਗਿਆ ਕਿ ਮੈਂ ਲੋਕਾਂ ਨੂੰ ਆਪਣੇ ਹੱਕਾਂ ਲਈ ਲੜਨ ਵਿਚ ਮਦਦ ਕਰਾਂ। ਮੈਂ ਖੋਜਕਾਰ ਸੀ ਅਤੇ ਨਾਲ ਹੀ ਨਾਗਰਿਕ ਵੀ। ਮੈਂ ਮੁਲਕ ਦੇ ਹੋਰ ਸੂਬਿਆਂ ਵਿਚ ਜਿਥੇ-ਜਿਥੇ ਵੀ ਕੰਮ ਕੀਤਾ ਸੀ, ਉਥੇ ਵੀ ਇਹ ਜ਼ਿੰਮੇਦਾਰੀ ਨਿਭਾਈ ਸੀ, ਤਾਂ ਬਸਤਰ ਵਿਚ ਕਿਉਂ ਨਹੀਂ? ਇਹ ਸੋਚ ਕੇ ਮੈਂ ਆਦਿਵਾਸੀਆਂ ਨਾਲ ਉਨ੍ਹਾਂ ਦੇ ਸੰਵਿਧਾਨਕ ਹੱਕਾਂ ਦੇ ਲਈ ਕੰਮ ਕਰਨਾ ਸ਼ੁਰੂ ਕੀਤਾ। ਮੈਂ ਮੰਨਦੀ ਹਾਂ ਕਿ ਸਾਡੇ ਵਰਗੇ ਮੁਲਕ ਵਿਚ ਜੋ ਲੋਕ ਪੜ੍ਹੇ-ਲਿਖੇ ਹਨ, ਉਨ੍ਹਾਂ ਦੀ ਸਮਾਜ ਪ੍ਰਤੀ ਜ਼ਿੰਮੇਦਾਰੀ ਵਧ ਜਾਂਦੀ ਹੈ।"

ਸ਼ਾਇਦ ਬਸਤਰ ਮੁਲਕ ਦੇ ਹੋਰ ਹਿੱਸਿਆਂ, ਖ਼ਾਸ ਤੌਰ 'ਤੇ ਅਖੌਤੀ ਮੇਨਲੈਂਡ ਵਰਗਾ ਨਹੀਂ ਹੈ। ਬਸਤਰ ਵਿਚ ਹਕੂਕ ਅਤੇ ਸੰਵਿਧਾਨ ਵਰਗੇ ਲਫ਼ਜ਼ ਮਹਿਜ਼ ਕਿਤਾਬਾਂ ਤਕ ਮਹਿਦੂਦ ਹਨ। ਤੁਹਾਡੇ ਹੀ ਲਫ਼ਜ਼ਾਂ 'ਚ, "ਬਸਤਰ ਵਿਚ ਸਰਕਾਰ ਅਤੇ ਮਾਓਵਾਦੀਆਂ ਦਰਮਿਆਨ ਯੁੱਧ ਚਲ ਰਿਹਾ ਹੈ।" ਤੇ ਐਸੇ ਹਾਲਾਤ ਵਿਚ ਕੰਮ ਕਰਨਾ, ਖ਼ਾਸ ਕਰ ਕੇ ਅਵਾਮ ਦੇ ਸੰਵਿਧਾਨਕ ਹੱਕਾਂ ਲਈ ਲੜਨਾ, ਉਸ ਦੇ ਬਾਰੇ ਲਿਖਣਾ ਅਤੇ ਸੱਚ ਨੂੰ ਉਜਾਗਰ ਕਰਨਾ ਹੋਰ ਵੀ ਮੁਸ਼ਕਿਲ ਹੋ ਜਾਂਦਾ ਹੈ ਅਤੇ ਇਸੇ ਮੁਸ਼ਕਿਲ ਕੰਮ ਨੂੰ ਤੁਸੀਂ ਅੰਜਾਮ ਦੇ ਰਹੇ ਹੋ ਜੋ ਕਾਬਲੇ-ਤਾਰੀਫ਼ ਵੀ ਹੈ ਅਤੇ ਸਾਹਸੀ ਵੀ।

ਮੈਂ ਜਾਣਦਾ ਹਾਂ ਕਿ ਤੁਹਾਡਾ ਬਸਤਰ ਵਿਚ ਜਾ ਕੇ ਰਹਿਣਾ ਕਿਸੇ "ਕੁਰਬਾਨੀ ਜਾਂ ਗੋਰੇ ਆਦਮੀ ਦਾ ਬੋਝ" ਦੀ ਧਾਰਨਾ ਤਹਿਤ ਕੀਤਾ ਗਿਆ ਕੋਈ ਫ਼ੈਸਲਾ ਨਹੀਂ ਹੈ, ਜਿਵੇਂ ਜ਼ਿਆਦਾਤਰ ਮੱਧ ਵਰਗ ਸਮਝਦਾ ਹਾਂ ਅਤੇ ਆਮ ਲੋਕਾਂ ਨੂੰ ਸਮਝਾਉਣ ਦਾ ਯਤਨ ਕੀਤਾ ਜਾਂਦਾ ਹੈ। ਤੁਹਾਡਾ ਇਹ ਫ਼ੈਸਲਾ, ਜਿਥੋਂ ਤਕ ਮੈਂ ਸਮਝ ਸਕਿਆ ਹਾਂ, ਜ਼ਿੰਮੇਦਾਰ ਨਾਗਰਿਕ ਦਾ ਫ਼ੈਸਲਾ ਹੈ ਜੋ ਸ਼ਾਂਤੀ ਅਤੇ ਅਨਿਆਂ ਦੀ ਸਥਾਪਨਾ ਵਿਚ ਆਪਣਾ ਯੋਗਦਾਨ ਦੇਣਾ ਚਾਹੁੰਦਾ ਹੈ ਅਤੇ ਆਪਣੀਆਂ ਤਾਕਤਾਂ ਲਗਾ ਦੇਣਾ ਚਾਹੁੰਦਾ ਹੈ। ਕਾਸ਼, ਮੈਂ ਵੀ ਅਜਿਹਾ ਕਰ ਸਕਦਾ ਅਤੇ ਮੇਰੇ ਅੰਦਰ ਵੀ ਇੰਨੀ ਹਿੰਮਤ ਹੁੰਦੀ!

ਤੁਸੀਂ ਆਪਣੇ ਖ਼ਤ ਵਿਚ ਮੁਕਾਮੀ ਜਥੇਬੰਦੀ 'ਸਮਾਜਿਕ ਏਕਤਾ ਮੰਚ' ਦੁਆਰਾ ਤੁਹਾਡੇ ਉਪਰ ਨਕਸਲੀ ਹੋਣ ਦਾ ਇਲਜ਼ਾਮ ਲਗਾਏ ਜਾਣ ਦਾ ਜ਼ਿਕਰ ਕੀਤਾ ਹੈ। ਇਸ ਬਾਰੇ ਪੜ੍ਹਦਿਆਂ ਮੈਨੂੰ ਪਿਛਲੇ ਹਫ਼ਤੇ (17 ਮਾਰਚ) ਦਾ ਵਾਕਿਆ ਚੇਤੇ ਆ ਗਿਆ। ਉਸ ਰਾਤ ਤੁਸੀਂ, ਮੈਂ ਅਤੇ ਸਾਡੀ ਇਕ ਹੋਰ ਸਾਥੀ ਬਸ ਵਿਚ ਜਗਦਲਪੁਰ ਤੋਂ ਰਾਇਪੁਰ ਆ ਰਹੇ ਸੀ। ਬਸ ਰੁਕਦੇ ਸਾਰ 'ਸਮਾਜਿਕ ਏਕਤਾ ਮੰਚ' ਦੇ ਦੋ ਅਹੁਦੇਦਾਰ ਸਾਡੀ ਬਸ ਵਿਚ ਆ ਵੜੇ ਅਤੇ ਸਾਡੇ ਤਿੰਨਾਂ ਨਾਲ ਗੱਲਬਾਤ ਘੱਟ, ਪੁੱਛ-ਗਿੱਛ ਜ਼ਿਆਦਾ ਕਰਨ ਲੱਗੇ। ਸਾਡਾ ਨਾਂ, ਪਤਾ, ਫ਼ੋਨ ਨੰਬਰ ਤੇ ਆਉਣ ਦਾ ਮਕਸਦ ਨੋਟ ਕੀਤਾ ਅਤੇ ਫ਼ੋਟੋ ਵੀ ਲਏ, ਤੇ ਉਸੇ ਵਕਤ ਸਾਰਾ ਕੁਝ ਵੱਟਸਐਪ ਜ਼ਰੀਏ ਕਿਸੇ ਨੂੰ ਭੇਜ ਦਿੱਤਾ।

ਉਹ ਸਾਨੂੰ ਲਗਾਤਾਰ ਉਸ ਦਿਨ (17 ਮਾਰਚ) ਸੁਕਮਾ ਜ਼ਿਲ੍ਹੇ ਦੇ ਇਕ ਪਿੰਡ ਵਿਚ ਇਕ ਬੱਚੀ ਦੇ ਮਾਓਵਾਦੀਆਂ ਦੇ ਬਾਰੂਦੀ-ਸੁਰੰਗ ਧਮਾਕੇ ਵਿਚ ਮਾਰੇ ਜਾਣ ਬਾਰੇ ਸਵਾਲ ਕਰ ਰਹੇ ਸਨ ਅਤੇ ਉਸ ਦੀ ਨਿਖੇਧੀ ਕਰਨ ਲਈ ਕਹਿ ਰਹੇ ਸਨ। ਸਾਡੇ ਵਲੋਂ ਵਾਰ-ਵਾਰ ਐਸੇ ਵਾਕਿਆ ਦੀ ਨਿਖੇਧੀ ਕਰਨ ਦੇ ਬਾਵਜੂਦ ਉਹ ਇਉਂ ਸਵਾਲ ਕਰ ਰਹੇ ਸਨ ਜਿਵੇਂ ਅਸੀਂ ਹੀ ਉਸ ਵਾਰਦਾਤ ਨੂੰ ਅੰਜਾਮ ਦਿੱਤਾ ਹੋਵੇ। ਉਨ੍ਹਾਂ ਨੇ ਭਾਵੇਂ ਸਾਡੇ ਨਾਲ ਬਦਸਲੂਕੀ ਨਹੀਂ ਕੀਤੀ, ਪਰ ਉਨ੍ਹਾਂ ਦਾ ਤਰੀਕਾ ਡਰਾਉਣ ਵਾਲਾ ਸੀ।

ਫਿਰ ਰਸਤੇ ਵਿਚ ਦੇਰ ਰਾਤ, ਦੋ ਵਾਰ ਸਾਡੇ ਬੈਗਾਂ ਦੀ ਤਲਾਸ਼ੀ ਹੋਈ। ਨਾਂ, ਪਤਾ ਅਤੇ ਫ਼ੋਟੋ ਲੈਣ ਦਾ ਉਹੀ ਸਿਲਸਿਲਾ ਚੱਲਿਆ। ਤੁਹਾਡੀ ਤਾਂ ਡਾਇਰੀ ਅਤੇ ਨੋਟਬੁਕ ਵੀ ਘੋਖੀ ਗਈ। ਦੁੱਖ ਤਾਂ ਇਹ ਹੈ ਕਿ "ਸਾਡੀ ਵਜ੍ਹਾ ਨਾਲ ਇਹ ਕੁਝ ਬਾਕੀ ਮੁਸਾਫ਼ਰਾਂ ਨੂੰ ਵੀ ਝੱਲਣਾ ਪਿਆ; ਇਕ ਨਹੀਂ, ਦੋ-ਦੋ ਵਾਰ। ਇਸ ਚੱਕਰ ਵਿਚ ਸਾਡੀ ਬਸ ਦੋ ਘੰਟੇ ਤੋਂ ਜ਼ਿਆਦਾ ਲੇਟ ਪਹੁੰਚੀ। ਹੁਣ ਸੁਣਨ ਵਿਚ ਆ ਰਿਹਾ ਹੈ ਕਿ 'ਸਮਾਜਿਕ ਏਕਤਾ ਮੰਚ' ਦੀ ਸਹਿਯੋਗੀ ਜਥੇਬੰਦੀ 'ਮਹਿਲਾ ਏਕਤਾ ਮੰਚ' ਨੇ ਪ੍ਰਧਾਨ ਮੰਤਰੀ ਦਫ਼ਤਰ ਨੂੰ ਖ਼ਤ ਲਿਖ ਕੇ ਤੁਹਾਡੇ, ਜਗਦਲਪੁਰ ਲੀਗਲ ਏਡ ਦੇ ਸਾਥੀਆਂ ਅਤੇ ਸਾਡੀ ਉਸ ਸਾਥੀ ਦੇ ਖ਼ਿਲਾਫ਼, ਜੋ 17 ਮਾਰਚ ਦੇ ਸਫ਼ਰ ਵਿਚ ਸਾਡੇ ਨਾਲ ਸੀ, ਨਕਸਲੀ ਹਮਾਇਤੀ ਅਤੇ ਛੱਤੀਸਗੜ੍ਹ ਪਬਲਿਕ ਸਕਿਉਰਿਟੀ ਐਕਟ ਦੇ ਤਹਿਤ ਮੁਕੱਦਮਾ ਚਲਾਉਣ ਦੀ ਅਪੀਲ ਕੀਤੀ ਹੈ; ਪਰ ਇਹ ਕਿਹੜਾ ਅੰਤ ਸੀ। 19 ਮਾਰਚ ਦੀ ਰਾਤ ਜਦੋਂ ਤੁਸੀਂ ਰਾਏਪੁਰ ਤੋਂ ਜਗਦਲਪੁਰ ਵਾਪਸ ਜਾ ਰਹੇ ਸੀ ਤਾਂ ਇਕ ਵਾਰ ਫਿਰ 'ਸਮਾਜਿਕ ਏਕਤਾ ਮੰਚ' ਵਾਲਿਆਂ ਨੇ ਤੁਹਾਨੂੰ ਫ਼ੋਨ ਕੀਤਾ। ਲਗਾਤਾਰ ਤੁਹਾਨੂੰ ਸਵਾਲ ਕਰਦੇ ਰਹੇ। ਉਨ੍ਹਾਂ ਦਾ ਤਰੀਕਾ ਡਰਾਉਣ ਵਾਲਾ ਸੀ। ਸੱਚ ਪੁੱਛੋ ਤਾਂ ਮੈਂ ਬੁਰੀ ਤਰ੍ਹਾਂ ਡਰ ਵੀ ਗਿਆ ਸੀ। ਤੁਹਾਨੂੰ ਵਾਪਸ ਜਾਣ ਤੋਂ ਰੋਕਣਾ ਚਾਹੁੰਦਾ ਸੀ, ਪਰ ਤੁਹਾਡੀ ਵਚਨਬੱਧਤਾ ਨੂੰ ਜਾਣਦੇ ਹੋਏ ਮੇਰੀ ਤੁਹਾਨੂੰ ਰੋਕਣ ਦੀ ਹਿੰਮਤ ਨਹੀਂ ਪਈ। ਮੈਨੂੰ ਨਹੀਂ ਪਤਾ ਕਿ ਮੇਰਾ ਤੁਹਾਨੂੰ ਨਾ ਰੋਕਣ ਦਾ ਫ਼ੈਸਲਾ ਕਿੱਥੋਂ ਤਕ ਸਹੀ ਸੀ ਅਤੇ ਕਿੱਥੋਂ ਤਕ ਗ਼ਲਤ!

ਬਸ ਇੰਨਾ ਕਹਿਣਾ ਚਾਹੁੰਦਾ ਹਾਂ ਕਿ ਮਨ ਹਮੇਸ਼ਾ ਉਧਰ ਹੀ ਲੱਗਾ ਰਹਿੰਦਾ ਹੈ। ਤੁਹਾਡੇ ਵੱਲ, ਸੋਨੀ (ਸੋਰੀ) ਦੀਦੀ ਵੱਲ, ਲਿੰਗਾ (ਕੋਡੋਪੀ) ਵੱਲ ਅਤੇ ਹਜ਼ਾਰਾਂ ਆਦਿਵਾਸੀਆਂ ਵੱਲ ਜਿਨ੍ਹਾਂ ਉਪਰ ਅਣ-ਐਲਾਨੀ ਜੰਗ ਥੋਪ ਦਿੱਤੀ ਗਈ ਹੈ। ਸਮਝ ਨਹੀਂ ਆਉਂਦਾ ਕਿ ਇਹ ਸਭ ਕਦੋਂ ਤਕ ਚਲਦਾ ਰਹੇਗਾ। ਕੀ ਬਸਤਰ ਵਿਚ ਕਦੇ ਸ਼ਾਂਤੀ, ਨਿਆਂ ਅਤੇ ਜਮਹੂਰੀਅਤ ਦੀ ਸਥਾਪਨਾ ਹੋ ਸਕੇਗੀ? ਪਤਾ ਨਹੀਂ। ਬਸ ਦੁਆ ਹੈ ਕਿ ਤੁਹਾਡੇ ਯਤਨ ਰੰਗ ਲਿਆਉਣ।

**ਤੁਹਾਡਾ**

**ਮਹਿਤਾਬ, 23 ਮਾਰਚ 2016**

# ਹਿੰਦੁਸਤਾਨ ਬਨਾਮ ਹਿੰਸਾ ਦੇ ਪੁਜਾਰੀ

ਡਾ. ਪੰਕਜ ਗਰਗ ਦੰਦਾਂ ਦਾ ਮਾਹਿਰ ਸੀ ਜੋ ਪੱਛਮੀ ਦਿੱਲੀ ਦੇ ਇਲਾਕੇ ਵਿਚ ਡਾਕਟਰੀ ਕਰਦਾ ਸੀ। ਪਿਛਲੇ ਦਿਨੀਂ ਉਸ ਦੀ ਹੱਤਿਆ ਹੋ ਗਈ। ਕ੍ਰਿਕਟ ਬਾਲ ਤੋਂ ਛਿੜੇ ਮਾਮੂਲੀ ਜਿਹੇ ਝਗੜੇ ਦਾ ਅਜਿਹਾ ਖ਼ੌਫ਼ਨਾਕ ਤੇ ਹਿੰਸਕ ਅੰਤ ਹੋ ਨਿੱਬੜਿਆ। ਆਖ਼ਰ ਉਸ ਨੂੰ ਜਾਨ ਕਿਉਂ ਗੁਆਉਣੀ ਪਈ? ਇਸ ਸਵਾਲ ਦਾ ਜਵਾਬ ਸਾਨੂੰ ਸ਼ਾਇਦ ਕਦੇ ਵੀ ਨਹੀਂ ਮਿਲੇਗਾ। ਬਠਿੰਡਾ ਹੁੰਦਾ ਜਾਂ ਰੋਹਤਕ, ਦੇਸ਼ ਦੇ ਕਿਸੇ ਵੀ ਸ਼ਹਿਰ ਵਿਚ ਰਹਿੰਦਿਆਂ ਉਨ੍ਹਾਂ ਨਾਲ ਅਜਿਹੀ ਘਟਨਾ ਵਾਪਰ ਸਕਦੀ ਸੀ। ਅਸਲ ਵਿਚ ਉਹ ਸਾਡੇ ਸਮਿਆਂ ਤੇ ਇਸ ਦੀ ਤੁਨਕ ਮਿਜ਼ਾਜੀ ਦਾ ਸ਼ਿਕਾਰ ਬਣ ਗਏ।

ਸਾਡੀ ਰਾਜਨੀਤੀ ਅਤੇ ਇਸ ਦੇ ਸਭਿਆਚਾਰਕ ਬਿਰਤਾਂਤ ਨੇ ਮਿਲ ਕੇ ਸਾਨੂੰ ਸਭ ਨੂੰ ਵਧੇਰੇ ਅਸਹਿਣਸ਼ੀਲ, ਵਧੇਰੇ ਹਿੰਸਕ ਅਤੇ ਨਾਲ ਹੀ ਆਪਣੀਆਂ ਹਿੰਸਕ ਬਿਰਤੀਆਂ ਸਬੰਧੀ ਘੱਟ ਸ਼ਰਮਸਾਰ ਬਣਾ ਦਿੱਤਾ ਹੈ। ਪਹਿਲਾਂ ਦੇ ਮੁਕਾਬਲੇ ਹੁਣ ਨਾ ਕੇਵਲ ਅਸੀਂ ਹਿੰਸਾ ਨੂੰ ਤਿਰਸਕਾਰ ਕਰਨ ਤੋਂ ਹਟਦੇ ਜਾ ਰਹੇ ਹਾਂ, ਸਗੋਂ ਆਪਣਾ ਨੁਕਤਾ ਸਿੱਧ ਕਰਨ ਲਈ ਹਿੰਸਾ ਦੀ ਵਰਤੋਂ ਦਾ ਮਹਿਮਾਗਾਨ ਵੀ ਕਰਨ ਲੱਗ ਪਏ ਹਾਂ। ਇਹ ਸਭ ਕੁਝ ਪਛੜ ਕੇ ਆਈ ਸਾਡੀ ਪੁਨਰ-ਜਾਗ੍ਰਿਤੀ ਲਹਿਰ ਦਾ ਹੀ ਹਿੱਸਾ ਜਾਪਦਾ ਹੈ।

ਹਿੰਸਾ ਨੂੰ ਗੰਦ-ਮੰਦ ਦੀ ਸਫ਼ਾਈ ਦੇ ਇੱਕ ਸਾਧਨ ਦੇ ਤੌਰ 'ਤੇ ਦੇਖਿਆ ਜਾਂਦਾ ਹੈ। ਅਸੀਂ ਅਕਸਰ ਆਪਣੇ-ਆਪ ਨੂੰ ਸਮਝੌਤੀਆਂ ਦਿੰਦੇ ਰਹਿੰਦੇ ਹਾਂ ਕਿ ਸਾਡੇ ਸਮਾਜ ਅੰਦਰਲੇ ਇਤਿਹਾਸਕ ਨੁਕਸਾਂ ਨੂੰ ਉਹੀ ਸ਼ਖ਼ਸ ਦੂਰ ਕਰ ਸਕਦਾ ਹੈ ਜੋ ਹਮਲਾ ਕਰਨ ਦਾ ਮਾਦਾ ਰੱਖਦਾ ਹੋਵੇ। ਸਾਡੇ ਆਲੇ-ਦੁਆਲੇ ਫੈਲੀ ਮਨੋਦਸ਼ਾ ਹੀ ਇਹ ਵਿਚਾਰ ਉਪਜਾਉਂਦੀ ਹੈ ਕਿ ਭਾਰਤ ਲੰਮੇ ਸਮੇਂ ਤੋਂ ਕੁਝ ਜ਼ਿਆਦਾ ਹੀ ਸਹਿਣਸ਼ੀਲ, ਸ਼ਾਂਤਮਈ ਤੇ ਸਭ ਨੂੰ ਸਮਾਉਣ ਵਾਲਾ ਬਣਿਆ ਹੋਇਆ ਤੇ ਅਜਿਹਾ ਕਰਦਿਆਂ ਇਹ ਕਾਇਰ ਵੀ ਬਣ ਗਿਆ ਹੈ। ਇਸ ਕਰ ਕੇ ਇਸ ਨੂੰ ਬਦਲਿਆ ਜਾਣਾ ਚਾਹੀਦਾ ਹੈ। ਫਿਰ ਜੇ ਸੜਕਾਂ 'ਤੇ ਖ਼ੂਨ ਵੀ ਡੁੱਲ੍ਹਦਾ ਹੈ ਤਾਂ ਵੀ ਮਨਜ਼ੂਰ ਹੈ। ਭਾਰਤ ਮਾਤਾ ਕੁਰਬਾਨੀ ਮੰਗਦੀ ਹੈ ਤੇ ਇਸ ਦਾ ਮਾਣ-ਸਨਮਾਨ ਬਹਾਲ ਕੀਤਾ ਜਾਣਾ ਚਾਹੀਦਾ ਹੈ ਤੇ ਇਸ ਦੀ ਰਾਖੀ ਕੀਤੀ ਜਾਣੀ ਚਾਹੀਦੀ ਹੈ।

ਹਿੰਸਾ ਚੰਗੀ ਤੇ ਲਾਜ਼ਮੀ ਸ਼ੈਅ ਹੁੰਦੀ ਹੈ। ਇਹ ਤੱਤ ਨਵੇਂ ਸਿਆਸਤਦਾਨਾਂ ਤੇ ਬਾਜ਼ਾਰ (ਜੋ ਇਸੇ ਦਾ ਚਕੋਰ ਹੈ) ਵੱਲੋਂ ਸਾਡੀ ਸਭਿਆਚਾਰਕ ਚੇਤਨਾ ਵਿਚ ਵਾਰ-ਵਾਰ ਚੜ੍ਹਾਇਆ ਜਾਂਦਾ ਹੈ। ਅਸੀਂ ਦੇਖਦੇ ਹਾਂ ਕਿ ਕਿਵੇਂ ਬਦਤਮੀਜ਼ੀ ਵਾਲੀ 'ਤਹਿਜ਼ੀਬ' ਨੂੰ ਪ੍ਰਵਾਨ ਚੜ੍ਹਾਇਆ ਜਾ ਰਿਹਾ ਹੈ। ਇਸ਼ਤਿਹਾਰ ਜਗਤ ਦੇ ਕਾਢੀ ਕਿਵੇਂ ਕਿਸੇ ਸੌਫ਼ਟ ਡਰਿੰਕ ਜਾਂ ਕਾਰ ਦੇ ਬ੍ਰਾਂਡ ਦੀ ਵਿਕਰੀ ਖ਼ਾਤਰ ਮਾੜੇ ਵਿਹਾਰ ਨੂੰ ਵੀ ਰੋਮਾਨੀ ਰੰਗਤ ਦੇਣ ਲੱਗੇ ਹੋਏ ਹਨ। ਇਸ ਬਦਤਮੀਜ਼ ਖ਼ਪਤਵਾਦੀ ਨੂੰ ਖ਼ੂਬ ਹੱਲਾਸ਼ੇਰੀ ਦਿੱਤੀ ਜਾ ਰਹੀ ਹੈ ਅਤੇ ਸੋਸ਼ਲ ਮੀਡੀਆ 'ਤੇ ਜ਼ੁਬਾਨੀ ਹਿੰਸਾ ਦਾ ਫ਼ੈਸ਼ਨ ਆਮ ਹੋ ਗਿਆ ਹੈ।

2014 ਦੀਆਂ ਲੋਕ ਸਭਾ ਚੋਣਾਂ ਦੌਰਾਨ ਅਸੀਂ ਆਪਣੇ ਫੂਹੜ, ਮਸਖ਼ਰੇਪੁਣੇ ਤੇ ਸੰਵੇਦਨਹੀਣਤਾ ਦੀ ਆਪਣੀ ਛੁਪੀ ਹੋਈ ਸਮਰੱਥਾ ਦਾ ਖ਼ੂਬ ਮਜ਼ਾ ਲਿਆ ਹੈ। ਸਾਡੇ ਨਵੇਂ ਹਾਕਮ ਆਪਣੇ ਵਿਰੋਧੀਆਂ ਪ੍ਰਤੀ ਨਿਮਰਤਾ ਨਾਲ ਪੇਸ਼ ਹੋਣ ਵਿਚ ਵਿਸ਼ਵਾਸ ਨਹੀਂ ਰੱਖਦੇ ਜਿਸ ਕਰ ਕੇ ਅਸੀਂ ਸਾਰੇ ਮਹਿਸੂਸ ਕਰਦੇ ਹਾਂ ਕਿ ਫੂਹੜਪੁਣੇ, ਵੈਰ-ਭਾਵ ਤੇ ਨਫ਼ਰਤ ਨੂੰ ਬੜ੍ਹਾਵਾ ਦੇਣ ਦੀ ਸਮਾਜਿਕ ਪ੍ਰਵਾਨਗੀ ਹਾਸਲ ਹੋ ਗਈ ਹੈ। ਇਹ ਸਾਰੀਆਂ ਆਦਤਾਂ ਸਾਡੇ ਸਮਾਜਿਕ ਵਿਹਾਰ ਦਾ ਅੰਗ ਬਣ ਗਈਆਂ ਹਨ।

ਪਿਛਲੇ ਮਹੀਨੇ ਚਾਰ ਦਿਨ ਹਰਿਆਣਾ ਦੇ ਵੱਡੇ ਖੇਤਰ ਵਿਚ ਹਜੂਮੀ ਹਿੰਸਾ ਦੀ ਮੇਜ਼ਬਾਨੀ ਕੀਤੀ ਗਈ। ਇਹ ਉਹ ਹਿੰਸਾ ਸੀ ਜਿਸ ਨੂੰ ਸਮਾਜਿਕ ਤੇ ਸਿਆਸੀ ਮਾਨਤਾ ਮਿਲੀ ਹੋਈ ਸੀ ਤੇ ਜਿਨ੍ਹਾਂ ਨੇ ਇਸ ਤਰ੍ਹਾਂ ਦੇ ਧਾਵਵੀਆਂ ਤੋਂ ਸਾਡੀ ਰੱਖਿਆ ਕਰਨੀ ਹੁੰਦੀ ਹੈ, ਉਹ ਇਵੇਂ ਵਿਚਰ ਰਹੇ ਸਨ ਜਿਵੇਂ ਇਸ ਤਰ੍ਹਾਂ ਦਾ ਕੁਝ ਵਾਪਰਿਆ ਕਰਨ ਲੱਗੇ ਹੋਏ ਹਨ ਕਿ ਜਿਵੇਂ ਕੁਝ ਵਾਪਰਿਆ ਹੀ ਨਹੀਂ ਹੁੰਦਾ। ਉਹ ਇਹ ਦਰਸਾ ਰਹੇ ਸਨ ਕਿ ਜਿਵੇਂ ਹਿੰਸਾ ਦਾ ਇਹ ਤਾਂਡਵ ਮਹਿਜ਼ ਮੀਡੀਆ ਦੀ ਹੀ ਘਾੜਤ ਸੀ।

ਟੈਲੀਵਿਜ਼ਨ ਚੈਨਲਾਂ ਦੇ ਸਟੂਡੀਓਜ਼ ਵਿਚ ਵੀ ਵਿਚਾਰਕ ਹਮਲਿਆਂ ਦਾ ਦੌਰ ਚੱਲ ਰਿਹਾ ਹੈ। ਬਹੁਤ ਸਾਰੇ ਲੋਕ ਇਸ ਵਿਚ ਸ਼ਾਮਲ ਹੋ ਰਹੇ ਹਨ। ਸਾਨੂੰ ਇਹ ਵਿਸ਼ਵਾਸ ਦਿਵਾਇਆ ਜਾਂਦਾ ਹੈ ਕਿ ਜੇ ਤੁਸੀਂ ਲੱਠਮਾਰਾਨਾ ਢੰਗ ਨਾਲ ਕੋਈ ਗੱਲ ਨਹੀਂ ਕਹਿੰਦੇ ਤਾਂ ਕੋਈ ਵੀ ਤੁਹਾਡੀ ਗੱਲ 'ਤੇ ਕੰਨ ਨਹੀਂ ਧਰੇਗਾ।

ਡਾ. ਪੰਕਜ ਨਾਰੰਗ 'ਤੇ ਹਮਲਾ ਕਰਨ ਵਾਲੇ ਝੁੱਗੀ-ਝੌਂਪੜੀਆਂ ਵਾਲੀ ਬਸਤੀ ਵਿਚ ਰਹਿੰਦੇ ਹਨ। ਇਸ ਲਈ ਇਸ ਨੂੰ ਜਮਾਤੀ ਸੰਘਰਸ਼ ਦੇ ਸਿੱਟੇ ਦੇ ਤੌਰ 'ਤੇ ਦੇਖਣ ਦੀ ਲਲਕ ਪੈਦਾ ਹੁੰਦੀ ਹੋਵੇ, ਪਰ ਅਸਲ ਵਿਚ ਗੁਰਬਤ ਵਿਚ ਜੀਅ ਰਹੇ ਲੋਕ ਵੀ ਇਸੇ ਹਿੰਸਾ ਉਕਸਾਊ ਬਾਜ਼ਾਰਵਾਦੀ ਸਭਿਆਚਾਰ ਦੀ ਮਾਰ ਹੇਠ ਆ ਰਹੇ ਹਨ। ਇਸ ਲਿਹਾਜ਼ ਤੋਂ ਡਾ. ਨਾਰੰਗ ਦੀ ਮੌਤ ਲਈ ਥੋੜ੍ਹਾ-ਬਹੁਤ ਅਸੀਂ ਸਾਰੇ ਹੀ ਜ਼ਿੰਮੇਵਾਰ ਹਾਂ।

**-ਹਰੀਸ਼ ਖਰੇ**

# ਆਸਟਰੇਲੀਆ ਦਾ ਫੌਜਾ ਸਿੰਘ-ਪੈਟ ਫਾਰਮਰ ਦੌੜਾਕ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

17 ਮਾਰਚ 2016 ਨੂੰ ਚੰਡੀਗੜ੍ਹ ਵਿਚ ਸਿਡਨੀ ਦੇ ਜੰਮੇ ਜਾਏ ਪੈਟ ਫਾਰਮਰ ਤੇ ਉਸ ਦੀ ਸਾਥਣ ਦੇ ਦਰਸ਼ਨ ਹੋਏ। ਉਹ ਅੰਬਾਲਾ ਸ਼ਹਿਰ ਤੋਂ ਦੌੜ ਕੇ ਜ਼ੀਰਕਪੁਰ ਰਾਹੀਂ ਦੁਪਹਿਰ ਤੋਂ ਪਹਿਲਾਂ ਚੰਡੀਗੜ੍ਹ ਪਹੁੰਚ ਗਿਆ ਸੀ। ਉਸ ਨੇ ਇਹ ਦੌੜ 26 ਜਨਵਰੀ ਵਾਲੇ ਦਿਨ ਕੰਨਿਆ ਕੁਮਾਰੀ ਤੋਂ ਸ਼ੁਰੂ ਕੀਤੀ ਸੀ ਜੋ 30 ਮਾਰਚ ਨੂੰ ਕਸ਼ਮੀਰ ਜਾ ਕੇ ਖਤਮ ਹੋਣੀ ਸੀ। ਉਸ ਦੇ ਇਸ ਕਰਤੱਵ ਨੂੰ ਭਾਰਤ ਸਰਕਾਰ ਦੇ ਵਿਦੇਸ਼ ਅਤੇ ਟੂਰਿਜ਼ਮ ਮੰਤਰਾਲੇ ਅਤੇ ਰਸਤੇ ਵਿਚ ਆਉਣ ਵਾਲੀਆਂ ਰਾਜ ਸਰਕਾਰਾਂ (ਤਾਮਿਲਨਾਡੂ, ਕਰਨਾਟਕ, ਗੋਆ, ਮਹਾਰਾਸ਼ਟਰ, ਗੁਜਰਾਤ, ਰਾਜਸਥਾਨ, ਉਤਰ ਪ੍ਰਦੇਸ਼, ਦਿੱਲੀ, ਹਰਿਆਣਾ ਪੰਜਾਬ ਤੇ ਜੰਮੂ ਕਸ਼ਮੀਰ) ਨੇ ਖਿੜੇ ਮੱਥੇ ਪ੍ਰਵਾਨਗੀ ਦੇ ਰੱਖੀ ਸੀ। ਉਸ ਨੇ ਇਸ ਦੌੜ ਰਾਹੀਂ 60 ਦਿਨਾਂ ਵਿਚ 4600 ਕਿਲੋਮੀਟਰ ਤੈਅ ਕਰਨੇ ਹਨ। ਉਹ ਇਸ ਨੂੰ 'ਭਾਰਤੀ ਆਤਮਾ ਦੀ ਦੌੜ' ਕਹਿੰਦਾ ਹੈ। ਮੁਆਫ ਕਰਨਾ ਇਸ ਨੂੰ 'ਭਾਰਤ ਮਾਤਾ ਦੀ ਜੈ' ਵਾਲਿਆਂ ਨਾਲ ਨਾ ਜੋੜ ਲੈਣਾ।

ਪੈਟ ਫਾਰਮਰ ਉਤਰੀ ਧਰੁਵ ਤੋਂ ਦੱਖਣੀ ਧਰੁਵ ਤੱਕ ਦਰਜਨਾਂ ਦੇਸ਼ਾਂ ਵਿਚੋਂ ਦੌੜ ਕੇ ਲੰਘਿਆ ਹੈ। ਉਹ 8 ਸਾਲ ਆਸਟ੍ਰੇਲੀਅਨ ਸੰਸਦ ਦੀ ਮੈਂਬਰੀ ਤੇ ਉਥੋਂ ਦੇ ਐਜੂਕੇਸ਼ਨ, ਸਾਇੰਸ ਤੇ ਟ੍ਰੇਨਿੰਗ ਵਿਭਾਗਾਂ ਦੀ ਸਕੱਤਰੀ ਨਿਭਾਉਂਦਿਆਂ ਦੌੜਾਂ ਲਾਉਣੋਂ ਨਹੀਂ ਹਟਿਆ। ਖੂਬੀ ਇਹ ਕਿ ਬਹੁਤੀ ਥਾਂਈਂ ਉਸ ਦੀ ਗੋਰੀ ਤੇ ਸੁਬਕ ਜਿਹੀ ਪਤਨੀ ਉਸ ਦਾ ਸਾਥ ਦਿੰਦੀ ਹੈ ਜਿਸ ਨੂੰ ਲੋੜ ਪੈਣ 'ਤੇ ਏਸ ਦੌੜ ਦੀ ਡਾਕੂਮੈਂਟਰੀ ਬਣਾ ਰਿਹਾ ਅਮਲਾ ਲਿਫਟ ਦੇ ਦਿੰਦਾ ਹੈ।

ਪੰਜਾਬ ਦੇ ਫੌਜਾ ਸਿੰਘ ਦੀਆਂ ਦੌੜਾਂ ਤੋਂ ਸਭ ਜਾਣੂ ਹਨ। ਪੈਟ ਨੇ ਆਪਣੀਆਂ ਵੀਹ ਸਾਲ ਦੀਆਂ ਦੌੜਾਂ ਵਿਚ ਲੱਖਾਂ ਡਾਲਰ ਕਮਾਏ ਤੇ ਧਰਮ ਅਰਥ ਕੰਮ ਉਤੇ ਖਰਚ ਕੀਤੇ ਹਨ। ਭਾਰਤੀ ਦੌੜ ਦਾ ਮੰਤਵ ਭਾਰਤ-ਆਸਟ੍ਰੇਲੀਆ ਸਬੰਧਾਂ ਨੂੰ ਸ਼ਕਤੀ ਦੇਣਾ ਤੇ ਕੁੜੀਆਂ-ਚਿੜੀਆਂ ਦੀ ਵਿੱਦਿਆ ਪ੍ਰਾਪਤੀ




ਪੈਟ ਫਾਰਮਰ

ਵਿਚ ਹੱਥ ਵਟਾਉਣਾ ਹੈ। ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਉਸ ਦੀ ਉਸਤਤ ਵਿਚ ਟੈਗੋਰ ਥੀਏਟਰ ਵਾਲੇ ਫੰਕਸ਼ਨ ਸਮੇਂ ਦੋਨੋਂ ਪਤੀ-ਪਤਨੀ ਤਰੋਤਾਜ਼ਾ ਤੇ ਖੁਸ਼ੀਆਂ ਖੇੜੇ ਵੰਡਦੇ ਵਿਖਾਈ ਦਿੱਤੇ। ਪੈਟ ਨੇ ਆਪਣੇ ਭਾਸ਼ਣ ਵਿਚ ਭਾਰਤੀ ਅਨੇਕਤਾ ਵਿਚ ਏਕਤਾ ਦਾ ਆਪਣੇ ਦੇਸ਼ ਦੇ ਸੌ ਸੌ ਕੋਹ ਲੰਮੇ ਰੇਗਿਸਤਾਨਾਂ ਤੇ ਸਾਗਰ ਕੰਢੇ ਉਸਰੇ ਸੁੰਦਰ ਤੇ ਸੁਹਣੇ ਸ਼ਹਿਰਾਂ ਨਾਲ ਟਾਕਰਾ ਕੀਤਾ। ਭਾਰਤ ਵਿਚ ਕਬੀਲਿਆਂ ਦੀ ਵੱਖਰੀ ਪਹਿਚਾਣ ਨੂੰ ਸਲਾਹਿਆ। ਉਸ ਦੀ ਪਤਨੀ ਨਾਲ ਗੱਲ ਹੋਈ ਤਾਂ ਕਹਿਣ ਲੱਗੀ ਕਿ ਇਹ ਤਾਂ ਉਸ ਨੂੰ ਆਪਣੇ ਦੇਸ਼ ਦੀ ਧਰਤੀ ਲੱਗਦੀ ਹੈ, ਖਾਸ ਕਰਕੇ ਸੜਕਾਂ ਦੇ ਕੰਢੇ ਲੱਗੇ ਸਫੈਦੇ ਦੇ ਰੁੱਖ।

ਸਿਡਨੀ ਤੋਂ ਬਹੁੜੀ ਪੈਟ ਫਾਰਮਰ ਜੋੜੀ ਨੇ ਮੈਨੂੰ ਸਿਡਨੀ ਦੇ ਰਹਿਣ ਵਾਲੀ ਉਪਨਿਆਸਕਾਰਾ ਬੈਟੀ ਕਾਲਿਨਜ਼ ਚੇਤੇ ਕਰਵਾ ਦਿੱਤੀ ਹੈ ਜਿਸ ਨੂੰ ਮੈਂ 1970 ਵਿਚ ਅੰਮ੍ਰਿਤਾ ਪ੍ਰੀਤਮ ਦੇ ਘਰ ਮਿਲਿਆ ਸਾਂ। ਉਹ ਤਾਸ਼ਕੰਦ ਵਿਖੇ ਏਸ਼ੀਅਨ ਰਾਈਟਰਜ਼ ਕਾਨਫਰੰਸ ਵਿਚ ਸ਼ਿਰਕਤ ਕਰ ਕੇ ਵਾਪਸ ਜਾ ਰਹੀ ਜਦੋਂ ਉਸ ਨੂੰ ਸੱਦਾ ਮਿਲਿਆ ਸੀ, ਉਦੋਂ ਉਸ ਦੀ ਜੇਬ ਵਿਚ ਅੱਧਾ ਡਾਲਰ ਵੀ ਨਹੀਂ ਸੀ। ਤਿੰਨ ਜਗਤ ਪ੍ਰਸਿੱਧ ਨਾਵਲਾਂ ਦੀ ਇਸ ਲੇਖਿਕਾ ਨੂੰ ਉਸ ਦੇ ਪਤੀ ਨੇ ਤਲਾਕ ਦੇ ਦਿੱਤਾ ਸੀ ਪਰ ਉਸ ਦੀ ਆਪਣੀ ਸੌਂਕਣ ਨਾਲ ਏਨੀ ਬਣਦੀ ਸੀ ਕਿ ਸੌਂਕਣ ਨੇ ਉਸ ਦੀਆਂ ਧੀਆਂ ਰੌਬਿਨ ਤੇ ਮਾਰਨੇ ਅਤੇ ਛੋਟੇ ਪੁੱਤਰ ਫਿਲਿੱਪ ਨੂੰ ਸਾਂਭਣ ਦੀ ਜ਼ਿੰਮੇਵਾਰੀ ਲੈਣ ਤੋਂ ਬਿਨਾਂ ਮੰਗ-ਤੁੰਗ ਕੇ 500 ਡਾਲਰ ਜੁਟਾ ਦਿੱਤੇ ਜਿਨ੍ਹਾਂ ਨਾਲ ਉਸ ਨੇ ਅਤਿਅੰਤ ਸਸਤਾ ਸਫਰ ਕੀਤਾ। ਉਹ ਸਮੁੰਦਰੀ ਬੇੜੇ ਰਾਹੀਂ ਆਸਟ੍ਰੇਲੀਆ ਤੋਂ ਸਿੰਘਾਪੁਰ, ਰੇਲ ਗੱਡੀ ਰਾਹੀਂ ਬੈਂਕਾਕ, ਹਵਾਈ ਜਹਾਜ਼ ਉਤੇ ਕਾਠਮੰਡੂ, ਨੇਪਾਲ ਏਅਰਲਾਈਨਜ਼ ਰਾਹੀਂ ਦਿੱਲੀ, ਕਾਤਰੀ ਬੱਸ ਉਤੇ ਅੰਮ੍ਰਿਤਸਰ, ਅਫਗਾਨੀ ਉਡਾਣ ਲੈ ਕੇ ਕਾਬਲ ਅਤੇ ਅਖੀਰ ਏਅਰੋਫਲੋਟ ਰਾਹੀਂ ਤਾਸ਼ਕੰਦ ਪਹੁੰਚੀ ਸੀ। ਤਾਸ਼ਕੰਦ ਜਾਣ ਲਈ ਉਸ ਨੇ ਆਪਣੀ ਹੱਥ ਘੜੀ ਤੇ ਨਵਾਂ ਟਾਈਪ ਰਾਈਟਰ ਵੀ ਵੇਚ ਦਿੱਤਾ ਸੀ। ਵਾਪਸੀ ਸਮੇਂ ਉਹਦੇ ਕੋਲ ਏਨੇ ਪੈਸੇ ਸਨ ਕਿ ਉਸ ਨੇ ਪੁਡੂਚੇਰੀ ਦੇ ਅਨਾਥ ਆਸ਼ਰਮ ਦੀ ਇੱਕ ਕੁੜੀ ਜੈਸਮੀਨ ਨੂੰ ਉਸ ਦੇ ਬਾਲਗ ਹੋਣ ਤੱਕ ਖਰਚਾ ਦਾਨ ਵਿਚ ਦੇ ਦਿੱਤਾ। ਕੈਟੀ ਕਾਲਿਨਜ਼ ਮੇਰੀ ਏਨੀ ਮਿੱਤਰ ਹੋ ਗਈ ਕਿ ਮੇਰੇ ਕੋਲ ਉਸ ਦੀਆਂ ਟਾਈਪ ਕੀਤੀਆਂ ਡੇਢ ਸੌ ਚਿੱਠੀਆਂ ਹਾਲੇ ਵੀ ਹਨ।

ਪੈਟ ਫਾਰਮਰ ਜੋੜੀ ਨਾਲ ਉਸ ਦੀ ਸਮਾਨਤਾ ਦਾਨ ਪੁੰਨ ਵਾਲੀ ਹੈ। ਸਿਡਨੀ ਨਿਵਾਸੀ ਜ਼ਿੰਦਾਬਾਦ।

**ਬੰਤ ਸਿੰਘ ਝੱਬਰ ਦੀ ਉਤਮਤਾਈ:** ਅੰਗਰੇਜ਼ੀ ਭਾਸ਼ਾ ਦੀ ਪੱਤਰਕਾਰ ਨਿਰੂਪਮਾ ਦੱਤ




ਨੇ ਲਾਲ ਸਿੰਘ ਦਿਲ (ਸਮਰਾਲਾ) ਤੇ ਪਾਸ਼ ਵਰਗੇ ਇਨਕਲਾਬੀ ਕਵੀਆਂ ਬਾਰੇ ਲਿਖਣ ਤੋਂ ਪਿਛੋਂ ਹੁਣ ਪਿੰਡ ਝੱਬਰ (ਮਾਨਸਾ) ਦੇ ਬੰਤ ਸਿੰਘ ਦੀ ਜੀਵਨੀ ਲਿਖੀ ਹੈ, ਜਿਸ ਨੂੰ ਉਸ ਨੇ 'ਬੈਲੇਡ ਆਫ ਬੰਤ ਸਿੰਘ' ਭਾਵ ਬੰਤ ਸਿੰਘ ਦੀ ਵਾਰ ਦਾ ਨਾਂ ਦਿੱਤਾ ਹੈ। ਬੰਤ ਸਿੰਘ ਉਹ ਯੋਧਾ ਹੈ ਜਿਸ ਨੇ ਆਪਣੀ ਧੀ ਦਾ ਸਮੂਹਿਕ ਬਲਾਤਕਾਰ ਕਰਨ ਵਾਲਿਆਂ ਨੂੰ ਉਨ੍ਹਾਂ ਦੇ ਮਾਪਿਆਂ ਵੱਲੋਂ ਪੇਸ਼ ਕੀਤੀ ਸੋਨਾ ਚਾਂਦੀ ਤੇ ਪੈਸੇ ਠੁਕਰਾ ਕੇ ਜੇਲ੍ਹ ਕੋਠੜੀਆਂ ਵਿਚ ਬੰਦ ਕਰਵਾਇਆ ਤੇ ਫੇਰ ਉਨ੍ਹਾਂ ਦੀਆਂ ਕੁੱਟਾਂ ਦਾ ਮਾਰਿਆ ਗੈਂਗਰੀਨ ਦਾ ਸ਼ਿਕਾਰ ਹੋ ਗਿਆ। ਇਥੋਂ ਤੱਕ ਕਿ ਡਾਕਟਰਾਂ ਨੂੰ ਉਸ ਦੀਆਂ ਦੋਨੋਂ ਬਾਹਾਂ ਤੇ ਇੱਕ ਲੱਤ ਕੱਟਣੀ ਪਈ। ਏਨਾ ਕੁਝ ਬਰਦਾਸ਼ਤ ਕਰਕੇ ਵੀ ਉਹ ਇਨਕਲਾਬ ਦਾ ਪਰਚਮ ਉਚਾ ਰੱਖਣ ਲਈ ਹਾਲੀ ਵੀ ਕ੍ਰਾਂਤੀਕਾਰੀ ਗੀਤ ਉਚੀ ਤੇ ਸੁਰੀਲੀ ਆਵਾਜ਼ ਵਿਚ ਗਾਉਂਦਾ ਨਹੀਂ ਝਿਜਕਦਾ। ਉਸ ਦੇ ਸਨਮਾਨ ਵਿਚ ਰਚਾਏ ਇਕੱਠ ਵਿਚ ਪੀਪਲਜ਼ ਕਨਵੈਨਸ਼ਨ ਸੈਂਟਰ ਵਿਚ ਬੈਠਣ ਲਈ ਥਾਂ ਨਾ ਰਹੀ ਤਾਂ ਉਸ ਦੀ ਬੁਲੰਦ ਆਵਾਜ਼ ਦਾ ਰਸ ਸਰੋਤਿਆਂ ਨੇ ਬਾਹਰ ਖਲੋ ਕੇ ਏਨਾ ਮਾਣਿਆ ਕਿ ਚੰਡੀਗੜ੍ਹੀਆਂ ਨੂੰ ਸਦਾ ਯਾਦ ਰਹੇਗਾ।

**ਅੰਤਿਕਾ:**
*(ਸ਼ਿਵ ਬਟਾਲਵੀ ਦੀ ਵਿਧਵਾ ਰੁੱਤ 'ਚੋਂ)*
ਮਾਏਂ ਨੀ ਇਸ ਵਿਧਵਾ ਰੁੱਤ ਦਾ ਕੀ ਕਰੀਏ?
ਇਸ ਰੁੱਤੇ ਸਭ ਰੁੱਖ ਨਿਪਤਰੇ ਮਹਿਕ ਵਿਹੂਣੇ
ਇਸ ਰੁੱਤੇ ਸਾਡੇ ਮੁੱਖ ਦੇ ਸੂਰਜ, ਸੇਕੋਂ ਊਣੇ
ਮਾਏ ਨੀ ਪਰ ਵਿਧਵਾ ਜੋਬਨ ਹੋਰ ਵੀ ਲੂਣੇ
ਹਾਏ ਨੀ, ਇਹ ਲੂਣਾ ਜੋਬਨ ਕੀ ਕਰੀਏ?

# ਕਿਰਤ ਦੀ ਗਲੀ ਬਣਾਵੇ ਰਾਸਤੇ...

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

ਸਾਊਥ ਸੈਕਰਾਮੈਂਟੋ ਦੀ ਡੀ.ਐਮ.ਵੀ. ਵਿਚ ਮੈਂ ਆਪਣੀ ਵਾਰੀ ਦੀ ਉਡੀਕ ਕਰ ਰਿਹਾ ਸੀ। ਪਿਛਿਓਂ ਕਿਸੇ ਨੇ ਮੋਢੇ 'ਤੇ ਹੱਥ ਰੱਖਦਿਆਂ ਪੁੱਛਿਆ, "ਕੁਲਾਰ ਬਾਈ।" ਮੁੜ ਕੇ ਦੇਖਦਿਆਂ 'ਹਾਂ ਜੀ' ਕਿਹਾ। ਉਹ ਬੜੇ ਪਿਆਰ ਨਾਲ ਮਿਲਿਆ। ਨਾਲ ਦੀ ਕੁਰਸੀ 'ਤੇ ਬੈਠਦਿਆਂ ਸਾਰ ਬੋਲਿਆ, "ਬਾਈ! 'ਪੰਜਾਬ ਟਾਈਮਜ਼' ਮੇਰੀ ਰੂਹ ਦੀ ਖੁਰਾਕ ਹੈ। ਇਥੇ ਮੇਰੀ ਧੀ ਨੇ ਮੈਨੂੰ ਸੱਦਿਆ ਹੈ ਤੇ ਉਹਨੇ ਹੀ ਇਕ ਦਿਨ ਇਹ ਅਖਬਾਰ ਮੇਰੇ ਹੱਥਾਂ ਵਿਚ ਲਿਆ ਕੇ ਦਿੱਤੀ ਸੀ। ਸਾਲ ਹੋ ਗਿਆ ਹੈ, ਅਖਬਾਰ ਦਾ ਕੋਈ ਲੇਖ ਨਹੀਂ ਛੱਡਦਾ। ਵੱਡੀ ਗੱਲ ਇਹ ਕਿ ਅਖਬਾਰ ਪਾਖੰਡੀ ਤਾਂਤਰਿਕਾਂ ਦੀ ਮਸ਼ਹੂਰੀ ਤੋਂ ਬਚਿਆ ਹੋਇਆ ਹੈ।" ਫਿਰ ਗੱਲਾਂ ਗੱਲਾਂ ਵਿਚ ਉਸ ਨੇ ਆਪਣੀ ਹੱਡਬੀਤੀ ਵੀ ਸੁਣਾਉਣੀ ਸ਼ੁਰੂ ਕਰ ਦਿੱਤੀ ਸੀ:

"ਬਾਈ! ਸਾਡਾ ਸਹੁਰਾ ਇਕੱਲਾ ਭਰਾ ਸੀ। ਫੌਜ ਵਿਚੋਂ ਪੈਨਸ਼ਨ ਲੈ ਕੇ ਆ ਗਿਆ ਸੀ। ਉਸ ਦੇ ਦੋ ਧੀਆਂ ਹੀ ਸਨ। ਵੱਡੀ ਬੀਤੋ ਦਾ ਰਿਸ਼ਤਾ ਮੈਨੂੰ ਪੁੜੈਣ ਵਾਲਿਆਂ ਨੇ ਕਰਵਾ ਦਿੱਤਾ ਤੇ ਛੋਟੀ ਦੇਬੋ ਦਾ ਰਿਸ਼ਤਾ ਲਾਗਲੇ ਪਿੰਡ। ਵਿਆਹ ਦੋਵਾਂ ਦੇ ਇਕੱਠੇ ਹੀ ਕਰ ਦਿੱਤੇ। ਮੈਨੂੰ ਭਰਾਵਾਂ ਵੰਡੇ ਤਿੰਨ ਕਿੱਲੇ ਜ਼ਮੀਨ ਆਉਂਦੀ ਸੀ ਤੇ ਮੇਰੇ ਸਾਂਢੂ ਨੂੰ ਇਕੱਲਾ ਹੋਣ ਕਰ ਕੇ ਨੌਂ ਕਿੱਲੇ। ਮੈਂ ਬਚਪਨ ਤੋਂ ਹੀ ਵੈਸ਼ਨੂੰ ਸੀ ਜਿਸ ਕਰ ਕੇ ਬੀਤੋ ਦੀ ਮੰਗ 'ਤੇ ਖਰਾ ਉਤਰਿਆ। ਸਾਂਢੂ ਪੂਰਾ ਸ਼ੌਕੀਨ ਤੇ ਖਾਣ-ਪੀਣ ਵਾਲਾ ਸੀ, ਪਰ ਉਸ ਦੇ ਨੌਂ ਕਿੱਲਿਆਂ ਨੇ ਐਬ ਲੁਕੋ ਲਏ ਸਨ। ਸਾਡੇ ਘਰ ਮੁਖ਼ਤਾਰੀ ਵੱਡੇ ਭਰਾ ਤੇ ਬਾਪੂ ਦੀ ਸੀ। ਮੈਂ ਕਬੀਲਦਾਰੀ ਤੋਂ ਬੇਖ਼ਬਰ, ਬੱਸ ਕੰਮ ਵਿਚ ਹੀ ਧਿਆਨ ਦਿੰਦਾ।

ਵਿਆਹ ਤੋਂ ਬਾਅਦ ਸਾਂਢੂ ਸਹੁਰੇ ਪਿੰਡ ਸਕੂਟਰ 'ਤੇ ਜਾਂਦਾ, ਮੈਂ ਤੇ ਬੀਤੋ ਬੱਸ ਚੜ੍ਹ ਕੇ। ਨਵੇਂ-ਨਵੇਂ ਵਿਆਹੇ ਸੀ ਤਾਂ ਕਈ ਰਾਤਾਂ ਅਸੀਂ ਸਹੁਰੀਂ ਇਕੱਠਿਆਂ ਕੱਟੀਆਂ ਸਨ। ਸਾਂਢੂ ਵਡਿਆਈ ਦੇ ਪੁਲ ਉਸਾਰਦਾ, ਮੈਂ ਰਜਾਈ ਵਿਚ 'ਕੱਠਾ ਹੋ ਜਾਂਦਾ। ਉਸ ਅੰਦਰ ਨੌਂ ਕਿੱਲਿਆਂ ਦਾ ਟੱਕ ਬੋਲਦਾ, ਤੇ ਮੈਂ ਰੇਤੇ ਵਾਲੀ ਜ਼ਮੀਨ ਵਾਂਗ ਆਪਣੇ ਆਪ ਵਿਚ ਕਿਰਦਾ ਜਾਂਦਾ। ਦੇਬੋ ਵੀ ਸਹੁਰਿਆਂ ਦੇ ਘਰ ਦੀ ਵਡਿਆਈ ਸਣਾਉਂਦੀ ਨਾ ਥੱਕਦੀ। ਸੱਸ ਕਈ ਵਾਰ ਟੋਕਦੀ ਕਿ ਇੰਜ ਨਾ ਕਰਿਆ ਕਰੋ, ਸਭ ਕਰਮਾਂ ਦੀ ਖੇਡ ਹੁੰਦੀ ਹੈ, ਪਰ ਮੇਰੇ ਨਾਲੋਂ ਬੀਤੋ ਆਪਣੀ ਭੈਣ ਦੀਆਂ ਗੱਲਾਂ ਵਿਚ ਆ ਕੇ ਕਹਿੰਦੀ ਹੋਊ ਕਿ ਸਾਡੇ ਕੋਲ ਵੀ ਇੰਨੀ ਜ਼ਮੀਨ ਹੁੰਦੀ!... ਬਾਈ! ਹਰ ਬੰਦੇ ਦਾ ਆਪਣਾ ਸੁਭਾਅ ਹੁੰਦਾ ਹੈ। ਵਾਹਿਗੁਰੂ ਦਾ ਸ਼ੁਕਰ ਹੈ ਕਿ ਅਸੀਂ ਉਨ੍ਹਾਂ ਨਾਲੋਂ ਤਾਂ ਚੰਗੇ ਹਾਂ ਜਿਨ੍ਹਾਂ ਕੋਲ ਇਕ ਕਿੱਲਾ ਜ਼ਮੀਨ ਦਾ ਹੈ।"

"ਬਾਈ ਜੀ! ਤੁਹਾਡੇ ਕਹਿਣ ਦਾ ਮਤਲਬ, ਸਾਂਢੂ ਦਾ ਸੁਭਾਅ ਤੁਹਾਡੇ ਨਾਲੋਂ ਬਿਲਕੁਲ ਵੱਖਰਾ ਸੀ।" ਮੈਂ ਕਿਹਾ।

"ਬਾਈ ਅੱਗੇ ਸੁਣ...ਫਿਰ ਬੀਤੋ ਹੋਰਾਂ ਦੇ ਮਾਸੀਆਂ, ਮਾਮਿਆਂ ਦੇ ਪੁੱਤਾਂ ਦੇ ਵਿਆਹ ਆਉਂਦੇ ਗਏ। ਮੈਂ ਕੁੜਤਾ ਪਜਾਮਾ ਸਵਾ ਲੈਣਾ ਤੇ ਸਾਂਢੂ ਨੇ ਵਧੀਆ ਕੋਟ ਪੈਂਟ। ਦੇਬੋ ਨੇ ਵੀ ਨਵੇਂ ਫੈਸ਼ਨ ਦੇ ਸੂਟ ਪਾਉਣੇ। ਮੈਨੂੰ ਇਕ ਗੱਲ ਕਰਨੈਲ ਰਾਏਪੁਰੀਆ ਬਾਬੇ ਦੀ ਹਮੇਸ਼ਾ ਯਾਦ ਰਹਿੰਦੀ ਸੀ। ਉਹ ਕਹਿੰਦਾ ਹੁੰਦਾ ਸੀ ਕਿ ਫੁਕਰਪੁਣੇ ਵਿਚ ਆ ਕੇ ਲੋੜੋਂ ਵੱਧ ਖਰਚਾ ਕਰਨਾ ਅਫ਼ੀਮ ਦੇ ਨਸ਼ੇ ਨਾਲੋਂ ਵੀ ਭੈੜਾ ਹੁੰਦਾ ਹੈ, ਇਹ ਇਕ ਦਿਨ ਘਰ ਪੱਟ ਦਿੰਦਾ ਹੈ।

ਖਾਓ ਮਨ ਭਾਉਂਦਾ ਤੇ ਪਹਿਨੋ ਜੱਗ ਭਾਉਂਦਾ। ਸਾਂਢੂ ਜਦੋਂ ਵੀ ਗੱਲ ਕਰਦਾ, ਅੰਤ ਮੇਰੇ 'ਤੇ ਲਿਆ ਸੁੱਟਦਾ। ਦੋ ਪੈੱਗ ਲਾ ਕੇ ਤਾਂ ਮੰਤਰੀਆਂ ਨੂੰ ਵੀ ਪਿੱਛੇ ਛੱਡ ਦਿੰਦਾ। ਆਪਣੇ ਟਰੈਕਟਰ ਦੀਆਂ ਸਿਫਤਾਂ ਕਰਦਾ ਉਹ ਖੇਤੀ ਦੇ ਸਾਰੇ ਸੰਦ ਗਿਣਾ ਦਿੰਦਾ, ਨਾਲ ਕਹਿ ਦਿੰਦਾ ਕਿ ਮੈਂ ਕਦੇ ਕਿਸੇ ਕੋਲੋਂ ਖੁਰਪਾ ਤੱਕ ਨਹੀਂ ਮੰਗਿਆ। ਮੈਂ ਹਮੇਸ਼ਾ ਇਸ ਗੱਲ 'ਤੇ ਪੱਕਾ ਸੀ ਕਿ ਵੱਸਦੇ ਘਰਾਂ ਵਿਚ ਭਾਈਚਾਰਕ ਸਾਂਝ ਲੈਣ-ਦੇਣ ਨਾਲ ਹੀ ਵਧਦੀ ਹੈ। ਇਕੱਲਾ ਬੰਦਾ ਵੱਡਾ ਨਹੀਂ ਹੁੰਦਾ, ਸ਼ਰੀਕੇ ਨਾਲ ਹੀ ਟੌਹਰ ਬਣਦੀ ਸੀ।

...ਫਿਰ ਬੀਤੋ ਦੀ ਮਾਸੀ ਦੇ ਮੁੰਡੇ ਦਾ ਵਿਆਹ ਆ ਗਿਆ ਜੋ ਦੁਬਈ ਤੋਂ ਗਿਆ ਸੀ। ਉਸ ਨੇ ਨਵੀਂ ਕੋਠੀ ਪਾਈ ਸੀ। ਉਨ੍ਹਾਂ ਸਮਿਆਂ ਵਿਚ ਕੋਠੀ ਕਿਸੇ ਕਿਸੇ ਦੇ ਹੁੰਦੀ ਸੀ। ਸਾਂਢੂ ਨੇ ਕੋਠੀ ਦੇਖ ਕੇ ਨਕਸ਼ਾ ਬਣਾ ਲਿਆ ਤੇ ਕਹਿੰਦਾ, ਇਸ ਦੇ ਨਾਲ ਦੀ ਹੀ ਪਾਊਂ। ਬੱਸ ਫਿਰ ਕੀ ਸੀ, ਸਾਂਢੂ ਨੇ ਪੁਰਾਣਾ ਘਰ ਢਾਹ ਦਿੱਤਾ ਜੋ ਸਾਡੇ ਘਰ ਨਾਲੋਂ ਕਿਤੇ ਵਧੀਆ ਸੀ। ਰੱਖ'ਤਾ ਕੋਠੀ ਦਾ ਨੀਂਹ ਪੱਥਰ। ਮਾਂ ਪਿਉ ਨੇ ਬਥੇਰਾ ਰੋਕਿਆ, ਪਰ ਸਾਂਢੂ ਕਿੱਥੇ ਮੰਨਦਾ! ਕਹਿੰਦੇ ਨੇ, ਰੰਡੀ ਰੰਡ ਤਾਂ ਕੱਟ ਲਵੇ, ਪਰ ਮੁਸ਼ਟੰਡੇ ਨਹੀਂ ਕੱਟਣ ਦਿੰਦੇ। ਹਰ ਕੋਈ ਕਹਿ ਦੇਵੇ, 'ਗਿੰਦਰਾ ਹੁਣ ਨਾ ਕੱਚ ਛੱਡੀਂ, ਵੱਟ ਕੱਢ ਦੇਵੀਂ।' ਸਾਂਢੂ ਨੂੰ ਕੋਠੀ ਉਸਾਰਨ ਲਈ ਦੋ ਕਿੱਲੇ ਬੈ ਕਰਨੇ ਪਏ। ਦੋ ਕਿੱਲਿਆਂ ਦਾ ਅਫਸੋਸ ਹੋਣਾ ਸੀ, ਜਦ ਨੂੰ ਸਾਂਢੂ ਨੂੰ ਪੁੱਤ ਦੀ ਦਾਤ ਮਿਲ ਗਈ ਤੇ ਸਾਡੇ ਵੱਲ ਧੀ ਆ ਗਈ। ਮੈਨੂੰ ਪਤਾ ਸੀ, ਇਕ ਦਿਨ ਇਸੇ ਧੀ ਨੇ ਘਰ ਦੇ ਭਾਗ ਜਗਾਉਣੇ ਹਨ, ਪਰ ਬੀਤੋ ਰੋ-ਰੋ ਬੁਰਾ ਹਾਲ ਕਰ ਰਹੀ ਸੀ। ਸਾਂਢੂ ਨੇ ਜ਼ਮੀਨ ਦੇ ਬਚਦੇ ਪੈਸਿਆਂ ਵਿਚੋਂ ਚੱਲਦੀ ਮਾਰੂਤੀ ਕਾਰ ਲੈ ਲਈ।

ਮੈਂ ਅਜੇ ਸਕੂਟਰ 'ਤੇ ਨਹੀਂ ਪਹੁੰਚਿਆ ਸੀ। ਸਾਡੇ ਬਾਪੂ ਨੇ ਕਿਸੇ ਦੇ ਨਾਲ ਲੱਗਦੇ ਦੋ ਕਿੱਲੇ ਗਹਿਣੇ ਲਿਖਾ ਲਏ ਤੇ ਸਾਡੇ ਕੋਲ ਅੱਠ ਕਿੱਲੇ ਹੋ ਗਏ। ਫਿਰ ਨਗਦ ਹੀ, ਚੱਲਦਾ ਜੀਟਰ ਟਰੈਕਟਰ ਲੈ ਲਿਆ। ਕਿੱਲਾ ਸਬਜ਼ੀ ਵਾਸਤੇ ਰੱਖਦੇ, ਤਾਜ਼ੀ ਸਬਜ਼ੀ ਲੁਧਿਆਣੇ ਸਬਜ਼ੀ ਮੰਡੀ ਲੈ ਜਾਂਦੇ। ਸਾਰੇ ਸਾਲ ਦਾ ਘਰ ਦਾ ਖਰਚਾ ਸਬਜ਼ੀ ਨਾਲ ਚੱਲਦਾ ਤੇ ਖੇਤੀ ਵਾਲੀ ਆਮਦਨ ਬਚਾ ਲੈਂਦੇ। ਮੇਰੀ ਭਰਜਾਈ ਤੇ ਬੀਤੋ ਕਹਿੰਦੀਆਂ, 'ਆਪਾਂ ਵੀ ਕੋਠੀ ਪਾਈਏ।' ਬਾਪੂ ਝੱਟ ਕਹਿ ਦਿੰਦਾ, 'ਭਾਈ! ਇਸ ਮਕਾਨ ਦੀਆਂ ਨੀਂਹਾਂ ਨੂੰ ਹੀ ਮਿੱਟੀ ਲਾਈ ਜਾਵੋ। ਇਸ ਦਲਾਨ ਨੇ ਤੁਹਾਨੂੰ ਇਕਮੁੱਠ ਰੱਖਿਆ ਹੋਇਐ। ਜਿਸ ਦਿਨ ਕੋਠੀ ਪਾ ਲਈ, ਰਾਹ ਅੱਡ-ਅੱਡ ਹੋ ਜਾਣੇ। ਆਪਣੇ ਬੱਚੇ ਪਾਲ ਲਵੋ, ਪੜ੍ਹਾ ਲਵੋ; ਫਿਰ ਦੋ ਕੋਠੀਆਂ ਪਾਵਾਂਗੇ।'

ਉਧਰ, ਸਾਂਢੂ ਨੇ ਨਵਾਂ ਫੋਰਡ ਲੈ ਆਂਦਾ। ਕਿਸੇ ਡੇਰੇ ਦੇ ਚਰਨੀਂ ਲੱਗ ਗਿਆ। ਡੇਰੇ ਵਾਲਾ ਬਾਬਾ ਫਿਰ ਸਾਂਢੂ ਨੂੰ ਘਰੇ ਟਿਕਣ ਨਾ ਦੇਵੇ। ਆਖੇ, ਗਿੰਦਰ ਸਿਆਂ! ਭਾਈ ਟਰੈਕਟਰ ਲਿਆਉ ਭਰਤੀ ਪਾਉਣੀ ਹੈ, ਫਲਾਣੇ ਥਾਂ ਜਾਣਾ ਹੈ। ਟਰੈਕਟਰ ਦੀ ਘਸਾਈ ਤੇ ਤੇਲ ਸਾਂਢੂ ਦਾ ਮੱਚਦਾ। ਕੰਮ ਤੋਂ ਗੈਰ-ਹਜ਼ਾਰੀ ਨਾਲ ਕਾਮੇ ਸਹੀ ਕੰਮ ਨਾ ਕਰਦੇ। ਸਾਧ ਦੀ ਸੇਵਾ ਨੇ ਸਾਂਢੂ ਦਾ ਇਕ ਕਿੱਲਾ ਹੋਰ ਬੈ ਕਰਵਾ ਦਿੱਤਾ, ਪਰ ਉਸ ਦੀਆਂ ਫੁਕਰੀਆਂ ਵਿਚ ਕੋਈ ਫਰਕ ਨਾ ਪਿਆ। ਉਹ ਸਗੋਂ ਕਹਿ ਦਿੰਦਾ, 'ਹੋਰਾਂ ਨਾਲੋਂ ਤਾਂ ਵੱਧ ਜ਼ਮੀਨ ਹੈ ਮੇਰੇ ਕੋਲ।'

ਸਾਂਢੂ ਨੇ ਸਾਰਿਆਂ ਵਿਆਹਾਂ ਵਿਚ ਲੋੜੋਂ ਵੱਧ ਖਰਚਾ ਕੀਤਾ। ਮੇਰੇ ਸੰਗੇ-ਸਰਫੇ ਦਾ ਬੀਤੋ ਨੇ ਕਈ ਵਾਰ ਉਲਾਂਭਾ ਦਿੱਤਾ, ਪਰ ਮੈਂ ਪਿਆਰ ਨਾਲ ਸਮਝਾ ਕੇ ਕੰਮ ਚਲਾ ਲੈਂਦਾ। ਹੁਣ ਪਰਮਾਤਮਾ ਨੇ ਸਾਨੂੰ ਪੁੱਤਰ ਦੀ ਦਾਤ ਬਖ਼ਸ਼ ਦਿੱਤੀ ਸੀ। ਬੀਤੋ ਦੇ ਮੁੱਖ 'ਤੇ ਰੌਣਕ ਆ ਗਈ। ਕਣਕ ਅਤੇ ਆਲੂਆਂ ਦੀ ਫਸਲ ਨੇ ਚੰਗਾ ਮੁਨਾਫਾ ਦਿੱਤਾ। ਅਸੀਂ ਗਹਿਣੇ ਲਈ ਜ਼ਮੀਨ ਬੈ ਲਿਖਾ ਲਈ। ਬਾਪੂ ਨੇ ਬੜੀ ਖੁਸ਼ੀ ਮਨਾਈ, ਕਿੱਲੋ ਦੁੱਧ ਤੇ ਸਵਾ ਰੁਪਏ ਦੇ ਪਤਾਸੇ ਗੁਰਦੁਆਰੇ ਚਾੜ੍ਹ ਆਇਆ। ਘਰੇ ਜਵਾਕਾਂ ਲਈ ਵੇਸਣ ਦੀ ਬਰਫੀ ਲੈ ਆਇਆ। ਸਾਂਢੂ ਨੇ ਬੜੀਆਂ ਟਿੱਚਰਾਂ ਕੀਤੀਆਂ, 'ਤੁਸੀਂ ਤਾਂ ਬਈ ਬਹੁਤ ਖਰਚੀਲੇ ਹੋ, ਖੋਏ ਦੀ ਬਰਫੀ ਬਿਨਾਂ ਗੱਲ ਨਹੀਂ ਕਰਦੇ। ਬਾਪੂ ਤੁਹਾਡਾ ਪਾਠ ਹਰ ਸਾਲ ਕਰਵਾਉਂਦੈ।' ਅਸੀਂ ਹੱਸ ਕੇ ਚੁੱਪ ਕਰ ਜਾਂਦੇ।

ਫਿਰ ਸਾਂਢੂ ਦੇ ਘਰ ਜਦੋਂ ਦੂਜਾ ਪੁੱਤਰ ਹੋਇਆ, ਉਸ ਨੇ ਅਖੰਡ ਪਾਠ ਕਰਵਾਇਆ। ਸੱਚ ਜਾਣੀਂ, ਵਿਆਹ ਜਿੰਨਾ ਖਰਚਾ ਕੀਤਾ। ਆਏ-ਗਏ ਨੂੰ ਕੱਪੜੇ, ਸ਼ਾਮ ਨੂੰ ਟੈਂਟ ਲਾ ਕੇ ਸ਼ਰਾਬ ਖੁੱਲ੍ਹੀ ਵਰਤਾਈ। ਤੀਵੀਆਂ ਨੇ ਗਿੱਧਾ ਪਾਇਆ, ਸਾਂਢੂ ਮਾਰੇ ਲਲਕਾਰੇ। ਪਿੰਡ ਵਾਲੇ ਕਹਿਣ, ਸਾਲਾ ਸ਼ੁਦਾਈ ਐ, ਡੋਡੇ ਪੀ ਕੇ ਸੁਰਤ ਨਹੀਂ ਰਹਿੰਦੀ ਇਹਨੂੰ। ਮੈਨੂੰ ਪਹਿਲੇ ਦਿਨ ਪਤਾ ਲੱਗ ਗਿਆ ਸੀ ਕਿ ਸਾਂਢੂ ਡੋਡੇ ਪੀਂਦਾ ਹੈ। ਮੈਂ ਦਿਲ ਵਿਚ ਹੀ ਕਿਹਾ, ਹੁਣ ਫਿਰ ਸਾਂਢੂ ਦੀ ਰਹਿੰਦੀ ਜ਼ਮੀਨ ਵੀ ਨਹੀਂ ਬਚਦੀ। ਉਹ ਆਪਣੇ ਲੱਛਣਾਂ ਤੋਂ ਬਾਜ਼ ਨਾ ਆਇਆ। ਤਲਵੰਡੀ ਵਾਲੇ ਆੜ੍ਹਤੀਆਂ ਨਾਲ ਰੌਲਾ ਪੈ ਗਿਆ। ਉਨ੍ਹਾਂ ਨੇ ਢਾਈ ਲੱਖ ਰੁਪਏ ਸਾਂਢੂ ਵੱਲ ਕੱਢ ਦਿੱਤੇ। ਸਾਂਢੂ ਨੇ ਇਕ ਕਿੱਲਾ ਹੋਰ ਬੈ ਕਰ ਦਿੱਤਾ। ਜ਼ਮੀਨ ਖਰੀਦਣ ਵਾਲਿਆਂ ਨੇ ਸਾਂਢੂ ਦੀ ਮੋਟਰ ਵਿਚ ਵੀ ਅੱਧ ਲਿਖਾ ਲਿਆ। ਪਾਣੀ ਦੀਆਂ ਵਾਰੀਆਂ ਵੰਡੀਆਂ ਗਈਆਂ। ਸ਼ਰੀਕਾਂ ਨੇ ਮੋਟਰ 'ਤੇ ਮੰਜਾ ਡਾਹ ਲਿਆ। ਹੁਣ ਸਾਂਢੂ ਦੀਆਂ ਅੱਖਾਂ ਖੁੱਲ੍ਹਣ ਲੱਗੀਆਂ।

ਸਾਡੇ ਬੱਚੇ ਜਵਾਨ ਹੋ ਗਏ ਸਨ। ਅਸੀਂ ਦੋਵੇਂ ਭਰਾ ਬੱਚਿਆਂ ਨੂੰ ਵਧੀਆ ਸਕੂਲੇ ਪੜ੍ਹਾ ਰਹੇ ਸੀ। ਆਪ ਭਾਵੇਂ ਰੁੱਖੀ-ਮਿੱਸੀ ਖਾਂਦੇ, ਪਰ ਬੱਚਿਆਂ ਨੂੰ ਵਧੀਆ ਰੋਟੀ-ਕੱਪੜਾ ਤੇ ਚੰਗੀ ਸਿੱਖਿਆ ਦਿੰਦੇ। ਭਰਾ ਦੇ ਦੋਵੇਂ ਪੁੱਤ ਤੇ ਮੇਰੇ ਧੀ-ਪੁੱਤ, ਚਾਰੇ ਪੜ੍ਹਨ ਨੂੰ ਪੂਰੇ ਹੁਸ਼ਿਆਰ ਸਨ।

ਸਾਂਢੂ ਦੇ ਦੋਵੇਂ ਪੁੱਤ ਟਰੈਕਟਰ ਦੇ ਸ਼ੌਕੀਨ ਸਨ। ਇਕ ਟਰੈਕਟਰ ਤੋਂ ਉਤਰਦਾ ਤਾਂ ਦੂਜਾ ਜਾ ਚੜ੍ਹਦਾ। ਬਗੈਰ ਮਤਲਬ ਡੀਜ਼ਲ ਫੂਕਦੇ ਰਹਿੰਦੇ। ਸਾਂਢੂ ਦੇ ਐਬਾਂ ਨੇ ਇਕ ਕਿੱਲਾ ਹੋਰ ਖਾ ਲਿਆ ਅਤੇ ਉਹ ਦੋ ਕਿੱਲਿਆਂ ਦਾ ਮਾਲਕ ਰਹਿ ਗਿਆ। ਦੋ ਵਾਰ ਤਾਂ ਸਾਂਝੀ ਮੋਟਰ ਵਾਲਿਆਂ ਨੇ ਟਿਕਾ ਕੇ ਕੁੱਟਿਆ। ਵੀਹ ਸਾਲਾਂ ਵਿਚ ਸਾਂਢੂ ਨੇ ਸੱਤ ਕਿੱਲੇ ਉਜਾੜ ਦਿੱਤੇ ਸਨ ਅਤੇ ਅਸੀਂ ਚਾਰ ਬੈ ਲੈ ਗਏ ਸਨ, ਨਾਲੇ ਸਾਰੇ ਨਿਆਣੇ ਪੜ੍ਹਾ ਲਏ। ਹੁਣ ਨਿਆਣੇ ਵਿਆਹੁਣ ਦਾ ਸਮਾਂ ਆ ਗਿਆ। ਬਾਪੂ ਨੇ ਜੱਸੋਵਾਲੀਏ ਮਿਸਤਰੀ ਨੂੰ ਸੱਦ ਕੇ ਕੋਠੀ ਵਾਂਗ ਘਰ ਬਣਾਉਣ ਦੀ ਇੱਛਾ ਪ੍ਰਗਟਾਈ। ਥੱਲੇ ਚਾਰ ਕਮਰੇ, ਦੋ ਰਸੋਈਆਂ ਤੇ ਉਪਰ ਦੋ ਕਮਰੇ ਤੇ ਮੂਹਰੇ ਬਰਾਂਡੇ ਛੱਤ ਲਏ। ਬਾਹਰੋਂ ਦੇਖਣ ਵਾਲੇ ਨੂੰ ਇਕੋ ਹੀ ਮਕਾਨ ਦਿਸਦਾ। ਇਹ ਸਾਡੇ ਦੋਵਾਂ ਭਰਾਵਾਂ ਦਾ ਸਾਂਝਾ ਮਕਾਨ ਸੀ।

ਥੋੜ੍ਹੇ ਰੁਪਏ ਨਾਲ ਵਧੀਆ ਆਲ੍ਹਣਾ ਬਣਾ ਲਿਆ। ਸਹਿਜ ਪਾਠ ਕਰਵਾ ਕੇ ਨਵੇਂ ਘਰ ਵਿਚ ਸਾਮਾਨ ਰੱਖ ਲਿਆ। ਧੀ ਐਮ.ਏ. ਕਰਦੀ ਸੀ। ਇਥੋਂ ਮੁੰਡਾ ਗਿਆ ਤੇ ਬਗੈਰ ਦਾਜ-ਦਹੇਜ ਤੋਂ ਵਿਆਹ ਕਰਵਾ ਕੇ ਮੇਰੀ ਧੀ ਨੂੰ ਨਾਲ ਹੀ ਲੈ ਆਇਆ। ਜਿਸ ਦਿਨ ਧੀ ਨੇ ਆਉਣਾ ਸੀ, ਮੇਰਾ ਸਾਂਢੂ ਤੇ ਦੇਬੋ, ਦੋਵੇਂ ਘਰ ਆਏ। ਮੇਰੇ ਭਰਾ ਨੇ ਇਕ ਪੁੱਤ ਕੈਨੇਡਾ ਵਿਆਹ ਲਿਆ। ਮੈਂ ਵੀ ਆਪਣਾ ਪੁੱਤ ਉਥੇ ਹੀ ਸਰਕਾਰੀ ਨੌਕਰੀ ਕਰਦੀ ਕੁੜੀ ਨਾਲ ਵਿਆਹ ਲਿਆ। ਸਾਡੇ ਦੋਵਾਂ ਭਰਾਵਾਂ ਦੇ ਪੁੱਤ ਸਾਡੇ ਨਾਲ ਖੇਤੀ ਕਰਦੇ ਸਨ। ਹੁਣ ਅਸੀਂ 3 ਕਿੱਲੇ ਸਬਜ਼ੀ ਲਾਉਂਦੇ ਸਾਂ, ਬਾਰਾਂ-ਬਾਰਾਂ ਘੰਟੇ ਖੇਤ ਰਹਿਣਾ ਪੈਂਦਾ।... ਬਾਈ ਜੀ! ਪੰਜਾਬ ਨੂੰ ਕੁਝ ਨਹੀਂ ਹੋਇਆ, ਲੋਕਾਂ ਨੇ ਮਿਹਨਤ ਛੱਡ ਦਿੱਤੀ ਹੈ। ਲੋਕ ਸੋਚਦੇ ਨਹੀਂ ਕਿ ਸਾਨੂੰ ਵੱਡੇ ਟਰੈਕਟਰ ਦੀ ਲੋੜ ਹੈ ਜਾਂ ਨਹੀਂ। ਬਗੈਰ ਲੋੜੋਂ ਖਰਚਾ ਕਰ ਜਾਂਦੇ ਹਨ। ਥੋੜ੍ਹਾ ਜਿਹਾ ਪੈਰ ਸੰਭਾਲ ਕੇ ਰੱਖਣ ਤਾਂ ਕਰਜ਼ੇ ਤੋਂ ਬਚਿਆ ਜਾ ਸਕਦਾ ਹੈ।

ਅੱਜ ਉਹੀ ਮੇਰਾ ਸਾਂਢੂ ਕਹਿੰਦਾ, ਸਭ ਕੁਝ ਦਾ ਜ਼ਿੰਮੇਵਾਰ ਉਹ ਖੁਦ ਹੈ। ਮੈਂ ਤੇ ਬੀਤੋ ਜਦੋਂ ਧੀ ਦੇ ਬੁਲਾਵੇ 'ਤੇ ਅਮਰੀਕਾ ਆਉਣ ਲੱਗੇ ਤਾਂ ਜਹਾਜ਼ ਵਿਚ ਚੂੰਢੀ ਵੱਢ ਕੇ ਕਿਹਾ, 'ਦੇਖ ਲੈ ਧੀ ਜੰਮੀ 'ਤੇ ਰੋਈ ਜਾਂਦੀ ਸੀ, ਉਸੇ ਧੀ ਨੇ ਹੀ ਅਮਰੀਕਾ ਦਿਖਾ ਦੇਣਾ ਹੈ।' ਉਹ ਅਗਿਉਂ ਹੱਸ ਕੇ ਕਹਿੰਦੀ, 'ਧੀ ਤਾਂ ਮੇਰੀ ਹੀ ਹੈ।' ਸਾਂਢੂ ਦੇ ਦੋਵੇਂ ਮੁੰਡੇ ਅਜੇ ਵਿਆਹੇ ਨਹੀਂ ਗਏ। ਦੇਬੋ ਕਈ ਵਾਰ ਕਹਿੰਦੀ ਹੈ, ਜੀਜਾ ਮੈਨੂੰ ਵੀ ਤੇਰੇ ਵਰਗਾ ਕੋਈ ਨਿਹੰਗ ਮਿਲ ਜਾਂਦਾ, ਮੈਂ ਵੀ ਅਮਰੀਕਾ ਹੁੰਦੀ।"


### ਵਿਅੰਗ

ਮੁੱਠੀ ਘੁੱਟਦਾ ਪਹਿਰੂ ਨੂੰ ਕਹੇ ਪਾਂਡੀ
ਸੂਤੀ ਵੱਢੀਆਂ ਵਜ਼ਾਰਤੀ ਸ਼ਾਹ ਜਾਂਦੇ।
ਤੇਰੇ ਮੇਰੇ ਹਿਸਾਬ ਦਾ ਭੋਗ ਪੈਣਾ
ਚੜ੍ਹੀ ਠੇਕੇ 'ਤੇ ਤਸਕਰੀ ਰਾਹ ਜਾਂਦੇ।
ਨਾਕਾ ਵੀਜ਼ੇ ਦਾ ਟੱਬਰ ਟਪਾਉਣ ਖਾਤਰ
ਉਧਲੀ ਪਾਰ ਸਮੁੰਦਰੋਂ ਵਿਆਹ ਜਾਂਦੇ।
'ਮੁਰਾਦ ਵਾਲਿਆ' ਡੋਬ ਮੁਸਾਫਿਰਾਂ ਨੂੰ
ਜਿਹੜੀ ਬੇੜੀ ਦੇ ਵਿਕੀ ਮਲਾਹ ਜਾਂਦੇ।

*-ਹਰਦੀਪ ਢਿੱਲੋਂ ਮੁਰਾਦਵਾਲੀਆ*

# ਕਾਂਗਰਸ ਤੇ 'ਆਪ' ਦਾ ਵਿਹਾਰ ਲੋਕਾਂ ਦਾ ਮੂਡ ਵਿਗਾੜ ਸਕਦੈ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

ਇਹ ਸਵਾਲ ਸੁਣਦਿਆਂ ਹੁਣ ਕੰਨ ਪੱਕਣ ਵਾਲੇ ਹਨ ਕਿ ਅਗਲੀਆਂ ਚੋਣਾਂ ਵਿਚ ਪੰਜਾਬ ਵਿਚ ਕਿਸ ਪਾਰਟੀ ਦੀ ਸਰਕਾਰ ਬਣੇਗੀ? ਜਦੋਂ ਪਾਰਲੀਮੈਂਟ ਚੋਣਾਂ ਹੋਣੀਆਂ ਸਨ, ਉਦੋਂ ਇਹੋ ਜਿਹਾ ਕੋਈ ਸਵਾਲ ਨਹੀਂ ਸੀ ਪੁੱਛਿਆ ਜਾ ਰਿਹਾ ਕਿ ਕਿਸ ਦੀਆਂ ਕਿੰਨੀਆਂ ਕੁ ਸੀਟਾਂ ਆਉਣਗੀਆਂ, ਪਰ ਚੋਣਾਂ ਵਿਚ ਇੱਕ ਹਫਤਾ ਰਹਿੰਦਿਆਂ ਜਦੋਂ ਪੰਜਾਬ ਦਾ ਚੋਣ ਦ੍ਰਿਸ਼ ਸਾਫ ਹੋਣ ਲੱਗ ਪਿਆ, ਉਦੋਂ ਆਮ ਆਦਮੀ ਪਾਰਟੀ ਬਾਰੇ ਏਦਾਂ ਦਾ ਸਵਾਲ ਬਹੁਤ ਲੋਕ ਪੁੱਛਣ ਲੱਗ ਪਏ ਕਿ ਇਹ ਕਿੰਨੀਆਂ ਕੁ ਸੀਟਾਂ ਲੈ ਜਾਵੇਗੀ? ਅਸੀਂ ਉਦੋਂ ਸਾਰਿਆਂ ਨੂੰ ਇਹ ਕਹਿੰਦੇ ਸਾਂ ਕਿ ਲੋਕਾਂ ਨੇ ਆਗੂ ਦਾ ਫੈਸਲਾ ਕਰਨਾ ਹੈ, ਜਿਹੜਾ ਉਹ ਕਰ ਦੇਣਗੇ, ਵੇਖ ਲਵਾਂਗੇ, ਪਰ ਕਈ ਬੇਸਬਰੇ ਲੋਕ ਇਸ ਨਾਲ ਚੁੱਪ ਨਹੀਂ ਸੀ ਹੋ ਸਕਦੇ ਤੇ ਕਿਆਫਿਆਂ ਦਾ ਬਾਜ਼ਾਰ ਚੱਲਦਾ ਰਿਹਾ ਸੀ। ਉਸ ਤੋਂ ਪਹਿਲਾਂ ਦੀਆਂ ਵਿਧਾਨ ਸਭਾ ਚੋਣਾਂ ਵਿਚ ਹੋਈ ਪੰਜਾਬ ਪੀਪਲਜ਼ ਪਾਰਟੀ ਦੀ ਚੜ੍ਹਤ ਤੇ ਫਿਰ ਉਸ ਦੀ ਕੋਈ ਸੀਟ ਵੀ ਨਾ ਆਉਣ ਦਾ ਇਤਿਹਾਸ ਯਾਦ ਰੱਖ ਕੇ ਚੱਲੀਏ ਤਾਂ ਏਦਾਂ ਦੇ ਅੰਦਾਜ਼ਿਆਂ ਦੀ ਲੋੜ ਨਹੀਂ ਰਹਿੰਦੀ, ਪਰ ਬੇਸਬਰੀ ਦਾ ਕੋਈ ਬੰਨਾ ਨਹੀਂ ਹੁੰਦਾ। ਬੇਸਬਰੇ ਸੁਭਾਅ ਵਾਲੇ ਲੋਕ ਹੁਣ ਅਗਲੀ ਅਸੈਂਬਲੀ ਚੋਣ ਬਾਰੇ ਅੰਦਾਜ਼ਿਆਂ ਵਿਚ ਰੁੱਝ ਗਏ ਹਨ। ਇਹ ਬੇਲੋੜੀ ਕਸਰਤ ਹੈ।

ਬੇਲੋੜੀ ਕਸਰਤ ਅਸੀਂ ਇਸ ਲਈ ਕਹਿ ਸਕਦੇ ਹਾਂ ਕਿ ਜਿਹੜੀ ਚੋਣ ਦੀ ਗੱਲ ਲੋਕ ਕਰਦੇ ਅਤੇ ਪੁੱਛਦੇ ਹਨ, ਉਸ ਦਾ ਸਮਾਂ ਹਾਲੇ ਇੱਕ ਸਾਲ ਦੂਰ ਹੈ। ਅਗੇਤੀ ਚੋਣ ਦਾ ਜੂਆ ਖੇਡਿਆ ਜਾ ਸਕਦਾ ਹੈ, ਪਰ ਇਹ ਜ਼ਰੂਰੀ ਨਹੀਂ ਕਿ ਇਸੇ ਤਰ੍ਹਾਂ ਕੀਤਾ ਜਾਵੇ। ਕੋਈ ਮੰਨ ਵੀ ਲਵੇ ਕਿ ਚੋਣ ਅਗੇਤੀ ਹੋਣੀ ਹੈ ਤਾਂ ਇਸ ਗੱਲ ਦਾ ਖਿਆਲ ਫਿਰ ਵੀ ਰੱਖਣਾ ਪਵੇਗਾ ਕਿ ਰਾਜਸੀ ਹਾਲਾਤ ਪਲ-ਪਲ ਬਦਲਦੇ ਹਨ। ਰਾਜਨੀਤੀ ਕੋਈ ਝੀਲ ਵਿਚ ਖੜਾ ਪਾਣੀ ਤਾਂ ਨਹੀਂ, ਇਸ ਵਿਚ ਹਰ ਨਵੇਂ ਦਿਨ ਨਵੀਂ ਹਲਚਲ ਪੈਦਾ ਹੋ ਸਕਦੀ ਹੈ। ਇਹ ਹਲਚਲ ਇਸ ਹਫਤੇ ਵੀ ਹੋਈ ਤੇ ਹਾਲੇ ਤੱਕ ਹੋ ਰਹੀ ਹੈ।

ਪੰਦਰਾਂ ਦਿਨ ਪਹਿਲਾਂ ਤੱਕ ਆਪਣੀ ਸਾਰੀ ਸਿਆਸੀ ਅਤੇ ਧਾਰਮਿਕ ਤਾਕਤ ਝੋਕਣ ਦੇ ਬਾਵਜੂਦ ਇਸ ਤਰ੍ਹਾਂ ਦਾ ਪ੍ਰਭਾਵ ਮਿਲਦਾ ਸੀ ਕਿ ਅਕਾਲੀ ਦਲ ਦਾ ਪਾਣੀ ਵਾਹਵਾ ਲੱਥ ਰਿਹਾ ਹੈ, ਪਰ ਇਸ ਹਫਤੇ ਵਿਚ ਉਨ੍ਹਾਂ ਦਾ ਵਿਰੋਧ ਕਰਦੀਆਂ ਧਿਰਾਂ ਦੇ ਕੁਚੱਜ ਨੇ ਹਾਲਾਤ ਦਾ ਪ੍ਰਭਾਵ ਹੋਰ ਦੇ ਦਿੱਤਾ ਹੈ। ਇਸ ਨਾਲ ਅਕਾਲੀ ਦਲ ਦੇ ਤਕੜੇ ਹੋਣ ਵਾਲੀ ਕੋਈ ਗੱਲ ਹੋਵੇ ਜਾਂ ਨਾ, ਜਿਨ੍ਹਾਂ ਨੇ ਅਕਾਲੀ ਦਲ ਦੇ ਖਿਲਾਫ ਮੋਰਚੇਬੰਦੀ ਕਰਨੀ ਹੈ, ਉਨ੍ਹਾਂ ਦੇ ਮੋਰਚੇ ਵਿਚੋਂ ਕਮਜ਼ੋਰੀ ਬੜੇ ਆਰਾਮ ਨਾਲ ਬਾਹਰ ਆਉਣ ਲੱਗ ਪਈ ਹੈ। ਨਾ ਇਸ ਕਮਜ਼ੋਰੀ ਨੂੰ ਕਾਂਗਰਸ ਪਾਰਟੀ ਲੁਕਾ ਸਕੀ ਹੈ ਤੇ ਨਾ ਹੀ ਆਮ ਆਦਮੀ ਪਾਰਟੀ ਦਾ ਅੰਦਰਲਾ ਹਾਲ ਲੁਕਿਆ ਰਿਹਾ ਹੈ। ਇਸ ਤੋਂ ਅਕਾਲੀ ਸੌਖਾ ਮਹਿਸੂਸ ਕਰਨ ਲੱਗੇ ਹਨ।

ਇੱਕ ਮੌਕਾ ਪੰਜਾਬ ਵਿਚ ਉਹ ਵੀ ਸੀ ਜਦੋਂ ਮੁੱਖ ਮੰਤਰੀ ਹੁੰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਵਿਧਾਨ ਸਭਾ ਵਿਚ ਪਾਣੀਆਂ ਦੇ ਸਮਝੌਤੇ ਤੋੜਨ ਦਾ ਮਤਾ ਲਿਆਂਦਾ ਤੇ ਅਕਾਲੀ ਆਗੂ ਵਿਰੋਧ ਕਰਨ ਦੀ ਥਾਂ ਨਾਲ ਤੁਰਨ ਲਈ ਮਜਬੂਰ ਹੋ ਗਏ ਸਨ। ਅੱਜ ਇਸ ਤੋਂ ਉਲਟ ਇਹ ਮੌਕਾ ਹੈ ਕਿ ਅਕਾਲੀ ਆਗੂ ਪਾਣੀਆਂ ਦੇ ਸਵਾਲ ਉਤੇ ਅੱਗੇ ਹੁੰਦੇ ਹਨ ਤੇ ਕਾਂਗਰਸ ਉਨ੍ਹਾਂ ਦੇ ਮਗਰਲੇ ਹਾਲੀ ਵਾਂਗ ਤੁਰੇ ਜਾਣ ਲਈ ਮਜਬੂਰ ਦਿਖਾਈ ਦਿੰਦੀ ਹੈ। ਜਿਹੜਾ ਕੋਈ ਮਤਾ ਪੰਜਾਬ ਸਰਕਾਰ ਰੱਖਦੀ ਹੈ, ਕਾਂਗਰਸ ਉਸ ਦੇ ਪਿੱਛੇ ਖੜੋਤੀ ਦਿਸਦੀ ਹੈ।

ਹਰਿਆਣੇ ਦੇ ਦਿੱਤੇ ਹੋਏ ਪੈਸੇ ਨਾਲ ਬਣਾਈ ਗਈ ਸਤਲੁਜ-ਜਮਨਾ ਨਹਿਰ ਨੂੰ ਖਤਮ ਕਰ ਕੇ ਉਸ ਲਈ ਅਕੁਆਇਰ ਕੀਤੀ ਜ਼ਮੀਨ ਕਿਸਾਨਾਂ ਨੂੰ ਦੇਣ ਦਾ ਮਤਾ ਅਕਾਲੀ ਦਲ ਨੇ ਪੇਸ਼ ਕੀਤਾ ਤੇ ਕਾਂਗਰਸੀ ਹਮਾਇਤ ਕਰਦੇ ਰਹੇ। ਅਕਾਲੀਆਂ ਨੇ ਕਿਸਾਨਾਂ ਨੂੰ ਜ਼ਮੀਨਾਂ ਸਾਂਭ ਲੈਣ ਦਾ ਇਸ਼ਾਰਾ ਕੀਤਾ ਤਾਂ ਕਾਂਗਰਸੀ ਉਨ੍ਹਾਂ ਤੋਂ ਅੱਗੇ-ਅੱਗੇ ਭੱਜਦੇ ਨਹਿਰ ਦੀ ਪਟੜੀ ਉਤੇ ਜਾ ਕੇ ਕੈਮਰੇ ਵਾਲਿਆਂ ਨੂੰ ਸ਼ਕਲਾਂ ਵਿਖਾਉਣ ਲੱਗ ਪਏ। ਕਿਸਾਨਾਂ ਦੇ ਸ਼ਾਹੂਕਾਰਾ ਕਰਜ਼ੇ ਦਾ ਮਸਲਾ ਨਿਬੇੜਨ ਦੇ ਲਈ ਅਸੈਂਬਲੀ ਵਿਚ ਬਿੱਲ ਅਕਾਲੀ ਦਲ ਨੇ ਪੇਸ਼ ਕੀਤਾ ਅਤੇ ਇਸ ਦੀ ਹਮਾਇਤ ਵਿਚ ਪੰਜਾਬ ਕਾਂਗਰਸ ਦਾ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਲੋਕਾਂ ਵਿਚ ਖੁੱਲ੍ਹ ਕੇ ਬੋਲਿਆ। ਉਸ ਦੀ ਆਪਣੀ ਮਜਬੂਰੀ ਸੀ। ਇਹ ਬਿੱਲ ਉਸੇ ਦੀ ਸਰਕਾਰ ਵੇਲੇ ਬਣਿਆ ਸੀ, ਉਹ ਪਾਸ ਵੀ ਕਰਨਾ ਚਾਹੁੰਦਾ ਸੀ, ਪਰ ਕਾਂਗਰਸ ਦੇ ਤਿੰਨ ਵਿਆਜੜੂ ਸ਼ਾਹੂਕਾਰਾ ਕਰਦੇ ਮੰਤਰੀ ਇਸ ਦੇ ਰਾਹ ਵਿਚ ਅੜਿੱਕਾ ਬਣ ਖੜੋਤੇ ਸਨ। ਹੁਣ ਉਹੋ ਬਿੱਲ ਪਾਸ ਕਰ ਕੇ ਅਕਾਲੀ ਸਿਹਰਾ ਲੈ ਗਏ ਹਨ।

ਕਾਂਗਰਸ ਪਾਰਟੀ ਨੇ ਆਪਣੇ ਅੰਦਰ ਦੀ ਖਿੱਚੋਤਾਣ ਵੀ ਹੁਣ ਫਿਰ ਜ਼ਾਹਰ ਕਰ ਦਿੱਤੀ ਹੈ। ਪਹਿਲਾਂ ਹੰਸ ਰਾਜ ਹੰਸ ਨਾਲ ਇਹ ਵਾਅਦਾ ਕਰ ਲਿਆ ਕਿ ਉਸ ਨੂੰ ਅਕਾਲੀ ਦਲ ਛੱਡ ਕੇ ਕਾਂਗਰਸ ਵਿਚ ਆਉਂਦੇ ਸਾਰ ਹੀ ਰਾਜ ਸਭਾ ਵਿਚ ਭੇਜ ਦਿੱਤਾ ਜਾਵੇਗਾ। ਉਸ ਨੂੰ ਟਿਕਟ ਦੀ ਹਾਂ ਕਰ ਕੇ ਫਿਰ ਕਾਟਾ ਮਾਰ ਦਿੱਤਾ ਗਿਆ। ਹੰਸ ਵਾਲੀ ਟਿਕਟ ਉਸ ਕਾਂਗਰਸੀ ਆਗੂ ਨੂੰ ਦੇ ਦਿੱਤੀ, ਜਿਸ ਦੀ ਹਾਲਤ ਵਿਧਾਨ ਸਭਾ ਚੋਣਾਂ ਵਿਚ ਉਸ ਦੇ ਪਰਿਵਾਰ ਨੇ ਹੀ ਹਾਸੋਹੀਣੀ ਕਰ ਛੱਡੀ ਸੀ। ਫਿਰ ਹੰਸ ਨੂੰ ਮਨਾਉਣ ਲਈ ਰਾਹੁਲ ਗਾਂਧੀ ਨਾਲ ਗੱਲ ਕਰ ਕੇ ਦਿੱਲੀ ਸਦਵਾਇਆ ਅਤੇ ਰਾਹੁਲ ਦੇ ਨਾਲ ਹੀ ਅਗਲੇ ਦਿਨ ਉਸ ਨੂੰ ਜਹਾਜ਼ ਰਾਹੀਂ ਅੰਮ੍ਰਿਤਸਰ ਭਿਜਵਾ ਕੇ ਗਲਤੀ ਉਤੇ ਪੋਚਾ ਮਾਰਨ ਦਾ ਕੰਮ ਕਰਦੇ ਰਹੇ।

ਵਿਧਾਨ ਸਭਾ ਵਿਚ ਕਾਂਗਰਸ ਪਾਰਟੀ ਦਾ ਸਾਰਾ ਗਰੁਪ ਇਸ ਤਰ੍ਹਾਂ ਖਿੱਲਰ ਗਿਆ ਕਿ ਉਹ ਪਾਰਟੀ ਹੀ ਨਹੀਂ ਸੀ ਜਾਪ ਰਹੀ। ਜਿਸ ਬੰਦੇ ਨੂੰ ਵਿਰੋਧੀ ਧਿਰ ਦਾ ਆਗੂ ਬਣਾਇਆ ਸੀ, ਉਹ ਸਰਕਾਰ ਨਾਲ ਇਸ ਗੱਲ ਲਈ ਪੇਚਾ ਪਾ ਕੇ ਰੁੱਝਾ ਰਿਹਾ ਕਿ ਉਸ ਨੂੰ ਉਸ ਦੇ ਰੁਤਬੇ ਮੁਤਾਬਕ ਨਵੀਂ ਕਾਰ ਚਾਹੀਦੀ ਹੈ। ਅੰਦਰ ਅਸੈਂਬਲੀ ਵਿਚ ਉਹ ਹਰ ਗੱਲ ਵਿਚ ਹਾਕਮ ਧਿਰ ਦੇ ਮੈਂਬਰਾਂ ਸਾਹਮਣੇ ਕੱਚਾ ਸਾਬਤ ਹੁੰਦਾ ਰਿਹਾ। ਪਾਰਟੀ ਵੀ ਨਾਲ ਨਹੀਂ ਖੜੋਤੀ। ਇੱਕ ਦਿਨ ਜਦੋਂ ਉਸ ਨੇ ਕਿਸੇ ਗੱਲ ਤੋਂ ਵਾਕ-ਆਊਟ ਕੀਤਾ ਤਾਂ ਅੱਧੇ ਤੋਂ ਵੀ ਘੱਟ ਕਾਂਗਰਸੀ ਵਿਧਾਇਕ ਉਸ ਦੇ ਨਾਲ ਬਾਹਰ ਗਏ ਤੇ ਬਾਕੀਆਂ ਦਾ ਉਸ ਦੇ ਜਾਣ ਨਾਲ ਕਿਸੇ ਤਰ੍ਹਾਂ ਦਾ ਵਾਸਤਾ ਹੀ ਨਹੀਂ ਸੀ ਜਾਪਦਾ। ਅੰਦਰ ਬੈਠੇ ਕਾਂਗਰਸੀ ਵਿਧਾਇਕਾਂ ਵਿਚੋਂ ਬਹੁਤ ਸੀਨੀਅਰ ਇੱਕ ਆਗੂ ਤੇ ਸਾਬਕਾ ਮੰਤਰੀ ਉਸ ਮੌਕੇ ਵਿਰੋਧੀ ਧਿਰ ਦੇ ਬੈਂਚਾਂ ਤੋਂ ਉਠ ਕੇ ਹਾਕਮ ਧਿਰ ਵੱਲ ਸੁਖਬੀਰ ਸਿੰਘ ਬਾਦਲ ਨਾਲ ਗੱਲ ਕਰਨ ਜਾ ਬੈਠਾ। ਜ਼ਾਹਰ ਹੈ ਕਿ ਪਾਰਟੀ ਇੱਕਮੁੱਠ ਨਹੀਂ ਹੈ। ਪਾਰਟੀ ਵੱਲੋਂ ਕੇਂਦਰ ਤੋਂ ਪੰਜਾਬ ਦਾ ਇੰਚਾਰਜ ਉਹ ਆਗੂ ਬਣਾਇਆ ਪਿਆ ਹੈ, ਜਿਸ ਨੂੰ ਪੰਜਾਬ ਦੇ ਕਾਂਗਰਸੀ ਵਰਕਰ ਤੇ ਆਗੂ ਪਹਿਲਾਂ ਵਿਧਾਨ ਸਭਾ ਚੋਣਾਂ ਤੇ ਫਿਰ ਪਾਰਲੀਮੈਂਟ ਚੋਣਾਂ ਵਿਚ ਪਾਰਟੀ ਦੀ ਬੇੜੀ ਡੋਬਣ ਦਾ ਜ਼ਿਮੇਵਾਰ ਮੰਨਦੇ ਤੇ ਸਾਫ ਕਹਿੰਦੇ ਰਹੇ ਹਨ ਕਿ ਉਸ ਦੇ ਹੁੰਦਿਆਂ ਕਾਂਗਰਸ ਅੱਗੇ ਵਧ ਹੀ ਨਹੀਂ ਸਕਦੀ। ਇਸ ਤਰ੍ਹਾਂ ਦੇ ਹਾਲਾਤ ਵਿਚ ਜਿਹੋ ਜਿਹੀ ਜਿੱਤ ਦੇ ਸੁਫਨੇ ਕਾਂਗਰਸ ਆਗੂ ਲੈ ਰਹੇ ਸਨ, ਉਹ ਇਸ ਹਫਤੇ ਉਨ੍ਹਾਂ ਲਈ ਧੁੰਦਲੇ ਹੋ ਗਏ ਹੋ ਸਕਦੇ ਹਨ।

ਦੋਵਾਂ ਰਵਾਇਤੀ ਵਿਰੋਧੀ ਰਾਜਸੀ ਧਿਰਾਂ, ਅਕਾਲੀ ਦਲ ਅਤੇ ਕਾਂਗਰਸ ਦੇ ਮੁਕਾਬਲੇ ਦਾ ਨਵੀਂ ਰਾਜਨੀਤੀ ਦਾ ਸੱਭਿਆਚਾਰ ਪੇਸ਼ ਕਰਨ ਵਾਲੀ ਆਮ ਆਦਮੀ ਪਾਰਟੀ ਬਾਰੇ ਪਿਛਲੇ ਕਾਫੀ ਸਮੇਂ ਤੋਂ ਸੁਣਿਆ ਜਾ ਰਿਹਾ ਸੀ ਕਿ ਇਸ ਦਾ ਲੋਕਾਂ ਵਿਚ ਪ੍ਰਭਾਵ ਵਧ ਰਿਹਾ ਹੈ। ਪਿਛਲਾ ਹਫਤਾ ਇਸ ਪਾਰਟੀ ਲਈ ਚੰਗਾ ਸਾਬਤ ਨਹੀਂ ਹੋਇਆ। ਪਹਿਲਾਂ ਤਾਂ ਇਸ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦਾ ਪੰਜਾਬ ਆਣ ਕੇ ਪੰਜਾਬ ਦੇ ਪਾਣੀਆਂ ਵਾਸਤੇ ਪੰਜਾਬੀਆਂ ਨਾਲ ਖੜੋਣ ਦਾ ਬਿਆਨ ਦੇਣਾ ਅਤੇ ਦਿੱਲੀ ਵਿਚ ਜਾਂਦੇ ਸਾਰ ਇਸ ਤੋਂ ਉਲਟ ਪ੍ਰਭਾਵ ਦੇਣਾ ਉਸ ਦੀ ਆਪਣੀ ਅਤੇ ਉਸ ਦੀ ਪਾਰਟੀ ਦੀ ਸਥਿਤੀ ਉਤੇ ਕਿੰਤੂ ਕਰਨ ਦਾ ਕਾਰਨ ਬਣਿਆ। ਫਿਰ ਉਸ ਪਾਰਟੀ ਵਿਚ ਇਸ ਹਫਤੇ ਦੌਰਾਨ ਨਵੇਂ ਆਏ ਕਈ ਲੋਕਾਂ ਬਾਰੇ ਚਰਚਾ ਚੱਲ ਪਈ ਕਿ ਇਨ੍ਹਾਂ ਦੇ ਹੁੰਦਿਆਂ ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਅਕਾਲੀ ਦਲ ਅਤੇ ਕਾਂਗਰਸ ਤੋਂ ਵੱਖਰਾ ਸੱਭਿਆਚਾਰ ਪੇਸ਼ ਕਰਨ ਦਾ ਦਾਅਵਾ ਨਹੀਂ ਕਰ ਸਕਦੀ। ਕਈ-ਕਈ ਸਾਲ ਉਨ੍ਹਾਂ ਪਾਰਟੀਆਂ ਨਾਲ ਰਹਿ ਕੇ ਮਲਾਈ ਚੱਟਣ ਵਾਲੇ ਘਾਗ ਵੀ ਹੁਣ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਈ ਜਾ ਰਹੇ ਹਨ। ਵੱਖਰਾ ਸੱਭਿਆਚਾਰ ਪੇਸ਼ ਕਰਨਾ ਸੀ ਤਾਂ ਦਿੱਲੀ ਵਾਂਗ ਨਵੇਂ ਲੋਕਾਂ ਨੂੰ ਅੱਗੇ ਕਰਨਾ ਚਾਹੀਦਾ ਸੀ। ਪਾਰਲੀਮੈਂਟ ਚੋਣਾਂ ਵਿਚ ਵੀ ਜਿਨ੍ਹਾਂ ਥਾਂਵਾਂ ਤੋਂ ਨਵੇਂ ਲੋਕ ਅੱਗੇ ਕੀਤੇ ਗਏ ਸਨ, ਆਮ ਲੋਕਾਂ ਨੇ ਉਨ੍ਹਾਂ ਦਾ ਸਵਾਗਤ ਕੀਤਾ ਤੇ ਵੋਟਾਂ ਦਿੱਤੀਆਂ ਸਨ। ਇਸ ਪਾਰਟੀ ਨੂੰ ਹੁਣ ਵੀ ਪੁਰਾਣੇ ਚੱਲੇ ਹੋਏ ਕਾਰਤੂਸ ਜਾਂ ਕਬਾੜ ਦਾ ਮਾਲ ਇਕੱਠਾ ਕਰਨ ਦੀ ਲੋੜ ਨਹੀਂ ਸੀ।

ਜਿਹੜੀ ਗੱਲ ਇਸ ਤੋਂ ਵੀ ਵੱਧ ਇਸ ਪਾਰਟੀ ਲਈ ਮਾਰੂ ਹੈ, ਉਹ ਇਹ ਹੈ ਕਿ ਹੋਰ ਪਾਰਟੀਆਂ ਵਿਚ ਜਿੰਦਾਂ ਦਾ ਕੁਰਸੀ-ਯੁੱਧ ਚੱਲਦਾ ਵੇਖ ਕੇ ਲੋਕ ਹੱਸਿਆ ਕਰਦੇ ਸਨ, ਇਸ ਪਾਰਟੀ ਕੋਲ ਰਾਜ ਕਰਨ ਦਾ ਮੌਕਾ ਆਉਣ ਤੋਂ ਬਗੈਰ ਹੀ ਕੁਝ ਲੋਕ ਇਹੋ ਜਿਹਾ ਰੇੜਕਾ ਪਾਈ ਫਿਰਦੇ ਹਨ। ਜਿਸ ਆਗੂ ਬਾਰੇ ਇਹ ਆਮ ਚਰਚਾ ਹੈ ਕਿ ਉਹ ਸ਼ਰਾਬ ਪੀਣ ਲੱਗੇ ਤਾਂ ਪਾਰਟੀ ਜਲਸੇ ਵਿਚ ਜਾਣਾ ਭੁੱਲ ਜਾਂਦਾ ਹੈ, ਉਹ ਮੁੱਖ ਮੰਤਰੀ ਦੀ ਕੁਰਸੀ ਲਈ ਸਾਰਿਆਂ ਤੋਂ ਕਾਹਲਾ ਪਿਆ ਫਿਰਦਾ ਹੈ। ਇਸ ਪਾਰਟੀ ਨਾਲ ਲੋਕਾਂ ਦੀ ਹਮਦਰਦੀ ਹੋ ਸਕਦੀ ਹੈ, ਪਰ ਜਿਵੇਂ ਕੁਰਸੀ-ਯੁੱਧ ਵਿਚ ਫਸੀ ਹੋਈ ਹੋਣ ਕਰ ਕੇ ਕਾਂਗਰਸ ਪਾਰਟੀ ਚਾਰ ਸਾਲ ਪਹਿਲਾਂ ਡੁੱਬ ਗਈ ਸੀ, ਇਹ ਲੋਕ ਉਹ ਗੱਲ ਵੀ ਯਾਦ ਨਹੀਂ ਰੱਖ ਸਕੇ। ਚਾਰ ਸਾਲ ਪਹਿਲਾਂ ਹੋਈ ਵਿਧਾਨ ਸਭਾ ਚੋਣ ਵਿਚ ਕਈ ਕਾਂਗਰਸੀ ਆਗੂਆਂ ਨੂੰ ਇਹ ਭਰਮ ਪੈ ਗਿਆ ਕਿ ਇਸ ਵਾਰ ਸਾਡੇ ਇੰਨੇ ਵਿਧਾਇਕ ਆ ਜਾਣੇ ਹਨ ਕਿ ਉਨ੍ਹਾਂ ਲਈ ਵਜ਼ੀਰੀਆਂ ਥੋੜ੍ਹੀਆਂ ਪੈ ਜਾਣੀਆਂ ਹਨ। ਇਸ ਭਰਮ ਕਾਰਨ ਉਨ੍ਹਾਂ ਨੇ ਆਖਰੀ ਦੋ ਦਿਨ ਆਪਣੇ ਬੰਦੇ ਜਿਤਾਉਣ ਦੀ ਥਾਂ ਆਪਣੇ ਵਿਰੋਧੀ ਧੜੇ ਦੇ ਉਮੀਦਵਾਰ ਹਰਾਉਣ ਦੇ ਲੇਖੇ ਲਾ ਦਿੱਤੇ ਅਤੇ ਨਤੀਜਾ ਇਹ ਨਿਕਲਿਆ ਸੀ ਕਿ ਦੋਵੇਂ ਧੜੇ ਕਾਸੇ ਜੋਗੇ ਨਹੀਂ ਸੀ ਰਹਿ ਗਏ। ਆਮ ਆਦਮੀ ਪਾਰਟੀ ਵਿਚ ਤੱਤੀ ਖੀਰ ਖਾਣ ਦੇ ਸੁਫਨੇ ਲੈਣ ਵਾਲੇ ਕਾਹਲਿਆਂ ਨੇ ਜਿਵੇਂ ਹੁਣੇ ਤੋਂ ਮੀਡੀਆ ਐਡਵਾਈਜ਼ਰ ਲਾਉਣ ਲਈ ਪੱਤਰਕਾਰਾਂ ਨੂੰ ਸੈਨਤਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ ਹਨ, ਇਸ ਤਮਾਸ਼ਬੀਨੀ ਨੂੰ ਵੇਖ ਕੇ ਹਾਸਾ ਆਉਂਦਾ ਹੈ।

ਕੇਜਰੀਵਾਲ ਬਹੁਤ 'ਮਹਾਨ' ਆਗੂ ਹੈ। ਇਹ ਗੱਲ ਕਿਸੇ ਹੋਰ ਨੇ ਨਹੀਂ, ਉਸ ਨੇ ਖੁਦ ਟਵੀਟ ਕਰਦਿਆਂ ਦੱਸੀ ਹੈ ਕਿ ਅਮਰੀਕਾ ਦੇ ਰਸਾਲੇ 'ਫਾਰਚਿਊਨ' ਨੇ ਉਸ ਨੂੰ ਇੱਕ 'ਮਹਾਨ' ਨੇਤਾ ਕਰਾਰ ਦਿੱਤਾ ਹੈ। ਪ੍ਰਧਾਨ ਮੰਤਰੀ ਮੋਦੀ ਤੋਂ ਬਾਅਦ ਸਭ ਤੋਂ ਵੱਧ ਫਾਲੋਅਰ ਉਸ ਦੇ ਟਵੀਟਰ ਉਤੇ ਹੋਣ ਕਾਰਨ ਵੀ ਕਈ ਲੋਕ ਕੇਜਰੀਵਾਲ ਨੂੰ 'ਮਹਾਨ' ਕਹਿ ਸਕਦੇ ਹਨ, ਪਰ ਮਹਾਨਤਾ ਦੇ ਇਹ ਸਰਟੀਫਿਕੇਟ ਕੰਮ ਨਹੀਂ ਆਉਣੇ। ਹਕੀਕਤਾਂ ਤੋਂ ਉਹ ਦੂਰ ਜਾਪਦਾ ਹੈ।

ਜਿਹੜੇ ਕਾਹਲੇ ਸੱਜਣ ਅਗੇਤੇ ਅੰਦਾਜ਼ਿਆਂ ਬਾਰੇ ਪੁੱਛਦੇ ਜਾਂ ਅੰਦਾਜ਼ੇ ਲਾਉਂਦੇ ਪਏ ਹਨ, ਬੀਤੇ ਇੱਕ ਹਫਤੇ ਦੇ ਘਟਨਾਵਾਂ ਦੇ ਵਹਿਣ ਤੋਂ ਉਨ੍ਹਾਂ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਹਾਲਾਤ ਪੈਰੋ-ਪੈਰ ਬਦਲਦੇ ਹਨ ਤੇ ਇਹ ਇੰਜ ਹੀ ਕਈ ਪਲਟੀਆਂ ਹੋਰ ਵੀ ਮਾਰ ਸਕਦੇ ਹਨ। ਜਦੋਂ ਤੱਕ ਚੋਣਾਂ ਲਈ ਤਰੀਕਾਂ ਤੇ ਚੋਣ-ਜ਼ਾਬਤੇ ਦਾ ਐਲਾਨ ਨਹੀਂ ਹੋ ਜਾਂਦਾ, ਉਸ ਵਕਤ ਤੱਕ ਬੇਸਬਰੇ ਹੋਣ ਦੀ ਥਾਂ ਉਡੀਕ ਲਿਆ ਜਾਵੇ ਤਾਂ ਵੱਧ ਠੀਕ ਰਹੇਗਾ।

ਪੰਜਾਬ ਦੇ ਪਿੰਡਾਂ ਵਿਚ ਛੋਟੇ ਬੱਚੇ ਇੱਕ ਖੇਡ ਖੇਡਿਆ ਕਰਦੇ ਹਨ, ਜਿਸ ਵਿਚ ਜਿੰਨੇ ਬੱਚੇ ਹੋਣ, ਦੋ ਗਰੁਪਾਂ ਵਿਚ ਵੰਡਣ ਪਿੱਛੋਂ ਇੱਕ ਗਰੁਪ ਵਾਲੇ ਬੱਚੇ ਦੂਸਰਿਆਂ ਦੇ ਕੰਧਾੜੇ ਚੜ੍ਹਦੇ ਹਨ ਤੇ ਕੰਧਾੜੇ ਚੁੱਕਣ ਵਾਲੇ ਬੱਚੇ ਤੁਰਦੇ ਹੋਏ ਘਰੋ-ਘਰੀ ਜਾਂਦੇ ਅਤੇ ਇਹ ਪੁੱਛਦੇ ਹਨ ਕਿ 'ਹੇਠਲਾ ਉਤੇ ਕਿ ਉਤਲਾ ਉਤੇ?' ਬਹੁਤਾ ਕਰ ਕੇ ਹੇਠਾਂ ਵਾਲੇ ਦਾ ਸਾਹ ਸੌਖਾ ਕਰਨ ਲਈ ਉਸ ਘਰ ਵਾਲੇ ਕਹਿ ਦਿੰਦੇ 'ਹੇਠਲਾ ਉਤੇ' ਅਤੇ ਇਸ ਨਾਲ ਵਾਰੀ ਬਦਲ ਜਾਂਦੀ। ਕਈ ਵਾਰੀ ਉਹ ਕਿਸੇ ਇਹੋ ਜਿਹੇ ਘਰ ਚਲੇ ਜਾਂਦੇ ਹਨ, ਜਿੱਥੇ ਖਿਝੇ ਹੋਇਆਂ ਦੇ ਮੂੰਹੋਂ 'ਉਤਲੇ ਉਤੇ' ਨਿਕਲ ਜਾਂਦਾ ਅਤੇ ਇਸ ਨਾਲ ਹੇਠਾਂ ਵਾਲੇ ਬੱਚਿਆਂ ਨੂੰ ਉਸੇ ਤਰ੍ਹਾਂ ਕੰਧਾੜੇ ਚੜ੍ਹੇ ਹੋਏ ਬੱਚਿਆਂ ਦਾ ਭਾਰ ਚੁੱਕ ਕੇ ਅਗਲੇ ਘਰ ਤੱਕ ਤੁਰੇ ਜਾਣਾ ਪੈ ਜਾਂਦਾ ਹੈ। ਪੰਜਾਬ ਵਿਚ ਵੀ ਇਸ ਤਰ੍ਹਾਂ ਹੋ ਸਕਦਾ ਹੈ। ਵਿਰੋਧ ਦੀਆਂ ਦੋਵਾਂ ਮੁੱਖ ਧਿਰਾਂ ਦਾ ਜਿਸ ਤਰ੍ਹਾਂ ਦਾ ਵਿਹਾਰ ਹੈ, ਪੰਜਾਬ ਦੇ ਲੋਕਾਂ ਦੇ ਮੂੰਹੋਂ ਕੁਝ ਵੀ ਨਿਕਲ ਸਕਦਾ ਹੈ, ਕੁਝ ਵੀ।

## ਸੰਪਾਦਕ ਦੀ ਡਾਕ

## ਪੰਜਾਬ ਟਾਈਮਜ਼ ਨੂੰ 16ਵੀਂ ਵਰ੍ਹੇਗੰਢ ਮੁਬਾਰਕ

ਪੰਜਾਬ ਟਾਈਮਜ਼ ਅਮਰੀਕਾ ਦਾ ਇੱਕ ਸਿਰਕੱਢ ਹਫਤਾਵਾਰ ਅਖ਼ਬਾਰ ਹੈ, ਜੋ ਸਮਾਜਿਕ, ਧਾਰਮਿਕ, ਆਰਥਿਕ, ਸਭਿਆਚਾਰਕ, ਸਾਹਿਤ ਤੇ ਹਰ ਵਰਗ ਦੇ ਪਾਠਕਾਂ ਨੂੰ ਉਨ੍ਹਾਂ ਦੀ ਰੂਹ ਮੁਤਾਬਕ ਸਮਗਰੀ ਪ੍ਰਦਾਨ ਕਰਦਾ ਹੈ। ਪਾਠਕ ਬੜੀ ਬੇਸਬਰੀ ਨਾਲ ਹਰ ਹਫਤੇ ਇਸ ਦੀ ਉਡੀਕ ਕਰਦੇ ਹਨ। ਪੰਜਾਬ ਟਾਈਮਜ਼ ਕੋਲ ਪਾਰਖੂ ਅੱਖ ਹੈ। ਧਰਮਰਾਜ ਦਾ ਦਰਬਾਰ ਹੈ ਜਿੱਥੇ ਨਾ ਸਿਫ਼ਾਰਿਸ਼ ਚੱਲਦੀ ਹੈ ਨਾ ਧੌਂਸ। ਇੱਥੇ ਸਿਰਫ਼ ਕਰਮਾਂ ਜਾਂ ਕਲਮਾਂ ਦੇ ਨਿਬੇੜੇ ਹੁੰਦੇ ਹਨ। ਜਿਸ ਖਬਰ ਵਿਚ ਜੋ ਸੱਚਾਈ ਹੁੰਦੀ ਹੈ, ਉਸ ਦਾ ਨਿਖੇੜਾ ਹੁੰਦਾ ਹੈ। ਜਿਸ ਲਿਖਤ ਵਿਚ ਜਾਨ ਹੁੰਦੀ ਹੈ, ਜਿਸ ਲੇਖਕ ਵਿਚ ਕਹਿਣ ਤੇ ਪ੍ਰਗਟਾਉਣ ਦੀ ਸੂਝ ਸਿਆਣਪ ਹੈ, ਉਹ ਆਪਣੇ ਆਪ ਸੰਪਾਦਕ ਦੀ ਨਜ਼ਰੀਂ ਚੜ੍ਹ ਜਾਂਦੀ ਹੈ।

ਲੋਹੇ ਨੂੰ ਚੁੰਬਕ ਖਿੱਚਣ ਵਾਂਗ ਰਿਪੋਰਟਰ, ਲੇਖਕ, ਕਾਲਮਨਵੀਸ ਆਪਣੇ ਆਪ ਇੱਧਰ ਖਿੱਚੇ ਆਉਂਦੇ ਹਨ। ਪੰਜਾਬ ਤੋਂ ਵੀ ਕਈ ਲੇਖਕਾਂ ਦੀਆਂ ਅਣਛਪੀਆਂ ਤਾਜ਼ਾ ਲਿਖਤਾਂ ਛਪੀਆਂ ਵੇਖ ਕੇ ਸਾਫ ਜਾਹਰ ਹੁੰਦਾ ਹੈ ਕਿ ਇਹ ਅਖਬਾਰ ਨਾ ਸਿਰਫ ਅਮਰੀਕਾ ਹੀ ਸਗੋਂ ਪੰਜਾਬ ਵਿਚ ਵੀ ਪੜ੍ਹਿਆ ਤੇ ਪਸੰਦ ਕੀਤਾ ਜਾਂਦਾ ਹੈ। ਕਈ ਵੇਰਾਂ 'ਲੱਕੜ ਨਾਲ ਲੋਹਾ ਵੀ ਤਰ ਜਾਂਦਾ ਹੈ' ਵਾਲਾ ਮੁਹਾਵਰਾ ਪੰਜਾਬ ਟਾਈਮਜ਼ ਵਿਚ ਫ਼ੇਲ੍ਹ ਹੋ ਜਾਂਦਾ ਹੈ, ਕਿਉਂਕਿ ਇੱਥੇ ਸਿਰਫ਼ ਤਰਨ ਵਾਲੀ ਵਸਤੂ ਹੀ ਤਰਦੀ ਹੈ, ਲੋਹਾ ਨਹੀਂ ਤਰ ਸਕਦਾ, ਜਿੰਨਾ ਮਰਜ਼ੀ ਲੁਕ ਛਿਪ ਕੇ ਆਵੇ, ਆਪ ਹੀ ਪਰਖਿਆ ਛਾਂਟਿਆ ਜਾਂਦਾ ਹੈ।

ਪੰਜਾਬ ਟਾਈਮਜ਼ ਦਾ ਸੰਸਥਾਪਕ ਸੰਪਾਦਕ ਅਮੋਲਕ ਸਿੰਘ ਜੰਮੂ ਆਪਣੀਆਂ ਕਈ ਸਰੀਰਕ ਮੁਸ਼ਕਲਾਂ ਦੇ ਬਾਵਜੂਦ ਹਮੇਸ਼ਾ ਚੇਤੰਨ ਚੜ੍ਹਦੀ ਕਲਾ ਵਿਚ ਬੁਲੰਦ ਮਿਜਾਜ਼ ਵਿਚ ਰਹਿੰਦਾ ਹੈ। ਹਰ ਨਵਾਂ ਅੰਕ ਨਵੇਂ ਸੰਪਾਦਕੀ ਨੋਟ ਉਸ ਦੀ ਸੂਖਮ ਸੂਝ ਤੇ ਸੋਚ ਦਾ ਪ੍ਰਤੀਕ ਤੇ ਚਲੰਤ ਆਧੁਨਿਕ ਵਿਸ਼ਿਆਂ ਦੇ ਹਾਣੀ ਬਣਦੇ ਹਨ। ਸਮਾਜ ਦੇ ਹਰ ਭਖਦੇ ਮਸਲੇ ਨੂੰ ਉਹ ਬੜੀ ਬਾਰੀਕੀ ਨਾਲ ਨਿਰੀਖਣ ਕਰ ਕੇ ਸਮਾਧਾਨ ਦਰਸਾਉਂਦਾ ਹੈ। ਉਸ ਦੀ ਨਿਧੜਕ, ਬੇਬਾਕ ਤੇ ਦਿੱਭ ਦ੍ਰਿਸ਼ਟੀ ਵਾਲੀ ਲੇਖਣੀ ਨੇ ਉਸ ਨੂੰ ਕਈ ਵੇਰਾਂ ਮੁਸ਼ਕਲ ਇਮਤਿਹਾਨਾਂ ਵਿਚ ਪਾਇਆ ਪਰ ਉਸ ਨੇ ਆਪਣਾ ਸਹੀ ਸਿਧਾਂਤ 'ਰੋਵੇ ਚਾਹੇ ਪਿੱਟੇ, ਸੱਚੀ ਲਾਓ ਗੋਡੇ ਗਿੱਟੇ' ਨਹੀਂ ਛੱਡਿਆ। ਅਗਲਾ ਕਿੰਨੀ ਦੇਰ ਤੜਫਦਾ ਪਛਤਾਉਂਦਾ ਰਹੇ ਪਰ ਅੰਮ੍ਰਿਤਧਾਰੇ ਵਾਂਗ ਬਾਅਦ ਵਿਚ ਜਦ ਉਹ ਇਸ ਦਾ ਮਤਲਬ ਪਿਛੋਕੜ ਸਮਝਦਾ ਹੈ ਤਾਂ ਧੰਨਵਾਦ ਕਰਦਾ ਹੈ ਕਿ ਇਸ ਹਕੀਮ ਨੇ ਠੀਕ ਹੀ ਕਿਹਾ ਸੀ।

ਜਿੰਦਾ ਰਹੇ ਇਹ ਅਖਬਾਰ ਤੇ ਚੜ੍ਹਦੀ ਕਲਾ ਵਿਚ ਰਹੇ ਇਸ ਦਾ ਸਮੂਹ ਪਰਿਵਾਰ।

ਜਨਮ ਦਿਨ ਵਧਾਈ! ਵਰ੍ਹੇਗੰਢ ਮੁਬਾਰਕ.. ਹੈਪੀ ਬਰਥਡੇ..ਮੁਬਾਰਕ ਬਹੁਤ ਬਹੁਤ ਸ਼ੁੱਭ ਕਾਮਨਾਵਾਂ।

*-ਚਰਨਜੀਤ ਸਿੰਘ ਪੰਨੂ*

## ਆਲੋਚਨਾ ਖਾਤਰ ਆਲੋਚਨਾ

27 ਮਾਰਚ ਦੇ ਪੰਜਾਬ ਟਾਈਮਜ ਵਿਚ ਨਿਰਮਲ ਸਿੰਘ ਗਿੱਲ ਦਾ ਸੋਢੀ ਸੁਲਤਾਨ ਸਿੰਘ ਬਾਰੇ ਖਤ ਪੜ੍ਹਿਆ ਤਾਂ ਦਿਲ ਵਿਚ ਆਇਆ ਕਿ ਪਾਠਕਾਂ ਨਾਲ ਗੱਲ ਕਰਾਂ।

ਲਗਭਗ ਦੋ ਸਾਲ ਪਹਿਲਾਂ ਸੋਢੀ ਸੁਲਤਾਨ ਸਿੰਘ ਵਲੋਂ ਅਨੁਵਾਦਿਤ 'ਹਿੰਦੂ ਸਾਮਰਾਜਵਾਦ ਦਾ ਇਤਿਹਾਸ' ਪੜ੍ਹੀ। ਇਸ ਕਿਤਾਬ ਵਿਚ ਹਿੰਦੂ ਕਰਮ ਕਾਂਡ ਰਾਹੀਂ ਪੁਰਾਤਨ ਕਾਲ ਤੋਂ ਹੁਣ ਤਕ ਜਿਵੇਂ ਦਲਿਤਾਂ ਦਾ ਸ਼ੋਸ਼ਣ ਕੀਤਾ ਜਾਂਦਾ ਰਿਹਾ ਹੈ, ਉਸ ਦਾ ਹਿਰਦੇਵੇਧਕ ਬਿਰਤਾਂਤ ਹੈ। ਕਿਤਾਬ ਉਪਰ ਮੈਂ ਲੰਮਾਂ ਰੀਵੀਊ ਲੇਖ ਲਿਖਿਆ ਜੋ ਪੰਜਾਬ ਟਾਈਮਜ਼ ਵਿਚ ਛਪਿਆ ਵੀ।

ਲੰਘੀ 26 ਫਰਵਰੀ ਨੂੰ ਤਰਲੋਚਨ ਸਿੰਘ ਦੁਪਾਲਪੁਰ ਦਾ ਲੇਖ ਸੋਢੀ ਦੀ ਕਿਤਾਬ 'ਮੁਲਕੋ ਮੁਲਕੀ ਸਾਈਕਲਨਾਮਾ' ਬਾਰੇ ਛਪਿਆ। ਪਾਠਕ ਦੁਪਾਲਪੁਰ ਦੀ ਲਿਖਤ ਪਸੰਦ ਕਰਦੇ ਹਨ, ਪਰ ਨਿਰਮਲ ਸਿੰਘ ਨੂੰ ਉਸ ਵਿਚ ਕੀ ਗਲਤ ਲਗਾ, ਪਤਾ ਨਹੀਂ। ਨਿਰਮਲ ਸਿੰਘ ਨੇ ਲਿਖਤ ਉਪਰ ਕੋਈ ਟਿਪਣੀ ਨਹੀਂ ਦਿਤੀ, ਜ਼ਾਤੀ ਟਿਪਣੀ ਦਿਤੀ ਹੈ ਕਿ ਸੋਢੀ ਮਾੜਾ ਆਦਮੀ ਹੈ। ਮਾੜਾ ਆਦਮੀ ਕਿਵੇਂ ਹੈ ਇਹ ਮੈਨੂੰ ਦਸਣਾ ਪਵੇਗਾ।

ਨਿਰਮਲ ਸਿੰਘ ਅਤੇ ਸੋਢੀ ਇਕ ਕਮਰੇ ਵਿਚ ਆਰਾਮ ਨਾਲ ਰਹਿ ਰਹੇ ਸਨ ਕਿ ਸੋਢੀ ਨੇ ਬੀਫ ਖਾ ਲਿਆ। ਉਸ ਨੇ ਅਧੀ ਰਾਤ ਸੋਢੀ ਨੂੰ ਕਮਰੇ ਵਿਚੋਂ ਨਿਕਲ ਜਾਣ ਦਾ ਹੁਕਮ ਸੁਣਾ ਦਿਤਾ। ਅਮਰੀਕਨਾਂ ਵਾਸਤੇ ਬੀਫ ਜਾਂ ਪੋਰਕ ਕੋਈ ਮਸਲਾ ਨਹੀਂ, ਭਾਰਤੀਆਂ ਨੂੰ ਦੰਗਲ ਛੇੜਨ ਲਈ ਬਹਾਨਾ ਚਾਹੀਦਾ ਹੈ। ਨਿਰਮਲ ਸਿੰਘ ਨੂੰ ਚਾਹੀਦਾ ਸੀ, ਸੋਢੀ ਦੀ ਲੇਖਣੀ ਉਪਰ ਟਿਪਣੀ ਕਰਦਾ। ਗਰੀਬ ਦਲਿਤ ਦਾ ਬੇਟਾ ਸਾਈਕਲ 'ਤੇ ਸਵਾਰ ਹੋ ਕੇ ਦੁਨੀਆਂ ਦੇਖਣ ਤੁਰ ਪਿਆ, ਹੌਂਸਲੇ ਦੀ ਦਾਦ ਦੇਣੀ ਬਣਦੀ ਹੈ। ਟੈਕਸੀ ਡਰਾਈਵਰ ਸੋਢੀ ਦੀ ਕਲਮ ਨੂੰ ਮੇਰਾ ਸਲਾਮ।

*-ਡਾ. ਹਰਪਾਲ ਸਿੰਘ ਪੰਨੂ*

## ਸ਼ਹੀਦ ਭਗਤ ਸਿੰਘ ਦੀ ਨਾਸਤਿਕਤਾ

ਪੰਜਾਬ ਟਾਈਮਜ਼ ਦੇ 19 ਤੇ 26 ਮਾਰਚ ਦੇ ਅੰਕ ਵਿਚ ਸ਼ਹੀਦ ਭਗਤ ਸਿੰਘ ਦਾ ਲੰਮਾ ਲੇਖ 'ਮੈਂ ਨਾਸਤਿਕ ਕਿਉਂ ਹਾਂ?' ਪੜ੍ਹ ਕੇ ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਤੋਂ ਮੁਤਫਿਕ ਹੋਇਆ ਹਾਂ ਕਿ ਆਸਤਿਕਤਾ ਸਿਰਫ ਰੱਬ ਦਾ ਨਾਂ ਜਪੀ ਜਾਣ ਵਿਚ ਹੀ ਨਹੀਂ ਹੁੰਦੀ। ਇਸ ਨੂੰ ਅਮਲੀ ਰੂਪ ਦੇਣ ਦੀ ਵੀ ਲੋੜ ਹੈ। ਭਗਤ ਸਿੰਘ ਦੀ ਇਸ ਗੱਲ ਵਿਚ ਵਜ਼ਨ ਹੈ ਕਿ ਜੇ ਲੋਕ ਹਿਤਾਂ ਪ੍ਰਤੀ ਤੁਹਾਡੇ ਮਨ ਵਿਚ ਕੋਈ ਲਗਾਓ ਹੀ ਨਹੀਂ ਤਾਂ ਇਸ ਨਾਲੋਂ ਨਾਸਤਿਕ ਹੀ ਚੰਗੇ ਹਾਂ। ਇਹ ਲੇਖ ਛਾਪਣਾ ਸ਼ਹੀਦ ਨੂੰ ਇਕ ਸਾਰਥਕ ਸ਼ਰਧਾਂਜਲੀ ਹੈ। 26 ਮਾਰਚ ਦੇ ਅੰਕ ਵਿਚ ਕੈਪਸ਼ਨ ਵਾਲੇ ਪੇਜ ਉਤੇ ਸ਼ਹੀਦ ਭਗਤ ਸਿੰਘ ਦਾ ਸੁਨੇਹਾ ਵੰਡ ਰਹੇ ਬੱਚੇ ਦੀ ਫੋਟੋ ਵੀ ਸ਼ਹੀਦ ਭਗਤ ਸਿੰਘ ਨੂੰ ਸਹੀ ਸ਼ਰਧਾਂਜਲੀ ਹੈ। ਇਸੇ ਅੰਕ ਵਿਚ 'ਭੂਤਵਾੜੇ' ਦੇ ਪ੍ਰਸੰਗ ਵਿਚ ਡਾ. ਦਲੀਪ ਕੌਰ ਟਿਵਾਣਾ ਨਾਲ ਡਾ. ਤਰਸ਼ਿੰਦਰ ਕੌਰ ਦੀ ਇੰਟਰਵਿਊ ਵੀ ਵਧੀਆ ਲੱਗੀ।

*-ਅਮਨਦੀਪ, ਨਿਊ ਯਾਰਕ*

# ਭਾਸ਼ਾ ਵਿਭਾਗ ਨੇ ਵੰਡੇ ਸਰਵੋਤਮ ਸਾਹਿਤਕ ਪੁਸਤਕ ਪੁਰਸਕਾਰ

**ਪਟਿਆਲਾ**: ਭਾਸ਼ਾ ਵਿਭਾਗ ਪੰਜਾਬ ਵੱਲੋਂ 'ਪੰਜਾਬੀ ਸਪਤਾਹ-2016' ਦੇ ਵਿਦਾਇਗੀ ਸਮਾਗਮ ਮੌਕੇ ਵੱਖ-ਵੱਖ ਲੇਖਕਾਂ ਦੀਆਂ ਕਿਤਾਬਾਂ ਦੇ ਨਾਂ ਉਤੇ 'ਸਰਵੋਤਮ ਸਾਹਿਤਕ ਪੁਸਤਕ ਪੁਰਸਕਾਰ' ਵੰਡੇ ਗਏ। ਸਰਵੋਤਮ ਪੁਸਤਕ ਪੁਰਸਕਾਰਾਂ ਵਿਚ ਪੰਜਾਬੀ ਵਿਧਾ ਲਈ ਸਾਲ 2012 ਵਾਸਤੇ ਨਾਨਕ ਸਿੰਘ ਪੁਰਸਕਾਰ ਨਿਰਮਲ ਅਰਪਨ ਦੇ ਨਾਵਲ 'ਪੁਲ ਕੰਜਰੀ' ਨੂੰ ਅਤੇ ਗੁਰਬਖ਼ਸ਼ ਸਿੰਘ ਪ੍ਰੀਤਲੜੀ ਪੁਰਸਕਾਰ ਡਾ. ਕਰਨੈਲ ਸਿੰਘ ਸੋਮਲ ਦੀ ਨਿਬੰਧ ਪੁਸਤਕ 'ਸਾਡੇ ਅੰਬਰਾਂ ਦੇ ਤਾਰੇ' ਨੂੰ ਦਿੱਤਾ ਗਿਆ ਹੈ।

ਸਾਲ 2013 ਵਾਸਤੇ ਪ੍ਰਿੰਸੀਪਲ ਤੇਜਾ ਸਿੰਘ ਪੁਰਸਕਾਰ ਡਾ. ਰੂਪ ਸਿੰਘ ਦੀ ਸੰਪਾਦਨ ਪੁਸਤਕ 'ਸਿੱਖ ਸੰਕਲਪ, ਸਿਧਾਂਤ ਤੇ ਸੰਸਥਾਵਾਂ' ਨੂੰ ਦਿੱਤਾ ਗਿਆ ਹੈ ਅਤੇ ਸਾਲ 2014 ਵਾਸਤੇ ਗੁਰਬਖ਼ਸ਼ ਸਿੰਘ ਪ੍ਰੀਤਲੜੀ ਪੁਰਸਕਾਰ ਸੁਰਿੰਦਰ ਅਤੈ ਸਿੰਘ ਦੀ ਨਿਬੰਧ ਪੁਸਤਕ 'ਲਫ਼ਜ਼ਾਂ ਦਾ ਵਣਜ' ਨੂੰ, ਪ੍ਰਿੰਸੀਪਲ ਤੇਜਾ ਸਿੰਘ ਪੁਰਸਕਾਰ ਹਰਪਾਲ ਸਿੰਘ ਪੰਨੂ ਦੀ ਪੰਜਾਬੀ ਸੰਪਾਦਨ ਦੀ ਪੁਸਤਕ 'ਸ੍ਰੀ ਜਪੁ ਨੀਸਾਣੁ, ਰਾਜ ਮ੍ਰਿਗ੍ਰਾਦਰ ਸਿੰਘ' ਨੂੰ, ਐਮ.ਐਸ.ਰੰਧਾਵਾ ਪੁਰਸਕਾਰ ਜਸਵੰਤ ਸਿੰਘ ਸਿੱਧੂ ਦੀ ਪੰਜਾਬੀ ਗਿਆਨ ਸਾਹਿਤ ਦੀ ਪੁਸਤਕ 'ਜੰਮੂ ਕਸ਼ਮੀਰ ਦੇ ਇਤਿਹਾਸਕ ਗੁਰਧਾਮ' ਨੂੰ, ਈਸ਼ਵਰ ਚੰਦਰ ਨੰਦਾ ਪੁਰਸਕਾਰ ਵਰਿਆਮ ਮਸਤ ਦੀ ਨਾਟਕ ਪੁਸਤਕ 'ਰਿਸ਼ਤੇ' ਨੂੰ, ਨਾਨਕ ਸਿੰਘ ਪੁਰਸਕਾਰ ਅਸ਼ੋਕ ਚਰਨ ਆਲਮਗੀਰ ਦੇ ਨਾਵਲ 'ਕਲਿ ਆਈ ਕੁੱਤੇ ਮੂੰਹੀ' ਨੂੰ, ਸ੍ਰੀ ਗੁਰੂ ਹਰਿਕ੍ਰਿਸ਼ਨ ਪੁਰਸਕਾਰ ਬਲਦੇਵ ਸਿੰਘ ਦੀ ਪੰਜਾਬੀ ਬਾਲ ਸਾਹਿਤ ਦੀ ਪੁਸਤਕ 'ਮੋਤੂ ਦੇ ਘੁੰਗਰੂ' ਨੂੰ, ਡਾ. ਅਤਰ ਸਿੰਘ ਪੁਰਸਕਾਰ ਡਾ. ਗੁਲਜ਼ਾਰ ਸਿੰਘ ਕੰਗ ਦੀ ਅਲੋਚਨਾ ਦੀ ਪੁਸਤਕ 'ਸਰਦਾਰ ਜੀ.ਬੀ.ਸਿੰਘ ਜੀਵਨ ਅਤੇ ਰਚਨਾ' ਨੂੰ ਗੁਰਮੁਖ ਸਿੰਘ ਮੁਸਾਫ਼ਰ ਪੁਰਸਕਾਰ ਅਮਰਜੀਤ ਕੌਂਕੇ ਦੀ ਨਿਬੰਧ ਪੁਸਤਕ 'ਪਿਆਸ' ਨੂੰ ਦਿੱਤਾ ਗਿਆ।


ਇਸੇ ਤਰ੍ਹਾਂ ਹੀ ਹਿੰਦੀ ਵਰਗ ਵਿਚ 2013 ਸਾਲ ਵਾਸਤੇ ਮੋਹਨ ਰਾਕੇਸ਼ ਪੁਰਸਕਾਰ ਲਈ ਡਾ. ਤਰਸੇਮ ਧਾਰੀਵਾਲ ਦੇ ਨਾਟਕ 'ਆਏ ਪੀਰ ਭਾਗੇ ਬੀਰ' ਨੂੰ, ਗਿਆਨੀ ਗਿਆਨ ਸਿੰਘ ਪੁਰਸਕਾਰ ਡਾ. ਜਵਾਹਰ ਧੀਰ ਦੀ ਸਫ਼ਰਨਾਮਾ ਪੁਸਤਕ 'ਮੇਰੀ ਵਿਦੇਸ਼ ਯਾਤਰਾ' ਨੂੰ, ਬਾਲ ਸਾਹਿਤ 'ਹਿੰਦੀ' ਪੁਰਸਕਾਰ ਡਾ. ਦਰਸ਼ਨ ਸਿੰਘ ਆਸ਼ਟ ਦੀ ਬਾਲ ਸਾਹਿਤ ਦੀ ਪੁਸਤਕ 'ਪਾਪਾ ਅਬ ਐਸਾ ਨਹੀਂ ਹੋਗਾ' ਨੂੰ, ਸੁਦਰਸ਼ਨ ਪੁਰਸਕਾਰ ਰਾਘਵੇਂਦਰ ਸੈਣੀ ਦੀ ਕਹਾਣੀ ਪੁਸਤਕ 'ਮਾਇਕੇ ਕੀ ਚਾਦਰ' ਨੂੰ, ਇੰਦਰਨਾਥ ਮਦਾਨ ਪੁਰਸਕਾਰ ਯਸ਼ਪਾਲ ਬਾਂਗੀਆ ਦੀ ਅਲੋਚਨਾ ਪੁਸਤਕ 'ਸਮਾਜ ਕੇ ਬਾਗਬਾਨ' ਵਰਿਸ਼ਠ ਨਾਗਰਿਕ ਨੂੰ, ਗਿਆਨੀ ਸੰਤ ਸਿੰਘ ਪੁਰਸਕਾਰ ਮੋਹਨ ਸਪਰਾ ਦੀ ਕਵਿਤਾ ਦੀ ਪੁਸਤਕ 'ਸਮਯ ਕੀ ਪਾਠਸ਼ਾਲਾ ਮੇਂ' ਨੂੰ ਦਿੱਤਾ ਗਿਆ। ਇਸੇ ਤਰ੍ਹਾਂ ਹਿੰਦੀ ਦੇ ਸਾਲ 2014 ਵਾਸਤੇ ਗਿਆਨੀ ਸੰਤ ਸਿੰਘ ਪੁਰਸਕਾਰ ਡਾ. ਮਹੇਸ਼ ਚੰਦਰ ਸ਼ਰਮਾ ਗੌਤਮ ਦੀ ਕਵਿਤਾ ਪੁਸਤਕ 'ਸਵਾਤੰਤ੍ਰਯ ਸਮਰਣ' ਨੂੰ, ਸੁਦਰਸ਼ਨ ਪੁਰਸਕਾਰ ਦੀਪਕ ਜਲੰਧਰੀ ਦੀ ਹਿੰਦੀ ਕਹਾਣੀਆਂ ਦੀ ਪੁਸਤਕ 'ਵਿਅੰਗ ਚਾਲੀਸਾ' ਨੂੰ, ਗਿਆਨੀ ਗਿਆਨ ਸਿੰਘ ਪੁਰਸਕਾਰ ਮਨੋਜ ਕੁਮਾਰ ਪ੍ਰੀਤ ਦੀ 'ਕੇਰਲਧਾਮ ਸਵਰਣ ਗ੍ਰਾਮ' ਨੂੰ, ਇੰਦਰਨਾਥ ਮਦਾਨ ਪੁਰਸਕਾਰ ਸ੍ਰੀਮਤੀ ਮਧੂ ਬਾਲਾ ਦੀ ਪੁਸਤਕ 'ਟਿਲ ਨਰੇਂਦ੍ਰਾਬੇ' ਨੂੰ ਤੇ ਹਿੰਦੀ ਬਾਲ ਪੁਰਸਕਾਰ ਸ੍ਰੀਮਤੀ ਸੁਧਾ ਜੈਨ ਦੀਪ ਦੀ ਪੁਸਤਕ 'ਬਾਲ ਸੁਧਾ ਗੀਤ-ਇਕ' ਨੂੰ ਦਿੱਤਾ ਗਿਆ ਹੈ।

ਇਸ ਤਰ੍ਹਾਂ ਸਾਲ 2014 ਲਈ ਹਾਫ਼ਿਜ਼ ਮਹਿਮੂਦ ਸ਼ੀਰਾਨੀ ਪੁਰਸਕਾਰ ਡਾ. ਸ਼ਬਾਬ ਲਲਿਤ ਦੀ ਪੁਸਤਕ 'ਕਲਮ ਕਰਿਸ਼ਮੇ' ਨੂੰ, ਸਾਹਿਰ ਲੁਧਿਆਣਵੀ ਪੁਰਸਕਾਰ ਈ. ਬੈਂਜਾਮਿਨ ਨਾਦਰੀ ਦੇ ਉਰਦੂ ਨਾਵਲ 'ਅਹਿਸਾਨ ਏ ਹਯਾਤ' ਨੂੰ, ਕਨ੍ਹੱਈਆ ਲਾਲ ਪੁਰਸਕਾਰ ਬੀਡੀ ਕਾਲੀਆ ਹਮਦਮ ਦੀ ਪੁਸਤਕ 'ਆਬਸ਼ਾਰੇ ਅਦਬ' ਨੂੰ ਤੇ ਰਾਜਿੰਦਰ ਸਿੰਘ ਬੇਦੀ ਪੁਰਸਕਾਰ ਜਨਾਬ ਆਬਿਦ ਅਲੀ ਖਾਨ ਦੀ ਪੁਸਤਕ 'ਬੇਨਾਮ ਰਿਸ਼ਤੇ' ਨੂੰ ਦਿੱਤਾ ਗਿਆ।

## ਨਾਵਲ 'ਪੁਲ ਕੰਜਰੀ' ਨੂੰ ਨਾਨਕ ਸਿੰਘ ਪੁਰਸਕਾਰ



## ਡਾ. ਹਰਪਾਲ ਪੰਨੂ ਨੂੰ ਸਰਵੋਤਮ ਸੰਪਾਦਨਾ ਦਾ ਇਨਾਮ



'ਪੰਜਾਬ ਟਾਈਮਜ਼' ਦੇ ਕਾਲਮਨਵੀਸ ਡਾ. ਹਰਪਾਲ ਸਿੰਘ ਪੰਨੂ ਨੂੰ ਸਾਲ 2014 ਦਾ ਸ਼੍ਰੋਮਣੀ ਸੰਪਾਦਕ ਇਨਾਮ ਦਿੱਤਾ ਗਿਆ ਹੈ। ਇਹ ਇਨਾਮ ਰਾਜਾ ਮ੍ਰਿਗਿੰਦਰ ਸਿੰਘ ਦੀ ਕਿਤਾਬ 'ਜਪੁ-ਨੀਸਾਣ' ਦੇ ਸੰਪਾਦਨ ਲਈ ਮਿਲਿਆ ਹੈ। ਇਸ ਗ੍ਰੰਥ ਦੇ 1300 ਪੰਨੇ ਹਨ ਤੇ 300 ਪੰਨਿਆਂ ਦੀ ਭੂਮਿਕਾ ਹੈ ਜਿਸ ਵਿਚ ਟੀਕਾਕਾਰੀ ਦੀ ਸਟੀਕ ਪਰਿਭਾਸ਼ਾ ਹੈ। ਭਾਈ ਮਿਹਰਬਾਨ ਤੋਂ ਲੈ ਕੇ ਭਾਈ ਵੀਰ ਸਿੰਘ ਤੱਕ ਦਸ ਵੱਡੇ ਟੀਕਾਕਾਰਾਂ ਦੀ ਵਿਆਖਿਆ ਦਾ ਤੁਲਨਾਤਮਕ ਅਧਿਐਨ ਇਕ ਥਾਂ ਦਿੱਤਾ ਗਿਆ ਹੈ। ਇਹ ਗ੍ਰੰਥ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਛਾਪਿਆ ਹੈ। ਇਸ ਤੋਂ ਪਹਿਲਾਂ ਵੀ ਪੰਜਾਬ ਸਰਕਾਰ ਦੋ ਵਾਰ ਡਾ. ਪੰਨੂ ਨੂੰ ਸ਼੍ਰੋਮਣੀ ਗਿਆਨ ਪੁਰਸਕਾਰ ਨਾਲ ਸਨਮਾਨਿਤ ਕਰ ਚੁੱਕੀ ਹੈ।

# ਦਿੱਲੀ ਸਰਕਾਰ ਵੱਲੋਂ 46,600 ਕਰੋੜ ਦਾ ਬਜਟ ਪਾਸ



**ਨਵੀਂ ਦਿੱਲੀ:** ਕੇਜਰੀਵਾਲ ਸਰਕਾਰ ਨੇ ਲਗਾਤਾਰ ਦੂਜੀ ਵਾਰ ਲੋਕ-ਲੁਭਾਊ ਬਜਟ ਪੇਸ਼ ਕਰਦਿਆਂ ਰੋਜ਼ਮਰਾ ਦੀਆਂ ਲਗਭਗ ਸਾਰੀਆਂ ਵਸਤਾਂ ਨੂੰ ਸਸਤਾ ਕਰਨ ਦਾ ਐਲਾਨ ਕੀਤਾ। ਉਪ-ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਵਿਧਾਨ ਸਭਾ ਵਿਚ 46,600 ਕਰੋੜ ਦਾ ਸਾਲਾਨਾ 2016-17 ਦਾ ਬਜਟ ਪੇਸ਼ ਕੀਤਾ। ਉਨ੍ਹਾਂ ਦੱਸਿਆ ਕਿ ਯੋਜਨਾ ਖਰਚਿਆਂ 'ਤੇ 20,600 ਕਰੋੜ ਤੇ ਗੈਰ-ਯੋਜਨਾ ਕੰਮਾਂ ਉਤੇ 26000 ਕਰੋੜ ਰੁਪਏ ਖਰਚ ਕੀਤੇ ਜਾਣਗੇ। ਸਿਸੋਦੀਆ ਨੇ ਕੋਈ ਨਵਾਂ ਟੈਕਸ ਨਾ ਲਾਉਣ ਦਾ ਐਲਾਨ ਕੀਤਾ ਹੈ। ਉਨ੍ਹਾਂ ਸਿੱਖਿਆ, ਸਿਹਤ, ਤੇ ਆਵਾਜਾਈ ਨੂੰ ਬਿਹਤਰ ਬਣਾਉਣ ਲਈ ਕਈ ਵੱਡੇ ਐਲਾਨ ਕੀਤੇ।

ਦਿੱਲੀ ਸਰਕਾਰ ਸੜਕਾਂ ਨੂੰ ਬਿਹਤਰ ਬਣਾਉਣ ਲਈ ਬਜਟ ਦਾ 11 ਫੀਸਦੀ ਹਿੱਸਾ ਖਰਚ ਕਰੇਗੀ। ਦਿੱਲੀ ਸਰਕਾਰ ਨੇ ਰੈਡੀਮੇਡ ਕੱਪੜਿਆਂ, ਜੁੱਤੀਆਂ, ਘੜੀਆਂ, ਇਲੈਕਟ੍ਰਿਕ ਵਾਹਨਾਂ ਆਦਿ 'ਤੇ ਵੈਟ ਘਟਾਉਣ ਦਾ ਐਲਾਨ ਕੀਤਾ ਜਿਸ ਦੇ ਨਾਲ ਇਹ ਚੀਜ਼ਾਂ ਸਸਤੀਆਂ ਹੋਣਗੀਆਂ।

# ਸੈਂਡਰਜ਼ ਦੀ ਜਿੱਤ ਨੇ ਔਖਾ ਕੀਤਾ ਹਿਲੇਰੀ ਦਾ ਪੈਂਡਾ

**ਵਾਸ਼ਿੰਗਟਨ:** ਸਾਬਕਾ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਲਈ ਅਮਰੀਕਾ ਦੇ ਰਾਸ਼ਟਰਪਤੀ ਅਹੁਦੇ ਲਈ ਡੈਮੋਕਰੈਟਿਕ ਪਾਰਟੀ ਦੀ ਉਮੀਦਵਾਰ ਬਣਨ ਦਾ ਰਾਹ ਔਖਾ ਹੋ ਗਿਆ ਹੈ ਕਿਉਂਕਿ ਸੈਨੇਟਰ ਬਰਨੀ ਸੈਂਡਰਜ਼ ਨੇ ਅਲਾਸਕਾ, ਵਾਸ਼ਿੰਗਟਨ ਅਤੇ ਹਵਾਈ ਕਾਕਸ ਵਿਚ ਸ਼ਾਨਦਾਰ ਜਿੱਤ ਦਰਜ ਕੀਤੀ ਹੈ। ਇਸ ਨਾਲ ਉਮੀਦਵਾਰੀ ਦੀ ਦੌੜ ਵਿਚ ਅੱਗੇ ਚੱਲ ਰਹੀ ਹਿਲੇਰੀ ਦੀ ਲੀਡ ਦਾ ਫਰਕ ਘਟ ਗਿਆ ਹੈ। ਸੈਂਡਰਜ਼ (74) ਨੇ ਵਾਸ਼ਿੰਗਟਨ ਵਿਚ ਕੁੱਲ ਗਿਣੀਆਂ ਵੋਟਾਂ 'ਚੋਂ 72 ਫੀਸਦੀ ਤੋਂ ਵੱਧ ਵੋਟਾਂ ਦੇ ਫਰਕ ਨਾਲ ਜਿੱਤ ਦਰਜ ਕੀਤੀ ਹੈ ਅਤੇ ਅਲਾਸਕਾ ਵਿਚ ਉਨ੍ਹਾਂ ਨੂੰ 80 ਫੀਸਦੀ ਤੋਂ ਵੱਧ ਵੋਟਾਂ ਮਿਲੀਆਂ। ਇਸੇ ਤਰ੍ਹਾਂ ਹਵਾਈ ਵਿਚ ਵੀ ਉਨ੍ਹਾਂ ਨੇ ਵੱਡੇ ਫਰਕ ਨਾਲ ਜਿੱਤ ਦਰਜ ਕੀਤੀ ਹੈ।

ਡੈਲੀਗੇਟਾਂ ਦੀ ਗਿਣਤੀ ਦੇ ਮਾਮਲੇ ਵਿਚ 68 ਸਾਲਾ ਹਿਲੇਰੀ ਲਗਾਤਾਰ ਅੱਗੇ ਚੱਲ ਰਹੀ ਹੈ। ਰਾਸ਼ਟਰਪਤੀ ਦੀ ਚੋਣ ਵਿਚ ਡੈਮੋਕਰੈਟਿਕ



ਪਾਰਟੀ ਦੀ ਉਮੀਦਵਾਰੀ ਹਾਸਲ ਕਰਨ ਲਈ ਉਨ੍ਹਾਂ ਦਾ ਰਾਹ ਸੈਂਡਰਜ਼ ਦੇ ਮੁਕਾਬਲੇ ਆਸਾਨ ਮੰਨਿਆ ਜਾ ਰਿਹਾ ਹੈ। ਹਾਲਾਂਕਿ ਅਹਿਮ ਵਾਸ਼ਿੰਗਟਨ ਸੂਬੇ ਵਿਚ ਹੋਈ ਹਾਰ ਹਿਲੇਰੀ ਲਈ ਇਕ ਵੱਡਾ ਝਟਕਾ ਹੈ। ਬੋਇੰਗ, ਮਾਈਕਰੋਸਾਫਟ ਅਤੇ ਸਟਾਰਬੱਕਸ ਵਰਗੀਆਂ ਅਹਿਮ ਕੰਪਨੀਆਂ ਦਾ ਕੇਂਦਰ ਮੰਨੇ ਜਾਣ ਵਾਲੇ ਵਾਸ਼ਿੰਗਟਨ ਸੂਬੇ ਵਿਚ 100 ਤੋਂ ਵੱਧ ਡੈਲੀਗੇਟ ਹਨ, ਜਿਨ੍ਹਾਂ ਦਾ ਵੱਡਾ ਹਿੱਸਾ ਹੁਣ ਸੈਂਡਰਜ਼ ਦੇ ਪਾਲੇ ਵਿਚ ਚਲਾ ਗਿਆ ਹੈ। ਹਵਾਈ ਵਿਚ ਉਨ੍ਹਾਂ ਦਾ ਸਮਰਥਨ ਅਮਰੀਕੀ ਕਾਂਗਰਸ ਲਈ ਚੁਣੀ ਗਈ ਪਹਿਲੀ ਹਿੰਦੂ ਤੁਲਸੀ ਗੱਬਾਰਡ ਨੇ ਕੀਤਾ ਹੈ।

ਉਨ੍ਹਾਂ ਨੇ ਵਰਮੌਂਟ ਤੋਂ ਸੈਨੇਟਰ ਦਾ ਸਮਰਥਨ ਕਰਨ ਲਈ ਡੈਮੋਕਰੈਟਿਕ ਪਾਰਟੀ ਦੇ ਉਚੇ ਅਹੁਦੇ ਤੋਂ ਅਸਤੀਫਾ ਦਿੱਤਾ ਸੀ। ਸਾਬਕਾ ਰਾਸ਼ਟਰਪਤੀ ਬਿੱਲ ਕਲਿੰਟਨ ਤੇ ਉਨ੍ਹਾਂ ਦੀ ਧੀ ਚੈਲਸੀ ਕਲਿੰਟਨ ਨੇ ਵੀ ਵਾਸ਼ਿੰਗਟਨ ਵਿਚ ਕਾਫੀ ਸਮਾਂ ਬਿਤਾਇਆ ਸੀ, ਪਰ ਇਸ ਦੇ ਬਾਵਜੂਦ ਹਿਲੇਰੀ ਇਸ ਸੂਬੇ ਵਿਚ ਹਾਰ ਗਈ। ਸੈਂਡਰਜ਼ ਨੇ ਵਿਸਕਾਨਸਿਨ ਵਿਚ ਕਿਹਾ, 'ਅਸੀਂ ਜਾਣਦੇ ਸੀ ਕਿ ਜਿਵੇਂ ਜਿਵੇਂ ਅਸੀਂ ਪੱਛਮ ਵੱਲ ਜਾਵਾਂਗੇ ਤਾਂ ਚੀਜ਼ਾਂ ਸੁਧਰਦੀਆਂ ਜਾਣਗੀਆਂ। ਅਸੀਂ ਹਿਲੇਰੀ ਦੀ ਲੀਡ ਦਾ ਫਰਕ ਘੱਟ ਕਰ ਰਹੇ ਹਾਂ ਅਤੇ ਸਾਡਾ ਰਾਹ ਜਿੱਤ ਵੱਲ ਜਾਂਦਾ ਹੈ।'

## ਧਮਾਕੇ ਨਾਲ ਹਿੱਲਿਆ ਲਾਹੌਰ, 74 ਤੋਂ ਵੱਧ ਮੌਤਾਂ

**ਲਾਹੌਰ :** ਪਾਕਿਸਤਾਨ ਦੇ ਲਾਹੌਰ ਦੇ ਭੀੜ-ਭੜੱਕੇ ਵਾਲੇ ਪਾਰਕ ਅੰਦਰ ਹੋਏ ਧਮਾਕੇ ਵਿਚ 74 ਵਿਅਕਤੀਆਂ ਦੀ ਮੌਤ ਹੋ ਗਈ। ਇਹ ਧਮਾਕਾ ਫਿਦਾਈਨ ਹਮਲਾਵਰ ਵੱਲੋਂ ਕੀਤਾ ਗਿਆ ਸੀ। ਈਸਟਰ ਦੀ ਛੁੱਟੀ ਹੋਣ ਕਾਰਨ ਪਾਰਕ ਅੰਦਰ ਲੋਕਾਂ ਦੀ ਭਰਵੀਂ ਹਾਜ਼ਰੀ ਸੀ, ਜਿਨ੍ਹਾਂ 'ਚ ਵੱਡੀ ਗਿਣਤੀ ਇਸਾਈ ਭਾਈਚਾਰੇ ਦੀ ਸੀ। ਧਮਾਕੇ ਕਾਰਨ 300 ਤੋਂ ਵੱਧ ਵਿਅਕਤੀ ਜ਼ਖਮੀ ਵੀ ਹੋਏ ਹਨ। ਲਾਹੌਰ ਪੁਲਿਸ ਦੇ ਡਿਪਟੀ ਇੰਸਪੈਕਟਰ ਜਨਰਲ ਹੈਦਰ ਅਸ਼ਰਫ ਨੇ ਦੱਸਿਆ ਕਿ ਫਿਦਾਈਨ ਹਮਲਾਵਰ ਨੇ ਸਿਟੀ ਸੈਂਟਰ ਨੇੜਲੇ ਪੌਸ਼ ਇਲਾਕੇ ਦੇ ਗੁਲਸ਼ਨ-ਏ-ਇਕਬਾਲ ਪਾਰਕ ਦੇ ਮੁੱਖ ਗੇਟ ਅੱਗੇ ਧਮਾਕਾ ਕੀਤਾ। ਧਮਾਕੇ ਵਿਚ 8 ਤੋਂ 10 ਕਿੱਲੋ ਗ੍ਰਾਮ ਧਮਾਕਾਖੇਜ਼ ਸਮਗਰੀ ਵਰਤੇ ਜਾਣ ਦਾ ਅੰਦਾਜ਼ਾ ਹੈ। ਧਮਾਕੇ ਤੋਂ ਬਾਅਦ ਪਾਰਕ ਦੇ ਅੰਦਰ ਥਾਂ-ਥਾਂ 'ਤੇ ਖੂਨ ਹੀ ਖੂਨ ਨਜ਼ਰ ਆ ਰਿਹਾ ਸੀ। 'ਡਾਅਨ' ਅਖ਼ਬਾਰ ਨੇ ਚਸ਼ਮਦੀਦਾਂ ਦੇ ਹਵਾਲੇ ਨਾਲ ਕਿਹਾ ਹੈ ਕਿ ਈਸਟਰ ਹੋਣ ਕਾਰਨ ਬਾਗ਼ ਅੰਦਰ ਵੱਡੀ ਗਿਣਤੀ 'ਚ ਲੋਕ ਜੁੜੇ ਹੋਏ ਸਨ।

# 'ਬਾਹੂਬਲੀ' ਦੀ ਸਰਵੋਤਮ ਫੀਚਰ ਫਿਲਮ ਵਜੋਂ ਚੋਣ

**ਨਵੀਂ ਦਿੱਲੀ:** 63ਵੇਂ ਕੌਮੀ ਫਿਲਮ ਪੁਰਸਕਾਰਾਂ ਦਾ ਐਲਾਨ ਕਰ ਦਿੱਤਾ ਗਿਆ। ਕਈ ਭਾਸ਼ਾਵਾਂ ਵਿਚ ਬਣੀ ਫਿਲਮ 'ਬਾਹੂਬਲੀ' ਨੂੰ ਸਰਵੋਤਮ ਫੀਚਰ ਫਿਲਮ ਚੁਣੀ ਗਈ। ਅਮਿਤਾਭ ਬੱਚਨ ਨੂੰ ਫਿਲਮ 'ਪੀਕੂ' ਲਈ ਸਰਵੋਤਮ ਅਦਾਕਾਰ ਜਦੋਂ ਕਿ ਕੰਗਨਾ ਰਣੌਤ ਨੂੰ 'ਤਨੂ ਵੈਡਜ਼ ਮਨੂ ਰਿਟਰਨਜ਼' ਲਈ ਸਰਵੋਤਮ ਅਦਾਕਾਰਾ ਦਾ ਪੁਰਸਕਾਰ ਮਿਲਿਆ। ਅਮਿਤਾਭ (73) ਦਾ ਇਹ ਚੌਥਾ ਕੌਮੀ ਪੁਰਸਕਾਰ ਹੈ। 'ਪੀਕੂ' ਵਿਚ ਸਨਕੀ ਪਿਤਾ ਦੀ ਭੂਮਿਕਾ ਲਈ ਉਨ੍ਹਾਂ ਨੂੰ ਇਹ ਪੁਰਸਕਾਰ ਮਿਲਿਆ ਹੈ।

ਇਸ ਤੋਂ ਪਹਿਲਾਂ ਉਨ੍ਹਾਂ ਨੂੰ 'ਅਗਨੀਪੱਥ', 'ਬਲੈਕ' ਅਤੇ 'ਪਾ' ਲਈ ਇਹ ਪੁਰਸਕਾਰ ਮਿਲ ਚੁੱਕਾ ਹੈ। ਪਿਛਲੇ ਹਫਤੇ ਹੀ 29 ਸਾਲਾਂ ਦੀ ਹੋਈ ਕੰਗਨਾ ਨੂੰ ਰੋਮਾਂਟਿਕ ਕਾਮੇਡੀ ਫਿਲਮ 'ਤਨੂ ਵੈਡਜ਼ ਮਨੂ ਰਿਟਰਨਜ਼' ਵਿਚ ਦੋਹਰੀ ਭੂਮਿਕਾ ਲਈ ਸਰਵੋਤਮ ਅਦਾਕਾਰਾ ਦਾ ਸਨਮਾਨ ਮਿਲਿਆ ਹੈ। ਕੰਗਨਾ ਨੇ ਇਸ ਐਵਾਰਡ ਨੂੰ ਆਪਣੇ ਜਨਮ ਦਾ ਸਰਵੋਤਮ ਤੋਹਫ਼ਾ ਦੱਸਦਿਆਂ ਕਿਹਾ ਕਿ ਇਹ ਪੁਰਸਕਾਰ ਇਸ ਲਈ ਵੀ ਖਾਸ ਹੈ ਕਿਉਂਕਿ ਇਹ ਉਨ੍ਹਾਂ ਨੂੰ ਅਮਿਤਾਭ ਬੱਚਨ ਨਾਲ ਦਿੱਤਾ ਗਿਆ ਹੈ।

ਕੰਗਨਾ ਨੂੰ ਤੀਜੀ ਵਾਰ ਕੌਮੀ ਪੁਰਸਕਾਰ ਮਿਲਿਆ ਹੈ। ਇਸ ਤੋਂ ਪਹਿਲਾਂ 2008 ਵਿਚ ਫਿਲਮ 'ਫੈਸ਼ਨ' ਲਈ ਸਰਵੋਤਮ ਸਹਾਇਕ ਅਦਾਕਾਰਾ ਅਤੇ ਪਿਛਲੇ ਸਾਲ 'ਕਵੀਨ' ਲਈ ਸਰਵੋਤਮ ਅਭਿਨੇਤਰੀ ਪੁਰਸਕਾਰ ਮਿਲਿਆ ਸੀ।

## 63ਵੇਂ ਕੌਮੀ ਫਿਲਮ ਪੁਰਸਕਾਰਾਂ ਦਾ ਐਲਾਨ
## ਅਮਿਤਾਭ ਤੇ ਕੰਗਨਾ ਸਰਵੋਤਮ ਅਦਾਕਾਰ




ਰਮੇਸ਼ ਸਿੱਪੀ ਦੀ ਪ੍ਰਧਾਨਗੀ ਵਾਲੀ 11 ਮੈਂਬਰੀ ਜਿਊਰੀ ਨੇ ਐਸ.ਐਸ. ਰਾਜਾਮੌਲੀ ਦੀ 'ਬਾਹੂਬਲੀ' ਨੂੰ ਸਰਬੋਤਮ ਫੀਚਰ ਫਿਲਮ ਐਲਾਨਿਆ। ਪਿਛਲੇ ਸਾਲ ਸਭ ਤੋਂ ਵੱਧ ਵਾਹ-ਵਾਹ ਖੱਟਣ ਵਾਲੀ ਫਿਲਮ 'ਮਸਾਨ' ਦੇ ਨਿਰਦੇਸ਼ਕ ਨੀਰਜ ਘੇਵਨ ਨੂੰ ਬੈਸਟ ਡੈਬਿਊ ਡਾਇਰੈਕਟਰ ਐਵਾਰਡ ਮਿਲਿਆ। ਰਣਵੀਰ ਸਿੰਘ, ਦੀਪਿਕਾ ਪਾਦੂਕੋਣ ਤੇ ਪ੍ਰਿਅੰਕਾ ਚੋਪੜਾ ਦੀਆਂ ਭੂਮਿਕਾਵਾਂ ਵਾਲੀ ਇਤਿਹਾਸਕ ਪਿਠਭੂਮੀ ਵਾਲੀ ਪ੍ਰੇਮ ਕਹਾਣੀ 'ਬਾਜੀਰਾਓ ਮਸਤਾਨੀ' ਦੇ ਨਿਰਦੇਸ਼ਕ ਸੰਜੇ ਲੀਲਾ ਭੰਸਾਲੀ ਨੂੰ ਸਰਵੋਤਮ ਨਿਰਦੇਸ਼ਕ ਦਾ ਐਵਾਰਡ ਮਿਲਿਆ ਹੈ। ਇਸ ਫਿਲਮ ਨੇ ਪੰਜ ਪੁਰਸਕਾਰ ਆਪਣੇ ਨਾਂ ਕੀਤੇ ਹਨ। ਭੰਸਾਲੀ ਨੇ ਕਿਹਾ ਕਿ ਨਿਰਦੇਸ਼ਕ ਵਜੋਂ ਇਹ ਮੇਰਾ ਪਹਿਲਾ ਕੌਮੀ ਪੁਰਸਕਾਰ ਹੈ। ਮੇਰੀ ਮਾਂ ਹਮੇਸ਼ਾ ਇਹ ਦੁਆ ਕਰਦੀ ਸੀ ਕਿ ਮੈਂ ਇਹ ਐਵਾਰਡ ਜਿੱਤਾਂ ਅਤੇ ਅਖੀਰ ਮਾਂ ਦੀ ਦੁਆ ਕਬੂਲ ਹੋ ਗਈ। ਸਲਮਾਨ ਖਾਨ ਦੀ ਮੁੱਖ ਭੂਮਿਕਾ ਵਾਲੀ ਫਿਲਮ 'ਬਜਰੰਗੀ ਭਾਈਜਾਨ' ਨੂੰ ਸਰਵੋਤਮ ਲੋਕਪ੍ਰਿਯ ਫਿਲਮ ਚੁਣਿਆ ਗਿਆ ਹੈ।

ਅਸਲ ਜ਼ਿੰਦਗੀ ਦੀ ਕਹਾਣੀ ਤੋਂ ਪ੍ਰੇਰਿਤ ਵਿਸ਼ਾਲ ਭਾਰਦਵਾਜ ਦੀ ਫਿਲਮ 'ਤਲਵਾਰ' ਨੂੰ ਬੈਸਟ ਅਡਾਪਟਿਡ ਸਕਰੀਨਪਲੇਅ ਐਵਾਰਡ ਮਿਲਿਆ ਜਦੋਂ ਕਿ ਸਰਵੋਤਮ ਮੂਲ ਪਟਕਥਾ ਅਤੇ ਸੰਵਾਦ ਦਾ ਪੁਰਸਕਾਰ ਜੂਹੀ ਚਤੁਰਵੇਦੀ (ਪੀਕੂ) ਅਤੇ ਹਿਮਾਂਸ਼ੂ ਸ਼ਰਮਾ (ਤਨੂ ਵੈਡਜ਼ ਮਨੂ ਰਿਟਰਨਜ਼) ਨੇ ਸਾਂਝਾ ਕੀਤਾ। 'ਨਾਨਕ ਸ਼ਾਹ ਫਕੀਰ' ਨੇ ਕੌਮੀ ਏਕਤਾ ਉਤੇ ਸਰਵੋਤਮ ਫੀਚਰ ਫਿਲਮ ਲਈ 'ਨਰਗਿਸ ਦੱਤ ਪੁਰਸਕਾਰ' ਜਿੱਤਿਆ। ਇਸ ਫਿਲਮ ਨੂੰ ਬੈਸਟ ਕਾਸਟਿਊਮ ਐਵਾਰਡ ਵੀ ਮਿਲਿਆ।

ਸ਼ੋਨਾਲੀ ਬੋਸ ਦੀ ਫਿਲਮ 'ਮਾਰਗਰੀਟਾ ਵਿਦ ਏ ਸਟਰਾਅ' ਵਿਚ ਬਿਮਾਰੀ ਤੋਂ ਪੀੜਤ ਲੜਕੀ ਦੇ ਕਿਰਦਾਰ ਲਈ ਅਦਾਕਾਰਾ ਕਲਕੀ ਕੋਏਚਲਿਨ ਨੂੰ ਸਪੈਸ਼ਲ ਜਿਊਰੀ ਐਵਾਰਡ ਮਿਲਿਆ। 'ਬਾਜੀਰਾਓ ਮਸਤਾਨੀ' ਵਿਚ ਸ਼ਾਤਰ ਮਾਂ ਦੀ ਭੂਮਿਕਾ ਲਈ ਤਨਵੀ ਆਜ਼ਮੀ ਨੂੰ ਸਰਵੋਤਮ ਸਹਾਇਕ ਅਦਾਕਾਰਾ ਦਾ ਪੁਰਸਕਾਰ ਮਿਲਿਆ। 'ਪਿੰਗਾ' ਤੇ 'ਦੀਵਾਨੀ ਮਸਤਾਨੀ' ਵਰਗੇ ਹਿੱਟ ਗਾਣਿਆਂ ਵਿਚ ਕੋਰੀਓਗ੍ਰਾਫੀ ਲਈ ਰੇਮੋ ਡੀਸੂਜ਼ਾ ਨੇ ਪਲੇਠਾ ਕੌਮੀ ਐਵਾਰਡ ਜਿੱਤਿਆ। 'ਬਾਜੀਰਾਓ ਮਸਤਾਨੀ' ਨੇ ਸਿਨਮੈਟੋਗ੍ਰਾਫੀ, ਪ੍ਰੋਡਕਸ਼ਨ, ਰੀ-ਰਿਕਾਰਡਿਸਟ ਅਤੇ ਸਾਊਂਡ ਡਿਜ਼ਾਈਨ ਵਿਚ ਪੁਰਸਕਾਰ ਜਿੱਤੇ। ਫਿਲਮ 'ਦੁਰੰਤੋ' ਨੇ ਸਰਵੋਤਮ ਬਾਲ ਫਿਲਮ ਦਾ ਪੁਰਸਕਾਰ ਜਿੱਤਿਆ ਜਦੋਂ ਕਿ ਬਾਲ ਕਲਾਕਾਰ ਐਵਾਰਡ ਗੌਰਵ ਮੈਨਨ ਨੂੰ ਮਿਲਿਆ।

# ਨਾਟਕ 'ਕਿਸਾਨ ਖੁਦਕੁਸ਼ੀ ਦੇ ਮੋੜ ਤੇ' ਦਾ ਜਲਦ ਸ਼ੁਰੂ ਹੋਵੇਗਾ ਮੰਚਨ

**ਸੈਨ ਫਰਾਂਸਿਸਕੋ (ਬਿਊਰੋ):** ਪੰਜਾਬ ਵਿਚ ਕਿਸਾਨਾਂ ਦੀਆਂ ਖੁਦਕੁਸ਼ੀਆਂ ਦੀ ਦਰਦਮਈ ਕਹਾਣੀ ਤੇ ਤ੍ਰਾਸਦੀ ਉਤੇ ਕੁਲਦੀਪ ਸਿੰਘ ਦੀਪ ਦਾ ਨਾਟਕ 'ਕਿਸਾਨ ਖੁਦਕੁਸ਼ੀ ਦੇ ਮੋੜ ਤੇ' ਦਾ ਮੰਚਨ ਕੈਨੇਡਾ ਤੇ ਅਮਰੀਕਾ ਵਿਚ ਅਪਰੈਲ ਦੇ ਅਖੀਰ ਤੱਕ ਸ਼ੁਰੂ ਹੋ ਜਾਵੇਗਾ। ਨਾਟਕ ਦੇ ਨਿਰਮਾਤਾ ਅਭੀਰਾਜ ਪ੍ਰੋਡਕਸ਼ਨ ਦੇ ਤਾਰਾ ਸਿੰਘ ਸਾਗਰ ਹਨ ਅਤੇ ਇਸ ਦਾ ਨਿਰਦੇਸ਼ਨ 'ਮੇਲਾ' ਤੇ 'ਧੀਆਂ ਮਰ ਜਾਣੀਆਂ' ਵਰਗੀਆਂ ਫਿਲਮਾਂ ਦੇ ਨਿਰਮਾਤਾ ਨਿਰਦੇਸ਼ਕ ਅਸ਼ੋਕ ਟਾਂਗਰੀ ਕਰ ਰਹੇ ਹਨ।


*ਕੁਲਦੀਪ ਸਿੰਘ ਦੀਪ*

ਇਨ੍ਹੀਂ ਦਿਨੀਂ ਨਾਟਕ ਦੀ ਤਿਆਰੀ ਪੂਰੇ ਕੈਲੀਫੋਰਨੀਆ ਦੇ ਵੱਖ ਵੱਖ ਸ਼ਹਿਰਾਂ ਵਿਚ ਚੱਲ ਰਹੀ ਹੈ। ਨਾਟਕ ਵਿਚ ਪ੍ਰਮੁੱਖ ਭੂਮਿਕਾ ਜਸਵੰਤ ਸਿੰਘ ਸ਼ਾਦ ਅਤੇ ਡਿੰਪਲ ਬੈਂਸ ਦੀ ਹੋਵੇਗੀ। ਜਸਪ੍ਰੀਤ ਸਿੰਘ ਢਿੱਲੋਂ, ਜਗਦੇਵ ਸਿੰਘ ਭੰਡਾਲ, ਦਰਸ਼ਨ ਸਿੰਘ ਕਹਿਲ, ਸੋਨੂੰ ਬੈਂਸ, ਸੁਖਵਿੰਦਰ ਸੰਘੇੜਾ ਅਤੇ ਜਾਨਵੀ ਬੈਂਸ ਇਸ ਨਾਟਕ ਦੇ ਅਹਿਮ ਕਿਰਦਾਰ ਨਿਭਾਉਣਗੇ।

ਨਾਟਕਕਾਰ ਕੁਲਦੀਪ ਸਿੰਘ ਦੀਪ ਨੇ ਕਿਹਾ ਕਿ ਅਮਰੀਕਾ-ਕੈਨੇਡਾ ਦੀ ਧਰਤੀ 'ਤੇ ਇਸ ਨਾਟਕ ਦਾ ਅਸ਼ੋਕ ਟਾਂਗਰੀ ਦੇ ਨਿਰਦੇਸ਼ਨ ਹੇਠ ਖੇਡਿਆ ਜਾਣਾ ਉਸ ਲਈ ਖਾਸ ਹੈ ਕਿਉਂਕਿ ਭਾਵੇਂ ਮੈਂ ਹਰਿਆਣੇ ਵਿਚ ਰਹਿੰਦਾ ਹਾਂ ਪਰ ਇਸ ਗਲੋਬਲ ਦੁਨੀਆਂ ਵਿਚ ਜਿਥੇ ਪੰਜਾਬੀਆਂ ਦੇ ਚਾਅ ਸਾਂਝੇ ਹਨ, ਉਥੇ ਦਰਦ ਵੀ ਸਾਂਝੇ ਹਨ।

ਨਾਟਕ ਦੇ ਨਿਰਦੇਸ਼ਕ ਅਸ਼ੋਕ ਟਾਂਗਰੀ ਨੇ ਕਿਹਾ ਕਿ ਅਪਰੈਲ ਦੇ ਅਖੀਰ ਜਾਂ ਮਈ ਦੇ ਪਹਿਲੇ ਹਫਤੇ ਇਸ ਨਾਟਕ ਦਾ ਮੰਚਨ ਸ਼ੁਰੂ ਹੋ ਜਾਵੇਗਾ।


*ਨਾਟਕ ਵਿਚਲੇ ਕੁਝ ਕਲਾਕਾਰ ਨਿਰਦੇਸ਼ਕ ਅਸ਼ੋਕ ਟਾਂਗਰੀ ਨਾਲ*

# ਬੇਕਰਜ਼ਫੀਲਡ ਵਿਖੇ 'ਆਪ' ਦਾ ਚੈਪਟਰ ਕਾਇਮ

ਬੇਕਰਜ਼ਫੀਲਡ (ਬਿਊਰੋ): ਆਮ ਆਦਮੀ ਪਾਰਟੀ (ਆਪ) ਵੱਲੋਂ ਵਾਲੰਟੀਅਰਾਂ ਨੂੰ ਇੱਕ ਪਲੈਟਫਾਰਮ 'ਤੇ ਇਕੱਤਰ ਕਰਨ ਲਈ ਸ਼ਹਿਰ ਸ਼ਹਿਰ ਨਵੇਂ ਚੈਪਟਰ ਸ਼ੁਰੂ ਕੀਤੇ ਜਾ ਰਹੇ ਹਨ। ਇਸੇ ਕੜੀ ਤਹਿਤ ਬੇਕਰਜ਼ਫੀਲਡ ਵਿਚ 'ਆਪ' ਦੇ ਸਰਗਰਮ ਆਗੂ ਅਜੀਤ ਸਿੰਘ ਭੱਠਲ ਦੇ ਯਤਨਾਂ ਸਦਕਾ ਇੱਕ ਅਹਿਮ ਮੀਟਿੰਗ ਸਥਾਨਕ ਇੰਡੀਆ ਓਵਨ ਰੈਸਟੋਰੈਂਟ ਵਿਚ ਹੋਈ, ਜਿਥੇ ਵੱਡੀ ਗਿਣਤੀ ਵਿਚ 'ਆਪ' ਹਮਾਇਤੀਆਂ ਨੇ ਸ਼ਿਰਕਤ ਕੀਤੀ।



ਇਸ ਮੌਕੇ ਨਵੇਂ ਚੈਪਟਰ ਦਾ ਗਠਨ ਕੀਤਾ ਗਿਆ ਅਤੇ ਪਾਰਟੀ ਦੇ ਪਹਿਲਾਂ ਹੋ ਚੁਕੇ ਸਮਾਗਮਾਂ ਤੇ ਪਾਰਟੀ ਦੇ ਮੁੱਖ ਬੁਲਾਰੇ ਸੁਖਪਾਲ ਸਿੰਘ ਖਹਿਰਾ ਦੀ ਅਮਰੀਕਾ ਫੇਰੀ ਸਬੰਧੀ ਵਿਚਾਰਾਂ ਕੀਤੀਆਂ ਗਈਆਂ। ਆਉਂਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਸਬੰਧੀ ਪਾਰਟੀ ਵੱਲੋਂ ਲੋਕ ਪਹੁੰਚ ਲਈ ਕੀਤੇ ਜਾ ਰਹੇ ਉਪਰਾਲਿਆਂ ਨੂੰ ਵੀ ਸਲਾਹਿਆ ਗਿਆ।

ਮੀਟਿੰਗ ਵਿਚ ਪੰਜਾਬ ਅੰਦਰ ਵਧ ਰਹੀਆਂ ਕਿਸਾਨ ਖੁਦਕੁਸ਼ੀਆਂ, ਨਸ਼ਾ ਤਸ਼ਕਰੀ ਅਤੇ ਗੁੰਡਾਗਰਦੀ ਵਰਗੀਆਂ ਅਲਾਮਤਾਂ 'ਤੇ ਚਿੰਤਾ ਜ਼ਾਹਰ ਕੀਤੀ ਗਈ ਅਤੇ ਕਿਹਾ ਗਿਆ ਕਿ ਪੰਜਾਬ ਨੂੰ ਬਚਾਉਣ ਲਈ ਇੱਕੋ ਇੱਕ ਸਿਆਸੀ ਬਦਲਾਅ ਆਮ ਆਦਮੀ ਪਾਰਟੀ ਹੈ। ਪਾਰਟੀ ਦੀ ਬੇਕਰਜ਼ਫੀਲਡ ਇਕਾਈ ਨਾਲ ਜੁੜਨ ਲਈ ਫੋਨ 872-222-7872 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਸੁਖਪਾਲ ਖਹਿਰਾ ਦੀ ਫੇਰੀ ਲਈ 'ਆਪ' ਸਮਰਥਕ ਸਰਗਰਮ

**ਸਟਾਕਟਨ:** ਆਮ ਆਦਮੀ ਪਾਰਟੀ ਦੇ ਮੁੱਖ ਬੁਲਾਰੇ ਸ. ਸੁਖਪਾਲ ਸਿੰਘ ਖਹਿਰਾ ਦੀ ਅਮਰੀਕਾ ਫੇਰੀ ਸਬੰਧੀ ਕੈਲੀਫੋਰਨੀਆ ਵਿਚ 'ਆਪ' ਦੇ ਸਮਰਥਕ ਪੂਰੀ ਤਰ੍ਹਾਂ ਸਰਗਰਮ ਹੋ ਗਏ ਹਨ ਅਤੇ ਉਨ੍ਹਾਂ ਦੀ ਫੇਰੀ ਨੂੰ ਕਾਮਯਾਬ ਕਰਨ ਲਈ ਹਰ ਯਤਨ ਕਰਨ ਲੱਗੇ ਹੋਏ ਹਨ।

ਸੈਂਟਰਲ ਵੈਲੀ ਵਿਚਲੇ ਸਾਰੇ ਸਮਾਗਮਾਂ ਨੂੰ ਯੋਜਨਾਬੱਧ ਢੰਗ ਨਾਲ ਕਾਮਯਾਬ ਕਰਨ ਲਈ ਪਾਰਟੀ ਵਰਕਰਾਂ ਦੀ ਇਥੇ ਹੋਈ ਇੱਕ ਮੀਟਿੰਗ ਵਿਚ ਸੈਂਟਰਲ ਵੈਲੀ ਦੇ ਬਹੁਤ ਸਾਰੇ 'ਆਪ' ਵਰਕਰਾਂ ਨੇ ਸ਼ਿਰਕਤ ਕੀਤੀ। ਇਸ ਮੌਕੇ ਪਾਰਟੀ ਨੀਤੀਆਂ 'ਤੇ ਖੁਲ੍ਹ ਕੇ ਚਰਚਾ ਹੋਈ। ਬੁਲਾਰਿਆਂ ਨੇ ਮੀਟਿੰਗ ਵਿਚ ਕਿਹਾ ਕਿ ਸੁਖਪਾਲ ਖਹਿਰਾ ਦੀ ਅਮਰੀਕਾ ਫੇਰੀ ਨੂੰ ਲੈ ਕੇ ਵਲੰਟੀਅਰਾਂ ਅਤੇ ਪਰਵਾਸੀ ਪੰਜਾਬੀਆਂ ਵਿਚ ਭਾਰੀ ਉਤਸ਼ਾਹ ਹੈ।





# ਸਟਾਕਟਨ ਦੇ ਹਾਕੀ ਟੂਰਨਾਮੈਂਟ ਲਈ ਤਿਆਰੀ ਮੁਕੰਮਲ

## ਪਹਿਲਾਂ ਇਨਾਮ ਹੋਵੇਗਾ 7100 ਡਾਲਰ

ਸਟਾਕਟਨ (ਬਿਊਰੋ): ਯੂਬਾ ਬ੍ਰਦਰਜ਼ ਫੀਲਡ ਹਾਕੀ ਕਲੱਬ ਅਤੇ ਗਦਰੀ ਬਾਬੇ ਸਪੋਰਟਸ ਕਲੱਬ ਦੇ ਸਹਿਯੋਗ ਨਾਲ ਪਹਿਲੀ ਤੋਂ ਤਿੰਨ ਅਪਰੈਲ ਤੱਕ ਯੂਨੀਵਰਸਿਟੀ ਆਫ ਪੈਸੇਫਿਕ ਸਟਾਕਟਨ ਦੀ ਆਧੁਨਿਕ ਸਹੂਲਤਾਂ ਵਾਲੀ ਗਰਾਊਂਡ ਵਿਚ ਕਰਵਾਏ ਜਾ ਰਹੇ ਹਾਕੀ ਟੂਰਨਾਮੈਂਟ ਵਿਚ ਕੌਮਾਂਤਰੀ ਪੱਧਰ ਦੇ ਹਾਕੀ ਖਿਡਾਰੀ 7100 ਡਾਲਰ ਦੇ ਪਹਿਲਾ ਅਤੇ 3100 ਡਾਲਰ ਦੇ ਦੂਜਾ ਇਨਾਮ ਜਿੱਤਣ ਲਈ ਆਪੋ ਆਪਣੇ ਜੌਹਰ ਵਿਖਾਉਣਗੇ।

ਟੂਰਨਾਮੈਂਟ ਦੇ ਪ੍ਰਬੰਧਕਾਂ ਸੁਰਜੀਤ ਸਿੰਘ ਨਿੱਝਰ, ਦੇਵ ਅਟਵਾਲ, ਬਿੱਟੂ ਧਾਲੀਵਾਲ, ਹਰਨੇਕ ਅਟਵਾਲ ਅਤੇ ਗੁਰਬਿੰਦਰ ਸਿੰਘ ਭਿੰਦਾ ਗਾਖਲ ਨੇ ਦੱਸਿਆ ਕਿ ਇਸ ਟੂਰਨਾਮੈਂਟ ਲਈ ਤਿਆਰੀਆਂ ਮੁਕੰਮਲ ਹੋ ਚੁਕੀਆਂ ਹਨ ਅਤੇ ਉਹ ਇਸ ਸਾਲਾਨਾ ਫੀਲਡ ਹਾਕੀ ਟੂਰਨਾਮੈਂਟ ਨੂੰ ਭਾਰਤੀ ਲੋਕਾਂ ਵਿਚ ਹੀ ਨਹੀਂ ਸਗੋਂ ਅਮਰੀਕਨਾਂ ਵਿਚ ਵੀ ਹਰਮਨਪਿਆਰਾ ਬਣਾਉਣ ਲਈ ਯਤਨਸ਼ੀਲ ਹਨ। ਇਸੇ ਮਨੋਰਥ ਨਾਲ ਯੂਬਾ ਸਿਟੀ ਵਿਚ ਹਾਕੀ ਖਿਡਾਰੀਆਂ ਨੂੰ ਕੋਚਿੰਗ ਦਿੱਤੀ ਜਾਂਦੀ ਹੈ। ਇਸ ਹਾਕੀ ਟੂਰਨਾਮੈਂਟ 'ਚ ਭਾਰਤ, ਪਾਕਿਸਤਾਨ, ਕੈਨੇਡਾ, ਅਰਜਨਟੀਨਾ, ਮੈਕਸੀਕੋ ਆਦਿ ਕਈ ਦੇਸ਼ਾਂ ਦੇ ਨਾਮੀ ਹਾਕੀ ਖਿਡਾਰੀ ਭਿੜਨਗੇ।

ਇਹ ਵੀ ਜ਼ਿਕਰਯੋਗ ਹੈ ਕਿ ਜਲੰਧਰ ਵਿਚ ਹੁੰਦੇ ਸੁਰਜੀਤ ਹਾਕੀ ਮੁਕਾਬਲਿਆਂ ਲਈ ਵੱਡੀ ਵਿੱਤੀ ਮਦਦ ਕਰਨ ਵਾਲੇ ਗਾਖਲ ਭਰਾ-ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ ਅਤੇ ਇਕਬਾਲ ਸਿੰਘ ਗਾਖਲ ਆਪਣੇ ਪਿਤਾ ਸਵਰਗੀ ਨਸੀਬ ਸਿੰਘ ਗਾਖਲ ਦੀ ਯਾਦ ਵਿਚ 7100 ਡਾਲਰ ਦਾ ਪਹਿਲਾ ਇਨਾਮ ਦੇਣਗੇ। ਦੂਜਾ 3100 ਡਾਲਰ ਦਾ ਇਨਾਮ ਮਲਕੀਤ ਸਿੰਘ ਬੋਪਾਰਾਏ ਵਲੋਂ ਦਿੱਤਾ ਜਾਵੇਗਾ।

ਪ੍ਰਬੰਧਕਾਂ ਨੇ ਸਮੂਹ ਹਾਕੀ ਪ੍ਰੇਮੀਆਂ ਨੂੰ ਇਹ ਟੂਰਨਾਮੈਂਟ ਪਰਿਵਾਰਾਂ ਸਮੇਤ ਦੇਖਣ ਆਉਣ ਦਾ ਸੱਦਾ ਦਿੱਤਾ ਹੈ। ਪਾਰਕਿੰਗ ਦੇ ਖੁੱਲ੍ਹੇ ਪ੍ਰਬੰਧ ਦੇ ਨਾਲ ਲੰਗਰ ਵੀ ਵਰਤੇਗਾ। ਹੋਰ ਜਾਣਕਾਰੀ ਲਈ ਸੁਰਜੀਤ ਸਿੰਘ ਨਿੱਝਰ (530-682-9596) ਜਾਂ ਜੀਤੂ ਧਾਲੀਵਾਲ (209-914-3616) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# 'ਇੱਕੀ' ਵਲੋਂ ਅਲਮਸਤ ਦੇਸਰਪੁਰੀ ਦਾ ਸਨਮਾਨ

**ਹੇਵਰਡ (ਬਿਊਰੋ):** 'ਖੇੜਿਆਂ ਨੂੰ ਲਈ ਜਾਂਦਾ ਏ ਕੋਈ ਪੱਟ ਕੇ ਸਿਆਲੋਂ ਬੂਟਾ' ਅਤੇ 'ਬਾਜਾਂ ਵਾਲਾ ਵਾਜਾਂ ਮਾਰਦਾ ਸਿੰਘਾਂ ਨੂੰ ਮੈਦਾਨ ਵਿਚ ਖੜ੍ਹ ਕੇ' ਗਾਏ ਹੰਸ ਰਾਜ ਹੰਸ ਦੇ ਅਮਰ ਗੀਤਾਂ ਦੇ ਲੇਖਕ ਗੁਰਦਿਆਲ ਅਲਮਸਤ ਉਰਫ 'ਅਲਮਸਤ ਦੇਸਰਪੁਰੀ' ਦਾ ਲੰਘੇ ਐਤਵਾਰ ਨੂੰ 'ਇੱਕੀ' ਇੰਟਰਨੈਸ਼ਨਲ ਐਂਟਰਟੇਨਮੈਂਟ ਇੰਕ, ਐਸ ਅਸ਼ੋਕ ਭੌਰਾ ਅਤੇ ਕੈਲੀਫੋਰਨੀਆ ਆਰਟ ਅਤੇ ਸੰਗੀਤ ਐਸੋਸੀਏਸ਼ਨ ਵਲੋਂ ਰਲ ਕੇ ਇਕ ਯਾਦ ਚਿੰਨ੍ਹ ਅਤੇ 1100 ਡਾਲਰ ਨਾਲ ਸਨਮਾਨ ਕੀਤਾ ਗਿਆ। ਦੇਸਰਪੁਰੀ ਇਨ੍ਹੀਂ ਦਿਨੀਂ ਅਮਰੀਕਾ ਦੌਰੇ 'ਤੇ ਆਏ ਹੋਏ ਹਨ। ਜ਼ਿਕਰਯੋਗ ਹੈ ਕਿ ਅਲਮਸਤ ਨੂੰ ਨਾ ਸਿਰਫ ਹੰਸ ਨੇ ਗਾਇਆ ਹੈ ਉਹਦੇ ਢਾਈ ਸੌ ਤੋਂ ਵੱਧ ਗੀਤਾਂ ਨੂੰ ਵੱਖ ਵੱਖ ਕਲਾਕਾਰਾਂ ਨੇ ਆਪਣੀ ਅਵਾਜ਼ ਦਿੱਤੀ ਹੈ।

ਸਥਾਨਕ ਰਾਜਾ ਸਵੀਟਸ ਵਿਚ ਹੋਏ ਇਸ ਸਮਾਗਮ ਵਿਚ ਬੋਲਦਿਆਂ ਅਲਮਸਤ ਦੇਸਰਪੁਰੀ ਨੇ ਕਿਹਾ ਕਿ ਉਹ ਇਸ ਸਨਮਾਨ ਨੂੰ ਸਭ ਤੋਂ ਵੱਡਾ ਸਨਮਾਨ ਇਸ ਕਰਕੇ ਮੰਨਦੇ ਹਨ ਕਿ ਇਹ ਸ਼ਾਇਰਾਂ, ਗਾਇਕਾਂ ਅਤੇ ਸੰਗੀਤ ਪ੍ਰੇਮੀਆਂ ਜਾਂ ਉਨ੍ਹਾਂ ਸੰਸਥਾਵਾਂ ਵਲੋਂ ਦਿੱਤਾ ਗਿਆ ਹੈ ਜੋ ਪੰਜਾਬੀ ਸੱਭਿਆਚਾਰ ਅਤੇ ਗੀਤ ਸੰਗੀਤ ਨੂੰ ਜਿਊਂਦਾ ਰੱਖਣ ਲਈ ਵਿਦੇਸ਼ਾਂ ਵਿਚ ਸਰਗਰਮ ਹਨ। ਉਨ੍ਹਾਂ ਕਿਹਾ ਕਿ ਐਸ ਅਸ਼ੋਕ ਭੌਰਾ ਪਿਛਲੇ 35 ਸਾਲਾਂ ਤੋਂ ਪੰਜਾਬੀ ਗਾਇਕੀ ਦੇ ਖੇਤਰ ਵਿਚ ਆਪਣੀਆਂ ਲਿਖਤਾਂ ਨਾਲ ਯੋਗਦਾਨ ਪਾ ਰਹੇ ਹਨ ਅਤੇ ਉਹ ਅਮਰੀਕਾ ਆ ਕੇ ਵੀ ਸਰਗਰਮ ਹਨ।

ਇਸ ਸਨਮਾਨ ਸਮਾਰੋਹ ਦੇ ਪ੍ਰਧਾਨਗੀ ਮੰਡਲ ਵਿਚ ਗਾਇਕ ਤਰਸੇਮ ਸਿੰਘ ਅਟਵਾਲ, ਅਨੂਪ ਚੀਮਾ, ਲੋਕ ਗਾਇਕਾ ਸੁਖਵੰਤ ਸੁੱਖੀ, ਸੰਗੀਤ ਡਾਂਸ ਅਕੈਡਮੀ ਦੀ ਸੋਨੀਆ ਚੇੜਾ ਅਤੇ ਅਲਮਸਤ ਦੇਸਰਪੁਰੀ ਬਿਰਾਜਮਾਨ ਸਨ। ਗਾਇਕ ਮੰਗਜੀਤ ਮੰਗਾ ਨੇ ਇਸ ਮੌਕੇ ਆਪਣੇ ਸਾਥੀ ਤਰਸੇਮ ਅਟਵਾਲ ਨਾਲ ਗੀਤ ਪੇਸ਼ ਕੀਤੇ। ਗਾਇਕ ਦਰਸ਼ਨ ਸਿੰਘ ਔਜਲਾ, ਸੱਤੀ ਪਾਬਲਾ, ਸੁਖਵੰਤ ਸੁੱਖੀ, ਜੱਗਾ ਆਦਿ ਨੇ ਗੀਤ-ਸੰਗੀਤ ਰਾਹੀਂ ਹਾਜ਼ਰੀਨ ਦਾ ਭਰਵਾਂ ਮਨੋਰੰਜਨ ਕੀਤਾ। ਸਮਾਗਮ ਦੇ ਮੁੱਖ ਪ੍ਰਬੰਧਕ ਐਸ ਅਸ਼ੋਕ ਭੌਰਾ ਨੇ ਕਿਹਾ ਕਿ ਗੀਤਕਾਰਾਂ, ਗਾਇਕਾਂ, ਢਾਡੀਆਂ, ਕਵੀਸ਼ਰਾਂ, ਸੰਗੀਕਾਰਾਂ ਨਾਲ ਉਨ੍ਹਾਂ ਦਾ ਨਹੁੰ-ਮਾਸ ਦਾ ਅਟੁੱਟ ਰਿਸ਼ਤਾ ਹੈ ਅਤੇ ਅਲਮਸਤ ਦੇਸਰਪੁਰੀ ਦਾ ਸਨਮਾਨ ਕਰ ਕੇ ਆਪਣਾ ਇਖਲਾਕੀ ਫਰਜ਼ ਹੀ ਨਿਭਾਇਆ ਜਾ ਰਿਹਾ ਹੈ। ਗਾਖਲ ਭਰਾਵਾਂ, ਰੇਡੀਓ ਚੜ੍ਹਦੀ ਕਲਾ, ਹਰਬੰਸ ਤੱਖਰ, ਸਹੋਤਾ ਭਰਾਵਾਂ, ਅਮਨ ਮਦਾਰ ਅਤੇ ਬਲਜੀਵਨ ਧਾਲੀਵਾਲ ਨੇ ਵੀ ਇਸ ਸਮਾਰੋਹ ਵਿਚ ਭਰਪੂਰ ਸਹਿਯੋਗ ਦਿੱਤਾ।

ਕੈਲੀਫੋਰਨੀਆ ਸੰਗੀਤ ਅਤੇ ਆਰਟ ਐਸੋਸੀਏਸ਼ਨ ਦਾ ਮੁਖੀ ਤਰਸੇਮ ਅਟਵਾਲ ਨੂੰ ਥਾਪਿਆ ਗਿਆ ਜਦੋਂਕਿ ਅਨੂਪ ਚੀਮਾ ਉਪ ਪ੍ਰਧਾਨ ਤੇ ਮੰਗਜੀਤ ਮੰਗਾ ਸਕੱਤਰ ਜਨਰਲ ਬਣਾਏ ਗਏ। ਇਹ ਸੰਸਥਾ ਭਾਰਤ 'ਚ ਲੋੜਵੰਦ ਗਾਇਕਾਂ ਦੀ ਵੇਲੇ ਕੁਵੇਲੇ ਮਦਦ ਕਰਨ ਲਈ ਵੀ ਤਤਪਰ ਰਹੇਗੀ।

ਗਾਇਕਾ ਰਣਜੀਤ ਕੌਰ ਦੀ ਸੁਰੀਲੀ ਅਵਾਜ਼ ਵਿਚ ਗਾਈ ਗਜ਼ਲ ਅਤੇ ਕਮੇਡੀਅਨ ਵਿਜੇ ਸਿੰਘ ਦਾ ਹਾਸ ਰੰਗ ਇਸ ਸਮਾਰੋਹ ਦੇ ਯਾਦਗਾਰੀ ਪਲ ਸਨ। ਤਾਰਾ ਸਿੰਘ ਸਾਗਰ, ਦਲਵੀਰ ਸਿੰਘ, ਪੌਪੀ ਸਿੰਘ, ਜਸਵੀਰ ਸਿੰਘ ਪਵਾਰ, ਪਰਗਟ ਬੱਲ, ਮਾਸਟਰ ਜੀ, ਇਮਤਿਆਜ਼ ਮਲਿਕ, ਮਨਵੀਰ ਤੇ ਅਨਮੋਲ, ਮਨਜੀਤ ਚੇੜਾ ਅਤੇ ਹੋਰ ਅਨੇਕਾਂ ਹਸਤੀਆਂ ਪਰਿਵਾਰਾਂ ਸਮੇਤ ਹਾਜ਼ਰ ਸਨ।

ਪ੍ਰੋਗਰਾਮ ਦਾ ਸੰਚਾਲਨ ਸਵਰਗੀ ਕੁਲਦੀਪ ਮਾਣਕ ਦੀ ਬੇਟੀ ਸ਼ਕਤੀ ਮਾਣਕ ਨੇ ਕੀਤਾ।



*ਸਨਮਾਨ ਸਮਾਰੋਹ ਦੌਰਾਨ ਕ੍ਰਮਵਾਰ ਗੀਤਕਾਰ ਅਲਮਸਤ ਦੇਸਰਪੁਰੀ, ਅਸ਼ੋਕ ਭੌਰਾ, ਅਨੂਪ ਚੀਮਾ, ਦਰਸ਼ਨ ਔਜਲਾ, ਸੁਖਵੰਤ ਸੁੱਖੀ, ਜੱਗਾ, ਇਮਤਿਆਜ਼ ਮਲਿਕ, ਸੱਤੀ ਪਾਬਲਾ, ਵਿਜੇ ਸਿੰਘ, ਤਰਸੇਮ ਅਟਵਾਲ ਤੇ ਮੰਗਜੀਤ ਮੰਗਾ ਅਤੇ ਸ਼ਕਤੀ ਮਾਣਕ ਆਪੋ ਆਪਣੇ ਵਿਚਾਰ ਪੇਸ਼ ਕਰਦੇ ਹੋਏ। ਹੇਠਾਂ ਆਖਰੀ ਕਤਾਰ ਵਿਚ ਹਾਜ਼ਰ ਮਹਿਮਾਨ, ਅਲਮਸਤ ਦੇਸਰੀਪੁਰੀ ਦੇ ਸਨਮਾਨ ਦਾ ਦ੍ਰਿਸ਼ ਅਤੇ ਮਹਿਮਾਨ ਤੇ ਪ੍ਰਬੰਧਕ।*

# ਫਿਲਮ 'ਵਿਸਾਖੀ ਲਿਸਟ' ਦੇ ਗੀਤ ਨੇ ਪਾਈਆਂ ਧੁੰਮਾਂ

**ਸੈਨ ਫਰਾਂਸਿਸਕੋ (ਬਿਊਰੋ):** ਜੀ ਬੀ ਐਂਟਰਟੇਨਮੈਂਟ ਅਤੇ ਗਾਖਲ ਭਰਾਵਾਂ ਵਲੋਂ 22 ਅਪਰੈਲ ਨੂੰ ਰਿਲੀਜ਼ ਕੀਤੀ ਜਾ ਰਹੀ ਫਿਲਮ 'ਵਿਸਾਖੀ ਲਿਸਟ' ਦਾ ਸੰਗੀਤ ਉਨ੍ਹਾਂ ਦੀ ਹੀ ਜੀ ਬੀ ਮਿਊਜ਼ਿਕ ਕੰਪਨੀ ਜ਼ਰੀਏ ਰਿਲੀਜ਼ ਕਰ ਦਿਤਾ ਗਿਆ ਹੈ ਅਤੇ ਇਸ ਦਾ ਗੀਤ 'ਮਾਰਦਾ ਦਮਾਮੇ ਜੱਟ ਮੇਲੇ ਆ ਗਿਆ' ਦਾ ਵੀਡੀਓ ਯੂ ਟਿਊਬ 'ਤੇ ਪਾ ਦਿੱਤਾ ਗਿਆ ਹੈ। ਦਿਲਚਸਪ ਗੱਲ ਇਹ ਹੈ ਕਿ ਸਿਰਫ ਅੱਠ ਘੰਟਿਆਂ ਵਿਚ ਢਾਈ ਲੱਖ ਤੋਂ ਵੱਧ ਲੋਕਾਂ ਨੇ ਯੂ ਟਿਊਬ ਉਪਰ ਇਸ ਗੀਤ ਨੂੰ ਵੇਖਿਆ ਹੈ। ਗੀਤ ਗਾਇਕ ਰਣਜੀਤ ਬਾਵਾ ਨੇ ਗਾਇਆ ਹੈ।

ਨਿਰਮਾਤਾ ਅਮੋਲਕ ਸਿੰਘ ਗਾਖਲ ਅਨੁਸਾਰ ਧਨੀ ਰਾਮ ਚਾਤ੍ਰਿਕ ਦੀ ਅਮਰ ਰਚਨਾ 'ਮਾਰਦਾ ਦਮਾਮੇ ਜੱਟ ਮੇਲੇ ਆ ਗਿਆ' ਨੂੰ ਗੀਤ ਦਾ ਫਿਲਮਾਂਕਣ ਪੰਜਾਬੀਆਂ ਨੇ ਬੇਹੱਦ ਪਸੰਦ ਕੀਤਾ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਰਾਹਤ ਫਤਿਹ ਅਲੀ ਖਾਨ ਦੇ ਗਏ ਅਗਲੇ ਗੀਤ, ਜੋ ਜਲਦ ਰਿਲੀਜ਼ ਕੀਤਾ ਜਾ ਰਿਹਾ ਹੈ, ਨੂੰ ਵੀ ਸਰੋਤਿਆਂ ਦਾ ਭਰਵਾਂ ਹੁੰਗਾਰਾ ਮਿਲੇਗਾ।

ਜ਼ਿਕਰਯੋਗ ਹੈ ਕਿ ਫਿਲਮ 22 ਅਪਰੈਲ ਨੂੰ ਰਿਲੀਜ਼ ਕੀਤੀ ਜਾ ਰਹੀ ਹੈ। ਜਿੰਮੀ ਸ਼ੇਰਗਿੱਲ, ਸੁਨੀਲ ਗਰੋਵਰ ਉਰਫ ਗੁੱਥੀ ਮੁੱਖ ਭੁਮਿਕਾ ਨਿਭਾ ਰਹੇ ਹਨ। ਹੋਰ ਕਲਾਕਾਰਾਂ ਵਿਚ ਜਸਵਿੰਦਰ ਭੱਲਾ, ਬੀਨੂੰ ਢਿੱਲੋਂ, ਗੁਰਪ੍ਰੀਤ ਘੁੱਗੀ, ਰਣਵੀਰ ਰਾਣਾ ਅਤੇ ਬੀ ਐਨ ਸ਼ਰਮਾ ਸ਼ਾਮਲ ਹਨ।




# ਪ੍ਰੇਮ ਵਿਆਹ ਕਰਵਾਉਣ ਵਾਲੇ ਜੋੜੇ 'ਤੇ ਹਮਲਾ; ਲੜਕੇ ਦੀ ਮੌਤ

**ਬਰਨਾਲਾ:** ਬਠਿੰਡਾ ਦੇ ਪਿੰਡ ਬੁਰਜਗਿੱਲ ਦੇ ਇਕ ਵਿਅਕਤੀ ਨੇ ਕੁਝ ਮਹੀਨੇ ਪਹਿਲਾਂ ਪਿੰਡ ਦੇ ਹੀ ਇਕ ਲੜਕੇ ਨਾਲ ਵਿਆਹ ਕਰਵਾਉਣ ਵਾਲੀ ਆਪਣੀ ਧੀ ਤੇ ਉਸ ਦੇ ਪਤੀ 'ਤੇ ਪਿੰਡ ਧਨੌਲਾ ਖੁਰਦ ਨੇੜੇ ਇਕ ਸਾਥੀ ਨਾਲ ਮਿਲ ਕੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ। ਇਸ ਦੌਰਾਨ ਲੜਕੇ ਦੀ ਮੌਕੇ 'ਤੇ ਮੌਤ ਹੋ ਗਈ, ਜਦੋਂਕਿ ਲੜਕੀ ਨੂੰ ਗੰਭੀਰ ਹਾਲਤ ਵਿਚ ਹਸਪਤਾਲ ਦਾਖਲ ਕਰਵਾਇਆ ਗਿਆ। ਪੁਲਿਸ ਨੇ ਲੜਕੀ ਦੇ ਪਿਤਾ ਨੂੰ ਹਿਰਾਸਤ ਵਿਚ ਲੈ ਲਿਆ ਹੈ, ਜਦੋਂਕਿ ਦੂਜਾ ਹਮਲਾਵਰ ਫਰਾਰ ਹੈ।

ਪਿੰਡ ਬੁਰਜਗਿੱਲ ਵਾਸੀ ਭੋਲਾ ਸਿੰਘ ਹਾਲ ਆਬਾਦ ਭਦੌੜ ਦੀ ਧੀ ਬੀਰਪਾਲ ਕੌਰ ਨੇ ਪਿੰਡ ਬੁਰਜਗਿੱਲ ਦੇ ਲੜਕੇ ਬਲਜੀਤ ਸਿੰਘ ਨਾਲ ਪ੍ਰੇਮ ਸਬੰਧਾਂ ਦੇ ਚਲਦਿਆਂ ਕੁਝ ਮਹੀਨੇ ਵਿਆਹ ਕਰਵਾ ਲਿਆ ਸੀ। ਇਹ ਜੋੜਾ ਕੋਰਟ ਮੈਰਿਜ ਕਰਵਾਉਣ ਤੋਂ ਬਾਅਦ ਪਿੰਡ ਹੰਢਿਆਇਆ ਵਿਚ ਰਹਿ ਰਿਹਾ ਸੀ। ਬਲਜੀਤ ਆਪਣੀ ਪਤਨੀ ਨਾਲ ਪਿੰਡ ਧਨੌਲਾ ਖੁਰਦ ਦੇ ਬੱਸ ਸਟੈਂਡ 'ਤੇ ਪੁੱਜਾ ਤਾਂ ਉਸ ਦੇ ਸਹੁਰੇ ਭੋਲਾ ਸਿੰਘ ਤੇ ਇਕ ਹੋਰ ਵਿਅਕਤੀ ਨੇ ਦੋਹਾਂ 'ਤੇ ਤੇਜ਼ਧਾਰ ਹਥਿਆਰ ਨਾਲ ਹਮਲਾ ਕਰ ਦਿੱਤਾ। ਇਸ ਹਮਲੇ ਕਾਰਨ ਲੜਕੀ ਗੰਭੀਰ ਜ਼ਖ਼ਮੀ ਹੋ ਗਈ ਜਿਸ ਨੂੰ ਬਰਨਾਲਾ ਦੇ ਸਿਵਲ ਹਸਪਤਾਲ ਦਾਖਲ ਕਰਵਾਇਆ ਗਿਆ। ਲੜਕੇ ਨੇ ਫਰਾਰ ਹੋਣ ਦੀ ਕੋਸ਼ਿਸ਼ ਕੀਤੀ ਤਾਂ ਹਮਲਾਵਰਾਂ ਨੇ ਪਿੱਛਾ ਕਰਦੇ ਹੋਏ ਹਮਲਾ ਕਰ ਦਿੱਤਾ ਜਿਸ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ।

ਦੱਸਣਯੋਗ ਹੈ ਕਿ ਲੜਕਾ ਲੜਕੀ ਦੇ ਘਰੋਂ ਜਾਣ ਤੋਂ ਬਾਅਦ ਪਰਿਵਾਰ ਵਾਲਿਆਂ ਨੇ ਥਾਣਾ ਫੂਲ ਵਿਚ ਗੁੰਮਸ਼ੁਦਗੀ ਦੀ ਸ਼ਿਕਾਇਤ ਦਰਜ ਕਰਵਾਈ ਸੀ। ਇਸ ਮਗਰੋਂ ਲੜਕੇ ਲੜਕੀ ਨੇ ਆਪਣੇ ਵਿਆਹ ਦੇ ਦਸਤਾਵੇਜ਼ ਥਾਣਾ ਫੂਲ ਵਿਚ ਦਿਖਾਏ। ਉਦੋਂ ਦੋਵਾਂ ਪਰਿਵਾਰਾਂ ਨੇ ਥਾਣੇ ਵਿਚ ਰਾਜ਼ੀਨਾਮੇ ਤਹਿਤ ਲਿਖਤੀ ਦਿੱਤਾ ਕਿ ਉਨ੍ਹਾਂ ਵੱਲੋਂ ਹੁਣ ਲੜਕੇ ਲੜਕੀ ਨੂੰ ਕੋਈ ਖਤਰਾ ਨਹੀਂ ਹੈ।

# 'ਸਾਕਾ ਨਨਕਾਣਾ ਸਾਹਿਬ ਦੇ ਸ਼ਹੀਦ' 8 ਅਪਰੈਲ ਨੂੰ ਹੋਵੇਗੀ ਰਿਲੀਜ਼

**ਸੈਨ ਫਰਾਂਸਿਸਕੋ (ਬਿਊਰੋ):** ਨਿਰਮਾਤਾ ਸੁਖਬੀਰ ਸੰਧਰ ਅਤੇ ਨਿਰਦੇਸ਼ਕ ਜਗਮੀਤ ਸਮੁੰਦਰੀ ਦੀ ਪੰਜਾਬੀ ਫਿਲਮ 'ਸਾਕਾ ਨਨਕਾਣਾ ਸਾਹਿਬ ਦੇ ਸ਼ਹੀਦ' 8 ਅਪਰੈਲ ਨੂੰ ਵਿਸ਼ਵ ਪੱਧਰ 'ਤੇ ਰਿਲੀਜ਼ ਕੀਤੀ ਜਾਵੇਗੀ। ਮੁਕਲ ਦੇਵ, ਅਮਨ ਧਾਲੀਵਾਲ, ਓਸ਼ਨ ਬਰਾੜ, ਦੇਵ ਖੜੌਦੀ, ਦੀਪ ਗਿੱਲ, ਮਹਾਂਵੀਰ ਭੁੱਲਰ, ਬੇਗੋ ਕੌਰ ਅਤੇ ਭਵਨੂਰ ਸਿੰਘ ਆਦਿ ਅਦਾਕਾਰਾਂ ਨੂੰ ਲੈ ਕੇ ਬਣਾਈ ਗਈ ਇਹ ਫਿਲਮ 20 ਫਰਵਰੀ 1921 ਦੇ ਸਾਕਾ ਨਨਕਾਣਾ ਸਾਹਿਬ ਸ਼ਹੀਦਾਂ ਨੂੰ ਸਮਰਪਿਤ ਹੈ।

ਜ਼ਿਕਰਯੋਗ ਹੈ ਕਿ ਸਿੱਖ ਇਤਿਹਾਸ ਵਿਚ ਇਹ ਸਾਕਾ ਜਲ੍ਹਿਆਂ ਵਾਲੇ ਬਾਗ ਤੋਂ ਬਾਅਦ ਸਭ ਤੋਂ ਵੱਡਾ ਖੂਨੀ ਸਾਕਾ ਸੀ ਜਿਸ ਵਿਚ ਅਨੇਕਾਂ ਨਿਰਦੋਸ਼ ਸਿੱਖਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਸੀ। ਇਹ ਉਸ ਵਕਤ ਦੀ ਕਹਾਣੀ ਹੈ ਜਦੋਂ ਬ੍ਰਿਟਿਸ਼ ਹਕੂਮਤ ਮਹੰਤਾਂ ਨੂੰ ਹੱਲਾਸ਼ੇਰੀ ਦੇ ਕੇ ਗੁਰੂਘਰਾਂ 'ਤੇ ਕਬਜ਼ੇ ਕਰਵਾ ਰਹੀ ਸੀ ਅਤੇ ਇਹ ਮਹੰਤ ਆਪਣੀਆਂ ਮਨਮਰਜ਼ੀਆਂ ਕਰਕੇ ਗੁਰੂਘਰ ਦੀ ਮਰਿਆਦਾ ਅਤੇ ਸਿੱਖ ਸਿਧਾਂਤਾਂ ਨੂੰ ਢਾਹ ਲਾ ਰਹੇ ਸਨ।

ਨਿਰਦੇਸ਼ਕ ਜਗਮੀਤ ਸਮੁੰਦਰੀ ਅਨੁਸਾਰ, ਸਿੱਖ ਕੌਮ ਦੇ ਇਕ ਬਹੁਤ ਵੱਡੇ ਦਰਦ ਦੀ ਵਿਥਿਆ ਸੁਣਾਉਣ ਵਾਲੀ ਇਸ ਫਿਲਮ ਲਈ ਉਨ੍ਹਾਂ ਹੀ ਕਿਰਦਾਰਾਂ ਦੀ ਚੋਣ ਕੀਤੀ ਗਈ ਹੈ ਜਿਨ੍ਹਾਂ ਦਾ ਚਿਹਰਾ-ਮੋਹਰਾ ਫਿਲਮ ਵਿਚਲੇ ਪਾਤਰਾਂ ਨਾਲ ਮੇਲ ਖਾਂਦਾ ਹੈ।

ਫਿਲਮ ਦੇ ਗੀਤ ਫਰਿਜ਼ਨੋ ਵਸਦੇ ਸ਼ਾਇਰ ਹਰਜਿੰਦਰ ਕੰਗ ਦੇ ਲਿਖੇ ਹਨ। ਨਛੱਤਰ ਗਿੱਲ ਦਾ ਗਾਇਆ ਗੀਤ 'ਜਾਨ ਕੌਮ ਵਿਚ ਜਾਨਾਂ ਦੇ ਕੇ ਪਾਉਣ ਸ਼ਹੀਦ' ਇਕ ਜਜ਼ਬਾਤੀ ਗੀਤ ਹੀ ਨਹੀਂ ਸਗੋਂ ਸਾਕੇ ਦੇ ਦਰਦ ਦੀ ਕਹਾਣੀ ਵੀ ਨਾਲੋ ਨਾਲ ਬਣਾਉਂਦਾ ਚਲਾ ਜਾਂਦਾ ਹੈ। ਫਿਰੋਜ਼ ਖਾਨ ਦਾ ਗੀਤ 'ਸਾਹਾਂ ਨੂੰ' ਵੀ ਫਿਲਮ ਦੀ ਰਵਾਨਗੀ ਨੂੰ ਬਰਕਰਾਰ ਰੱਖਣ ਵਾਲਾ ਗੀਤ ਹੈ। ਜੋ ਪਿਆਰ ਟਰੇਲਰ ਨੂੰ ਯੂ ਟਿਊਬ ਜ਼ਰੀਏ ਪੰਜਾਬੀਆਂ ਨੇ ਦਿੱਤਾ ਹੈ, ਉਸ ਤੋਂ ਜਾਪਦਾ ਹੈ ਕਿ ਇਹ ਫਿਲਮ ਇਕ ਇਤਿਹਾਸਕ ਫਿਲਮ ਵੀ ਬਣ ਸਕਦੀ ਹੈ।

## ਫਿਲਮ ਦਾ ਪੋਸਟਰ ਜਾਰੀ

**ਫਰਿਜ਼ਨੋ:** ਪੰਜਾਬੀ ਫਿਲਮ 'ਸਾਕਾ ਨਨਕਾਣਾ ਸਹਿਬ ਦੇ ਸ਼ਹੀਦ' ਦਾ ਪੋਸਟਰ ਲੰਘੇ ਐਤਵਾਰ ਇਥੇ ਇੰਡੋ ਅਮੈਰਕਿਨ ਹੈਰੀਟੇਜ਼ ਫੋਰਮ ਵੱਲੋਂ ਕਰਵਾਏ ਗਏ ਗਦਰੀ ਬਾਬਿਆਂ ਦੇ ਸੋਲਵੇਂ ਮੇਲੇ ਵਿਚ ਮੁੱਖ ਮਹਿਮਾਨ ਡਾ. ਰਘਵੀਰ ਕੌਰ ਨੇ ਰਿਲੀਜ਼ ਕੀਤਾ।

ਫਿਲਮ ਦੇ ਮੁੱਖ ਅਦਾਕਾਰ ਅਮਨ ਧਾਲੀਵਾਲ ਨੇ ਫਿਲਮ ਸਬੰਧੀ ਜਾਣਕਾਰੀ ਦਿੱਤੀ। ਫਿਲਮ ਦੇ ਗੀਤਕਾਰ ਹਰਜਿੰਦਰ ਕੰਗ ਨੇ ਸਭਨਾਂ ਨੂੰ ਇਹ ਫਿਲਮ ਸਿਨਮਾ ਘਰਾਂ ਵਿਚ ਵੇਖਣ ਦੀ ਅਪੀਲ ਕਰਦਿਆਂ ਕਿਹਾ ਕਿ ਅਗਰ ਅਸੀਂ ਚੰਗੀ ਸੋਚ ਵਾਲੀਆਂ ਫਿਲਮਾਂ ਨੂੰ ਪ੍ਰਮੋਟ ਕਰਾਂਗੇ ਫਿਰ ਹੀ ਪ੍ਰੋਡਿਊਸਰ ਚੰਗੀਆਂ ਫਿਲਮਾਂ ਬਣਾਉਣ ਦਾ ਹੌਸਲਾ ਕਰਗੇ।



# ਸੈਲਮਾ 'ਚ 22ਵਾਂ ਮਹਾਨ ਨਗਰ ਕੀਰਤਨ 17 ਅਪਰੈਲ ਨੂੰ

**ਸੈਲਮਾ (ਬਿਊਰੋ):** ਸਥਾਨਕ ਗੁਰਦੁਆਰਾ ਸਿੱਖ ਸੈਂਟਰ ਆਫ ਪੈਸੇਫਿਕ ਕੋਸਟ ਵਿਖੇ ਖਾਲਸੇ ਦੇ ਪਵਿੱਤਰ ਸਿਰਜਣਾ ਦਿਵਸ ਵਿਸਾਖੀ ਨੂੰ ਸਮਰਪਿਤ ਧਾਰਮਿਕ ਸਮਾਗਮ ਅਤੇ 22ਵਾਂ ਵਿਸ਼ਾਲ ਨਗਰ ਕੀਰਤਨ 17 ਅਪਰੈਲ, ਐਤਵਾਰ ਨੂੰ ਸਜਾਇਆ ਜਾਵੇਗਾ।



ਪ੍ਰਬੰਧਕਾਂ ਅਨੁਸਾਰ ਇਸ ਸਮਾਗਮ ਵਿਚ ਕਥਾਵਾਚਕ ਭਾਈ ਸਰਬਜੀਤ ਸਿੰਘ ਧੂੰਦਾ 15 ਅਤੇ 16 ਅਪਰੈਲ ਨੂੰ ਸ਼ਾਮ 7 ਤੋਂ 8:15 ਵਜੇ ਤੱਕ ਕਥਾ ਵਿਆਖਿਆ ਕਰਨਗੇ। 15 ਅਪਰੈਲ ਸਵੇਰੇ 8:30 ਵਜੇ ਅਖੰਡ ਪਾਠ ਅਰੰਭ ਹੋਣਗੇ। ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ 16 ਅਪਰੈਲ ਸਵੇਰ 10 ਵਜੇ ਹੋਵੇਗੀ। ਉਪਰੰਤ ਅੰਮ੍ਰਿਤ ਸੰਚਾਰ ਹੋਵੇਗਾ। ਐਤਵਾਰ, 17 ਅਪਰੈਲ ਨੂੰ ਅਖੰਡ ਪਾਠ ਦਾ ਭੋਗ ਪਵੇਗਾ। ਨਗਰ ਕੀਰਤਨ ਸਵੇਰ 10 ਵਜੇ ਅਰੰਭ ਹੋਵੇਗਾ ਅਤੇ ਸੈਲਮਾ ਸ਼ਹਿਰ ਦੀ ਪਰਿਕਰਮਾ ਕਰਦਾ ਹੋਇਆ ਵਾਪਸ ਗੁਰਦੁਆਰਾ ਸਾਹਿਬ ਵਿਖੇ ਸਮਾਪਤ ਹੋਵੇਗਾ। ਉਪਰੰਤ ਕੀਰਤਨ ਦੀਵਾਨ ਸਜਾਏ ਜਾਣਗੇ। ਪ੍ਰਬੰਧਕਾਂ ਨੇ ਦੱਸਿਆ ਕਿ ਨਗਰ ਕੀਰਤਨ ਦਾ ਰਾਸਤਾ ਪਹਿਲਾਂ ਵਾਲਾ ਹੀ ਹੋਵੇਗਾ। ਤਿੰਨੇ ਦਿਨ ਪੰਥ ਪ੍ਰਸਿਧ ਰਾਗੀ, ਢਾਡੀ, ਕਥਾਵਾਚਕ ਅਤੇ ਕੀਰਤਨੀ ਜਥੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਨਗੇ।

ਪ੍ਰਬੰਧਕ ਕਮੇਟੀ ਨੇ ਸੈਂਟਰਲ ਵੈਲੀ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਸੰਗਤਾਂ ਨੂੰ ਨਗਰ ਕੀਰਤਨ ਵਿਚ ਸ਼ਾਮਿਲ ਹੋਣ ਦੀ ਬੇਨਤੀ ਕਰਦਿਆਂ ਕਿਹਾ ਹੈ ਕਿ ਕੇਸਰੀ ਦਸਤਾਰਾਂ ਅਤੇ ਕੇਸਰੀ ਚੁੰਨੀਆਂ ਲੈ ਕੇ ਨਗਰ ਕੀਰਤਨ ਵਿਚ ਸ਼ਾਮਿਲ ਹੋਣ ਤਾਂ ਕਿ ਮਹੌਲ ਖਾਲਸੇ ਦੇ ਕੇਸਰੀ ਰੰਗ ਵਿਚ ਰੰਗਿਆ ਜਾਵੇ। ਹੋਰ ਜਾਣਕਾਰੀ ਲਈ ਗੁਰਦੁਆਰਾ ਸਾਹਿਬ ਦੇ ਫੋਨ 559-270-3272 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

## ਬ੍ਰੱਸਲਜ਼ ਧਮਾਕੇ: ਲਾਪਤਾ ਭਾਰਤੀ ਦੀ ਮੌਤ ਦੀ ਪੁਸ਼ਟੀ

**ਨਵੀਂ ਦਿੱਲੀ:** ਬੰਗਲੌਰ ਦਾ ਇੰਫੋਸਿਸ ਕਰਮਚਾਰੀ ਰਾਘਵੇਂਦਰਨ ਗਣੇਸ਼, ਜੋ ਬ੍ਰੱਸਲਜ਼ ਧਮਾਕਿਆਂ ਤੋਂ ਬਾਅਦ ਲਾਪਤਾ ਹੋ ਗਿਆ ਸੀ, ਦੀ 22 ਮਾਰਚ ਦੇ ਦਹਿਸ਼ਤੀ ਹਮਲੇ 'ਚ ਮੌਤ ਹੋ ਗਈ ਹੈ।

ਬੈਲਜੀਅਮ ਵਿਚ ਭਾਰਤੀ ਸਫ਼ਾਰਤਖਾਨੇ ਅਤੇ ਵਿਦੇਸ਼ ਮੰਤਰਾਲੇ ਨੇ ਗਣੇਸ਼ ਦੇ ਹਲਾਕ ਹੋਣ ਦੀ ਤਸਦੀਕ ਕੀਤੀ ਹੈ।

# ਚਰਨਜੀਤ ਪੰਨੂ ਦੀ ਪੁਸਤਕ 'ਹਵਾਈ ਸਫਰਨਾਮਾ' ਰਿਲੀਜ਼

**ਫਗਵਾੜਾ (ਬਿਊਰੋ):** ਸਕੇਪ ਪੰਜਾਬ ਸੰਸਥਾ ਵੱਲੋਂ ਪਰਵਾਸੀ ਪੰਜਾਬੀ ਲੇਖਕ ਚਰਨਜੀਤ ਸਿੰਘ ਪੰਨੂ ਦੀ ਸੋਲ੍ਹਵੀਂ ਪੁਸਤਕ 'ਹਵਾਈ ਸਫ਼ਰਨਾਮਾ' ਸਤਨਾਮਪੁਰਾ ਵਿਖੇ ਰਿਲੀਜ਼ ਕੀਤੀ ਗਈ। ਸੰਸਥਾ ਦੇ ਪ੍ਰਧਾਨ ਪਰਵਿੰਦਰਜੀਤ ਸਿੰਘ ਨੇ ਸਰੋਤਿਆਂ ਨੂੰ ਜੀ ਆਇਆਂ ਆਖਿਆ। ਡਾ. ਜਗੀਰ ਸਿੰਘ ਨੂਰ, ਸੰਧੂ ਵਰਿਆਣਵੀ, ਆਰਿਫ ਗੋਬਿੰਦਪੁਰੀ, ਅਜਮੇਰ ਸਿੱਧੂ ਤੇ ਚਰਨਜੀਤ ਸਿੰਘ ਪੰਨੂ ਪ੍ਰਧਾਨਗੀ ਮੰਡਲ ਵਿਚ ਸੁਸ਼ੋਭਿਤ ਹੋਏ।

ਇਸ ਮੌਕੇ ਪੁਸਤਕ ਬਾਰੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਡਾ. ਮੋਹਣ ਸਿੰਘ ਤਿਆਗੀ ਦਾ ਲਿਖਿਆ ਖੋਜ ਪੱਤਰ ਸੰਸਥਾ ਦੇ ਸਕੱਤਰ ਮਨਦੀਪ ਸਿੰਘ ਨੇ ਪੜ੍ਹ ਕੇ 'ਹਵਾਈ ਸਫਰਨਾਮਾ' ਵਿਚਲੀਆਂ ਪਰਤਾਂ ਨੂੰ ਉਜਾਗਰ ਕੀਤਾ। 'ਹਵਾਈ' ਅਮਰੀਕਾ ਦੀ 50ਵੀਂ ਸਟੇਟ ਹੈ ਜੋ ਸਮੁੰਦਰ ਵਿਚੋਂ ਜਵਾਲਾਮੁਖੀ ਲਾਵਾ ਫਟਣ ਕਾਰਨ ਪੈਦਾ ਹੋਈ ਤੇ ਹੁਣ ਦੁਨੀਆਂ ਭਰ ਦੇ ਗਿਣਵੇਂ ਸੈਰ-ਸਪਾਟਾ ਕੇਂਦਰਾਂ ਵਿਚ ਸ਼ਾਮਲ ਹੈ। ਡਾ. ਤਿਆਗੀ ਅਨੁਸਾਰ ਪੰਨੂ ਨੇ ਇਸ ਲਿਖਤ ਵਿਚ ਸਮਾਜ ਵਿਗਿਆਨੀ, ਮਨੋਵਿਗਿਆਨੀ ਅਤੇ ਮਾਨਵ ਵਿਗਿਆਨੀ ਵਾਂਗ ਹਵਾਈ ਸਟੇਟ ਦੇ ਸਮਾਜਕ, ਸਭਿਆਚਾਰਕ, ਭੂਗੋਲਿਕ ਤੇ ਆਰਥਕ ਜੀਵਨ ਦਾ ਬਿਰਤਾਂਤ ਸਿਰਜਣ ਤੇ ਇਸ ਦੀ ਬਹੁ-ਪਰਤੀ ਤਫਸੀਲ ਦੇਣ ਦੀ ਕੋਸ਼ਿਸ਼ ਕੀਤੀ ਹੈ।

ਡਾ. ਜਗੀਰ ਸਿੰਘ ਨੂਰ ਨੇ ਆਪਣੇ ਪਰਚੇ ਦੇ ਚੋਣਵੇਂ ਅੰਸ਼ ਪੜ੍ਹ ਕੇ ਪੁਸਤਕ ਵਿਚਲੇ ਵਿਭਿੰਨ ਨੁਕਤਿਆਂ ਬਾਰੇ ਭਰਪੂਰ ਵਿਚਾਰ ਚਰਚਾ ਕੀਤੀ। ਉਸ ਨੇ ਇਸ ਸਫਰਨਾਮੇ ਦੇ ਵਿਸ਼ੇਸ਼ ਪਹਿਲੂਆਂ ਕਾਰਨ ਇਸ ਨੂੰ ਇੱਕੀਵੀਂ ਸਦੀ ਦੇ ਸੋਲ੍ਹਵੇਂ ਵਰ੍ਹੇ ਦੀ ਪ੍ਰਾਪਤੀ ਗਰਦਾਨਿਆ।

ਸੰਧੂ ਵਰਿਆਣਵੀ ਨੇ ਦੱਸਿਆ ਕਿ ਸ. ਪੰਨੂ ਦੇ 'ਅਲਾਸਕਾ' ਅਤੇ 'ਵ੍ਹਾਈਟ ਹਾਊਸ' ਬਾਰੇ ਲਿਖੇ ਪਹਿਲੇ ਸਫਰਨਾਮੇ ਪੜ੍ਹ ਕੇ ਉਸ ਨੇ ਆਪ ਵੀ ਇਨ੍ਹਾਂ ਖੇਤਰਾਂ ਦੀ ਖੂਬ ਸੈਰ ਕੀਤੀ ਹੈ ਤੇ ਜਾਣਕਾਰੀ ਭਰਪੂਰ ਇਹ ਤੀਸਰਾ ਸਫਰਨਾਮਾ ਲਿਖਣ 'ਤੇ ਵਧਾਈ ਦੇ ਉਹ ਹੱਕਦਾਰ ਹਨ। ਉਨ੍ਹਾਂ ਹੋਰ ਸਰੋਤਿਆਂ ਨੂੰ ਵੀ ਇਹ ਵਡਮੁੱਲੀ ਕਿਤਾਬ ਪੜ੍ਹਨ ਲਈ ਪ੍ਰੇਰਨਾ ਕੀਤੀ।

ਅਜੋਕੀ ਪੰਜਾਬੀ ਕਹਾਣੀ ਦੇ ਪ੍ਰਮੁੱਖ ਹਸਤਾਖਰ ਅਜਮੇਰ ਸਿੱਧੂ ਨੇ ਕਿਹਾ, ਮੈਂ ਇਸ ਕਿਰਤ ਤੇ ਬਹੁਤ ਕਾਇਲ ਹੋਇਆ ਹਾਂ ਕਿ ਚਰਨਜੀਤ ਪੰਨੂ ਨੇ ਇਸ ਨਿਵੇਕਲੀ ਜਿਹੀ ਵਿਧਾ ਰਾਹੀਂ ਇਕ ਸਫਰਨਾਮਾਕਾਰ, ਨਿਬੰਧਕਾਰ ਤੇ ਰੂਪਕਾਰ ਵਜੋਂ ਵੀ ਆਪਣੀ ਪਛਾਣ ਸਥਾਪਿਤ ਕੀਤੀ ਹੈ ਤੇ ਆਪਣੀ ਜੀਵਨੀ, ਸਵੈਜੀਵਨੀ ਤਜਰਬੇ ਪਰੋਸ ਕੇ ਪਾਠਕਾਂ ਨੂੰ ਘਰ ਬੈਠੇ ਹੀ 'ਹਵਾਈ' ਦੀ ਸੈਰ ਕਰਵਾ ਦਿੱਤੀ ਹੈ।

ਚਰਨਜੀਤ ਸਿੰਘ ਪੰਨੂ ਨੇ ਆਪਣੇ 'ਅਲਾਸਕਾ ਸਫਰਨਾਮਾ', 'ਮੇਰੀ ਵ੍ਹਾਈਟ ਹਾਊਸ ਫੇਰੀ' ਅਤੇ ਇਹ ਤੀਸਰਾ 'ਹਵਾਈ ਸਫਰਨਾਮਾ' ਲਿਖਣ ਦੇ ਪਿਛੋਕੜ, ਮੰਤਵ ਤੇ ਇਸ ਪੁਸਤਕ ਨਾਲ ਜੁੜੇ ਅਨੁਭਵ ਸਾਂਝੇ ਕੀਤੇ। ਉਨ੍ਹਾਂ ਦੱਸਿਆ ਕਿ ਸਫਰ ਕਰਨਾ ਉਨ੍ਹਾਂ ਦਾ ਸ਼ੌਕ ਹੈ ਤੇ ਪਾਠਕਾਂ ਨਾਲ ਇਹ ਅਨੂਠਾ ਅਨੁਭਵ ਸਾਂਝਾ ਕਰਨਾ ਉਨ੍ਹਾਂ ਦਾ ਸੁਭਾਗ ਹੈ। ਉਨ੍ਹਾਂ ਨੇ ਸਕੇਪ ਪੰਜਾਬ ਸੰਸਥਾ ਦੇ ਪ੍ਰਧਾਨ ਪਰਵਿੰਦਰਜੀਤ ਸਿੰਘ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਜੋ ਪੰਜਾਬੀ ਬੋਲੀ ਦੇ ਪ੍ਰਸਾਰ ਵਾਸਤੇ ਕੰਪਿਊਟਰ ਵਰਤੋਂ ਲਈ ਪੰਜਾਬੀ ਪਿਆਰਿਆਂ ਨੂੰ ਲਾਹੇਵੰਦ ਤਕਨੀਕੀ ਅਗਵਾਈ ਦਿੰਦਾ ਹੈ।

ਇਸ ਮੌਕੇ ਹੋਏ ਕਵੀ ਦਰਬਾਰ ਵਿਚ ਮਨੋਜ ਫਗਵਾੜਵੀ, ਭਗਤ ਰਾਮ, ਹਰਚਰਨ ਭਾਰਤੀ, ਬਲਵੰਤ ਸਿੰਘ ਨਾਚੀਜ਼, ਸੀਤਲ ਰਾਮ ਬੰਗਾ, ਨਵਨੀਤ ਓਬਰਾਏ, ਸੋਹਣ ਸਿੰਘ ਭਿੰਡਰ, ਬਲਦੇਵ ਰਾਜ ਕੋਮਲ, ਅਮਰੀਕ ਸਿੰਘ ਮਦਹੋਸ਼, ਜਸਵੀਰ ਕੌਰ, ਸਾਧੂ ਸਿੰਘ ਜੱਸਲ, ਵਰਿੰਦਰ ਕੰਬੋਜ, ਗਿਰਧਰ ਕਰਤਾਰਪੁਰੀਆ, ਦਰਸ਼ਨ ਸਿੰਘ, ਸੁਖਦੇਵ ਸਿੰਘ ਗੰਡਵਾ ਆਦਿ ਕਵੀਆਂ ਨੇ ਆਪਣੀਆ ਕਵਿਤਾਵਾਂ ਸੁਣਾ ਕੇ ਸਰੋਤਿਆ ਦਾ ਮਨ ਮੋਹ ਲਿਆ। ਸੰਸਥਾ ਵੱਲੋਂ ਚਰਨਜੀਤ ਪੰਨੂ ਦਾ ਮਾਣ ਸਨਮਾਨ ਕੀਤਾ ਗਿਆ। ਮੰਚ ਸੰਚਾਲਨ ਲਾਲੀ ਕਰਤਾਰਪੁਰੀ ਨੇ ਬਾਖੂਬੀ ਨਿਭਾਇਆ।



ਪੁਸਤਕ ਰਿਲੀਜ਼ ਕਰਦੇ ਹੋਏ ਪਤਵੰਤੇ






# ਸੁਰ ਮੇਟੇ ਸਰਹੱਦਾਂ

## ਫਿਰ ਛਿੜੇਗਾ ਗੁਲਾਮ ਅਲੀ ਦਾ ਗੌਣ



ਕਲਾ ਪਰਿਕਰਮਾ

ਮੁੰਬਈ ਵਿਚ ਸ਼ਿਵ ਸੈਨਾ ਵੱਲੋਂ ਗਜ਼ਲ ਗਾਇਕ ਗੁਲਾਮ ਅਲੀ ਦਾ ਪ੍ਰੋਗਰਾਮ ਡੱਕਣ ਤੋਂ ਬਾਅਦ ਭਾਵੇਂ ਇਕ ਵਾਰ ਇਹ ਪ੍ਰੋਗਰਾਮ ਰੱਦ ਕਰ ਦਿਤਾ ਗਿਆ ਸੀ, ਪਰ ਸੰਜੀਦਾ ਲੋਕਾਂ ਨੇ ਗੁਲਾਮ ਅਲੀ ਅਤੇ ਕਲਾ ਦੇ ਹੱਕ ਵਿਚ ਆਵਾਜ਼ ਬੁਲੰਦ ਕਰਦਿਆਂ ਉਸ ਨੂੰ ਆਪੋ-ਆਪਣੇ ਸੂਬਿਆਂ ਵਿਚ ਸੁਰਾਂ ਦੀ ਛਹਿਬਰ ਲਗਾਉਣ ਦਾ ਸੱਦਾ ਦਿੱਤਾ। ਉਸ ਤੋਂ ਬਾਅਦ ਗੁਲਾਮ ਅਲੀ ਨੇ ਪੱਛਮੀ ਬੰਗਾਲ ਤੇ ਕੇਰਲ

**ਜਗਜੀਤ ਸਿੰਘ ਸੇਖੋਂ**

ਵਿਚ ਬਾਕਾਇਦਾ ਪ੍ਰੋਗਰਾਮ ਕੀਤੇ ਅਤੇ ਨਵੀਂ ਦਿੱਲੀ ਵਿਚ ਵੀ ਗੇੜਾ ਮਾਰਿਆ। ਇਹ ਵੱਖਰੀ ਗੱਲ ਹੈ ਕਿ ਗੁਲਾਮ ਅਲੀ ਨੂੰ ਮਿਲ ਕੇ ਟਵਿੱਟਰ ਉਤੇ ਸਾਂਝ ਦੀਆਂ ਗੱਲਾਂ ਕਰਨ ਵਾਲੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਇਸ ਮਾਮਲੇ ਬਾਰੇ ਇਕ ਲਫ਼ਜ਼ ਵੀ ਮੂੰਹੋਂ ਨਹੀਂ ਕੱਢਿਆ।

ਅਸਲ ਵਿਚ ਮਹਾਰਾਸ਼ਟਰ ਵਿਚ ਸ਼ਿਵ ਸੈਨਾ ਅਤੇ ਭਾਰਤੀ ਜਨਤਾ ਪਾਰਟੀ ਵਿਚਕਾਰ ਤਿੱਖਾ ਸਿਆਸੀ ਭੇੜ ਚੱਲ ਰਿਹਾ ਹੈ ਅਤੇ ਇਹ ਪਾਰਟੀਆਂ ਇਕ-ਦੂਜੀ ਨੂੰ ਪਛਾੜਨ ਲਈ ਕੋਈ ਮੌਕਾ ਹੱਥੋਂ ਨਹੀਂ ਜਾਣ ਦਿੰਦੀਆਂ। ਅਜਿਹੇ ਵੇਲੇ ਸ਼ਿਵ ਸੈਨਾ ਆਪਣਾ ਕੱਟੜ ਚਿਹਰਾ ਅਕਸਰ ਦਿਖਾਉਂਦੀ ਹੈ।

ਹੁਣ ਗੁਲਾਮ ਅਲੀ ਇਕ ਵਾਰ ਫਿਰ ਹਾਜ਼ਰ ਹੈ। ਇਸ ਵਾਰ ਉਹ 4 ਅਪਰੈਲ ਨੂੰ ਨਵੀਂ ਦਿੱਲੀ ਵਿਚ ਹੋ ਰਹੇ ਸਮਾਗਮ ਵਿਚ ਸ਼ਿਰਕਤ ਕਰ ਰਹੇ ਹਨ। ਇਹ ਸਮਾਗਮ ਸੁਹੇਬ ਇਲਿਆਸੀ ਦੀ ਫਿਲਮ 'ਘਰ ਵਾਪਸੀ' ਦੇ ਸੰਗੀਤ ਰਿਲੀਜ਼ ਨਾਲ ਸਬੰਧਤ ਹੈ। ਅਸਲ ਵਿਚ ਇਹ ਸਮਾਗਮ ਪਿਛਲੇ ਮਹੀਨੇ ਮੁੰਬਈ ਵਿਚ ਕੀਤਾ ਜਾਣਾ ਸੀ, ਪਰ ਮੁੰਬਈ ਪੁਲਿਸ ਅਤੇ ਮਹਾਰਾਸ਼ਟਰ ਸਰਕਾਰ ਨੇ ਇਸ ਪ੍ਰੋਗਰਾਮ ਦੀ ਸੁਰੱਖਿਆ ਦਾ ਜ਼ਿੰਮਾ ਲੈਣ ਤੋਂ ਕੋਰੀ ਨਾਂਹ ਕਰ ਦਿੱਤੀ। ਸੁਹੇਬ ਇਲਿਆਸੀ ਨੇ ਇਸ ਬਾਰੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਦਵੇਂਦਰ ਫੜਨਵੀਸ ਨੂੰ ਤਾਹਨੇ ਵੀ ਮਾਰੇ, ਪਰ ਦਾਲ ਗਲੀ ਨਹੀਂ। ਸਿੱਟੇ ਵਜੋਂ ਉਸ ਨੂੰ ਇਹ ਪ੍ਰੋਗਰਾਮ ਦਿੱਲੀ ਤਬਦੀਲ ਕਰਨਾ ਪਿਆ। ਦਿੱਲੀ ਦੇ ਸਮਾਗਮ ਬਾਰੇ ਸੁਹੇਬ ਇਲਿਆਸੀ ਨੇ ਕਿਹਾ, "ਸ਼ਿਵ ਸੈਨਾ ਦਾ ਸੰਜੇ ਰੌਤ ਬੜ੍ਹਕਾਂ ਮਾਰ ਰਿਹਾ ਹੈ ਕਿ ਉਹ ਭਾਰਤ ਦੀ ਧਰਤੀ ਉਤੇ ਗੁਲਾਮ ਅਲੀ ਦਾ ਪ੍ਰੋਗਰਾਮ ਹੋਣ ਨਹੀਂ ਦੇਣਗੇ। ਸ਼ਿਵ ਸੈਨਾ ਦਾ ਮੁੰਬਈ ਵਿਚ ਖਾਸਾ ਜ਼ੋਰ ਹੈ। ਇਸੇ ਲਈ ਸਾਨੂੰ ਪ੍ਰੋਗਰਾਮ ਦਿੱਲੀ ਵਿਖੇ ਕਰਨ ਲਈ ਸੋਚਣਾ ਪਿਆ। ਦਿੱਲੀ ਵਿਚ ਵੀ ਭਾਵੇਂ ਸ਼ਿਵ ਸੈਨਿਕਾਂ ਦਾ ਅਸਰ ਦਿਸ ਰਿਹਾ ਹੈ, ਪਰ ਦਿੱਲੀ ਪੁਲਿਸ ਨੇ ਸੁਰੱਖਿਆ ਦਾ ਵਾਅਦਾ ਕੀਤਾ ਹੈ।"



*ਫਿਲਮ 'ਘਰ ਵਾਪਸੀ' ਵਿਚ ਅਦਾਕਾਰਾ ਫਰੀਦਾ ਜਲਾਲ।*

ਸੁਹੇਬ ਇਲਿਆਸੀ ਦਾ ਕਹਿਣਾ ਹੈ ਕਿ ਗੁਲਾਮ ਅਲੀ ਮਿਸਾਲੀ ਕਲਾਕਾਰ ਹੈ, ਉਸ ਦਾ ਸਬੰਧ ਸਿਰਫ਼ ਪਾਕਿਸਤਾਨ ਨਾਲ ਨਹੀਂ, ਸਮੁੱਚੇ ਸੰਸਾਰ ਦੀ ਕਲਾ ਨਾਲ ਹੈ। ਅਜਿਹੇ ਸ਼ਖਸ ਨੂੰ ਸੌੜੀ ਸਿਆਸਤ ਵਿਚ ਘੜੀਸਣਾ ਉਕਾ ਹੀ ਜਾਇਜ਼ ਨਹੀਂ ਹੈ। ਆਪਣੀ ਫਿਲਮ 'ਘਰ ਵਾਪਸੀ' ਬਾਰੇ ਸੁਹੇਬ ਇਲਿਆਸੀ ਦਾ ਕਹਿਣਾ ਹੈ ਕਿ ਇਸ ਫਿਲਮ ਬਾਰੇ ਵੀ ਲਗਾਤਾਰ ਦੁਰ-ਪ੍ਰਚਾਰ ਕੀਤਾ ਜਾ ਰਿਹਾ ਹੈ। ਇਹ ਫਿਲਮ ਅਸਲ ਵਿਚ ਸਾਂਝ ਦਾ ਸੁਨੇਹਾ ਦਿੰਦੀ ਹੈ। ਭਾਰਤ ਵਿਸ਼ਾਲ ਮੁਲਕ ਹੈ ਜਿਸ ਵਿਚ ਵੱਖ-ਵੱਖ ਧਰਮਾਂ, ਜਾਤਾਂ ਤੇ ਕੌਮਾਂ ਦੇ ਲੋਕ ਵਸਦੇ ਹਨ। ਸਭ ਨੂੰ ਸਭ ਦਾ ਸਤਿਕਾਰ ਕਰਨਾ ਚਾਹੀਦਾ ਹੈ।

'ਘਰ ਵਾਪਸੀ' ਵਿਚ ਫਰੀਦਾ ਜਲਾਲ, ਜ਼ਰੀਨਾ ਵਹਾਬ, ਅਲੋਕ ਨਾਥ, ਰੀਮਾ ਲਾਗੂ, ਦੀਪਕ ਤਿਜੋਰੀ, ਸ੍ਰਿਸ਼ਟੀ ਗੌਤਮ ਅਤੇ ਹਰਸ਼ ਨਾਗਰ ਵਰਗੇ ਕਲਾਕਾਰਾਂ ਨੇ ਕੰਮ ਕੀਤਾ ਹੈ।

### ਪਲੇਠੀ ਫਿਲਮੀ ਪੁਲਾਂਘ

*ਸੁਹੇਬ ਇਲਿਆਸੀ ਦੀ ਫਿਲਮ 'ਘਰ ਵਾਪਸੀ' ਜੋ ਛੇਤੀ ਹੀ ਰਿਲੀਜ਼ ਕੀਤੀ ਜਾ ਰਹੀ ਹੈ, ਵਿਚ ਗਜ਼ਲ ਗਾਇਕ ਗੁਲਾਮ ਅਲੀ ਨੇ ਪਹਿਲੀ ਵਾਰ ਅਦਾਕਾਰੀ ਕੀਤੀ ਹੈ। ਇਸ ਫਿਲਮ ਵਿਚ ਗੁਲਾਮ ਅਲੀ ਨੇ ਗਜ਼ਲ ਗਾਈ ਹੈ। ਇਹ ਰਚਨਾ ਦੇਸ਼ ਭਗਤੀ ਨਾਲ ਸਬੰਧਤ ਹੈ। ਇਸ ਤੋਂ ਇਲਾਵਾ ਉਨ੍ਹਾਂ ਉਤੇ ਕੁਝ ਹੋਰ ਦ੍ਰਿਸ਼ ਵੀ ਇਸ ਫਿਲਮ ਵਿਚ ਫਿਲਮਾਏ ਗਏ ਹਨ। ਇਲਿਆਸੀ ਮੁਤਾਬਕ ਫਿਲਮ ਦੇ ਵਿਸ਼ੇ ਦਾ ਠੁੱਕ ਬੰਨ੍ਹਣ ਲਈ ਗੁਲਾਮ ਅਲੀ ਦਾ ਕੰਮ ਜ਼ਰੂਰੀ ਸੀ।*



*ਜੁਗਲਬੰਦੀ: ਗੁਲਾਮ ਅਲੀ ਤੇ ਸੁਹੇਬ ਇਲਿਆਸੀ।*

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 9 ਅਪਰੈਲ 2016 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-215



*ਪੈਰੀਂ ਚਪਲਾਂ 'ਮੁਾਤੜ ਬੰਦੇ, ਇਦਾਂ ਵਕਤ ਲੰਘਾਵਾਂਗੇ,*
*ਨਕਲੀ ਦੁਨੀਆਂ, ਨਕਲੀ ਬੰਦੇ, ਇਹ ਵੀ ਨਕਲ ਬਣਾਵਾਂਗੇ।*
*ਗੱਤੇ ਵਿਚ ਫਸਾ ਕੇ ਪੇਪਰ, ਪੈਨਸਲ ਕੰਨ 'ਤੇ ਟੰਗ ਲਈ ਏ*
*ਨਕਲੀ ਹੀ ਨਿਰਦੇਸ਼ਕ ਆਪਾਂ, ਉਂਜ ਤਾਂ ਚਲੋ ਕਹਾਵਾਂਗੇ।*
*ਦੋ ਡੰਡਿਆਂ 'ਤੇ ਜੱਗ ਟਕਾ ਕੇ, ਕੈਮਰਾ ਕਰ ਲਿਆ ਫਿਟ ਆਪਾਂ*
*ਇਹ ਸਿਨਮੇ ਵਿਚ ਚਲਣੀ ਨਹੀਂ, ਜੋ ਆਪਾਂ ਫਿਲਮ ਬਣਾਵਾਂਗੇ।*

*ਪਿੰਡ ਕਲਾਹੜ (ਲੁਧਿਆਣਾ)*
*ਫੋਨ: 91-98783-37222*

---

## ਕੈਪਸ਼ਨ ਮੁਕਾਬਲਾ-213



ਵਿਚ ਕੜਾਹੇ ਕਾੜ੍ਹ ਕਾੜ੍ਹ ਕੇ,
ਰਸ ਤੋਂ ਲ਼ਾਲ਼ਾ ਲਿਆ ਬਣਾ।
ਵੱਤਰ ਪੂਰੀ ਪਰਖਣ ਪਿੱਛੋਂ,
ਲਿਆ ਗੰਡ ਦੇ ਵਿਚ ਉਲਟਾ।
ਚੰਡਣੀ ਦੇ ਨਾਲ ਚੰਡ ਚੰਡ ਕੇ,
ਲਿਆ ਗੁੜ ਦੇ ਵਿਚ ਵਟਾ।
ਮੰਜਿਆਂ ਉਪਰ ਵਿਛਾ ਚਾਦਰਾਂ,
ਪੇਸੀਆਂ ਲਈਆਂ ਖ਼ੂਬ ਸਜਾ।
ਤੱਤਾ ਤੱਤਾ ਮੂੰਹ ਵਿਚ ਪਾ ਕੇ,
ਕਈ ਬੇਸਬਰੇ ਰਹੇ ਪਛਤਾ।
*-ਜਗਮੀਤ ਸਿੰਘ ਪੰਧੇਰ*

ਤਿੰਨ ਅੱਖ ਬੋਟਾ
ਦੱਬ ਦਿੱਤਾ ਸਿਆੜ 'ਚ।
ਆਗ ਸਮੇਤ ਕਸੀਰ ਨੇ
ਰੱਖਿਆ ਕੀਤੀ ਗੰਨੇ ਦੀ।
ਪੋਰੀ ਦਰ ਪੋਰੀ ਭਰ ਰਸ ਨਾਲ
ਛਿੱਲ ਛਿੱਲ ਗੰਨਾ
ਖੋਰੀ ਆਗ ਅਲੱਗ ਕੀਤਾ।
ਪੀੜ ਗੰਨਾ ਵੇਲਣੇ 'ਚ
ਭਰ ਗਈ ਮੱਟੀ ਰਸ ਦੀ।
ਦਿੱਤੀ ਕੜਾਹੇ 'ਚ ਪਾ।
ਪਾ ਝੋਕਾ ਖੋਰੀ ਪੀੜ ਦਾ
ਕੜ੍ਹ ਕੜ੍ਹ ਪੱਤ ਆਈ ਵੱਤ।
ਪਾ ਗੰਡ 'ਚ ਮਿੱਠਾ
ਗਡੋਈ ਬਣਾਈਆਂ ਪੇਸੀਆਂ
ਖੁਸ਼ਬੂਆਂ ਛੱਡੇ ਬ੍ਰਹਿਮੰਡ 'ਚ।
ਖਾਂਦਿਆਂ ਮੂੰਹ ਤੋਂ ਨਾ ਲੱਥੇ
ਬਣਾ ਲਾਹਣ ਦੇਸੀ ਗੁੜ ਦੀ
ਸੌ ਪ੍ਰਤੀਸ਼ਤ ਬਣੀ ਦੇਸੀ ਸਾਰੂ।
*-ਦਰਸ਼ਨਪਾਲ ਦੋਸਾਂਝ*

*To Advertise with Punjab Times Call: 847-359-0746*
*Fax:847-705-9388, e-mail:punjabtimes1@gmail.com*
Visit us on the web:*wwwpunjabtimesusa.com*


ਯੂਬਾ ਬ੍ਰਦਰਜ਼ ਫੀਲਡ ਹਾਕੀ ਕਲੱਬ ਅਤੇ
ਗਦਰੀ ਬਾਬੇ ਸਪੋਰਟਸ ਕਲੱਬ
ਯੂਨੀਵਰਸਿਟੀ ਆਫ ਪੈਸਿਫਿਕ
ਦੇ ਸਹਿਯੋਗ ਨਾਲ ਪੇਸ਼ ਕਰਦੇ ਹਨ
6ਵਾਂ ਫੀਲਡ ਹਾਕੀ ਟੂਰਨਾਮੈਂਟ 2016
1, 2 ਅਤੇ 3 ਅਪ੍ਰੈਲ 2016, ਦਿਨ ਸ਼ੁੱਕਰਵਾਰ, ਸ਼ਨੀਵਾਰ ਅਤੇ ਐਤਵਾਰ
ਪਹਿਲਾ ਇਨਾਮ
7100 ਡਾਲਰ
In Sweet Memory of
Sponsored By:
Gakhal Brothers
Amolak Singh Gakhal, Palwinder Singh Gakhal & Iqbal Singh Gakhal
University of Pacific
3601 Pacific Ave. Stockton, California
ਦੂਜਾ ਇਨਾਮ
3100 ਡਾਲਰ
Mike Boparai
Sponsored By:
Malkit Sing Boparai
(Mike Boparai)
ਗੁਰੂ ਕਾ ਲੰਗਰ ਦਾ ਅਤੁੱਟ ਵਰਤਾਇਆ ਜਾਵੇਗਾ
ਹਾਕੀ ਦੇ ਦਿਲਚਸਪ ਮੁਕਾਬਲੇ ਦੇਖਣ ਲਈ ਤਿੰਨੇ ਦਿਨ ਹੁੰਮ ਹੁਮਾ ਕੇ ਪਹੁੰਚਣ ਦਾ ਖੁੱਲ੍ਹਾ ਸੱਦਾ
SPONSORS
BHANDAL BRO. TRUCKING, A & I TRUCKING, HARMANS TRUCKING, A.D SERVICES, FAST CARGO INC., TAJINDER SINGH, VANCO TRUCK & AUTO PLAZA, SHOP & GO, MANJIT UPPAL, BACHITTAR SINGH, SARBJIT (WELLS FARGO), RANJIT DHALIWAL, AMRICAN FREIGHT (RIMPIE), WHITE HAWK, AUR BUSINESS SERVICE (AMAN SINGH SANDHU), JUMBO LOGISTIC, C AND A TRANS (SEKHON MANTECA), MAHAL TRUCKING , SARBJIT MAHAL, RANJIT LATHROP CA, BULLET EXPRESS, COMMANDER TRANSPORT, POWER TRUCK LINES, HSB TRUCKING, LAKHA MAHIL, GURNAM SINGH MANTICA, SIGMA FREIGHT, EHAM TRANS, KASHMIR THANDI, BALIHAR RANU, SAC TRUCK LINE, PS CARRIER, BALJINDER SINGH SACTO, GLOBAL ALLIANCE (KAPOOR), PAPA MURPHY (CHARAN KANG), RAMAN DHALIWAL, MAJOR SINGH LAVINGSTON, KULWINDER SINGH BAL, GURMUKH SINGH SANDHU, EAGLE EXPRESS, BALJIT SAHOTA, SONY SINGH, GURPREET JOHAL, LIQOUR KING, GILL TRANSPORT INC., AMARJIT SINGH DULAI, HARBINDER JANDA, AVTAR SINGH SAHOTA, TIRATH GAKHAL, BALWINDER SINGH MITHU, KARNAIL SANDHU, SUKHDEV SINGH SANDHU, BALJINDER SINGH KLAIR, SARUP SINGH SARAI, MOHINDER SINGH KHINDA, GURMIT SINGH SANDHU, SUMER SINGH SANDHU, SODHI SINGH SIDHU, GURMIT SINGH BASRA, GURMEJ SINGH GILL, AMANMEET SINGH SANDHU, PARMJIT SINGH SIDHU, SURINDER SINGH ATWAL (ABT.), JASJEET SINGH, DR. PRITPAL SINGH, AJMER SINGH NIJJAR, HARTMAN SINGH, GURNAM SINGH PAMMA, SARABJIT SINGH THIARA0 , Dr. SUNNY BADIAL
ਹੋਰ ਜਾਣਕਾਰੀ ਲਈ ਸੰਪਰਕ
Surjit Singh Nijjar 530-682-9596, Dev Atwal 209-456-2254, Jitu Dhaliwal 209-914-3616

# ਪੰਜਾਬ ਸਰਕਾਰ ਨੇ ਸਿੱਖਿਆ ਵਿਭਾਗ ਨੂੰ ਰੱਬ ਆਸਰੇ ਛੱਡਿਆ

**ਚੰਡੀਗੜ੍ਹ:** ਪੰਜਾਬ ਸਰਕਾਰ ਬੇਸ਼ੱਕ ਸੋਹਣਾ ਸਕੂਲ ਤੇ ਸਵੱਛ ਭਾਰਤ ਵਰਗੀਆਂ ਗੱਲਾਂ ਨੂੰ ਪ੍ਰਚਾਰ ਰਹੀ ਹੈ, ਪਰ 80 ਫੀਸਦੀ ਸਕੂਲਾਂ ਦੀ ਹਾਲਤ ਬੇਹੱਦ ਖਸਤਾ ਹੈ। ਪੰਜਾਬ ਦੇ 13 ਹਜ਼ਾਰ ਪ੍ਰਾਇਮਰੀ ਤੇ ਚਾਰ ਹਜ਼ਾਰ ਮਿਡਲ ਸਕੂਲ ਬੁਨਿਆਦੀ ਢਾਂਚੇ ਤੋਂ ਸੱਖਣੇ ਹਨ। ਸਮੇਂ ਦੇ ਹਾਣ ਦਾ ਬੁਨਿਆਦੀ ਢਾਂਚਾ ਹੋਣਾ ਤਾਂ ਬੜੇ ਦੂਰ ਦੀ ਗੱਲ ਸਕੂਲਾਂ ਕੋਲ ਅਧਿਆਪਕਾਂ ਦੇ ਬੈਠਣ ਲਈ ਲੋੜੀਂਦੇ ਕੁਰਸੀਆਂ-ਮੇਜ਼ ਤੇ ਵਿਦਿਆਰਥੀਆਂ ਲਈ ਤੱਪੜ ਵੀ ਨਹੀਂ, ਨਲਕੇ ਟੂਟੀਆਂ ਖਰਾਬ ਪਏ ਹਨ, ਪਿਸ਼ਾਬ ਘਰ ਸੜ੍ਹਾਂਦ ਮਾਰ ਰਹੇ ਹਨ, ਬਲੈਕ ਬੋਰਡ ਟੁੱਟੇ ਭੱਜੇ ਹਨ, ਕਈ ਸਕੂਲਾਂ ਦੀ ਸਾਲਾਂ ਤੋਂ ਬੱਤੀ ਗੁੱਲ ਹੈ। ਕੰਪਿਊਟਰ ਲੈਬਜ਼ ਦਾ ਫਰਨੀਚਰ ਮਿਆਦ ਲੰਘਣ ਕਾਰਨ ਟੁੱਟ ਭੱਜ ਚੁੱਕਾ ਹੈ।



ਕੰਪਿਊਟਰ ਦੀ ਪੜ੍ਹਾਈ ਲੈਬਜ਼ ਖਰਾਬ ਹੋਣ ਕਾਰਨ ਕਾਗਜ਼ਾਂ 'ਚ ਚੱਲ ਰਹੀ ਹੈ। ਸਕੂਲਾਂ ਕੋਲ ਸਫਾਈ ਲਈ ਝਾੜੂ ਤੱਕ ਨਹੀਂ ਹਨ, ਸਕੂਲਾਂ ਦੀ ਸਫੈਦੀ ਹੋਏ ਨੂੰ 10-12 ਸਾਲ ਹੋ ਗਏ ਹਨ। ਮਿਲੇ ਵੇਰਵਿਆਂ ਅਨੁਸਾਰ ਸਕੂਲਾਂ ਦੀ ਮਾੜੀ ਤੇ ਨਿੱਘਰੀ ਹਾਲਤ ਲਈ ਸਰਕਾਰ ਦੀ ਪਹਿਲੀ ਤੋਂ 8ਵੀਂ ਤੱਕ ਦੀ ਮੁਫਤ ਸਿੱਖਿਆ ਨੀਤੀ ਹੈ। ਸਰਕਾਰੀ ਹਦਾਇਤਾਂ ਅਨੁਸਾਰ ਪਹਿਲੀ ਤੋਂ 8ਵੀਂ ਤੱਕ 17 ਹਜ਼ਾਰ ਸਕੂਲਾਂ ਵਿਚ 15 ਲੱਖ ਵਿਦਿਆਰਥੀ ਪੜ੍ਹ ਰਹੇ ਹਨ।

ਦਾਖਲੇ ਤੋਂ ਲੈ ਕੇ ਸਾਰਾ ਸਾਲ ਉਨ੍ਹਾਂ ਕੋਲੋਂ ਕੋਈ ਫੀਸ ਫੰਡ ਨਹੀਂ ਲਿਆ ਜਾਂਦਾ। ਸਾਲ, 2002 ਤੋਂ ਬਾਅਦ ਦੇ ਹਾਲਾਤ ਨਿੱਘਰਨ ਲੱਗੇ ਹਨ, ਪਰ ਸਰਕਾਰ ਵੱਲੋਂ ਬਿਲਡਿੰਗ ਦੀ ਸੰਭਾਲ, ਬਿਜਲੀ, ਪਾਣੀ, ਲੋੜੀਂਦੇ ਫਰਨੀਚਰ ਤੇ ਹੋਰਨਾਂ ਸਹੂਲਤਾਂ ਲਈ ਕੋਈ ਪ੍ਰਬੰਧ ਨਹੀਂ ਕੀਤਾ ਗਿਆ। 100 ਫੀਸਦੀ ਸਕੂਲਾਂ ਵਿਚ ਚੌਕੀਦਾਰ ਨਾ ਹੋਣ ਕਾਰਨ ਮਿਡ ਡੇ ਮੀਲ ਦਾ ਰਾਸ਼ਨ ਚੋਰੀ ਹੁੰਦਾ ਹੈ।

ਹਰ ਰੋਜ਼ ਸੈਂਕੜੇ ਅਧਿਆਪਕ ਐਫ.ਆਈ.ਆਰ. ਲਿਖਵਾਉਣ ਬਦਲੇ ਜ਼ਲੀਲ ਹੁੰਦੇ ਹਨ। ਸਕੂਲ ਮੁਖੀਆਂ ਨੇ ਦੱਸਿਆ ਕਿ ਫੀਸ ਫੰਡ ਬਹੁਤ ਜ਼ਰੂਰੀ ਹੈ। ਜੇਕਰ ਇਕ ਵਿਦਿਆਰਥੀ 10 ਤੋਂ 20 ਰੁਪਏ ਪ੍ਰਤੀ ਮਹੀਨਾ ਫੀਸ ਦਿੰਦਾ ਹੈ ਤਾਂ ਇਸ ਨਾਲ ਸਕੂਲ ਨੂੰ ਗੁਜ਼ਾਰੇ ਜੋਗੀ ਆਮਦਨ ਹੋ ਜਾਂਦੀ ਹੈ, ਜਿਸ ਨਾਲ ਥੋੜ੍ਹੀਆਂ ਬਹੁਤੀਆਂ ਸਹੂਲਤਾਂ ਦੀ ਪੂਰਤੀ ਹੋ ਸਕਦੀ ਹੈ, ਪਰ ਜੇਕਰ ਸਰਕਾਰ ਨੇ ਵੀ ਕੁਝ ਨਹੀਂ ਦੇਣਾ, ਫੀਸ ਵੀ ਨਹੀਂ ਲੈਣੀ ਤਾਂ ਸਕੂਲ ਚਲਾਉਣੇ ਬੜੇ ਮੁਸ਼ਕਲ ਹਨ। ਪਤਾ ਇਹ ਵੀ ਲੱਗਾ ਹੈ ਪਹਿਲਾਂ ਸੱਤ ਹਜ਼ਾਰ ਰੁਪਏ ਸਕੂਲ ਗ੍ਰਾਂਟ ਜਾਰੀ ਕੀਤੀ ਜਾਂਦੀ ਸੀ, ਜੋ ਘਟ ਕੇ 3400 ਰਹਿ ਗਈ ਹੈ।

10 ਹਜ਼ਾਰ ਰੁਪਏ ਮੁਰੰਮਤ ਲਈ ਮਿਲਦੇ ਸਨ, ਉਹ ਵੀ ਸੱਤ ਹਜ਼ਾਰ ਰਹਿ ਗਏ। ਕੰਪਿਊਟਰ ਲੈਬ ਦੀ ਰਿਪੇਅਰ ਲਈ ਕੋਈ ਗ੍ਰਾਂਟ ਨਹੀਂ, ਫਰਨੀਚਰ, ਟਾਟ ਪੱਟੀ, ਬਲੈਕ ਬੋਰਡਾਂ, ਡੈਸਕਾਂ ਲਈ ਵੀ ਕੋਈ ਗ੍ਰਾਂਟ ਨਹੀਂ, ਪਰ ਇਕ ਪ੍ਰਾਇਮਰੀ ਸਕੂਲ ਦਾ ਸਾਲਾਨਾ ਔਸਤਨ ਖਰਚਾ 50 ਹਜ਼ਾਰ ਤੋਂ ਘੱਟ ਨਹੀਂ ਹੈ। ਮਿਡਲ ਸਕੂਲ ਲਈ ਇਹ ਖਰਚਾ ਡੇਢ ਲੱਖ ਦੇ ਆਸ-ਪਾਸ ਹੈ। ਵੇਖਣ ਨੂੰ ਤੇ ਅਹਿਸਾਸ ਕਰਵਾਉਣ ਨੂੰ ਇਸ ਪੈਸੇ ਨੂੰ ਸਹੂਲਤਾਂ ਲਈ ਵਾਧੂ ਦੱਸ ਕੇ ਅਸਲੀਅਤ ਤੋਂ ਮੂੰਹ ਨਹੀਂ ਮੋੜਿਆ ਜਾ ਸਕਦਾ। ਪ੍ਰਾਇਮਰੀ ਤੇ ਮਿਡਲ ਸਕੂਲਾਂ ਨੂੰ ਰਾਸ਼ਟਰੀ ਸਰਵ ਸਿੱਖਿਆ ਅਭਿਆਨ ਸਕੀਮ ਤੋਂ ਮਿਲ ਰਹੀਆਂ ਗ੍ਰਾਂਟਾਂ 'ਤੇ ਵੱਡਾ ਕੱਟ ਲੱਗਣ ਕਾਰਨ ਸਕੂਲਾਂ ਦੀ ਹਾਲਤ ਹੋਰ ਨਿੱਘਰ ਰਹੀ ਹੈ।

### 40 ਫੀਸਦੀ ਸਕੂਲ ਹੈੱਡਮਾਸਟਰਾਂ ਤੋਂ ਸੱਖਣੇ

**ਚੰਡੀਗੜ੍ਹ:** ਪੰਜਾਬ ਦੇ ਸਰਕਾਰੀ ਸਕੂਲਾਂ ਵਿਚ ਅਧਿਆਪਕਾਂ ਦੀਆਂ 22 ਫੀਸਦੀ ਅਤੇ ਹੈੱਡਮਾਸਟਰਾਂ ਦੀਆਂ 40 ਫੀਸਦੀ ਅਸਾਮੀਆਂ ਖਾਲੀ ਪਈਆਂ ਹਨ। ਸਿੱਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ ਵੱਲੋਂ ਪੰਜਾਬ ਵਿਧਾਨ ਸਭਾ ਦੇ ਬਜਟ ਸੈਸ਼ਨ ਦੌਰਾਨ ਪੇਸ਼ ਅੰਕੜਿਆਂ ਅਨੁਸਾਰ ਸੂਬੇ ਦੇ ਸੈਂਕੜੇ ਪ੍ਰਾਇਮਰੀ ਅਤੇ ਸੈਕੰਡਰੀ ਸਕੂਲਾਂ ਵਿਚ ਅਧਿਆਪਕਾਂ ਦੀਆਂ 22 ਫੀਸਦੀ ਅਸਾਮੀਆਂ ਖਾਲੀ ਹਨ। ਪ੍ਰਿੰਸੀਪਲਾਂ ਦੀਆਂ ਕੁੱਲ 1749 ਅਸਾਮੀਆਂ ਵਿਚੋਂ 453 (26 ਫੀਸਦੀ) ਅਸਾਮੀਆਂ ਖਾਲੀ ਹਨ। ਸਰਕਾਰ ਵੱਲੋਂ ਇਨ੍ਹਾਂ ਵਿਚੋਂ ਲੈਕਚਰਾਰ ਕੋਟੇ ਦੀਆਂ ਸਿਰਫ 250 ਅਸਾਮੀਆਂ ਭਰਨ ਲਈ ਹੀ ਕਾਰਵਾਈ ਕੀਤੀ ਜਾ ਰਹੀ ਹੈ ਜਦਕਿ ਪੀ.ਈ.ਐਸ. ਕੇਡਰ ਦੇ ਕੋਟੇ ਵਿਚੋਂ ਪਦਉਨਤ ਕਰਨ ਬਾਰੇ ਤੈਅ ਸੱਤ ਸਾਲ ਦਾ ਤਜਰਬਾ ਹਾਸਲ ਕਰਨ ਵਾਲੇ ਮੁੱਖ ਅਧਿਆਪਕ ਹੀ ਉਪਲਬਧ ਨਹੀਂ ਹਨ। ਇਸੇ ਤਰ੍ਹਾਂ ਹੈੱਡਮਾਸਟਰਾਂ ਦੀਆਂ ਕੁੱਲ 1640 ਅਸਾਮੀਆਂ ਵਿਚੋਂ 658 (40 ਫੀਸਦੀ) ਅਸਾਮੀਆਂ ਖਾਲੀ ਹਨ। ਸਰਕਾਰ 250 ਹੈੱਡਮਾਸਟਰਾਂ ਦੀਆਂ ਅਸਾਮੀਆਂ ਪਦਉਨਤੀ ਰਾਹੀਂ ਅਤੇ 400 ਅਸਾਮੀਆਂ ਸਿੱਧੀ ਭਰਤੀ ਰਾਹੀਂ ਭਰਨ ਦਾ ਯਤਨ ਕਰ ਰਹੀ ਹੈ।

ਸਕੂਲਾਂ ਵਿਚ ਲੈਕਚਰਾਰਾਂ ਦੀਆਂ ਕੁੱਲ 12,242 ਅਸਾਮੀਆਂ ਵਿਚੋਂ 4596 (38 ਫੀਸਦੀ) ਖਾਲੀ ਪਈਆਂ ਹਨ। ਸਰਕਾਰ ਇਨ੍ਹਾਂ ਵਿਚੋਂ ਸਿਰਫ 650 ਅਸਾਮੀਆਂ ਨਵੀਂ ਭਰਤੀ ਰਾਹੀਂ ਅਤੇ 2459 ਅਸਾਮੀਆਂ ਮਾਸਟਰਾਂ ਦੀ ਪਦਉਨਤੀ ਰਾਹੀਂ ਭਰਨ ਦੇ ਯਤਨ ਵਿਚ ਹੈ। ਮਾਸਟਰਾਂ ਦੀਆਂ ਕੁੱਲ 47,608 ਅਸਾਮੀਆਂ ਵਿਚੋਂ 9142 (19 ਫੀਸਦੀ) ਖਾਲੀ ਹਨ। ਇਨ੍ਹਾਂ ਵਿਚੋਂ ਸਿਰਫ ਸੱਤ ਹਜ਼ਾਰ ਅਸਾਮੀਆਂ ਹੀ ਨਵੀਂ ਭਰਤੀ ਰਾਹੀਂ ਭਰੀਆਂ ਜਾ ਰਹੀਆਂ ਹਨ। ਵੋਕੇਸ਼ਨਲ ਮਾਸਟਰਾਂ ਦੀਆਂ ਕੁੱਲ 2876 ਅਸਾਮੀਆਂ ਵਿਚੋਂ 1751 (61 ਫੀਸਦੀ) ਖਾਲੀ ਹਨ।

## ਪਲਮੀਰਾ ਸ਼ਹਿਰ ਨੂੰ ਇਸਲਾਮਿਕ ਸਟੇਟ ਦੇ ਕਬਜ਼ੇ ਵਿਚੋਂ ਛੁਡਾਇਆ

**ਪਲਮੀਰਾ:** ਸੀਰੀਆ ਦੀ ਫੌਜ ਨੇ ਪੁਰਾਤਨ ਸ਼ਹਿਰ ਪਲਮੀਰਾ ਨੂੰ ਇਸਲਾਮਿਕ ਸਟੇਟ ਦੇ ਜਹਾਦੀਆਂ ਦੇ ਕਬਜ਼ੇ ਵਿਚੋਂ ਛੁਡਾ ਲਿਆ ਹੈ। ਫੌਜ ਨੇ ਅਹਿਦ ਲਿਆ ਹੈ ਕਿ ਜਹਾਦੀਆਂ ਦੇ ਕਬਜ਼ੇ ਵਾਲੇ ਟਿਕਾਣਿਆਂ ਨੂੰ ਛੁਡਾਉਣ ਲਈ ਉਹ ਵਾਧੂ ਉਤਸ਼ਾਹ ਨਾਲ ਚੜ੍ਹਾਈ ਕਰਨਗੇ।

ਫੌਜ ਨੇ ਕਿਹਾ ਕਿ ਸਰਕਾਰ ਪੱਖੀ ਬਲਾਂ ਨੇ ਯੂਨੈਸਕੋ ਵਿਸ਼ਵ ਵਿਰਾਸਤੀ ਅਸਥਾਨ ਤੋਂ ਇਸਲਾਮਿਕ ਸਟੇਟ ਦੇ ਜਹਾਦੀਆਂ ਦਾ ਕਬਜ਼ਾ ਖਤਮ ਕਰ ਦਿੱਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਸਲਾਮਿਕ ਸਟੇਟ ਖਿਲਾਫ ਹੁਣ ਡੀਰ ਐਜ਼ੋਰ ਅਤੇ ਰਾਕਾ 'ਚ ਮੁਹਿੰਮ ਚਲਾਈ ਜਾਏਗੀ। ਫੌਜੀ ਸੂਤਰਾਂ ਮੁਤਾਬਕ ਇਸਲਾਮਿਕ ਸਟੇਟ ਦੇ ਜਹਾਦੀ ਪੂਰਬ ਵੱਲ ਨੂੰ ਅੱਗੇ ਵਧ ਗਏ ਕਿਉਂਕਿ ਜਥੇਬੰਦੀ ਦੇ ਆਗੂਆਂ ਨੇ ਉਨ੍ਹਾਂ ਸ਼ਹਿਰ ਤੋਂ ਹਟਣ ਲਈ ਆਖ ਦਿੱਤਾ ਸੀ। ਸੂਤਰਾਂ ਨੇ ਕਿਹਾ ਕਿ ਫੌਜ ਨੇ ਸ਼ਹਿਰ 'ਤੇ ਕਬਜ਼ਾ ਕਰ ਕੇ ਉਥੋਂ ਬਾਰੂਦੀ ਸੁਰੰਗਾਂ ਅਤੇ ਬੰਬਾਂ ਨੂੰ ਨਕਾਰਾ ਕਰਨਾ ਸ਼ੁਰੂ ਕਰ ਦਿੱਤਾ ਹੈ। ਪਲਮੀਰਾ ਰਾਸ਼ਟਰਪਤੀ ਬਸ਼ਰ ਅਲ ਅਸਦ ਦੀ ਫੌਜ ਲਈ ਅਹਿਮ ਹੈ ਕਿਉਂਕਿ ਇਸ ਨਾਲ ਮਾਰੂਥਲ 'ਚ ਇਰਾਕੀ ਸਰਹੱਦ ਤੱਕ ਕਬਜ਼ਾ ਹੋ ਜਾਏਗਾ।



ਸੀਰੀਆ ਦੀ ਮਨੁੱਖੀ ਹੱਕਾਂ ਬਾਰੇ ਜਥੇਬੰਦੀ ਮੁਤਾਬਕ ਸ਼ਹਿਰ 'ਤੇ ਕਬਜ਼ੇ ਦੀ ਜੰਗ ਦੌਰਾਨ ਇਸਲਾਮਿਕ ਸਟੇਟ ਦੇ 400 ਜਹਾਦੀ ਅਤੇ ਸਰਕਾਰ ਦੇ 188 ਫੌਜੀ ਮਾਰੇ ਗਏ। ਜਥੇਬੰਦੀ ਮੁਤਾਬਕ 2013 'ਚ ਇਸਲਾਮਿਕ ਸਟੇਟ ਦੇ ਗਠਨ ਤੋਂ ਬਾਅਦ ਇਸ ਜੰਗ ਦੌਰਾਨ ਉਨ੍ਹਾਂ ਨੂੰ ਭਾਰੀ ਝਟਕਾ ਲੱਗਿਆ ਹੈ।

## ਪਰਵਾਸ ਦਾ ਮੁੱਦਾ ਬਰਤਾਨੀਆ ਕੋਲ ਉਠਾਏਗਾ ਭਾਰਤ

**ਨਵੀਂ ਦਿੱਲੀ:** ਭਾਰਤ ਵੱਲੋਂ ਬਰਤਾਨੀਆ ਦੇ ਨਵੇਂ ਇਮੀਗਰੇਸ਼ਨ ਕਾਨੂੰਨ ਦੇ ਮਾਮਲੇ 'ਤੇ ਬਰਤਾਨੀਆ ਨਾਲ ਗੱਲਬਾਤ ਕੀਤੀ ਜਾਵੇਗੀ ਤਾਂ ਜੋ ਵੀਜ਼ਾ ਨਿਯਮਾਂ ਵਿਚ ਸਖਤੀ ਕਾਰਨ ਹਜ਼ਾਰਾਂ ਭਾਰਤੀਆਂ ਦੀ ਰੋਜ਼ੀ-ਰੋਟੀ ਨਾ ਖੁੱਸੇ। ਵਣਜ ਤੇ ਉਦਯੋਗ ਮੰਤਰੀ ਨਿਰਮਲਾ ਸੀਤਾਰਾਮਨ ਦਾ ਕਹਿਣਾ ਹੈ ਕਿ ਇੰਗਲੈਂਡ ਦੇ ਨਵੇਂ ਵੀਜ਼ਾ ਕਾਨੂੰਨ ਬਾਰੇ ਬਰਤਾਨੀਆ ਦੇ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਜਾਵੇਗੀ।

ਵੀਜ਼ੇ ਦੇ ਨਵੇਂ ਨੇਮ ਅਪਰੈਲ ਤੋਂ ਲਾਗੂ ਹੋਣੇ ਹਨ। ਇਸ ਅਨੁਸਾਰ ਟਾਇਰ-2 ਵੀਜ਼ੇ ਵਾਲੇ ਪੇਸ਼ੇਵਾਰਾਨਾ ਲੋਕ ਜਿਨ੍ਹਾਂ ਦੀ ਸਾਲਾਨਾ ਆਮਦਨ 35 ਹਜ਼ਾਰ ਪੌਂਡ ਤੋਂ ਘੱਟ ਹੈ, ਨੂੰ ਪੰਜ ਸਾਲਾਂ ਮਗਰੋਂ ਦੇਸ਼ ਛੱਡਣਾ ਪਵੇਗਾ। ਭਾਰਤ ਸਰਕਾਰ ਵੱਲੋਂ ਅਮਰੀਕਾ ਦੇ ਵੀਜ਼ਾ ਨਿਯਮਾਂ ਦਾ ਮਾਮਲਾ ਵੀ ਡਬਲਿਊ.ਟੀ.ਓ ਕੋਲ ਉਠਾਇਆ ਜਾ ਚੁੱਕਿਆ ਹੈ। ਉਨ੍ਹਾਂ ਕਿਹਾ ਕਿ ਵੀਜ਼ਾ ਨਿਯਮਾਂ ਵਿਚ ਸਖਤੀ ਕਾਰਨ ਭਾਰਤੀਆਂ ਨੂੰ ਅਮਰੀਕਾ ਸਣੇ ਕਈ ਦੇਸ਼ਾਂ ਵਿਚ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਦੱਸਣਯੋਗ ਹੈ ਕਿ ਬਰਤਾਨੀਆ ਦੇ ਵੀਜ਼ੇ ਸਬੰਧੀ ਨਵੇਂ ਕਾਨੂੰਨ ਨਾਲ ਹਜ਼ਾਰਾਂ ਭਾਰਤੀ ਪ੍ਰਭਾਵਿਤ ਹੋਣਗੇ। ਪੁਰਾਣੇ ਨਿਯਮਾਂ ਅਨੁਸਾਰ ਬਰਤਾਨੀਆ ਵਿਚ ਕੰਮ ਕਰਨ ਵਾਲੇ ਹੋਰ ਦੇਸ਼ਾਂ ਦੇ ਲੋਕ ਪੰਜ ਸਾਲਾਂ ਬਾਅਦ ਪੀ.ਆਰ. ਜਾਂ ਆਈ.ਐਲ.ਆਰ. ਲਈ ਦਰਖਾਸਤ ਦੇ ਸਕਦੇ ਸਨ, ਪਰ ਅਗਲੇ ਮਹੀਨੇ ਤੋਂ ਪੰਜ ਸਾਲਾ ਸ਼੍ਰੇਣੀ ਤਹਿਤ ਆਈ. ਐਲ.ਆਰ. ਲਈ ਦਰਖਾਸਤ ਦੇਣ ਵਾਲਿਆਂ ਨੂੰ ਸਾਬਤ ਕਰਨਾ ਪਵੇਗਾ ਕਿ ਉਨ੍ਹਾਂ ਦੀ ਸਾਲਾਨਾ ਆਮਦਨ ਘੱਟੋ-ਘੱਟ 35 ਹਜ਼ਾਰ ਪੌਂਡ ਹੈ। ਅਜਿਹਾ ਨਾ ਹੋਣ ਦੀ ਸੂਰਤ ਵਿਚ ਉਨ੍ਹਾਂ ਨੂੰ ਆਪਣੇ ਦੇਸ਼ ਪਰਤਣਾ ਪਵੇਗਾ।

## ਮੁਹਾਲੀ ਦੀ ਲੈਬ ਵੱਲੋਂ ਗਲਤ ਲਾਸ਼ ਇੰਗਲੈਂਡ ਭੇਜਣ ਦੀ ਪੁਸ਼ਟੀ

**ਜਲੰਧਰ:** ਕਮਿਸ਼ਨਰੇਟ ਪੁਲਿਸ ਵੱਲੋਂ ਹੋਟਲੀਅਰ ਰਣਜੀਤ ਸਿੰਘ ਦੀ ਲਾਸ਼ ਦੱਸ ਕੇ ਜਿਹੜੀ ਲਾਸ਼ ਇੰਗਲੈਂਡ ਭੇਜੀ ਗਈ ਸੀ, ਉਸ ਦਾ ਡੀ.ਐਨ.ਏ. ਰਣਜੀਤ ਸਿੰਘ ਨਾਲ ਮੇਲ ਨਹੀਂ ਖਾਧਾ। ਇਸ ਕਾਰਨ ਕੌਮਾਂਤਰੀ ਪੱਧਰ 'ਤੇ ਜਲੰਧਰ ਕਮਿਸ਼ਨਰੇਟ ਪੁਲਿਸ ਨੂੰ ਨਮੋਸ਼ੀ ਝੱਲਣੀ ਪਈ ਸੀ। ਰਣਜੀਤ ਦੀ ਮਾਤਾ ਤੇ ਭਰਾ ਅਮਰੀਕ ਸਿੰਘ ਨੇ ਇੰਗਲੈਂਡ ਤੋਂ ਆ ਕੇ ਪਿਛਲੇ ਸਾਲ 24 ਅਕਤੂਬਰ ਨੂੰ ਖੂਨ ਦੇ ਨਮੂਨੇ ਦਿੱਤੇ ਸਨ ਤੇ ਮੋਹਾਲੀ ਦੀ ਲੈਬ ਤੋਂ ਆਈ ਰਿਪੋਰਟ ਮੁਤਾਬਕ ਵੀ ਖੂਨ ਦੇ ਨਮੂਨੇ ਇੰਗਲੈਂਡ ਭੇਜੀ ਲਾਸ਼ ਦੇ ਡੀ.ਐਨ.ਏ. ਨਾਲ ਮੇਲ ਨਹੀਂ ਖਾਂਦੇ।

ਹੁਣ ਇਹ ਸਵਾਲ ਖੜ੍ਹਾ ਹੋ ਗਿਆ ਹੈ ਕਿ ਪੁਲਿਸ ਨੇ ਜਿਹੜੀ ਲਾਸ਼ ਇੰਗਲੈਂਡ ਭੇਜੀ ਸੀ, ਉਹ ਕਿਸ ਦੀ ਸੀ ਤੇ ਰਣਜੀਤ ਦੀ ਲਾਸ਼ ਕਿਥੇ ਹੈ ਜਾਂ ਫਿਰ ਰਣਜੀਤ ਦੀ ਮੌਤ ਹੋਈ ਹੀ ਨਹੀਂ ਹੈ। ਪੁਲਿਸ ਦਾ ਕਹਿਣਾ ਹੈ ਕਿ ਰਣਜੀਤ ਦੀ ਲਾਸ਼ ਦੀ ਨਿਸ਼ਾਨਦੇਹੀ ਉਸ ਦੇ ਦੋਸਤਾਂ ਨੇ ਕੀਤੀ ਸੀ। ਕੜਾ ਤੇ ਕੱਦ-ਕਾਠ ਦੇਖ ਕੇ ਹੀ ਰਣਜੀਤ ਦੀ ਲਾਸ਼ ਹੋਣ ਦੀ ਪੁਸ਼ਟੀ ਕੀਤੀ ਗਈ ਸੀ।

ਇੰਗਲੈਂਡ ਪੁਲਿਸ ਕੋਲ ਰਣਜੀਤ ਸਿੰਘ ਦੀ ਡੀ.ਐਨ.ਏ. ਰਿਪੋਰਟ ਪਈ ਸੀ ਤੇ ਭਾਰਤ ਤੋਂ ਲਾਸ਼ ਜਾਣ 'ਤੇ ਜਦੋਂ ਡੀ.ਐਨ.ਏ. ਟੈਸਟ ਕੀਤਾ ਗਿਆ ਤਾਂ ਉਹ ਰਣਜੀਤ ਦੇ ਡੀ.ਐਨ.ਏ. ਨਾਲ ਮੇਲ ਨਹੀਂ ਸੀ ਖਾਂਦਾ। ਇੰਗਲੈਂਡ ਦੀ ਪੁਲਿਸ ਨੇ ਜਲੰਧਰ ਪੁਲਿਸ ਵੱਲੋਂ ਭੇਜੀ ਲਾਸ਼ ਨੂੰ ਮੁਰਦਾਘਾਟ ਵਿਚ ਰੱਖਿਆ ਹੋਇਆ ਹੈ।

ਜ਼ਿਕਰਯੋਗ ਹੈ ਕਿ ਹੋਟਲੀਅਰ ਰਣਜੀਤ ਸਿੰਘ ਦਾ ਅੱਠ ਮਈ ਨੂੰ ਕਤਲ ਕਰ ਦਿੱਤਾ ਗਿਆ ਸੀ। ਇਸ ਮਾਮਲੇ ਵਿਚ ਪੁਲਿਸ ਨੇ ਸੁਖਦੇਵ ਸਿੰਘ ਨੂੰ ਗ੍ਰਿਫਤਾਰ ਕੀਤਾ ਹੋਇਆ ਹੈ। ਉਹ ਐਨ.ਆਰ.ਆਈ. ਬਲਦੇਵ ਦਿਉਲ ਦਾ ਭਾਣਜਾ ਹੈ ਤੇ ਕਤਲ ਤੋਂ ਬਾਅਦ ਬਲਦੇਵ ਦਿਉਲ ਇੰਗਲੈਂਡ ਚਲਾ ਗਿਆ ਸੀ।

## ਪਾਕਿ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਸ਼ਾਮ ਸਿੰਘ ਨਹੀਂ ਰਹੇ

**ਅੰਮ੍ਰਿਤਸਰ:** ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ਼ਾਮ ਸਿੰਘ ਦਾ ਦੇਹਾਂਤ ਹੋ ਗਿਆ ਹੈ। ਗੁਰਦੁਆਰਾ ਨਨਕਾਣਾ ਸਾਹਿਬ ਨੇੜੇ ਉਨ੍ਹਾਂ ਦਾ ਸਸਕਾਰ ਕੀਤਾ ਗਿਆ। ਮਿਲੀ ਜਾਣਕਾਰੀ ਅਨੁਸਾਰ ਸ਼ਾਮ ਸਿੰਘ ਇਕ ਮਹੀਨੇ ਤੋਂ ਲਾਹੌਰ ਦੇ ਮਿਲਟਰੀ ਹਸਪਤਾਲ ਵਿਚ ਦਾਖਲ ਸਨ, ਜਿਥੇ ਉਨ੍ਹਾਂ ਦੀ ਮੌਤ ਹੋ ਗਈ। ਪਾਕਿਸਤਾਨ ਦਾ ਕੌਮੀ ਝੰਡਾ ਉਨ੍ਹਾਂ ਦੀ ਮ੍ਰਿਤਕ ਦੇਹ 'ਤੇ ਪਾ ਕੇ ਕੌਮੀ ਸਨਮਾਨ ਦਿੱਤਾ ਗਿਆ।

ਸਸਕਾਰ ਮੌਕੇ ਔਕਾਫ ਬੋਰਡ ਦੇ ਚੇਅਰਮੈਨ ਤੇ ਹੋਰ ਅਧਿਕਾਰੀ ਹਾਜ਼ਰ ਸੀ। ਉਹ ਤਕਰੀਬਨ 80 ਵਰ੍ਹਿਆਂ ਦੇ ਸਨ। ਉਨ੍ਹਾਂ ਦਾ ਜਨਮ 11 ਦਸੰਬਰ, 1936 ਨੂੰ ਹੋਇਆ ਸੀ। ਉਹ ਪਹਿਲਾਂ ਪਾਕਿਸਤਾਨ ਦੇ ਸਿੰਧ ਇਲਾਕੇ 'ਚ ਰਹਿੰਦੇ ਰਹੇ ਅਤੇ ਮਗਰੋਂ ਫੈਸਲਾਬਾਦ ਦੀ ਤਹਿਸੀਲ ਮਿੰਟਗੁਮਰੀ ਦੇ ਪਿੰਡ ਚੱਕ ਕਾਦਰਬਾਦ ਵਿਚ ਚਲੇ ਗਏ। ਉਨ੍ਹਾਂ ਦਾ ਬੇਟਾ ਸਿਕੰਦਰ ਸਿੰਘ ਤੇ ਬੇਟੀ



ਸਿਮਰਨ ਕੌਰ ਹੈ, ਜੋ ਪਾਕਿਸਤਾਨ ਵਿਚ ਹੀ ਰਹਿ ਰਹੇ ਹਨ। ਉਹ ਪਹਿਲੀ ਵਾਰ 1998 ਵਿਚ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਣੇ ਸਨ। ਉਨ੍ਹਾਂ ਨੂੰ ਉਸ ਵੇਲੇ ਔਕਾਫ ਬੋਰਡ ਦੇ ਮੁਖੀ ਜਾਵੇਦ ਨਾਸਿਰ ਵੱਲੋਂ ਪੀ.ਐਸ.ਜੀ.ਪੀ.ਸੀ. ਦਾ ਪ੍ਰਧਾਨ ਬਣਾਇਆ ਗਿਆ ਸੀ, ਜਿਸ ਦਾ ਸ਼੍ਰੋਮਣੀ ਕਮੇਟੀ ਦੀ ਤਤਕਾਲੀ ਪ੍ਰਧਾਨ ਜਗੀਰ ਕੌਰ ਨੇ ਸਖਤ ਵਿਰੋਧ ਕੀਤਾ ਸੀ। ਉਹ ਦੂਜੀ ਵਾਰ 2008 ਵਿਚ ਸਿੱਖ ਸੰਸਥਾ ਦੇ ਪ੍ਰਧਾਨ ਬਣੇ ਸਨ।

ਉਨ੍ਹਾਂ ਨੇ ਮੂਲ ਨਾਨਕਸ਼ਾਹੀ ਕੈਲੰਡਰ ਦਾ ਸਮਰਥਨ ਕੀਤਾ ਸੀ, ਜੋ ਪਾਕਿਸਤਾਨ 'ਚ ਹੁਣ ਵੀ ਜਾਰੀ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਬਾਬਾ ਸ਼ਾਮ ਸਿੰਘ ਨੇਕ ਇਨਸਾਨ ਸਨ। ਉਨ੍ਹਾਂ ਦੀ ਮੌਤ ਨਾਲ ਨਾ ਪੂਰਿਆ ਜਾਣ ਵਾਲਾ ਘਾਟਾ ਪਿਆ ਹੈ। ਦਲ ਖਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਕਿਹਾ ਕਿ ਬਾਬਾ ਸ਼ਾਮ ਸਿੰਘ ਨੇ ਦੇਸ਼ ਵਿਦੇਸ਼ ਦੇ ਸਿੱਖਾਂ ਨੂੰ ਪਾਕਿਸਤਾਨ ਦੇ ਗੁਰਧਾਮਾਂ ਨਾਲ ਜੋੜਨ ਦਾ ਅਹਿਮ ਕੰਮ ਕੀਤਾ।

## ਪਰਿਕਰਮਾ ਵਿਚ ਰੰਗ ਦੀ ਕਾਰ ਸੇਵਾ



**ਅੰਮ੍ਰਿਤਸਰ:** ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿਚ ਰੰਗ-ਰੋਗਨ ਦੀ ਕਾਰ ਸੇਵਾ ਆਰੰਭ ਕਰ ਦਿੱਤੀ ਗਈ ਹੈ। ਕਾਰ ਸੇਵਾ ਬਾਬਾ ਕਸ਼ਮੀਰ ਸਿੰਘ ਭੂਰੀ ਵਾਲਿਆਂ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਕਾਰਵਾਈ ਜਾ ਰਹੀ ਹੈ।

ਸੇਵਾ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿਚ ਬਾਬਾ ਦੀਪ ਸਿੰਘ ਜੀ ਦੀ ਸ਼ਹੀਦੀ ਯਾਦਗਾਰ ਨੇੜੇ ਤੋਂ ਸ਼ੁਰੂ ਕੀਤੀ ਗਈ। ਰੰਗ ਦੀ ਕਾਰ ਸੇਵਾ ਤੋਂ ਪਹਿਲਾਂ ਅਰਦਾਸ ਕੀਤੀ ਗਈ। ਇਸ ਮੌਕੇ ਸਚਖੰਡ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਕਿਹਾ ਕਿ ਸਿੱਖ ਧਰਮ ਵਿਚ ਸੇਵਾ ਦੀ ਬਹੁਤ ਮਹੱਤਤਾ ਹੈ। ਸੇਵਾ ਆਰੰਭ ਹੋਣ ਮਗਰੋਂ ਬਾਬਾ ਕਸ਼ਮੀਰ ਸਿੰਘ ਭੂਰੀ ਵਾਲਿਆਂ ਨੇ ਦੱਸਿਆ ਕਿ ਇਹ ਸੇਵਾ ਤਿੰਨ ਮਹੀਨਿਆਂ ਵਿਚ ਪੂਰੀ ਕਰ ਦਿੱਤੀ ਜਾਵੇਗੀ।

# ਤੰਬਾਕੂ ਕਾਰੋਬਾਰੀਆਂ ਦੇ ਹਿੱਤ ਪਾਲਣ 'ਚ ਜੁਟੀ ਸਰਕਾਰ

**ਚੰਡੀਗੜ੍ਹ:** ਤੰਬਾਕੂ ਉਤਪਾਦਾਂ ਦੇ ਪੈਕਟਾਂ ਦੇ ਦੋਵੇਂ ਪਾਸੇ ਮੋਟੇ ਅੱਖਰਾਂ ਅਤੇ ਤਸਵੀਰਾਂ ਰਾਹੀਂ ਇਸ ਦੀ ਵਰਤੋਂ ਨਾ ਕਰਨ ਸਬੰਧੀ ਚਿਤਾਵਨੀ ਛਾਪਣ ਦੇ ਹੁਕਮਾਂ ਨੂੰ ਲਾਗੂ ਕਰਨ ਵਿਚ ਕੀਤੀ ਜਾ ਰਹੀ ਦੇਰੀ ਤੋਂ ਕੇਂਦਰ ਸਰਕਾਰ ਦੀ ਨੀਤੀ ਅਤੇ ਨੀਅਤ 'ਤੇ ਸਵਾਲ ਖੜ੍ਹੇ ਹੋ ਗਏ ਹਨ। ਕੇਂਦਰੀ ਸਿਹਤ ਮੰਤਰਾਲੇ ਨੇ ਵਿਸ਼ਵ ਸਿਹਤ ਸੰਗਠਨ ਅਤੇ ਮੁਲਕ ਦੀਆਂ ਗੈਰ-ਸਰਕਾਰੀ ਸਮਾਜਿਕ ਜਥੇਬੰਦੀਆਂ ਦੇ ਦਬਾਅ ਹੇਠ ਅਕਤੂਬਰ 2014 ਵਿਚ ਤੰਬਾਕੂ ਉਤਪਾਦਾਂ ਦੇ ਪੈਕਟਾਂ ਦੇ ਦੋਵੇਂ ਪਾਸੇ 85 ਫੀਸਦੀ ਹਿੱਸੇ ਉਪਰ ਮੋਟੇ ਅੱਖਰਾਂ ਤੇ ਤਸਵੀਰਾਂ ਰਾਹੀਂ ਤੰਬਾਕੂ ਦੀ ਵਰਤੋਂ ਨਾ ਕਰਨ ਸਬੰਧੀ ਚਿਤਾਵਨੀ ਛਾਪਣ ਦੇ ਆਦੇਸ਼ ਦਿੱਤੇ ਸਨ ਪਰ ਤੰਬਾਕੂ, ਬੀੜੀ ਤੇ ਸਿਗਰਟ ਸਨਅਤਕਾਰਾਂ ਦੀ ਲਾਬੀ ਦੇ ਦਬਾਅ ਤਹਿਤ ਇਹ ਹੁਕਮ ਹਾਲੇ ਤੱਕ ਲਾਗੂ ਨਹੀਂ ਹੋ ਸਕੇ।

ਸਰਕਾਰ ਨੇ ਇਨ੍ਹਾਂ ਹੁਕਮਾਂ 'ਤੇ ਕਾਰਵਾਈ ਟਾਲਣ ਲਈ ਭਾਜਪਾ ਦੇ ਪਾਰਲੀਮੈਂਟ ਮੈਂਬਰ ਅਤੇ ਤੰਬਾਕੂ, ਬੀੜੀ ਤੇ ਸਿਗਰਟ ਸਨਅਤ ਦੇ ਸਮਰਾਟ ਦਿਲੀਪ ਗਾਂਧੀ ਦੀ ਅਗਵਾਈ ਹੇਠ ਇਕ ਕਮੇਟੀ ਬਣਾ ਦਿੱਤੀ ਸੀ। ਇਸ ਕਮੇਟੀ ਨੇ ਇਹ ਚਿਤਾਵਨੀ ਪੈਕਟਾਂ ਦੇ ਸਿਰਫ ਇਕ ਪਾਸੇ ਅਤੇ ਉਹ ਵੀ ਸਿਰਫ 50 ਫੀਸਦੀ ਹਿੱਸੇ ਉਪਰ ਅੱਖਰਾਂ ਵਿਚ ਛਾਪਣ ਦੀ ਸਿਫਾਰਸ਼ ਕਰ ਦਿੱਤੀ। ਦੂਜੇ ਪਾਸੇ ਰਾਜਸਥਾਨ ਤੇ ਮਹਾਂਰਾਸ਼ਟਰ ਦੀਆਂ ਉਚ ਅਦਾਲਤਾਂ ਵਿਚ ਤੰਬਾਕੂ ਵਿਰੋਧੀ ਜਥੇਬੰਦੀਆਂ ਵੱਲੋਂ ਦਿਲੀਪ ਗਾਂਧੀ ਕਮੇਟੀ ਦੀ ਅੰਤ੍ਰਿਮ ਰਿਪੋਰਟ ਵਿਰੁੱਧ ਪਾਈਆਂ



ਗਈਆਂ ਜਨ ਹਿੱਤ ਪਟੀਸ਼ਨਾਂ 'ਤੇ ਸੁਣਵਾਈ ਦੌਰਾਨ ਕੇਂਦਰੀ ਸਿਹਤ ਮੰਤਰਾਲੇ ਨੇ ਇਹ ਹੁਕਮ ਲਾਗੂ ਕਰਨ ਦੀ ਵਚਨਬੱਧਤਾ ਦਿਖਾਈ ਹੈ, ਪਰ ਪਰਨਾਲਾ ਹਾਲੇ ਤਕ ਜਿਉਂ ਦਾ ਤਿਉਂ ਹੈ।

ਹਾਰਵਰਡ ਮੈਡੀਕਲ ਸਕੂਲ ਦੇ ਖੋਜੀਆਂ ਅਨੁਸਾਰ ਭਾਰਤ ਵਿਚ ਤੰਬਾਕੂ ਦੀ ਵਰਤੋਂ ਨਾਲ ਹੋ ਰਹੀਆਂ ਬਿਮਾਰੀਆਂ ਕਾਰਨ ਰੋਜ਼ਾਨਾ 2800 ਵਿਅਕਤੀਆਂ ਦੀ ਜਾਨ ਚਲੀ ਜਾਂਦੀ ਹੈ। ਵਿਸ਼ਵ ਸਿਹਤ ਸੰਸਥਾ ਵੱਲੋਂ ਕਰਵਾਏ ਗਏ ਇਕ ਅਧਿਐਨ ਅਨੁਸਾਰ 2011 ਵਿਚ ਤੰਬਾਕੂ ਦੀ ਵਰਤੋਂ ਨਾਲ ਹੋਣ ਵਾਲੀਆਂ ਬਿਮਾਰੀਆਂ ਕਾਰਨ ਭਾਰਤ ਨੂੰ ਇਕ ਲੱਖ ਕਰੋੜ ਰੁਪਏ ਤੋਂ ਵੱਧ ਦਾ ਆਰਥਿਕ ਨੁਕਸਾਨ ਹੋਇਆ ਹੈ ਜੋ ਕਿ ਕੇਂਦਰ ਤੇ ਸੂਬਾ ਸਰਕਾਰਾਂ ਦੇ ਕੁਲ ਸਿਹਤ ਬਜਟ ਦਾ 12 ਫੀਸਦੀ ਹਿੱਸਾ ਬਣਦਾ ਹੈ ਜਦੋਂਕਿ ਸਰਕਾਰੀ ਖਜ਼ਾਨੇ ਨੂੰ ਇਸ ਤੋਂ ਆਮਦਨ ਸਿਰਫ 12 ਫੀਸਦੀ ਹੀ ਹੁੰਦੀ ਹੈ।

ਮੁਲਕ ਵਿਚ ਤਕਰੀਬਨ 27.5 ਕਰੋੜ ਭਾਵ ਹਰ ਤੀਜਾ ਬਾਲਗ ਭਾਰਤੀ ਕਿਸੇ ਨਾ ਕਿਸੇ ਰੂਪ ਵਿਚ ਤੰਬਾਕੂ ਉਤਪਾਦਕਾਂ ਦੀ ਵਰਤੋਂ ਕਰ ਰਿਹਾ ਹੈ। ਪੰਜਾਬ ਵਿਚ ਤੰਬਾਕੂ ਦੀ ਪੈਦਾਵਾਰ ਨਾ ਹੋਣ ਦੇ ਬਾਵਜੂਦ ਵਰਤੋਂ ਪੱਖੋਂ ਇਹ ਮੁਲਕ ਦੇ ਸਾਰੇ ਸੂਬਿਆਂ ਵਿਚ ਅੱਵਲ ਹੈ। ਕੌਮੀ ਪੱਧਰ 'ਤੇ ਤੰਬਾਕੂ ਦੀ ਵਰਤੋਂ ਕਰਨ ਵਾਲਿਆਂ ਦੀ ਗਿਣਤੀ 57.90 ਫੀਸਦੀ ਹੈ ਜਦੋਂਕਿ ਪੰਜਾਬ ਵਿਚ ਇਹ 64.90 ਫੀਸਦੀ ਹੈ।

ਦਰਅਸਲ, ਤੰਬਾਕੂ ਦੀ ਵਧ ਰਹੀ ਵਰਤੋਂ ਕਿਸਾਨਾਂ ਅਤੇ ਮਜ਼ਦੂਰਾਂ ਦੀ ਥਾਂ ਇਸ ਦੇ ਸਨਅਤਕਾਰਾਂ ਲਈ ਹੀ ਲਾਹੇਵੰਦ ਸਾਬਤ ਹੋ ਰਹੀ ਹੈ ਜਿਹੜੇ ਇਸ ਕਾਰੋਬਾਰ ਰਾਹੀਂ ਅਰਬਪਤੀ ਬਣ ਰਹੇ ਹਨ। ਸਿਆਸੀ ਨੇਤਾਵਾਂ ਨੂੰ ਚੋਣਾਂ ਸਮੇਂ ਇਨ੍ਹਾਂ ਤੋਂ ਮਿਲਣ ਵਾਲੀਆਂ ਮੋਟੀਆਂ ਰਕਮਾਂ ਵਿਚ ਕਟੌਤੀ ਦਾ ਡਰ ਹੈ।

## ਨਸ਼ੇ ਨਾਲ ਮਰੇ ਪੁੱਤ ਦੇ ਕਫਨ 'ਤੇ ਮੋਦੀ ਨੂੰ ਮੈਮੋਰੰਡਮ

**ਪੱਟੀ:** ਪੱਟੀ ਸ਼ਹਿਰ ਵਿਚ ਨਸ਼ੇ ਕਾਰਨ ਹੋਈ ਨੌਜਵਾਨ ਪੁੱਤ ਦੀ ਮੌਤ 'ਤੇ ਪਿਤਾ ਵੱਲੋਂ ਲੜਕੇ ਦੇ ਕਫਨ ਉਤੇ ਮੈਮੋਰੰਡਮ ਲਿਖ ਕੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਭੇਜਿਆ ਗਿਆ ਹੈ। ਮੈਮੋਰੰਡਮ ਵਿਚ ਕਿਹਾ ਗਿਆ ਹੈ ਕਿ ਨਸ਼ਾ ਸੌਦਾਗਰਾਂ ਖਿਲਾਫ ਕੋਈ ਕਰਵਾਈ ਹੋਣੀ ਚਾਹੀਦੀ ਹੈ ਤਾਂ ਕਿ ਪੰਜਾਬ ਦੀ ਜਵਾਨੀ ਨੂੰ ਬਚਾਇਆ ਜਾ ਸਕੇ। ਦਰਅਸਲ ਪੱਟੀ ਸ਼ਹਿਰ ਵਿਚ 27 ਸਾਲਾ ਨੌਜਵਾਨ ਮਨਜੀਤ ਸਿੰਘ ਦੀ ਸਮੈਕ ਪੀਣ ਨਾਲ ਮੌਤ ਹੋਈ ਹੈ। ਉਨ੍ਹਾਂ ਦੇ ਪਰਿਵਾਰਕ ਮੈਂਬਰਾਂ, ਧਾਰਮਿਕ ਅਤੇ ਸਮਾਜਿਕ ਜਥੇਬੰਦੀਆਂ ਵੱਲੋਂ ਉਸ ਦੀ ਲਾਸ਼ ਨੂੰ ਲੈ ਕੇ ਸ਼ਹਿਰ 'ਚ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਤੋਂ ਬਾਅਦ ਲਾਸ਼ ਐਸ.ਡੀ.ਐਮ ਦਫਤਰ ਪੱਟੀ 'ਚ ਰੱਖ ਕੇ ਰੋਸ ਮੁਜ਼ਾਹਰਾ ਕੀਤਾ ਗਿਆ। ਇਸ ਮੌਕੇ ਪੀੜਤ ਪਰਿਵਾਰ ਨਾਲ ਸੱਤਾਧਾਰੀ ਪਾਰਟੀ ਦਾ ਕੋਈ ਆਗੂ ਜਾਂ ਕੌਂਸਲਰ ਅਫਸੋਸ ਕਰਨ ਤੱਕ ਨਹੀਂ ਪੁੱਜਾ ਜਿਸ ਦੇ ਚਲਦਿਆਂ ਕਾਂਗਰਸ ਤੇ ਆਮ ਆਦਮੀ ਪਾਰਟੀ ਦੇ ਸਿਆਸੀ ਆਗੂ ਸਿਆਸੀ ਲਾਹਾ ਲੈਣ ਲਈ ਇਕੋ ਮੰਚ ਤੇ ਇਕੱਠੇ ਨਜ਼ਰ ਆਏ। ਪੀੜਤ ਪਰਿਵਾਰ ਨੇ ਮੰਗ ਕੀਤੀ ਕਿ ਜਿਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਲਈ ਸਖਤ ਕਾਨੂੰਨ ਬਣਾਇਆ ਗਿਆ ਹੈ, ਉਸੇ ਤਰ੍ਹਾਂ ਨਸ਼ਿਆਂ ਖਿਲਾਫ ਵੀ ਸਖਤ ਕਾਨੂੰਨ ਬਣਾਇਆ ਜਾਵੇ। ਦੱਸਣਯੋਗ ਹੈ ਕਿ ਮਾਝੇ 'ਚ ਸੰਥੈਟਿਕ ਡਰੱਗ ਨਾਲ ਲਗਾਤਾਰ ਮੌਤਾਂ ਹੋ ਰਹੀਆਂ ਹਨ ਤੇ ਸਰਕਾਰ ਦਾ ਇਸ ਵੱਲ ਕੋਈ ਧਿਆਨ ਨਹੀਂ ਹੈ। ਮਾਝੇ ਦੇ ਕਈ ਸਿਆਸੀ ਲੀਡਰਾਂ 'ਤੇ ਵੀ ਨਸ਼ਾ ਮਾਫੀਆ ਨਾਲ ਮਿਲੇ ਹੋਣ ਦੇ ਇਲਜ਼ਾਮ ਲੱਗਦੇ ਹਨ।

# ਆਰਥਿਕ ਤੰਗੀ ਕਾਰਨ ਦੋ ਕਿਸਾਨਾਂ ਵੱਲੋਂ ਖੁਦਕੁਸ਼ੀ

**ਚੰਡੀਗੜ੍ਹ:** ਕਰਜ਼ੇ ਤੋਂ ਪਰੇਸ਼ਾਨ ਦੋ ਹੋਰ ਕਿਸਾਨਾਂ ਨੇ ਖੁਦਕੁਸ਼ੀ ਕਰ ਲਈ। ਇਨ੍ਹਾਂ ਵਿਚ ਸ਼ੇਰਪੁਰ ਦੇ ਪਿੰਡ ਰਾਮਨਗਰ ਛੰਨਾ ਦਾ ਕਿਸਾਨ ਸੁਰਜੀਤ ਸਿੰਘ ਅਤੇ ਬਰਨਾਲਾ ਦੇ ਪਿੰਡ ਵਿਧਾਤੇ ਦਾ ਨਿਰਭੈ ਸਿੰਘ ਸ਼ਾਮਲ ਹੈ। ਪਿੰਡ ਰਾਮਨਗਰ ਛੰਨਾ ਦੇ ਸੁਰਜੀਤ ਸਿੰਘ (52) ਨੇ ਜ਼ਹਿਰੀਲੀ ਦਵਾਈ ਪੀ ਲਈ। ਉਹ ਕਰਜ਼ ਲਾਹੁਣ ਲਈ ਜ਼ਮੀਨ ਵਿਕਣ ਕਾਰਨ ਪਰੇਸ਼ਾਨ ਸੀ।



ਇਸੇ ਤਰ੍ਹਾਂ ਕਰਜ਼ੇ ਦੇ ਦਬਾਅ ਕਾਰਨ ਪਿੰਡ ਵਿਧਾਤੇ ਦੇ ਕਿਸਾਨ ਨਿਰਭੈ ਸਿੰਘ (55) ਨੇ ਕੀਟਨਾਸ਼ਕ ਪੀ ਕੇ ਖੁਦਕੁਸ਼ੀ ਕਰ ਲਈ। ਉਸ ਕੋਲ ਢਾਈ ਕਿੱਲੇ ਜ਼ਮੀਨ ਸੀ।

ਘਾਟੇਬੰਦ ਖੇਤੀਬਾੜੀ ਸਦਕਾ ਉਸ ਦੇ ਸਿਰ ਨਿੱਜੀ, ਸਰਕਾਰੀ ਤੇ ਸਹਿਕਾਰੀ ਬੈਂਕਾਂ ਦਾ ਕੁੱਲ 7-8 ਲੱਖ ਦੇ ਕਰੀਬ ਕਰਜ਼ਾ ਚੜ੍ਹ ਗਿਆ। ਕਰਜ਼ਾ ਲਾਹੁਣ ਦੀ ਅਸਮਰਥਾ ਕਾਰਨ ਉਸ ਨੇ ਆਪਣੇ ਖੇਤ ਜਾ ਕੇ ਕੀਟਨਾਸ਼ਕ ਪੀ ਲਿਆ। ਉਸ ਦੀ ਮੌਕੇ ਉਤੇ ਹੀ ਮੌਤ ਹੋ ਗਈ।

# ਹਰ ਸਾਲ 50 ਹਜ਼ਾਰ ਲੋਕ ਹੁੰਦੇ ਨੇ ਆਵਾਰਾ ਕੁੱਤਿਆਂ ਦਾ ਸ਼ਿਕਾਰ

**ਸੰਗਰੂਰ:** ਦੇਸ਼ ਵਿਚ ਜਾਨਵਰਾਂ ਵੱਲੋਂ ਕੱਟੇ ਜਾਂਦੇ ਲੋਕਾਂ ਵਿਚੋਂ 96 ਫੀਸਦੀ ਲੋਕ ਆਵਾਰਾ ਕੁੱਤਿਆਂ ਦਾ ਸ਼ਿਕਾਰ ਹੀ ਹੁੰਦੇ ਹਨ, ਪਰ ਨਾ ਤਾਂ ਕੇਂਦਰ ਤੇ ਨਾ ਹੀ ਸੂਬਾ ਸਰਕਾਰਾਂ ਆਵਾਰਾ



ਕੁੱਤਿਆਂ ਦੀ ਵਧ ਰਹੀ ਗਿਣਤੀ ਨੂੰ ਰੋਕਣ ਲਈ ਸੰਜੀਦਾ ਹਨ। ਪੰਜਾਬ ਸਰਕਾਰ ਇਸ ਗੰਭੀਰ ਮੁੱਦੇ ਤੋਂ ਬਿਲਕੁਲ ਅਵੇਸਲੀ ਹੈ।

ਦੋ-ਤਿੰਨ ਦਹਾਕੇ ਪਹਿਲਾਂ ਸ਼ਹਿਰਾਂ 'ਚ ਨਗਰ ਕੌਂਸਲ ਤੇ ਪਿੰਡ ਵਿਚ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਆਵਾਰਾ ਕੁੱਤਿਆਂ ਨੂੰ ਖਤਮ ਕਰ ਦਿੱਤਾ ਜਾਂਦਾ ਸੀ, ਪਰ ਉਸ ਤੋਂ ਬਾਅਦ ਕੇਂਦਰ ਸਰਕਾਰ ਦੀ ਇਕ ਪਸ਼ੂ ਪ੍ਰੇਮੀ ਮੰਤਰੀ ਵੱਲੋਂ ਲਏ ਸਟੈਂਡ ਤੋਂ ਬਾਅਦ ਪਾਸ ਹੋਏ ਕਾਨੂੰਨ ਕਾਰਨ ਕੁੱਤੇ ਨੂੰ ਮਾਰਨਾ ਤਾਂ ਬੰਦ ਹੋ ਗਿਆ, ਪਰ ਇਨ੍ਹਾਂ ਦੀ ਨਸਬੰਦੀ ਵੱਲ ਕਿਸੇ ਨੇ ਧਿਆਨ ਨਹੀਂ ਦਿੱਤਾ, ਜਿਸ ਕਾਰਨ ਸੂਬੇ ਵਿਚ ਇਨ੍ਹਾਂ ਦੀ ਦਹਿਸ਼ਤ ਦਿਨ ਬ ਦਿਨ ਵਧ ਰਹੀ ਹੈ ਤੇ ਸੂਬੇ ਵਿਚ ਹਰ ਸਾਲ 50 ਹਜ਼ਾਰ ਦੇ ਕਰੀਬ ਲੋਕ ਇਨ੍ਹਾਂ ਆਵਾਰਾ ਕੁੱਤਿਆਂ ਦਾ ਸ਼ਿਕਾਰ ਹੋ ਰਹੇ ਹਨ। ਸੈਂਕੜਿਆਂ ਨੂੰ ਇਹ ਖੂੰਖਾਰ ਕੁੱਤੇ ਹਰ ਸਾਲ ਨੋਚ ਨੋਚ ਖਾ ਜਾਂਦੇ ਹਨ।

ਕੁੱਤੇ ਦੇ ਕੱਟੇ ਜਾਣ ਤੋਂ ਬਾਅਦ ਲੱਗਣ ਵਾਲੀ ਵੈਕਸੀਨ ਉਤੇ ਇਕ ਕੇਸ ਵਿਚ ਘੱਟੋ-ਘੱਟ ਦੋ ਹਜ਼ਾਰ ਰੁਪਏ ਦਾ ਖਰਚ ਆਉਂਦਾ ਹੈ। ਇਸ ਤਰ੍ਹਾਂ ਪੰਜਾਬ ਵਾਸੀਆਂ ਦਾ ਤਕਰੀਬਨ 10 ਕਰੋੜ ਰੁਪਈਆ ਪਸ਼ੂ ਪ੍ਰੇਮੀਆਂ ਦੀ ਜਿੱਦ ਦੀ ਬਲੀ ਚੜ੍ਹ ਜਾਂਦਾ ਹੈ। ਪਿੱਛੇ ਜਿਹੇ ਆਵਾਰਾ ਕੁੱਤਿਆਂ ਬਾਰੇ ਵੀ ਇਕ ਕੇਸ ਸੁਪਰੀਮ ਕੋਰਟ 'ਚ ਚਲਿਆ ਗਿਆ, ਜਿਸ 'ਤੇ ਸੁਣਵਾਈ ਕਰਦਿਆਂ ਸੁਪਰੀਮ ਕੋਰਟ ਦੇ ਸੂਬਿਆਂ ਤੇ ਨਗਰ ਨਿਗਮਾਂ ਨੂੰ ਹਦਾਇਤਾਂ ਦਿੱਤੀਆਂ ਸਨ ਕਿ ਉਹ ਆਵਾਰਾ ਕੁੱਤਿਆਂ ਦੀ ਨਸਬੰਦੀ ਤੇ ਟੀਕਾਕਰਨ ਸਬੰਧੀ ਜ਼ਰੂਰੀ ਕਾਰਵਾਈ ਕਰਨ, ਪਰ ਸਰਕਾਰਾਂ ਨੂੰ ਇਨ੍ਹਾਂ ਆਦੇਸ਼ਾਂ ਦੀ ਵੀ ਕੋਈ ਪਰਵਾਹ ਨਹੀਂ।

# ਗੁਰੂ ਗੋਬਿੰਦ ਸਿੰਘ ਦੇ ਜਨਮ ਦਿਹਾੜੇ ਲਈ ਪਟਨਾ ਵਿਚ ਜ਼ੋਰ-ਸ਼ੋਰ ਨਾਲ ਤਿਆਰੀਆਂ

**ਪਟਨਾ:** ਖਾਲਸਾ ਪੰਥ ਦੇ ਬਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਜਨਮ ਦਿਹਾੜੇ ਬਾਰੇ ਪਟਨਾ ਸਾਹਿਬ ਵਿਚ ਕਰਾਏ ਜਾਣ ਵਾਲੇ ਸਮਾਗਮਾਂ ਲਈ ਜ਼ੋਰ-ਸ਼ੋਰ ਨਾਲ ਤਿਆਰੀਆਂ ਚੱਲ ਰਹੀਆਂ ਹਨ। ਇਸ ਮੌਕੇ ਵੱਡੀ ਗਿਣਤੀ ਵਿਚ ਸੰਗਤ ਦੇ ਪਹੁੰਚਣ ਦੀ ਉਮੀਦ ਹੈ, ਜਿਸ ਕਾਰਨ ਗੰਗਾ ਦੇ ਘਾਟਾਂ ਨੂੰ ਸਜਾਉਣ ਤੋਂ ਇਲਾਵਾ ਪਟਨਾ ਸ਼ਹਿਰ ਤੇ ਗੁਰਦੁਆਰਿਆਂ ਨੂੰ ਜਾਂਦੀਆਂ ਸੜਕਾਂ ਨੂੰ ਚੌੜਾ ਕਰਨ ਅਤੇ ਗਲੀਆਂ ਦੀ ਸਫਾਈ ਦਾ ਕੰਮ ਜੰਗੀ ਪੱਧਰ ਉਤੇ ਚੱਲ ਰਿਹਾ ਹੈ। ਦਸਵੇਂ ਗੁਰੂ ਦਾ ਜਨਮ ਸਥਾਨ ਹੋਣ ਕਾਰਨ ਸਿੱਖ ਪਟਨਾ ਸਾਹਿਬ ਨੂੰ ਪਵਿੱਤਰ ਸਥਾਨ ਮੰਨਦੇ ਹਨ।



ਬਿਹਾਰ ਸਰਕਾਰ ਨੇ ਇਸ ਇਤਿਹਾਸਕ ਦਿਨ ਦੇ ਮੱਦੇਨਜ਼ਰ ਜਨਵਰੀ, 2017 ਵਿਚ ਸ਼ਾਨਦਾਰ ਸਮਾਗਮ ਕਰਾਉਣ ਦੀ ਯੋਜਨਾ ਬਣਾਈ ਹੈ ਅਤੇ ਇਸ ਨੂੰ ਬਿਹਤਰੀਨ ਢੰਗ ਨਾਲ ਨੇਪਰੇ ਚਾੜ੍ਹਨ ਲਈ ਤੇਜ਼ੀ ਨਾਲ ਤਿਆਰੀ ਕੀਤੀ ਜਾ ਰਹੀ ਹੈ। ਇਸ ਮੌਕੇ ਭਾਰਤ ਦੇ ਵੱਖ-ਵੱਖ ਹਿੱਸਿਆਂ ਤੋਂ ਇਲਾਵਾ ਕੈਨੇਡਾ, ਅਮਰੀਕਾ, ਇੰਗਲੈਂਡ ਅਤੇ ਆਸਟਰੇਲੀਆ ਸਮੇਤ ਹੋਰ ਮੁਲਕਾਂ ਤੋਂ ਸੰਗਤ ਦੇ ਆਉਣ ਦੀ ਉਮੀਦ ਹੈ। ਇਸ ਨੂੰ ਦੇਖਦਿਆਂ ਤੰਬੂਆਂ ਦਾ ਇਕ ਆਰਜ਼ੀ ਸ਼ਹਿਰ ਬਣਾਉਣ ਦੀ ਵੀ ਯੋਜਨਾ ਹੈ। ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਕੰਗਨ ਘਾਟ ਨੇੜੇ ਗੰਗਾ ਦੇ ਘਾਟ 'ਤੇ 75 ਏਕੜ ਰਕਬੇ ਵਿਚ ਤੰਬੂ ਦਾ ਇਕ ਅਸਥਾਈ ਸ਼ਹਿਰ ਬਣਾਉਣ ਦਾ ਪ੍ਰਸਤਾਵ ਹੈ। ਇਸ ਇਲਾਕੇ ਵਿਚ ਸੰਗਤ ਨੂੰ ਪਖਾਨੇ, ਬਿਜਲੀ, ਪਾਣੀ ਸਮੇਤ ਹੋਰ ਸਹੂਲਤਾਂ ਮੁਹੱਈਆ ਕਰਾਈਆਂ ਜਾਣਗੀਆਂ।

ਵੱਡੀ ਯੋਜਨਾ ਨੂੰ ਸੁਚਾਰੂ ਢੰਗ ਨਾਲ ਅਮਲੀ ਜਾਮਾ ਪਹਿਨਾਉਣ ਲਈ 7-8 ਕਮੇਟੀਆਂ ਤੇ ਉਪ ਕਮੇਟੀਆਂ ਕਾਇਮ ਕੀਤੀਆਂ ਗਈਆਂ ਹਨ। ਪਟਨਾ ਵਿਚ ਗੁਰੂ ਗੋਬਿੰਦ ਸਿੰਘ ਮਾਰਗ ਵਰਗੀਆਂ ਪੁਰਾਣੀਆਂ ਸੜਕਾਂ ਨੂੰ ਚੌੜਾ ਕਰਨ ਤੋਂ ਇਲਾਵਾ ਨਵੀਆਂ ਸੜਕਾਂ ਬਣਾਈਆਂ ਜਾ ਰਹੀਆਂ ਹਨ। ਸ਼ਹਿਰ ਵਿਚ ਗੰਗਾ ਦੇ ਘਾਟਾਂ ਦਾ ਵੀ ਮੁੜ ਨਿਰਮਾਣ ਕੀਤਾ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਸਾਲ 1666 ਵਿਚ ਪਟਨਾ ਵਿਚ ਜਨਮ ਹੋਇਆ ਸੀ। ਤਖਤ ਸ੍ਰੀ ਪਟਨਾ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਾ ਪ੍ਰਤੀਕ ਹੈ।

# ਕਰਜ਼ ਰਾਹਤ ਬਿੱਲ ਬਾਰੇ ਸਬ ਕਮੇਟੀ ਦੀਆਂ ਸਿਫਾਰਸ਼ਾਂ ਨੂੰ ਕੀਤਾ ਅਣਗੌਲਿਆ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਵੱਲੋਂ ਗੈਰ ਸੰਸਥਾਗਤ ਕਰਜ਼ੇ ਦੇ ਮਾਮਲੇ ਵਿਚ ਕਿਸਾਨਾਂ ਨੂੰ ਰਾਹਤ ਦੇਣ ਦੇ ਨਾਮ 'ਤੇ ਪਾਸ ਕੀਤੇ 'ਦਿ ਪੰਜਾਬ ਸੈਟਲਮੈਂਟ ਆਫ ਐਗਰੀਕਲਚਰਲ ਇਨਡੈਬਟਨੈੱਸ ਬਿੱਲ 2016' ਬਾਰੇ ਕੈਬਨਿਟ ਸਬ ਕਮੇਟੀ ਦੀਆਂ ਸਿਫਾਰਸ਼ਾਂ ਨਜ਼ਰ ਅੰਦਾਜ਼ ਕਰ ਦਿੱਤੀਆਂ ਗਈਆਂ।

ਸੂਬੇ ਦੇ ਖੁਰਾਕ ਤੇ ਸਿਵਲ ਸਪਲਾਈ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ ਦੀ ਪ੍ਰਧਾਨਗੀ ਹੇਠ ਬਣੀ ਸਬ ਕਮੇਟੀ ਨੇ ਇਹ ਐਕਟ ਬਣਾਉਣ ਦੀ ਬਜਾਏ ਪੰਜਾਬ ਰਾਜ ਖੇਤੀ ਉਤਪਾਦ ਮੰਡੀ ਕਾਨੂੰਨ 1961 ਸੋਧ ਬਿੱਲ ਲਿਆਉਣ ਦੀ ਸਿਫਾਰਸ਼ ਕੀਤੀ ਸੀ। ਕਈ ਹੋਰ ਸਿਫਾਰਸ਼ਾਂ ਵੀ ਕੀਤੀਆਂ ਗਈਆਂ ਸਨ ਜਿਨ੍ਹਾਂ ਨੂੰ ਨਵੇਂ ਬਿੱਲ ਦਾ ਹਿੱਸਾ ਨਹੀਂ ਬਣਾਇਆ ਗਿਆ। ਦੱਸਣਯੋਗ ਹੈ ਕਿ ਮਾਲ ਵਿਭਾਗ ਦੇ ਬਿੱਲ ਬਣਾਉਣ ਤੋਂ ਕੰਨੀਂ ਕਤਰਾਉਣ ਕਾਰਨ ਖੇਤੀਬਾੜੀ ਵਿਭਾਗ ਨੇ ਇਹ ਬਿੱਲ ਬਣਾਇਆ।

ਸੂਤਰਾਂ ਅਨੁਸਾਰ ਮੰਤਰੀ ਮੰਡਲ ਨੇ




ਕੈਬਨਿਟ ਸਬ ਕਮੇਟੀ ਬਣਾ ਕੇ ਕਮੇਟੀ ਨੂੰ ਸਬੰਧਤ ਧਿਰਾਂ ਦੀ ਰਾਇ ਨਾਲ ਸਿਫਾਰਸ਼ਾਂ ਦੇਣ ਦੀ ਜ਼ਿੰਮੇਵਾਰੀ ਸੌਂਪੀ ਸੀ। ਇਨ੍ਹਾਂ ਦੇ ਆਧਾਰ 'ਤੇ ਮਾਲ ਵਿਭਾਗ ਨੇ ਬਿੱਲ ਦੀ ਰੂਪ-ਰੇਖਾ ਤਿਆਰ ਕਰਨੀ ਸੀ। ਸਬ ਕਮੇਟੀ ਵੱਲੋਂ ਆੜ੍ਹਤੀ ਐਸੋਸੀਏਸ਼ਨ ਦੇ ਆਗੂਆਂ ਦੇ ਵਿਰੋਧ ਕਾਰਨ ਪੰਜਾਬ ਸਰਕਾਰ ਵੱਲੋਂ 2006 ਵਿਚ ਤਿਆਰ ਖੇਤੀ ਕਰਜ਼ ਰਾਹਤ ਬਿੱਲ 'ਤੇ ਚਰਚਾ ਦਾ ਵਿਚਾਰ ਤਿਆਗ ਦਿੱਤਾ ਗਿਆ। ਮਾਲ ਵਿਭਾਗ ਨੇ ਨਵਾਂ ਬਿੱਲ ਬਣਾਉਣ ਤੋਂ ਹੱਥ ਖਿੱਚ ਲਿਆ ਸੀ। ਵਿਧਾਨ ਸਭਾ ਦੇ 22 ਮਾਰਚ ਤੱਕ ਚੱਲੇ ਬਜਟ ਸੈਸ਼ਨ ਵਿਚ ਬਿੱਲ ਪਾਸ ਕਰਨਾ ਜ਼ਰੂਰੀ ਸੀ। ਇਸ ਲਈ ਇਸ ਬਿੱਲ ਦੀ ਜ਼ਿੰਮੇਵਾਰੀ ਖੇਤੀ ਵਿਭਾਗ ਦੇ ਅਧਿਕਾਰੀਆਂ ਨੂੰ ਸੌਂਪੀ ਦਿੱਤੀ ਗਈ ਸੀ।

ਸੂਤਰਾਂ ਅਨੁਸਾਰ 17 ਮਾਰਚ ਨੂੰ ਮਾਲ ਵਿਭਾਗ ਦੇ ਵਿੱਤ ਕਮਿਸ਼ਨਰ ਕੇ. ਬੀ. ਐਸ. ਸਿੱਧੂ ਨੇ ਆਦੇਸ਼ ਪ੍ਰਤਾਪ ਸਿੰਘ ਕੈਰੋਂ ਦੀ ਅਗਵਾਈ ਵਾਲੀ ਕੈਬਨਿਟ ਸਬ ਕਮੇਟੀ ਵੱਲੋਂ ਤਿਆਰ ਕੁਝ ਖਾਸ ਨੁਕਤੇ ਵਧੀਕ ਮੁੱਖ ਸਕੱਤਰ (ਵਿਕਾਸ) ਨੂੰ ਭੇਜ ਦਿੱਤੇ ਸਨ। ਕਾਨੂੰਨੀ ਅਤੇ ਪੇਸ਼ੇਵਾਰਾਨਾ ਰਾਇ ਲੈਣ ਤੋਂ ਬਾਅਦ ਇਹ ਨੁਕਤੇ ਮੁੜ ਕਮੇਟੀ ਸਾਹਮਣੇ ਰੱਖੇ ਜਾਣੇ ਸਨ ਅਤੇ ਕਮੇਟੀ ਨੇ ਸਿਫਾਰਸ਼ਾਂ ਕੈਬਨਿਟ ਕੋਲ ਰੱਖਣੀਆਂ ਸਨ ਪਰ ਕੈਬਨਿਟ ਸਬ ਕਮੇਟੀ ਦੀ ਮੁੜ ਮੀਟਿੰਗ ਹੀ ਨਹੀਂ ਹੋਈ। ਬਿੱਲ ਬਣਾਉਣ ਸਮੇਂ ਇਨ੍ਹਾਂ ਪ੍ਰਮੁੱਖ ਨੁਕਤਿਆਂ ਵਿਚੋਂ ਵੀ ਕਈ ਨੁਕਤਿਆਂ ਨੂੰ ਛੱਡ ਦਿੱਤਾ ਗਿਆ। ਸਰਕਾਰ ਨੇ ਮਹਿਜ਼ ਆਪਣਾ ਵਾਅਦਾ ਨਿਭਾਉਣ ਲਈ ਜਲਦਬਾਜ਼ੀ ਵਿਚ ਬਿੱਲ ਵਿਧਾਨ ਸਭਾ ਵਿਚ ਪੇਸ਼ ਕਰ ਦਿੱਤਾ।

ਸੂਤਰਾਂ ਅਨੁਸਾਰ ਕੈਬਨਿਟ ਸਬ ਕਮੇਟੀ ਨੇ ਕਿਹਾ ਸੀ ਕਿ ਪ੍ਰਨੋਟ ਦੀ ਅਨਿਸ਼ਚਿਤ ਸਮੇਂ ਤੱਕ ਦੁਰਵਰਤੋਂ ਰੋਕਣ ਲਈ ਇਸ ਨੂੰ ਕਾਨੂੰਨ ਵਿਚ ਦਰਜ ਕਰਨਾ ਚਾਹੀਦਾ ਹੈ ਅਤੇ ਇਸ ਦੀ ਵਾਜਬੀਅਤ ਲਿਮੀਟੇਸ਼ਨ ਐਕਟ 1963 ਅਤੇ ਇੰਡੀਅਨ ਕੰਟਰੈਕਟ ਐਕਟ 1872 ਦੇ ਅਧੀਨ ਲਿਆਉਣੀ ਚਾਹੀਦੀ ਹੈ। ਸ਼ਾਹੂਕਾਰਾ ਬਿਜ਼ਨਸ ਨੂੰ ਨਿਯਮਤ ਕਰਨ ਲਈ ਪੰਜਾਬ ਖੇਤੀ ਉਤਪਾਦ ਮੰਡੀ ਕਾਨੂੰਨ 1961 ਤਹਿਤ ਇਕ ਢੁਕਵੀਂ ਏਜੰਸੀ ਬਣਾਉਣ ਦੀ ਤਜਵੀਜ਼ ਪੇਸ਼ ਕੀਤੀ ਗਈ ਸੀ। ਅਜਿਹਾ ਕਰਨ ਲਈ ਵੱਖਰਾ ਕਾਨੂੰਨ ਜਾਂ ਪਹਿਲਾਂ ਬਣੇ ਮੰਡੀਕਰਨ ਕਾਨੂੰਨ ਵਿਚ ਸੋਧ ਚਾਹੀਦੀ ਸੀ ਪਰ ਨਵੇਂ ਬਿੱਲ ਵਿੱਚ ਇਨ੍ਹਾਂ ਦੋਵੇਂ ਮਹੱਤਵਪੂਰਨ ਸਿਫਾਰਸ਼ਾਂ ਨੂੰ ਨਜ਼ਰ ਅੰਦਾਜ਼ ਕਰ ਦਿੱਤਾ ਗਿਆ।

ਵਿਧਾਨ ਸਭਾ ਵਿਚ ਵੀ ਇਸ ਬਿੱਲ 'ਤੇ ਗੰਭੀਰ ਚਰਚਾ ਨਹੀਂ ਹੋਈ ਅਤੇ ਬਿੱਲ ਨੂੰ ਪੇਸ਼ ਤੇ ਚਰਚਾ ਕਰਨ ਸਮੇਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਸਦਨ ਵਿਚੋਂ ਚਲੇ ਗਏ ਸਨ। ਸੂਤਰਾਂ ਅਨੁਸਾਰ ਬਿੱਲ 'ਤੇ ਮੰਤਰੀ ਮੰਡਲ ਵਿਚ ਕੁਝ ਮਤਭੇਦ ਵੀ ਸਨ, ਪਰ ਵਿਧਾਨ ਸਭਾ ਵਿਚ ਸੱਤਾਧਾਰੀ ਧਿਰ ਵੱਲੋਂ ਕਿਸੇ ਨੇ ਕੋਈ ਵੱਖਰੀ ਟਿੱਪਣੀ ਨਹੀਂ ਕੀਤੀ।

# ਬਠਿੰਡੇ ਤੋਂ ਜਹਾਜ਼ ਉਡਾਉਣ ਲਈ ਕੰਪਨੀਆਂ ਨੂੰ ਰਿਆਇਤਾਂ ਦਾ ਚੋਗਾ

**ਬਠਿੰਡਾ:** ਕੇਂਦਰ ਸਰਕਾਰ ਵੱਲੋਂ ਖੇਤਰੀ ਹਵਾਈ ਸੰਪਰਕ ਨੀਤੀ ਬਣਾਏ ਜਾਣ ਨਾਲ ਪੰਜਾਬ ਸਰਕਾਰ ਨੂੰ ਬਠਿੰਡਾ ਹਵਾਈ ਅੱਡੇ ਤੋਂ ਉਡਾਣਾਂ ਸ਼ੁਰੂ ਹੋਣ ਦੀ ਉਮੀਦ ਬੱਝੀ ਹੈ, ਪਰ ਇਸ ਵਾਸਤੇ ਹਵਾਈ ਕੰਪਨੀਆਂ ਨੂੰ ਰਿਆਇਤਾਂ ਦੇ ਗੱਫੇ ਦੇਣੇ ਪੈਣਗੇ। ਕੇਂਦਰ ਸਰਕਾਰ ਦੀ ਇਸ ਨੀਤੀ ਦਾ ਉਦੇਸ਼ ਦੇਸ਼ ਦੇ ਸੁੰਨੇ ਪਏ ਹਵਾਈ ਅੱਡਿਆਂ ਉਤੇ ਰੌਣਕ ਭਰਨਾ ਹੈ, ਪਰ ਇਹ ਨੀਤੀ ਸੂਬਾ ਸਰਕਾਰਾਂ ਦੇ ਖ਼ਜ਼ਾਨਿਆਂ 'ਤੇ ਭਾਰੀ ਪਵੇਗੀ।



ਮਿਲੀ ਜਾਣਕਾਰੀ ਅਨੁਸਾਰ ਨਵੀਂ ਕੇਂਦਰੀ ਨੀਤੀ ਅਨੁਸਾਰ ਪੰਜਾਬ ਸਰਕਾਰ ਨੂੰ ਹਵਾਈ ਕੰਪਨੀਆਂ ਨੂੰ ਏਅਰ ਟਰਬਾਈਨ ਫਿਊਲ ਵਿਚ ਇਕ ਫੀਸਦੀ ਤੋਂ ਵੀ ਘੱਟ ਵੈਟ ਲਾਉਣਾ ਪਵੇਗਾ। ਸੂਬਾ ਸਰਕਾਰ ਇਹ ਐਲਾਨ ਪਹਿਲਾਂ ਹੀ ਕਰ ਚੁੱਕੀ ਹੈ। ਹਵਾਈ ਅੱਡੇ 'ਤੇ ਸੁਰੱਖਿਆ ਅਤੇ ਫਾਇਰ ਇੰਤਜ਼ਾਮਾਂ ਦਾ ਸਾਰਾ ਖਰਚਾ ਸੂਬਾ ਸਰਕਾਰ ਨੂੰ ਚੁੱਕਣਾ ਪਵੇਗਾ। ਇਸੇ ਤਰ੍ਹਾਂ ਬਿਜਲੀ-ਪਾਣੀ ਤੇ ਹੋਰ ਸਹੂਲਤਾਂ ਰਿਆਇਤੀ ਦਰਾਂ 'ਤੇ ਦੇਣੀਆਂ ਪੈਣਗੀਆਂ। ਜਹਾਜ਼ਾਂ ਨੂੰ ਪੂਰੇ ਯਾਤਰੀ ਨਾ ਮਿਲਣ ਦੀ ਸੂਰਤ ਵਿਚ ਪੈਣ ਵਾਲੇ ਘਾਟੇ ਦੀ ਪੂਰਤੀ ਲਈ 20 ਫੀਸਦੀ ਖਰਚਾ ਸੂਬਾ ਸਰਕਾਰ ਨੂੰ ਚੁੱਕਣਾ ਪਵੇਗਾ। ਇਸ ਤੋਂ ਇਲਾਵਾ ਹਵਾਈ ਕੰਪਨੀਆਂ ਨੂੰ ਲੈਂਡਿੰਗ ਤੇ ਪਾਰਕਿੰਗ ਚਾਰਜਜ਼ ਤੇ ਏਅਰ ਕੰਟਰੋਲ ਸੇਵਾਵਾਂ ਦੇ ਚਾਰਜਜ਼ ਤੋਂ ਵੀ ਛੋਟ ਦੇਣੀ ਪਵੇਗੀ।

ਏਅਰਪੋਰਟ ਅਥਾਰਟੀ ਆਫ ਇੰਡੀਆ ਨੇ ਪੰਜਾਬ ਸਰਕਾਰ ਨੂੰ ਦੱਸਿਆ ਹੈ ਕਿ ਹਵਾਈ ਕੰਪਨੀਆਂ ਕੋਲੋਂ ਆਰਡਰ ਮੁਤਾਬਕ ਜੋ ਜਹਾਜ਼ ਡਲਿਵਰ ਹੋ ਰਹੇ ਹਨ, ਨੂੰ ਉਡਾਣਾਂ 'ਤੇ ਲਾਇਆ ਜਾ ਰਿਹਾ ਹੈ। ਪੰਜਾਬ ਸਰਕਾਰ ਨਵੀਂ ਕੇਂਦਰੀ ਨੀਤੀ ਤਹਿਤ ਖਰਚਾ ਚੁੱਕਣ ਨੂੰ ਤਿਆਰ ਹੈ। ਸੂਬਾ ਸਰਕਾਰ ਆਗਾਮੀ ਚੋਣਾਂ ਤੋਂ ਪਹਿਲਾਂ ਬਠਿੰਡਾ ਦੇ ਹਵਾਈ ਅੱਡੇ ਤੋਂ ਉਡਾਣਾਂ ਸ਼ੁਰੂ ਕਰਨਾ ਚਾਹੁੰਦੀ ਹੈ। ਸ਼ਹਿਰੀ ਹਵਾਬਾਜ਼ੀ ਵਿਭਾਗ ਦੇ ਪ੍ਰਮੁੱਖ ਸਕੱਤਰ ਵਿਸ਼ਵਾਜੀਤ ਖੰਨਾ ਨੇ ਕਿਹਾ ਕਿ ਉਹ ਕੇਂਦਰ ਸਰਕਾਰ ਦੀ ਨਵੀਂ ਖੇਤਰੀ ਸੰਪਰਕ ਨੀਤੀ ਤਹਿਤ ਹੁਕਮ ਉਡੀਕ ਰਹੇ ਹਨ ਜਿਸ ਤਹਿਤ ਬਠਿੰਡਾ ਦਾ ਹਵਾਈ ਅੱਡਾ ਚਾਲੂ ਕੀਤਾ ਜਾਵੇਗਾ। ਨਵੀਂ ਨੀਤੀ ਪੰਜਾਬ ਲਈ ਲਾਹੇ ਵਾਲੀ ਰਹੇਗੀ ਅਤੇ ਮੁਢਲੇ ਪੜਾਅ 'ਤੇ ਛੋਟੇ ਜਹਾਜ਼ ਚਲਾਉਣ ਦੀ ਯੋਜਨਾ ਹੈ।

### ਹੁਣ ਤੱਕ ਕੇਂਦਰ ਦੀ ਅਣਦੇਖੀ ਦਾ ਹੋਣਾ ਪਿਆ ਸ਼ਿਕਾਰ

**ਚੰਡੀਗੜ੍ਹ:** ਬਠਿੰਡਾ ਦਾ ਹਵਾਈ ਅੱਡਾ ਤਕਰੀਬਨ ਸਾਢੇ ਤਿੰਨ ਸਾਲ ਪਹਿਲਾਂ 30 ਅਕਤੂਬਰ 2012 ਨੂੰ ਮੁਕੰਮਲ ਹੋ ਗਿਆ ਸੀ। ਕੇਂਦਰ ਸਰਕਾਰ ਨੇ ਬਠਿੰਡਾ ਦੇ ਹਵਾਈ ਅੱਡੇ ਨੂੰ ਅਣਗੌਲਿਆ ਕਰੀ ਰੱਖਿਆ। ਮਾਲਵਾ ਖਿੱਤੇ ਦਾ ਇਹ ਇਕਲੌਤਾ ਪ੍ਰੋਜੈਕਟ ਹੈ ਜੋ ਉਦਘਾਟਨ ਲਈ ਤਿਆਰ ਬਰ ਤਿਆਰ ਹੈ। ਕੇਂਦਰ ਤੇ ਪੰਜਾਬ ਸਰਕਾਰ ਵੱਲੋਂ ਇਸ ਹਵਾਈ ਅੱਡੇ 'ਤੇ ਤਕਰੀਬਨ 40 ਕਰੋੜ ਰੁਪਏ ਖਰਚ ਕੀਤੇ ਗਏ ਹਨ। ਇਸ ਹਵਾਈ ਅੱਡੇ ਲਈ ਪਿੰਡ ਵਿਰਕ ਕਲਾਂ ਦੀ 37 ਏਕੜ ਜ਼ਮੀਨ ਐਕੁਆਇਰ ਕੀਤੀ ਗਈ ਸੀ। ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰਾਲੇ ਨੇ ਇਸ ਹਵਾਈ ਅੱਡੇ ਤੋਂ ਸਪਾਈਸਜੈੱਟ ਅਤੇ ਇੰਡੀਗੋ ਨੂੰ ਉਡਾਣਾਂ ਭਰਨ ਦੀ ਪ੍ਰਵਾਨਗੀ ਦੇ ਦਿੱਤੀ ਸੀ, ਪਰ ਹਵਾਈ ਕੰਪਨੀਆਂ ਨੇ ਇਥੋਂ ਜਹਾਜ਼ ਉਡਾਉਣ ਵਿਚ ਰੁਚੀ ਨਹੀਂ ਦਿਖਾਈ। ਹੁਣ ਨਵੀਂ ਖੇਤਰੀ ਸੰਪਰਕ ਪਾਲਿਸੀ ਹੀ ਬਠਿੰਡਾ ਹਵਾਈ ਅੱਡੇ ਤੋਂ ਉਡਾਣਾਂ ਸ਼ੁਰੂ ਕਰਨ ਦਾ ਇਕਲੌਤਾ ਹੱਲ ਬਚਿਆ ਹੈ।

## ਅਸਲਾ ਲਾਇਸੈਂਸਾਂ ਉਤੇ ਵੀ ਲੱਗੇਗੀ ਸਿਆਸੀ ਮੋਹਰ

**ਚੰਡੀਗੜ੍ਹ:** ਪੰਜਾਬ ਵਿਚ ਨਵੇਂ ਅਸਲਾ ਲਾਇਸੈਂਸ ਬਣਵਾਉਣ ਲਈ ਅਸਲਾ ਫਾਰਮਾਂ ਉਤੇ ਹੁਣ ਅਧਿਕਾਰੀਆਂ ਦੀ ਥਾਂ ਤੇ ਸਿਆਸੀ 'ਅਹਿਲਕਾਰਾਂ' ਦੀ ਮੋਹਰ ਲਗਵਾਉਣੀ ਜ਼ਰੂਰੀ ਕਰਾਰ ਦੇ ਦਿੱਤੀ ਗਈ ਹੈ।

ਲੋਕਾਂ ਦੀ ਹੁੰਦੀ ਖੱਜਲ ਖੁਆਰੀ ਰੋਕਣ ਲਈ ਫਾਰਮ ਸੁਵਿਧਾ ਕੇਂਦਰਾਂ ਵਿਚੋਂ ਉਪਲਬਧ ਕਰਵਾਏ ਜਾ ਰਹੇ ਹਨ, ਪਰ ਅਸਲੇ ਦੇ ਨਵੇਂ ਫਾਰਮ ਲੈਣ ਲਈ ਵਧੀਕ ਡਿਪਟੀ ਕਮਿਸ਼ਨਰ ਤੋਂ ਅਰਜ਼ੀ ਮਾਰਕ ਹੋਣ ਉਪਰੰਤ ਹੀ ਫਾਰਮ ਦਿੱਤਾ ਜਾ ਰਿਹਾ ਹੈ। ਜਿਸ ਨਾਲ ਲੋਕਾਂ ਲਈ ਫਾਰਮ ਹਾਸਲ ਕਰਨਾ ਖੱਜਲ ਖੁਆਰੀ ਹੁੰਦੀ ਹੈ।

ਆਮ ਆਦਮੀ ਪਾਰਟੀ ਤੇ ਕਾਂਗਰਸ ਦਾ ਇਲਜ਼ਾਮ ਹੈ ਕਿ ਏ.ਡੀ.ਸੀ. ਸਿਰਫ ਉਹੀ ਅਰਜ਼ੀ ਮਾਰਕ ਕਰਦੇ ਹਨ, ਜਿਸ 'ਤੇ ਸੱਤਾਧਾਰੀ ਪਾਰਟੀ ਦੇ ਹਲਕਾ ਇੰਚਾਰਜ ਦੀ ਮੋਹਰ ਲੱਗੀ ਹੁੰਦੀ ਹੈ। ਅਕਾਲੀ ਦਲ ਦੇ ਹੋਰ ਪਹਿਲੀ ਕਤਾਰ ਦੇ ਆਗੂ ਮਾਯੂਸ ਹਨ ਕਿ ਜ਼ਿਲ੍ਹਾ ਜਥੇਦਾਰ, ਸਰਕਲ ਪ੍ਰਧਾਨਾਂ ਅਤੇ ਹੋਰ ਲੋਕ ਪ੍ਰਤੀਨਿਧੀਆਂ ਦੀ ਕੋਈ ਵੁੱਕਤ ਨਹੀਂ ਰਹੀ। ਵਿਰੋਧੀ ਪਾਰਟੀਆਂ ਦੇ ਆਗੂਆਂ ਦਾ ਕਹਿਣਾ ਹੈ ਕਿ ਪੰਜਾਬ 'ਚ ਵਿਰੋਧੀ ਧਿਰ ਦੇ ਵਰਕਰਾਂ ਦੀ ਕੋਈ ਗੱਲ ਨਹੀਂ ਪੁੱਗਦੀ, ਪਰ ਅਕਾਲੀ ਦਲ ਦੇ ਵਰਕਰ ਆਪਣੇ ਲੀਡਰਾਂ ਦੀ ਸਵੱਲੀ ਨਜ਼ਰ ਸਦਕਾ ਅਸਲਾ ਲਾਇਸੈਂਸ ਧੜੱਲੇ ਨਾਲ ਬਣਵਾ ਰਹੇ ਹਨ।

## ਔਰਬਿਟ ਕਾਂਡ: ਮ੍ਰਿਤਕਾ ਦਾ ਭਰਾ ਵੀ ਬਿਆਨਾਂ ਤੋਂ ਪਲਟਿਆ

**ਮੋਗਾ:** ਇਥੋਂ ਦਾ ਬਹੁ ਚਰਚਿਤ ਔਰਬਿਟ ਬੱਸ ਕਾਂਡ ਇਕ ਨਵੇਂ ਮੋੜ 'ਤੇ ਆ ਖੜ੍ਹਾ ਹੈ ਅਤੇ ਅਦਾਲਤ ਵਿਚ ਮੁੱਖ ਗਵਾਹਾਂ ਵਿਚ ਸ਼ਾਮਲ ਮ੍ਰਿਤਕ ਅਰਸ਼ਦੀਪ ਕੌਰ ਦਾ ਭਰਾ ਅਕਾਸ਼ਦੀਪ ਸਿੰਘ ਨੇ ਵੀ ਕਿਸੇ ਵੀ ਮੁਜਰਮ ਨੂੰ ਪਛਾਨਣ ਤੋਂ ਇਨਕਾਰ ਕਰ ਦਿੱਤਾ। ਇਕ ਹੋਰ ਮੁੱਖ ਗਵਾਹ ਰਣਜੀਤ ਸਿੰਘ ਜਿਸ ਨੇ ਹੀ ਦੱਸਿਆ ਸੀ ਕਿ ਘਟਨਾ ਵਾਲੇ ਦਿਨ ਔਰਬਿਟ ਬੱਸ ਨੂੰ ਕੌਣ ਚਲਾ ਰਿਹਾ ਸੀ ਅਤੇ ਕੰਡਕਟਰ ਸਮੇਤ ਹੋਰ ਕਿਹੜੇ ਕਿਹੜੇ ਸਹਾਇਕ ਤਾਇਨਾਤ ਸਨ, ਵੀ ਅਦਾਲਤ ਵਿਚ ਮੌਜੂਦ ਸੀ।




ਰਣਜੀਤ ਸਿੰਘ ਦੇ ਬਿਆਨਾਂ ਦੇ ਆਧਾਰ 'ਤੇ ਹੀ ਪੁਲਿਸ ਨੇ ਸੁਖਵਿੰਦਰ ਸਿੰਘ ਉਰਫ ਪੰਮਾ ਵਾਸੀ ਬੋਹਰ, ਗੁਰਦੀਪ ਸਿੰਘ ਉਰਫ ਜਿੰਮੀ ਵਾਸੀ ਮੋਗਾ, ਰਣਜੀਤ ਸਿੰਘ ਵਾਸੀ ਚੱਕਰਾਮ ਸਿੰਘ ਬਠਿੰਡਾ ਅਤੇ ਅਮਰ ਰਾਮ ਵਾਸੀ ਚੱਕਭਗਤੂ ਬਠਿੰਡਾ ਖਿਲਾਫ਼ ਥਾਣਾ ਬਾਘਾ ਪੁਰਾਣਾ ਵਿਖੇ ਮਾਮਲਾ ਦਰਜ ਕੀਤਾ ਸੀ।

ਜ਼ਿਕਰਯੋਗ ਹੈ ਕਿ 11 ਦਸੰਬਰ 2015 ਦੀ ਸੁਣਵਾਈ ਸਮੇਂ ਮ੍ਰਿਤਕ ਲੜਕੇ ਦੇ ਪਿਤਾ ਸੁਖਦੇਵ ਸਿੰਘ ਨੇ ਵੀ ਅਦਾਲਤ ਵਿਚ ਕੋਈ ਵੀ ਜਾਣਕਾਰੀ ਦੇਣ ਤੋਂ ਇਨਕਾਰ ਕਰ ਦਿੱਤਾ ਸੀ ਤੇ 9 ਫਰਵਰੀ ਦੀ ਸੁਣਵਾਈ ਸਮੇਂ ਅਰਸ਼ਦੀਪ ਦੀ ਮਾਂ ਛਿੰਦਰ ਕੌਰ ਜੋ ਚਸ਼ਮਦੀਦ ਅਤੇ ਮੁੱਖ ਗਵਾਹ ਮੰਨੀ ਜਾਂਦੀ ਸੀ, ਨੇ ਵੀ ਕਿਸੇ ਵੀ ਵਿਅਕਤੀ ਨੂੰ ਪਛਾਨਣ ਤੋਂ ਇਨਕਾਰ ਕਰ ਦਿੱਤਾ ਸੀ। ਦੂਜੇ ਪਾਸੇ ਮਾਮਲੇ ਵਿਚ ਨਾਮਜ਼ਦ ਲੋਕਾਂ ਦੇ ਵਕੀਲਾਂ ਵੱਲੋਂ ਅਦਾਲਤ ਨੂੰ ਜ਼ਮਾਨਤ ਦੀ ਅਰਜ਼ੀ ਦਾਇਰ ਕੀਤੀ।

## ਸ਼ਿਵ ਸੈਨਾ ਵਿਰੁਧ ਸਿੱਖ ਸੜਕਾਂ ਉਤੇ

**ਜਲੰਧਰ (ਪੰਜਾਬ ਟਾਈਮਜ਼ ਬਿਊਰੋ):** ਨਵਾਂ ਸ਼ਹਿਰ ਵਿਚ ਹਿੰਦੂ ਸ਼ਿਵ ਸੈਨਾ ਆਗੂ ਅਭਿਸ਼ੇਕ ਬੱਤਾ ਦੀ ਹਾਦਸੇ ਵਿਚ ਮੌਤ ਤੋਂ ਬਾਅਦ ਕੁਝ ਸਿੱਖਾਂ ਨਾਲ ਬਦਸਲੂਕੀ ਤੇ ਲੰਗਰ 'ਚ ਨਿਸ਼ਾਨ ਸਾਹਿਬ ਦੀ ਕੀਤੀ ਗਈ ਬੇਅਦਬੀ ਦੇ ਰੋਸ ਵਜੋਂ ਕੰਪਨੀ ਬਾਗ ਚੌਕ ਵਿਚ ਸਿੱਖ ਜਥੇਬੰਦੀਆਂ ਨੇ ਜਾਮ ਲਗਾ ਦਿੱਤਾ ਹੈ।

ਸਿੱਖ ਭਾਈਚਾਰੇ ਨਾਲ ਜੁੜੇ ਲੋਕਾਂ ਨੇ ਪਹਿਲਾਂ ਧਰਨਾ ਦਿੱਤਾ ਤੇ ਫਿਰ ਟਾਇਰ ਫੂਕ ਕੇ ਪ੍ਰਦਰਸ਼ਨ ਕੀਤਾ। ਇਸ ਕਾਰਨ ਸਾਰੇ ਸ਼ਹਿਰ ਦਾ ਟ੍ਰੈਫਿਕ ਪ੍ਰਭਾਵਤ ਹੋਇਆ ਹੈ। ਪੁਲਿਸ ਨੇ ਟ੍ਰੈਫਿਕ ਠੀਕ ਕਰਵਾਉਣ ਲਈ ਕਈ ਰੂਟ ਵੀ ਬਦਲੇ। ਪੁਲਿਸ ਦਾ ਕਹਿਣਾ ਹੈ ਕਿ ਕਿਸੇ ਨੂੰ ਵੀ ਕਾਨੂੰਨ ਵਿਵਸਥਾ ਹੱਥ ਨਹੀਂ ਲੈਣ ਦਿੱਤੀ ਜਾਵੇਗੀ। ਸਿੱਖ ਜਥੇਬੰਦੀਆਂ ਦਾ ਕਹਿਣਾ ਹੈ ਕਿ ਸ਼ਿਵ ਸੈਨਾ ਆਗੂਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ ਤਾਂ ਕਿ ਮੁੜ ਕੋਈ ਅਜਿਹੀ ਘਟਨਾ ਨਾ ਹੋਵੇ। ਦੱਸਣਯੋਗ ਹੈ ਕਿ ਸੜਕ ਹਾਦਸੇ ਵਿਚ ਹਿੰਦੂ ਸ਼ਿਵ ਸੈਨਾ ਦੇ ਪੰਜਾਬ ਪ੍ਰਧਾਨ ਅਭਿਸ਼ੇਕ ਬੱਤਾ ਦੀ ਮੌਤ ਹੋ ਗਈ ਸੀ।

ਸ਼ਿਵ ਸੈਨਿਕਾਂ ਨੇ ਸਿਵਲ ਹਸਪਤਾਲ ਨੇੜੇ ਆਵਾਜਾਈ ਰੋਕ ਕੇ ਹੰਗਾਮਾ ਕਰਦਿਆਂ ਇਕ ਅੰਮ੍ਰਿਤਧਾਰੀ ਸਿੱਖ ਨੌਜਵਾਨ ਸਮੇਤ ਹੋਰ ਰਾਹਗੀਰਾਂ ਨਾਲ ਕੁੱਟਮਾਰ ਕੀਤੀ ਗਈ, ਪਰ ਪੁਲਿਸ ਮੂਕ ਦਰਸ਼ਕ ਬਣੀ ਰਹੀ ਸੀ।



### ਸ਼੍ਰੋਮਣੀ ਕਮੇਟੀ ਵਲੋਂ ਕਾਰਵਾਈ ਦੀ ਮੰਗ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਸਿੱਖਾਂ ਵਿਰੁੱਧ ਭੱਦੀ ਸ਼ਬਦਾਵਲੀ ਵਰਤਣ, ਇਕ ਅੰਮ੍ਰਿਤਧਾਰੀ ਸਿੱਖ ਨੂੰ ਕੁੱਟਣ ਤੇ ਕਕਾਰਾਂ ਦੀ ਬੇਅਦਬੀ ਕਰਨ ਵਾਲੇ ਸ਼ਿਵ ਸੈਨਿਕ ਵਰਕਰਾਂ ਵਿਰੁੱਧ ਐਸ.ਐਸ.ਪੀ. ਨਵਾਂ ਸ਼ਹਿਰ ਨੂੰ ਸਖਤ ਰੋਸ ਜ਼ਾਹਰ ਕਰਦਿਆਂ ਕਾਰਵਾਈ ਕਰਨ ਲਈ ਕਿਹਾ ਹੈ। ਉਨ੍ਹਾਂ ਦੱਸਿਆ ਕਿ ਸ਼ਿਵ ਸੈਨਿਕਾਂ ਵੱਲੋਂ ਪੁਲਿਸ ਦੀ ਹਾਜ਼ਰੀ ਵਿਚ ਸਿੱਖਾਂ ਵਿਰੁੱਧ ਭੱਦੀ ਸ਼ਬਦਾਵਲੀ ਵਰਤੀ ਗਈ ਤੇ ਇਕ ਅੰਮ੍ਰਿਤਧਾਰੀ ਸਿੱਖ ਨੂੰ ਦੋ ਵਾਰ ਉਸੇ ਜਗ੍ਹਾ 'ਤੇ ਬੇਰਹਿਮੀ ਨਾਲ ਕੁੱਟਿਆ ਗਿਆ ਜੋ ਕਿ ਪੁਲਿਸ ਦੀ ਕਾਰਗੁਜ਼ਾਰੀ ਉਪਰ ਵੀ ਸਵਾਲ ਖੜ੍ਹੇ ਕਰਦਾ ਹੈ।

## ਅਲਬਰਟਾ ਵਿਚ ਪੰਜਾਬੀ ਨੇ ਕਰਵਾਈ ਬੱਲੇ ਬੱਲੇ

**ਅਲਬਰਟਾ:** ਕੈਨੇਡਾ ਦੇ ਅਲਬਰਟਾ ਸੂਬੇ ਦੀ ਕੈਲੇਗਰੀ-ਗਰੀਨਵੇਅ ਹਲਕੇ ਦੀ ਜ਼ਿਮਨੀ ਚੋਣ ਵਿਚ ਪ੍ਰਭਜੀਤ ਸਿੰਘ ਗਿੱਲ ਉਰਫ ਪ੍ਰਭ ਗਿੱਲ ਨੇ ਜਿੱਤ ਪ੍ਰਾਪਤ ਕੀਤੀ ਹੈ। ਪ੍ਰਭ ਗਿੱਲ ਦਾ ਸਬੰਧ ਪ੍ਰੋਗਰੈਸਿਵ ਕੰਜ਼ਰਵਿਟੇਵ ਪਾਰਟੀ ਨਾਲ ਹੈ।

ਸਿੱਖ ਵਿਧਾਇਕ ਮਨਮੀਤ ਸਿੰਘ ਭੁੱਲਰ ਦੀ ਸੜਕ ਹਾਦਸੇ ਵਿਚ ਮੌਤ ਤੋਂ ਬਾਅਦ ਇਸ ਹਲਕੇ ਦੀ ਸੀਟ ਖਾਲੀ ਹੋ ਗਈ ਸੀ। ਪ੍ਰਭ ਗਿੱਲ ਨੇ ਦਵਿੰਦਰ ਸਿੰਘ ਤੂਰ ਨੂੰ ਹਰਾਇਆ ਹੈ। ਪੰਜਾਬੀਆਂ ਦੀ ਸੰਘਣੀ ਆਬਾਦੀ ਵਾਲੇ ਇਸ ਇਲਾਕੇ ਵਿਚ ਪੰਜਾਬੀ ਉਮੀਦਵਾਰਾਂ ਵਿਚਾਲੇ ਹੀ ਆਪਸੀ ਟੱਕਰ ਸੀ। ਪ੍ਰਭ ਗਿੱਲ ਦੀ ਜਿੱਤ ਦਾ ਐਲਾਨ ਹੋਣ ਤੋਂ ਬਾਅਦ ਉਨ੍ਹਾਂ ਦੇ ਸਮਰਥਕਾਂ ਵਿਚਾਲੇ ਖੁਸ਼ੀ ਦੀ ਲਹਿਰ ਦੌੜ ਗਈ। ਪ੍ਰਭ ਗਿੱਲ ਪੇਸ਼ੇ ਤੋਂ ਸੰਪਤੀ ਦਾ ਕਾਰੋਬਾਰ ਕਰਦਾ ਹੈ। ਚੋਣ ਜਿੱਤਣ ਤੋਂ ਬਾਅਦ ਉਨ੍ਹਾਂ ਆਖਿਆ ਕਿ ਮਰਹੂਮ ਵਿਧਾਇਕ ਮਨਮੀਤ ਸਿੰਘ ਭੁੱਲਰ ਦੀ ਸੋਚ ਨੂੰ ਸਾਕਾਰ ਕਰਨ ਲਈ ਉਹ ਕਦਮ ਚੁੱਕਣਗੇ।

## ਜਾਟ ਅੰਦੋਲਨ: 2091 ਖਿਲਾਫ ਕੇਸ ਦਰਜ, 450 ਕੀਤੇ ਗ੍ਰਿਫਤਾਰ

**ਪੰਚਕੂਲਾ:** ਹਰਿਆਣਾ ਅੰਦਰ ਜਾਟ ਅੰਦੋਲਨ ਦੌਰਾਨ ਹੋਈ ਹਿੰਸਾ, ਲੁੱਟ-ਖਸੁੱਟ ਅਤੇ ਅੱਗ ਲਗਾਉਣ ਦੀਆਂ ਘਟਨਾਵਾਂ ਦੇ ਚੱਲਦਿਆਂ ਪੁਲਿਸ ਨੇ 2091 ਵਿਅਕਤੀਆਂ ਖਿਲਾਫ਼ ਮਾਮਲੇ ਦਰਜ ਕੀਤੇ ਹਨ, ਜਦਕਿ 450 ਦੇ ਕਰੀਬ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

ਹਰਿਆਣਾ ਪੁਲਿਸ ਦੇ ਡੀ.ਜੀ.ਪੀ. ਯਸ਼ਪਾਲ ਸਿੰਘ ਦਾ ਕਹਿਣਾ ਹੈ ਕਿ ਸੂਬੇ ਅੰਦਰ ਸਥਿਤੀ ਪੂਰੇ ਕੰਟਰੋਲ ਵਿਚ ਹੈ, ਪਰ ਫਿਰ ਵੀ ਪੈਰਾਮਿਲਟਰੀ ਫੋਰਸ ਅਤੇ ਹਰਿਆਣਾ ਪੁਲਿਸ ਪੂਰੀ ਤਰ੍ਹਾਂ ਚੌਕਸ ਹੈ। ਮੌਜੂਦਾ ਸਮੇਂ ਵਿਚ ਹਰਿਆਣਾ ਅੰਦਰ 29 ਪੈਰਾਮਿਲਟਰੀ ਫੋਰਸਿਜ਼ ਦੀਆਂ ਕੰਪਨੀਆਂ ਤਾਇਨਾਤ ਹਨ। ਉਨ੍ਹਾਂ ਕਿਹਾ ਕਿ ਸੰਘਰਸ਼ ਦੌਰਾਨ ਜਿਸ ਵੀ ਵਿਅਕਤੀ ਵੱਲੋਂ ਲੁੱਟ-ਖਸੁੱਟ ਕੀਤੀ ਗਈ ਹੈ ਜਾਂ ਉਹ ਅੱਗ ਲਗਾਉਣ ਦੀ ਘਟਨਾ ਵਿਚ ਸ਼ਾਮਿਲ ਹੈ, ਉਸ ਖਿਲਾਫ਼ ਪੂਰੀ ਜਾਂਚ-ਪੜਤਾਲ ਕਰਕੇ ਹੀ ਉਸ ਨੂੰ ਗ੍ਰਿਫਤਾਰ ਕੀਤਾ ਜਾਵੇਗਾ।

## ਸਾਬਕਾ ਜਲ ਸੈਨਾ ਕਮਾਂਡਰ ਦੀ ਗ੍ਰਿਫਤਾਰੀ ਦਾ ਮਾਮਲਾ ਭਖਿਆ

**ਇਸਲਾਮਾਬਾਦ:** ਬਲੋਚਿਸਤਾਨ ਵਿਚ ਜਿਸ ਭਾਰਤੀ ਨੂੰ ਰਾਅ ਏਜੰਟ ਦੱਸ ਕੇ ਗ੍ਰਿਫਤਾਰ ਕੀਤਾ ਗਿਆ ਹੈ, ਉਸ ਨੂੰ ਲੈ ਕੇ ਭਾਰਤ ਅਤੇ ਪਾਕਿਸਤਾਨ ਇਕ ਵਾਰ ਫਿਰ ਤੋਂ ਆਹਮੋ ਸਾਹਮਣੇ ਆ ਗਏ ਹਨ। ਪਾਕਿਸਤਾਨ ਦਾ ਦੋਸ਼ ਹੈ ਗ੍ਰਿਫਤਾਰ ਕੀਤਾ ਗਿਆ ਵਿਅਕਤੀ ਭਾਰਤੀ ਖੁਫੀਆ ਏਜੰਸੀ ਰਾਅ ਦਾ ਏਜੰਟ ਹੈ।

ਦੂਜੇ ਪਾਸੇ ਭਾਰਤ ਦੋਸ਼ਾਂ ਨੂੰ ਸਿਰੇ ਤੋਂ ਖਾਰਜ ਕਰ ਰਿਹਾ ਹੈ। ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਸਾਫ ਕਰ ਦਿੱਤਾ ਹੈ ਕੁਲਭੂਸ਼ਣ ਯਾਦਵ ਭਾਰਤੀ ਨਾਗਰਿਕ ਹੈ, ਪਰ ਉਸ ਦਾ ਸਰਕਾਰ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਭਾਰਤੀ ਵਿਦੇਸ਼ ਮੰਤਰਾਲੇ ਅਨੁਸਾਰ ਭਾਰਤੀ ਜਲ ਸੈਨਾ ਦੇ ਕਮਾਂਡਰ ਨੇ ਨੌਕਰੀ ਸਮੇਂ ਤੋਂ ਪਹਿਲਾਂ ਸੇਵਾ ਮੁਕਤੀ ਲੈ ਲਈ ਸੀ। ਭਾਰਤ ਕਿਸੇ ਵੀ ਦੇਸ਼ ਦੇ ਅੰਦਰੂਨੀ ਮਾਮਲਿਆਂ 'ਚ ਦਖਲ ਨਹੀਂ ਕਰਦਾ। ਮੀਡੀਆ ਰਿਪੋਰਟ ਅਨੁਸਾਰ ਕੁਲਭੂਸ਼ਣ ਯਾਦਵ ਮੁੰਬਈ ਦੇ ਸੇਵਾ ਮੁਕਤ ਏ.ਸੀ.ਪੀ. ਦਾ ਪੁੱਤਰ ਹੈ। ਨੇਵੀ ਤੋਂ ਸੇਵਾ ਮੁਕਤ ਹੋਣ ਤੋਂ ਬਾਅਦ ਉਸ ਆਪਣਾ ਕਾਰੋਬਾਰ ਸ਼ੁਰੂ ਕਰ ਦਿੱਤਾ ਸੀ।

ਦੂਜੇ ਪਾਸੇ ਪਾਕਿਸਤਾਨ ਨੇ ਇਸ ਮੁੱਦੇ ਨੂੰ ਲੈ ਕੇ ਭਾਰਤੀ ਹਾਈ ਕਮਿਸ਼ਨ ਗੌਤਮ ਬੰਬਾਵਾਲੇ ਨੂੰ ਤਲਬ ਕਰ ਕੇ ਆਪਣਾ ਵਿਰੋਧ ਪ੍ਰਗਟਾਇਆ। ਸੂਤਰਾਂ ਅਨੁਸਾਰ ਯਾਦਵ ਕਾਰੋਬਾਰ ਦੇ ਸਿਲਸਿਲਾ ਵਿਚ ਬਲੋਚਿਸਤਾਨ ਗਿਆ ਸੀ ਜਿਥੇ ਉਸ ਨੂੰ ਰਾਅ ਦਾ ਏਜੰਟ ਦੱਸ ਕੇ ਗ੍ਰਿਫਤਾਰ ਕਰ ਲਿਆ ਗਿਆ।

## ਦਿੱਲੀ ਦੇ ਸਿੱਖ ਭਗਤ ਸਿੰਘ ਦੇ ਟੋਪੀ ਵਾਲੇ ਬੁੱਤ ਤੋਂ ਖਫਾ

**ਨਵੀਂ ਦਿੱਲੀ:** ਦਿੱਲੀ ਦੀ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਵਿਧਾਨ ਸਭਾ ਵਿਚ ਸ਼ਹੀਦੇ ਆਜ਼ਮ ਭਗਤ ਸਿੰਘ ਦਾ ਟੋਪੀ ਵਾਲਾ ਬੁੱਤ ਲਗਾਉਣ ਦਾ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵਿਰੋਧ ਕੀਤਾ ਹੈ। ਕਮੇਟੀ ਦੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਨੇ ਸ਼ਹੀਦ ਭਗਤ ਸਿੰਘ ਦੇ ਟੋਪੀ ਵਾਲੇ ਬੁੱਤ ਨੂੰ ਆਮ ਆਦਮੀ ਪਾਰਟੀ ਦੀ ਸਿੱਖ ਵਿਰੋਧੀ ਮਾਨਸਿਕਤਾ ਦੱਸਦੇ ਹੋਏ ਇਸ ਵਿਚ ਸੁਧਾਰ ਕਰਨ ਦੀ ਮੰਗ ਕੀਤੀ।

ਸਿਰਸਾ ਨੇ ਭਗਤ ਸਿੰਘ ਦਾ ਗੈਰ ਸਿੱਖ ਦੇ ਰੂਪ ਵਿਚ ਬੁੱਤ ਲਗਾਉਣ ਨੂੰ ਪੰਜਾਬੀਆਂ ਨਾਲ ਵਿਸ਼ਵਾਸਘਾਤ ਵੀ ਕਰਾਰ ਦਿੱਤਾ। ਇਸ ਦੇ ਨਾਲ ਹੀ ਸਿਰਸਾ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਦਿੱਲੀ ਸਰਕਾਰ ਨੇ ਅਜਿਹਾ ਨਾ ਕੀਤਾ ਤਾਂ ਦਿੱਲੀ ਕਮੇਟੀ ਖ਼ੁਦ ਬੁੱਤ 'ਚ ਸੁਧਾਈ ਕਰੇਗੀ। ਸਿਰਸਾ ਨੇ ਦੇਸ਼ ਦੀ ਸੰਸਦ ਵਿਚ ਭਗਤ ਸਿੰਘ ਦੇ ਸਿੱਖ ਵੇਸ ਵਾਲੇ ਬੁੱਤ ਦਾ ਹਵਾਲਾ ਦਿੰਦੇ ਹੋਏ ਆਖਿਆ ਕਿ ਸਰਕਾਰੀ ਰਿਕਾਰਡ ਵਿਚ ਵੀ ਇਹ ਗੱਲ ਦਰਜ ਹੈ। ਸਿਰਸਾ ਨੇ ਭਗਤ ਸਿੰਘ ਨੂੰ ਸ਼ਹੀਦ ਦਾ ਦਰਜਾ ਦੇਣ ਦੇ ਨਾਲ ਹੀ ਭਾਰਤ ਰਤਨ ਦੇਣ ਦੀ ਵੀ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ।



### ਦਿੱਲੀ ਕਮੇਟੀ ਵਿਚ ਲਾਗੂ ਹੋਵੇਗੀ ਆਰ.ਟੀ.ਆਈ.

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਹੁਣ ਸੂਚਨਾ ਦੇ ਅਧਿਕਾਰ ਤਹਿਤ ਆਵੇਗੀ। ਕਮੇਟੀ ਦੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਨੇ ਇਹ ਐਲਾਨ ਕੀਤਾ ਹੈ। ਕਮੇਟੀ ਦੇ ਅਹੁਦੇਦਾਰਾਂ ਨੇ ਦੱਸਿਆ ਕਿ 2013 ਦੀਆਂ ਦਿੱਲੀ ਕਮੇਟੀ ਚੋਣਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਨੇ ਦਿੱਲੀ ਦੀ ਸੰਗਤ ਨਾਲ ਚੋਣ ਮੈਨੀਫੈਸਟੋ ਵਿਚ ਆਰ.ਟੀ.ਆਈ. ਲਾਗੂ ਕਰਨ ਦਾ ਵਾਅਦਾ ਕੀਤਾ ਸੀ ਜਿਸ ਨੂੰ ਹੁਣ ਪੂਰਾ ਕੀਤਾ ਜਾ ਰਿਹਾ ਹੈ। ਕਮੇਟੀ ਦੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਨੇ ਦੱਸਿਆ ਕਿ ਆਰ.ਟੀ.ਆਈ. ਦਾ ਜਵਾਬ ਦੇਣ ਲਈ ਵੱਖਰਾ ਸੈੱਲ ਹੋਵੇਗਾ। ਯਾਦ ਰਹੇ ਕਿ ਦਿੱਲੀ ਕਮੇਟੀ ਵਿਚ ਸੂਚਨਾ ਦਾ ਅਧਿਕਾਰ ਲਾਗੂ ਕਰਨ ਲਈ ਕਾਫੀ ਲੰਬੇ ਸਮੇਂ ਤੋਂ ਸਿੱਖਾਂ ਵੱਲੋਂ ਮੰਗ ਕੀਤੀ ਜਾ ਰਹੀ ਸੀ।

# ਭਾਜਪਾ ਦੀ ਰਣਨੀਤੀ ਅੱਗੇ ਲੜਖੜਾਈ ਕਾਂਗਰਸ

ਅਭੈ ਕੁਮਾਰ ਦੂਬੇ

ਅਰੁਣ ਜੇਤਲੀ ਨੇ ਦੋ ਅਜਿਹੇ ਬਿਆਨ ਦਿੱਤੇ ਹਨ ਜੋ ਕਾਂਗਰਸ ਦੇ ਹਾਲਾਤ ਦੀ ਤਸਵੀਰ ਪੇਸ਼ ਕਰਦੇ ਹਨ। ਪਹਿਲਾ ਬਿਆਨ ਇਹ ਹੈ ਕਿ ਭਾਰਤੀ ਜਨਤਾ ਪਾਰਟੀ ਨੇ ਰਾਸ਼ਟਰਵਾਦ ‘ਤੇ ਚਲਾਈ ਜਾ ਰਹੀ ਬਹਿਸ ਦਾ ਪਹਿਲਾ ਦੌਰ ਜਿੱਤ ਲਿਆ ਹੈ। ਜੇ ਇਹ ਦਾਅਵੇਦਾਰੀ ਸਾਰੇ ਮੁਲਕ ਅਤੇ ਭਾਰਤੀ ਸਮਾਜ ਨੂੰ ਧਿਆਨ ਵਿਚ ਰੱਖ ਕੇ ਕੀਤੀ ਗਈ ਹੈ ਤਾਂ ਇਹ ਉਨ੍ਹਾਂ ਦੇ ਭਰਮ ਦਾ ਹੀ ਸਿੱਟਾ ਕਹੀ ਜਾ ਸਕਦੀ ਹੈ, ਪਰ ਜੇ ਇਹ ਦਾਅਵੇਦਾਰੀ ਸਿਰਫ ਕਾਂਗਰਸ ਦੇ ਪ੍ਰਸੰਗ ਵਿਚ ਹੈ ਤਾਂ ਮੈਂ ਇਸ ਨੂੰ ਸਹੀ ਅੰਦਾਜ਼ਾ ਮੰਨਾਗਾ। ਉਨ੍ਹਾਂ ਦੇ ਦੂਜੇ ਬਿਆਨ ਦਾ ਪ੍ਰਸੰਗ ਅਰੁਣਾਚਲ ਪ੍ਰਦੇਸ਼ ਅਤੇ ਉਤਰਾਖੰਡ ਦੇ ਸਿਆਸੀ ਸੰਕਟ ਨਾਲ ਜੁੜਦਾ ਹੈ। ਉਨ੍ਹਾਂ ਮੁਤਾਬਕ, ਕਾਂਗਰਸ ਵਿਚ ਅਗਵਾਈ ਕਰਨ ਦੀ ਕਾਬਲੀਅਤ ਨਹੀਂ ਹੈ। ਕਹਿਣ ਦਾ ਮਤਲਬ ਇਹ ਸੀ ਕਿ ਕਾਂਗਰਸ ਹਾਈ ਕਮਾਨ ਇਨ੍ਹਾਂ ਦੋਵਾਂ ਸੂਬਿਆਂ ਵਿਚ ਆਪਣੇ ਮੁੱਖ ਮੰਤਰੀਆਂ ਦੀ ਮਦਦ ਕਰਨ ਵਿਚ ਨਾਕਾਮ ਰਹੀ। ਇਕ ਤਰ੍ਹਾਂ ਨਾਲ ਉਸ ਨੇ ਇਨ੍ਹਾਂ ਸੂਬਿਆਂ ਦੇ ਸਿਆਸੀ ਸੰਕਟ ਵੱਲੋਂ ਅੱਖਾਂ ਬੰਦ ਕਰੀ ਰੱਖੀਆਂ (ਅਤੇ ਹੁਣ ਉਸ ਨੂੰ ਡਰ ਸਤਾ ਰਿਹਾ ਹੈ ਕਿ ਭਾਜਪਾ ਇਸੇ ਤਰ੍ਹਾਂ ਮਣੀਪੁਰ, ਕਰਨਾਟਕ ਅਤੇ ਹਿਮਾਚਲ ਪ੍ਰਦੇਸ਼ ਨੂੰ ਵੀ ਪਿਛਲੇ ਦਰਵਾਜ਼ਿਉਂ ਖੋਹ ਲਵੇਗੀ); ਪਰ ਜੇ ਇਨ੍ਹਾਂ ਦੋਵਾਂ ਬਿਆਨਾਂ ਨੂੰ ਜੋੜ ਦਿੱਤਾ ਜਾਵੇ ਤਾਂ ਕਾਂਗਰਸ ਦੀ ਦੁਰਦਸ਼ਾ ਸਾਹਮਣੇ ਆ ਜਾਂਦੀ ਹੈ। ਦਰਅਸਲ ਜਿਸ ਦਿਨ ਤੋਂ ਭਾਜਪਾ ਨੇ ਭਾਰਤੀ ਰਾਜਨੀਤੀ ‘ਤੇ ਆਪਣਾ ਰਾਸ਼ਟਰਵਾਦੀ ਹਥਿਆਰ ਚਲਾਇਆ ਹੈ, ਉਦੋਂ ਤੋਂ ਹੀ ਕਾਂਗਰਸ ਦੀ ਸਮਝ ਵਿਚ ਨਹੀਂ ਆ ਰਿਹਾ ਕਿ ਇਸ ਦਾ ਮੁਕਾਬਲਾ ਕਿਵੇਂ ਕੀਤਾ ਜਾਵੇ? ਇਸ ਦੇ ਖਿਲਾਫ਼ ਕਿਸੇ ਵੀ ਤਰ੍ਹਾਂ ਦੀ ਕਾਰਗਰ ਜਵਾਬੀ ਹਮਲੇ ਦੀ ਰਣਨੀਤੀ ਵਿਕਸਤ ਨਾ ਕਰ ਸਕਣ ਕਾਰਨ ਉਹ ਨਾ ਸਿਰਫ ਪੂਰੀ ਤਰ੍ਹਾਂ ਬਚਾਅ ਦੀ ਮੁਦਰਾ ‘ਚ ਚਲੀ ਗਈ ਹੈ, ਸਗੋਂ ਉਸ ਨੇ ਤਕਰੀਬਨ ਹਥਿਆਰ ਹੀ ਸੁੱਟ ਦਿੱਤੇ ਹਨ।

ਰਾਸ਼ਟਰਵਾਦ ‘ਤੇ ਚਲਾਈ ਜਾ ਰਹੀ ਬਹਿਸ ਵਿਚ ਭਾਜਪਾ ਦੇ ਮੁਕਾਬਲੇ ਕਾਂਗਰਸ ਦੀ ਬੇਵਸੀ ਦੀ ਪਹਿਲੀ ਮਿਸਾਲ ਉਸ ਦਿਨ ਮਿਲੀ ਜਦੋਂ ਸੰਸਦ ਵਿਚ ਇਸ ਮੁੱਦੇ ‘ਤੇ ਵਾਦ-ਵਿਵਾਦ ਚੱਲ ਰਿਹਾ ਸੀ ਅਤੇ ਸਰਕਾਰ ਵੱਲੋਂ ਮੁੱਖ ਬਿਆਨ ਸਮ੍ਰਿਤੀ ਇਰਾਨੀ ਨੇ ਦਿੱਤਾ ਸੀ। ਇਰਾਨੀ ਤੋਂ ਪਹਿਲਾਂ ਅਨੁਰਾਗ ਠਾਕੁਰ ਵੱਲੋਂ ਰਾਹੁਲ ਗਾਂਧੀ ‘ਤੇ ਸਪਸ਼ਟ ਹਮਲਾ ਕੀਤਾ ਜਾ ਚੁੱਕਾ ਸੀ, ਪਰ ਨਾ ਤਾਂ ਸਮ੍ਰਿਤੀ ਦੇ ਬਿਆਨ ਤੋਂ ਪਹਿਲਾਂ ਅਤੇ ਨਾ ਹੀ ਮਗਰੋਂ, ਕਾਂਗਰਸ ਦੇ ਸਭ ਤੋਂ ਵੱਡੇ ਆਗੂ ਬਹਿਸ ਵਿਚ ਉਤਰੇ। ਜਾਪਦਾ ਹੈ ਕਿ ਇਹ ਕਾਂਗਰਸ ਦਾ ਸੁਚੇਤ ਫ਼ੈਸਲਾ ਸੀ ਕਿ ਰਾਹੁਲ ਨੂੰ ਬਹਿਸ ਤੋਂ ਦੂਰ ਰੱਖਿਆ ਜਾਵੇ। ਕਾਰਨ ਸਾਫ਼ ਸੀ। ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿਚ 9 ਫਰਵਰੀ ਦੇ ਘਟਨਾਕ੍ਰਮ ਤੋਂ ਬਾਅਦ ਰਾਹੁਲ ਗਾਂਧੀ ਨੇ ਉਥੇ ਜਾਣ ਦੀ ਹਿੰਮਤ ਵਿਖਾਈ ਸੀ ਅਤੇ ਉਨ੍ਹਾਂ ਨੇ ਏ.ਬੀ.ਵੀ.ਪੀ., ਮਨੁੱਖੀ ਸਰੋਤਾਂ ਦੇ ਵਿਕਾਸ ਬਾਰੇ ਮੰਤਰਾਲੇ ਅਤੇ ਗ੍ਰਹਿ ਮੰਤਰਾਲੇ ਦੀ ਰਲੀ-ਮਿਲੀ ਤਾਕਤ ਵਿਰੁੱਧ ਲੜ ਰਹੇ ਵਿਦਿਆਰਥੀਆਂ ਦਾ ਸਾਥ ਦਿੱਤਾ ਸੀ। ਇਕ ਵਾਰ ਇੰਜ ਜਾਪਿਆ ਸੀ ਕਿ ਇਸ ਘਟਨਾਕ੍ਰਮ ਰਾਹੀਂ ਰਾਹੁਲ ਗਾਂਧੀ ਕੌਮੀ ਮੁੱਦੇ ‘ਤੇ ਭਾਜਪਾ ਨਾਲ ਸਿੱਧੀ ਟੱਕਰ ਲੈਣਾ ਚਾਹੁੰਦੇ ਹਨ, ਪਰ ਜਿਉਂ ਹੀ ਭਾਜਪਾ ਨੇ ਪਲਟ ਕੇ ਉਨ੍ਹਾਂ ਦੇ ਰਾਸ਼ਟਰਵਾਦੀ ਹੋਣ ‘ਤੇ ਸਵਾਲੀਆ ਨਿਸ਼ਾਨ ਲਗਾਇਆ, ਰਾਹੁਲ ਗਾਂਧੀ ਅਤੇ ਉਨ੍ਹਾਂ ਦੇ ਰਣਨੀਤੀਕਾਰ ਡਰ ਗਏ। ਇਸ ਤੋਂ ਬਾਅਦ ਉਨ੍ਹਾਂ ਨੇ ਜੋ ਸਫ਼ਾਈ ਦਿੱਤੀ, ਉਸ ਵਿਚ ਖ਼ਿਮਾਯਾਚਨਾ ਵਰਗੀ ਮੁਦਰਾ ਸੀ; ਹਾਲਾਂਕਿ ਰਾਹੁਲ ਗਾਂਧੀ ਕੋਲ ਹੋਰ ਵੀ ਕਈ ਪ੍ਰਭਾਵਸ਼ਾਲੀ ਬਦਲ ਸਨ। ਮਸਲਨ, ਉਹ ਭਾਜਪਾ ਦੀ ਕਸ਼ਮੀਰ ਸਬੰਧੀ ਰਾਜਨੀਤੀ ਦੇ ਅੰਤਰ-ਵਿਰੋਧਾਂ ‘ਤੇ ਉਂਗਲੀ ਰੱਖ ਸਕਦੇ ਸਨ ਜਿਥੇ ਪੀਪਲਜ਼ ਡੈਮੋਕ੍ਰੇਟਿਕ ਪਾਰਟੀ (ਪੀ.ਡੀ.ਪੀ.) ਨਾਲ ਉਸ ਦਾ ਗਠਜੋੜ ਉਸ ਨੂੰ ਹਰ ਪਲ ਸ਼ਰਮਿੰਦਾ ਕਰਦਾ ਰਹਿੰਦਾ ਹੈ। ਇਸੇ ਤਰ੍ਹਾਂ ਉਹ ਪੰਜਾਬ ਵਿਚ ਖਾੜਕੂਵਾਦ ਦੇ ਪ੍ਰਸੰਗ ਵਿਚ ਭਾਜਪਾ ਅਤੇ ਅਕਾਲੀਆਂ ਦੇ ਰਵੱਈਏ ਦੀ ਗੱਲ ਕਰ ਸਕਦੇ ਸਨ। ਸਾਵਰਕਰ ਵੱਲੋਂ ਅੰਗਰੇਜ਼ਾਂ ਨੂੰ ਦਿੱਤਾ ਗਿਆ ਮਾਫ਼ੀਨਾਮਾ ਅਤੇ ਫਿਰ ਆਰ.ਐਸ.ਐਸ. ਵੱਲੋਂ ਬਸਤੀਵਾਦ ਵਿਰੋਧੀ ਅੰਦੋਲਨ ਤੋਂ ਖ਼ੁਦ ਨੂੰ ਦੂਰ ਰੱਖਣ ਦਾ ਫ਼ੈਸਲਾ ਤਾਂ ਉਨ੍ਹਾਂ ਦੇ ਕੰਮ ਆ ਹੀ ਸਕਦਾ ਸੀ, ਪਰ ਰਾਹੁਲ ਬਚਾਅ ਦੇ ਅੰਦਾਜ਼ ਵਿਚ ਇਹ ਕਹਿੰਦਿਆਂ ਨਜ਼ਰ ਆਏ ਕਿ ਉਨ੍ਹਾਂ ਦੀਆਂ ਰਗਾਂ ‘ਚ ਰਾਸ਼ਟਰਵਾਦ ਭਰਿਆ ਹੋਇਆ ਹੈ।

ਕਾਂਗਰਸ ਦਾ ਇਹ ਰੱਖਿਆਤਮਕ ਰਵੱਈਆ ਉਸ ਸਮੇਂ ਆਪਣੇ ਸਭ ਤੋਂ ਜ਼ਿਆਦਾ ਗਿਰੇ ਹੋਏ ਰੂਪ ਵਿਚ ਸਾਹਮਣੇ ਆਇਆ, ਜਦੋਂ ਮਹਾਰਾਸ਼ਟਰ ਵਿਧਾਨ ਸਭਾ ਵਿਚ ਮਜਲਸੇ-ਇਤਹਾਦ-ਉਲ-ਮੁਸਲਮੀਨ ਦੇ ਵਿਧਾਇਕ ਵਾਰਿਸ ਪਠਾਨ ਵੱਲੋਂ ‘ਭਾਰਤ ਮਾਤਾ ਕੀ ਜੈ’ ਨਾ ਕਹਿਣ ਸਬੰਧੀ ਉਸ ਨੇ ਭਾਜਪਾ ਦਾ ਸਾਥ ਦਿੱਤਾ ਅਤੇ ਕੋਈ ਨਿਯਮ ਨਾ ਹੁੰਦਿਆਂ ਵੀ ਪਠਾਨ ਨੂੰ ਸਦਨ ਤੋਂ ਮੁਅੱਤਲ ਕਰਾ ਦਿੱਤਾ। ਇਸ ਘਟਨਾਕ੍ਰਮ ਨੇ ਤੈਅ ਕਰ ਦਿੱਤਾ ਕਿ ਰਾਸ਼ਟਰਵਾਦ ਦੇ ਮਾਮਲੇ ‘ਤੇ ਕਾਂਗਰਸ ਦੇ ਡੌਲਿਆਂ ‘ਚ ਜ਼ੋਰ ਨਹੀਂ ਹੈ। ਇਸ ਤੋਂ ਪਹਿਲਾਂ ਕਾਂਗਰਸ ਦੀ ਹਿਮਾਚਲ ਸਰਕਾਰ ਧਰਮਸ਼ਾਲਾ ਵਿਚ ਭਾਰਤ-ਪਾਕਿਸਤਾਨ ਮੈਚ ਕਰਾਉਣ ਦੇ ਮਾਮਲੇ ਵਿਚ ਪੂਰੀ ਤਰ੍ਹਾਂ ਭਾਜਪਾ-ਸ਼ਿਵ ਸੈਨਾ ਵਾਲੀ ਸ਼ੈਲੀ ਅਪਨਾਉਂਦੀ ਨਜ਼ਰ ਆਈ। ਵੀਰਭੱਦਰ ਸਿੰਘ ਉਹ ਹਿੰਮਤ ਨਹੀਂ ਦਿਖਾ ਸਕੇ ਜੋ ਮਮਤਾ ਬੈਨਰਜੀ ਨੇ ਦਿਖਾਈ। ਕਾਂਗਰਸ ਹਾਈ ਕਮਾਨ ਨੇ ਇਨ੍ਹਾਂ ਦੋਵਾਂ ਮਸਲਿਆਂ ‘ਤੇ ਜਾਂ ਤਾਂ ਚੁੱਪ ਧਾਰੀ ਰੱਖੀ ਜਾਂ ਉਸ ਨੇ ਆਪਣੀ ਖੇਤਰੀ ਲੀਡਰਸ਼ਿਪ ਨੂੰ ਮੂਕ ਹਮਾਇਤ ਦੇ ਦਿੱਤੀ। ਜ਼ਾਹਿਰ ਹੈ ਕਿ ਕਾਂਗਰਸ ਬਸਤੀਵਾਦ ਵਿਰੋਧੀ ਰਾਸ਼ਟਰਵਾਦ ਦੀ ਉਸ ਵਿਰਾਸਤ ਨੂੰ ਪੂਰੀ ਤਰ੍ਹਾਂ ਗੁਆ ਚੁੱਕੀ ਹੈ ਜਿਸ ਦੀ ਸਿਰਜਣਾ ਗਾਂਧੀ-ਨਹਿਰੂ-ਪਟੇਲ ਨੇ ਮਿਲ-ਜੁਲ ਕੇ ਕੀਤੀ ਸੀ। ਇਹ ਨਜ਼ਾਰਾ ਵੇਖ ਕੇ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ ਕਿ ਕਾਂਗਰਸ ਨੇ ਭਾਜਪਾ ਨੂੰ ਵੱਲਭ ਭਾਈ ਪਟੇਲ ਦੀ ਸ਼ਖ਼ਸੀਅਤ ਹੜੱਪਣ ਅਤੇ ਉਨ੍ਹਾਂ ਨੂੰ ਨਹਿਰੂ ਦੇ ਵਿਰੋਧ ਵਿਚ ਗ਼ਲਤ ਤਰੀਕੇ ਨਾਲ ਖੜ੍ਹਾ ਕਰਨ ਦਾ ਮੌਕਾ ਕਿਵੇਂ ਦੇ ਦਿੱਤਾ ਹੈ। ਅਜੇ ਕੁਝ ਦਿਨ ਪਹਿਲਾਂ ਹੀ ਪਟੇਲ ਦੀ ਜੀਵਨੀ ਲਿਖਣ ਵਾਲੇ ਰਾਜਮੋਹਨ ਗਾਂਧੀ ਨੇ ਸੰਘ ਪਰਿਵਾਰ ਦੇ ਪਟੇਲ ਨੂੰ ਹੜੱਪਣ ਦੇ ਪ੍ਰੋਜੈਕਟ ਦਾ ਪਰਦਾਫਾਸ਼ ਕੀਤਾ ਹੈ, ਪਰ ਜਾਪਦਾ ਨਹੀਂ ਕਿ ਕਾਂਗਰਸ ਇਸ ਤੋਂ ਕੋਈ ਲਾਭ ਉਠਾ ਸਕੇਗੀ। ਜਾਪਦਾ ਹੈ ਕਿ ਇੰਦਰਾ ਗਾਂਧੀ ਤੋਂ ਅੱਗੇ ਵੇਖਣ ਦੀ ਨਜ਼ਰ ਉਸ ਕੋਲ ਬਚੀ ਹੀ ਨਹੀਂ ਹੈ।

ਬਾਅਦ ਵਿਚ ਰਾਹੁਲ ਗਾਂਧੀ ਸਦਨ ਵਿਚ ਆਏ ਅਤੇ ਉਨ੍ਹਾਂ ਨੇ ਚੁਸਤ ਫਿਕਰਿਆਂ ਨਾਲ ਭਰਿਆ ਭਾਸ਼ਣ ਵੀ ਦਿੱਤਾ, ਪਰ ਉਦੋਂ ਤੱਕ ਬਾਜ਼ੀ ਉਨ੍ਹਾਂ ਦੇ ਹੱਥੋਂ ਨਿਕਲ ਚੁੱਕੀ ਸੀ। ਦਰਅਸਲ ਸੰਸਦ ਵਿਚ ਉਸ ਦਿਨ ਕਾਂਗਰਸ ਨੇ ਗ੍ਰਹਿ ਮੰਤਰੀ ਨੂੰ ਸਾਫ਼ ਨਿਕਲ ਜਾਣ ਦਿੱਤਾ। ਇਸ ਨੇ ਸਮ੍ਰਿਤੀ ਇਰਾਨੀ ਦੇ ਬਿਆਨ ਦੇ ਅੰਤਰ-ਵਿਰੋਧਾਂ ਅਤੇ ਗ਼ਲਤ ਬਿਆਨੀਆਂ ਨੂੰ ਪਕੜ੍ਹ ਕੇ ਉਸ ਉਤੇ ਉਸੇ ਦਿਨ ਜਵਾਬੀ ਹਮਲਾ ਵੀ ਨਹੀਂ ਕੀਤਾ। ਕੀ ਕਾਂਗਰਸ ਨੂੰ ਡਰ ਸੀ ਕਿ ਜੇ ਉਸ ਨੇ ਪੀ.ਡੀ.ਪੀ. ਵਾਲਾ ਮਸਲਾ ਉਠਾਇਆ ਤਾਂ ਭਾਜਪਾ ਕਸ਼ਮੀਰੀ ਰਾਜਨੀਤੀ ਸਬੰਧੀ ਕਾਂਗਰਸ ਦੇ ਅਤੀਤ ਨੂੰ ਉਸ ਦੇ ਸਾਹਮਣੇ ਲਿਆ ਖੜ੍ਹਾ ਕਰੇਗੀ? ਕੀ ਕਾਂਗਰਸ ਨੂੰ ਡਰ ਸੀ ਕਿ ਜੇ ਉਸ ਨੇ ਪੰਜਾਬ ਦੇ ਖਾੜਕੂਵਾਦ ਦਾ ਮੁੱਦਾ ਉਠਾਇਆ ਤਾਂ ਵਿਧਾਨ ਸਭਾ ਚੋਣਾਂ ਵਿਚ ਸਿੱਖ ਵੋਟਰ ਉਸ ਤੋਂ ਨਾਰਾਜ਼ ਹੋ ਸਕਦੇ ਹਨ? ਜੇ ਰਾਹੁਲ ਅਤੇ ਉਨ੍ਹਾਂ ਦੇ ਸਲਾਹਕਾਰਾਂ ਦੀ ਝਿਜਕ ਪਿਛੇ ਇਹੀ ਦੋ ਕਾਰਨ ਸਨ ਤਾਂ ਉਨ੍ਹਾਂ ਨੂੰ ਕੌਮੀ ਰਾਜਨੀਤੀ ਪੂਰੀ ਤਰ੍ਹਾਂ ਛੱਡ ਕੇ ਸੰਨਿਆਸ ਲੈ ਲੈਣਾ ਚਾਹੀਦਾ ਹੈ। ਉਨ੍ਹਾਂ ਨੂੰ ਸਮਝਣਾ ਚਾਹੀਦਾ ਹੈ ਕਿ ਉਹ ਆਪਣੇ ਅਤੀਤ ਦੇ ਸ਼ੀਸ਼ੇ ਵਿਚ ਆਪਣੇ ਵਰਤਮਾਨ ਨੂੰ ਪਰਿਭਾਸ਼ਤ ਹੁੰਦਿਆਂ ਨਹੀਂ ਵੇਖ ਸਕਦੇ। ਜੇ ਉਨ੍ਹਾਂ ਨੇ ਅਜਿਹਾ ਕੀਤਾ ਤਾਂ ਫਿਰ ਉਨ੍ਹਾਂ ਨੂੰ ਆਪਣੇ ਮੂੰਹ ‘ਤੇ ਪੱਟੀ ਹੀ ਬੰਨ੍ਹ ਲੈਣੀ ਪਵੇਗੀ। ਕਾਂਗਰਸ ਨੇ ਅਤੀਤ ਵਿਚ ਗੜਬੜ ਵਾਲੇ ਇੰਨੇ ਕੰਮ ਕੀਤੇ ਹਨ ਕਿ ਉਨ੍ਹਾਂ ਨੂੰ ਭੁਲਾ ਕੇ ਹੀ ਉਹ ਵਿਰੋਧੀ ਧਿਰ ਦੀ ਰਾਜਨੀਤੀ ਕਰ ਸਕਦੀ ਹੈ।

ਕਾਂਗਰਸ ਨੇ ਭਾਜਪਾ ਨੂੰ ਮੌਕਾ ਦੇ ਦਿੱਤਾ ਹੈ ਕਿ ਉਹ ਆਪਣੇ ਹਰ ਕੰਮ ਨੂੰ ਰਾਸ਼ਟਰਵਾਦ ਦੱਸ ਸਕੇ ਤੇ ਇਸ ਦੇ ਉਲਟ ਵਿਰੋਧੀ ਧਿਰ ਨੂੰ ਉਸੇ ਕੰਮ ਲਈ ਰਾਸ਼ਟਰ ਵਿਰੋਧੀ ਕਰਾਰ ਦੇ ਸਕੇ। ਮਿਸਾਲ ਵਜੋਂ ਜੇ ਭਾਜਪਾ ਹੁਰੀਅਤ ਨਾਲ ਗੱਲਬਾਤ ਕਰਨਾ ਚਾਹੁੰਦੀ ਹੈ ਤਾਂ ਇਸ ਨੂੰ ਦੇਸ਼ ਹਿਤ ਵਿਚ ਦੱਸਿਆ ਜਾਂਦਾ ਹੈ; ਜੇ ਇਹੀ ਮੰਗ ਕੋਈ ਹੋਰ ਕਰਦਾ ਹੈ ਤਾਂ ਉਸ ਨੂੰ ਦੇਸ਼ ਵਿਰੋਧੀ ਕਹਿਣ ‘ਚ ਢਿੱਲ ਨਹੀਂ ਵਰਤੀ ਜਾਂਦੀ। ਪਾਕਿਸਤਾਨ ਨਾਲ ਦੋਸਤੀ ਕਰਨ ਲਈ ਮੋਦੀ ਅਚਾਨਕ ਲਾਹੌਰ ਚਲੇ ਜਾਂਦੇ ਹਨ, ਪਰ ਭਾਰਤ ਵਿਚ ਪਾਕਿਸਤਾਨ ਨਾਲ ਦੋਸਤੀ ਦੇ ਹੱਕ ‘ਚ ਬੋਲਣ ਵਾਲਿਆਂ ਨੂੰ ਪਾਕਿਸਤਾਨੀ ਏਜੰਟ ਕਹਿਣ ਤੋਂ ਮੋਦੀ ਸਮਰਥਕਾਂ ਨੂੰ ਕੋਈ ਝਿਜਕ ਨਹੀਂ ਹੁੰਦੀ। ਰਾਸ਼ਟਰਵਾਦ ਦੇ ਸਵਾਲ ‘ਤੇ ਕਾਂਗਰਸ ਜਿਵੇਂ ਜ਼ਮੀਨ ਗੁਆਉਂਦੀ ਜਾ ਰਹੀ ਹੈ, ਉਸ ਦਾ ਇਸ ਪਾਰਟੀ ਨੂੰ ਦੂਰਗਾਮੀ ਨੁਕਸਾਨ ਹੋਣ ਵਾਲਾ ਹੈ। ਰਾਜਨੀਤੀ ਦੀ ਲੜਾਈ ਸਿਰਫ ਵੋਟਾਂ ਦੇ ਮੈਦਾਨ ‘ਚ ਨਹੀਂ, ਸਗੋਂ ਦਿਮਾਗਾਂ ਅਤੇ ਇਤਿਹਾਸ ਦੀ ਚੇਤਨਾ ਦੇ ਦਾਇਰੇ ਵਿਚ ਵੀ ਲੜੀ ਜਾਂਦੀ ਹੈ।

***ਕਾਂਗਰਸ ਦਾ ਇਹ ਰੱਖਿਆਤਮਕ ਰਵੱਈਆ ਉਸ ਸਮੇਂ ਆਪਣੇ ਸਭ ਤੋਂ ਜ਼ਿਆਦਾ ਗਿਰੇ ਹੋਏ ਰੂਪ ਵਿਚ ਸਾਹਮਣੇ ਆਇਆ, ਜਦੋਂ ਮਹਾਰਾਸ਼ਟਰ ਵਿਧਾਨ ਸਭਾ ਵਿਚ ਮਜਲਸੇ-ਇਤਹਾਦ-ਉਲ-ਮੁਸਲਮੀਨ ਦੇ ਵਿਧਾਇਕ ਵਾਰਿਸ ਪਠਾਨ ਵੱਲੋਂ ‘ਭਾਰਤ ਮਾਤਾ ਕੀ ਜੈ’ ਨਾ ਕਹਿਣ ਸਬੰਧੀ ਉਸ ਨੇ ਭਾਜਪਾ ਦਾ ਸਾਥ ਦਿੱਤਾ ਅਤੇ ਕੋਈ ਨਿਯਮ ਨਾ ਹੁੰਦਿਆਂ ਵੀ ਪਠਾਨ ਨੂੰ ਸਦਨ ਤੋਂ ਮੁਅੱਤਲ ਕਰਾ ਦਿੱਤਾ।***

# ਕਿਹੜਾ ਧਿਆਨਪੁਰੀ-ਭੂਸ਼ਨ ਧਿਆਨਪੁਰੀ

**ਜਨਮ ਦਿਨ ‘ਤੇ ਵਿਸ਼ੇਸ਼**

ਮਨਪ੍ਰੀਤ ਸਿੰਘ ਮੰਮਣ
ਫੋਨ: 91-98723-65534

ਇਕ ਪ੍ਰਤਿਸ਼ਠਾਮਈ ਸ਼ਖਸੀਅਤ ਬੇਅੰਤ ਸਰੂਪ ਸ਼ਰਮਾ ਉਰਫ ਭੂਸ਼ਨ ਧਿਆਨਪੁਰੀ ਵਿਲੱਖਣ ਤੇ ਨਿਵੇਕਲੀ ਦਿੱਖ ਦਾ ਧਾਰਨੀ ਸੀ। ਭੂਸ਼ਨ ਧਿਆਨਪੁਰੀ ਸਾਹਿਤਕ ਹਲਕਿਆਂ ਵਿਚ ਹਮਉਮਰ ਲੇਖਕਾਂ ਨਾਲ ਸੰਵਾਦ ਰਚਾਉਂਦਾ ਅਤੇ ਜ਼ਿਹਨ ਨੂੰ ਹੋਰ ਸੂਖਮ ਤੇ ਤੀਖਣ ਕਰਨ ਦੀ ਜਦੋ-ਜਹਿਦ ਕਰਦਾ ਸੀ।

ਪੰਜਾਬੀ ਸਾਹਿਤ ਦੇ ਖੇਤਰ ਵਿਚ ਭੂਸ਼ਨ ਧਿਆਨਪੁਰੀ ਨੇ ਆਪਣੀ ਕਾਵਿ ਪੁਸਤਕ ‘ਇਕ ਮਸੀਹਾ ਹੋਰ’ ਰਾਹੀਂ ਪ੍ਰਵੇਸ਼ ਕੀਤਾ। ਇਸ ਪੁਸਤਕ ਦੇ ਛਪਣ ਤੋਂ ਪਹਿਲਾਂ ਪੈਦਲ ਧਿਆਨਪੁਰੀ ਦੀ ਪ੍ਰੇਰਨਾ ਸਦਕਾ ਭੂਸ਼ਨ ਨੇ ਕਵਿਤਾਵਾਂ ਰਸਾਲਿਆਂ ਨੂੰ ਭੇਜਣੀਆਂ ਸ਼ੁਰੂ ਕੀਤੀਆਂ। ਅੰਮ੍ਰਿਤਸਰ ਤੋਂ ਛਪਦੇ ਰਸਾਲੇ ‘ਫਿਲਮੀ ਕਲੀਆਂ’ ਵਿਚ ਦਿੱਤੇ ਵਿਸ਼ੇ ਉਪਰ ਕਵਿਤਾ ਲਿਖਣੀ ਜੋ ਛਪ ਜਾਇਆ ਕਰਨੀ। ਇਹ ਲੇਖਕ ਲਈ ਅਥਾਹ ਖ਼ੁਸ਼ੀ ਦੇ ਪਲ ਤੇ ਮੁਢਲੀ ਪ੍ਰੇਰਨਾ ਸੀ। ਫਿਰ ਭੂਸ਼ਨ ਲਗਾਤਾਰ ਲਿਖਣ ਲੱਗਾ ਤੇ ਬਤੌਰ ਕਵੀ ਉਭਰ ਕੇ ਸਾਹਮਣੇ ਆਇਆ।

‘ਇਕ ਮਸੀਹਾ ਹੋਰ’ ਕਾਵਿ ਪੁਸਤਕ ਦੀ ਭੂਮਿਕਾ ਵਿਚ ਸ਼ਿਵ ਕੁਮਾਰ ਬਟਾਲਵੀ ਨੇ ਲਿਖਿਆ, “ਭੂਸ਼ਨ ਦੀ ਕਲਮ ਇਕ ਖਾਸ ਲੈਅ ਤੇ ਤਾਲ ਦੀ ਪਗਡੰਡੀ ਬਣ ਕੇ ਤੁਰਦੀ ਹੈ। ਜਜ਼ਬਿਆਂ ਦਾ ਏਡਾ ਤੀਖਣ ਵਹਾ ਅਤੇ ਸਵੈ-ਨਿਰਮਿਤ ਨਿਯਮਾਂ ਦੀ ਸੁਯੋਗ ਪਾਲਣਾ ਪਾਰਖੂ ਤੇ ਸੁਹਿਰਦ ਮਨ ਹਲੂਣ ਦਿੰਦੇ ਹਨ।”


ਭੂਸ਼ਨ ਦਾ ਜਨਮ ਪਿੰਡ ਰਸੀਂਹਵਾਲ ਤਹਿਸੀਲ ਨਾਰੋਵਾਲ ਜਿਲ੍ਹਾ ਸਿਆਲਕੋਟ (ਹੁਣ ਪਾਕਿਸਤਾਨ) ਵਿਚ 2 ਅਪਰੈਲ 1945 ਨੂੰ ਹੋਇਆ। ਉਹ ਰਸੀਂਹਵਾਲ ਵਿਚ ਬਚਪਨ ਦੇ ਮੁਢਲੇ ਵਰ੍ਹੇ ਗੁਜਾਰਨ ਪਿਛੋਂ ਪਿਤਾ ਅਮਰ ਨਾਥ ਸ਼ਾਦਾਬ ਤੇ ਪਰਿਵਾਰ ਸਮੇਤ ਧਿਆਨਪੁਰ (ਜਿਲ੍ਹਾ ਗੁਰਦਾਸਪੁਰ) ਆ ਗਏ। ਧਿਆਨਪੁਰ ਸ੍ਰੀ ਬਾਵਾ ਲਾਲ ਦੇ ਮੰਦਿਰ ਨਾਲ ਮਸ਼ਹੂਰ ਨਗਰ ਹੈ। ਭੂਸ਼ਨ ਨੇ ਮੈਟ੍ਰਿਕ ਇਥੋਂ ਹੀ ਕੀਤੀ। ਡਾਲੇ ਚੱਕ ਦੇ ਹਮਜਮਾਤੀ ਦੋਸਤ ਭੂਸ਼ਨ ਦਾਸ ਨੇਬ ਦੇ ਨਾਮ ਉਤੇ ਬੀ.ਐਸ. ਸ਼ਰਮਾ ਨੇ ਆਪਣਾ ਨਾਮ ਭੂਸ਼ਨ ਰੱਖ ਲਿਆ ਤੇ ਤਖ਼ੱਲਸ ‘ਧਿਆਨਪੁਰੀ’ ਜੋੜ ਲਿਆ। ਉਸ ਨੇ ਅਕਾਦਮਿਕ ਸਿੱਖਿਆ ਬੀ.ਏ, ਪ੍ਰਭਾਕਰ, ਗਿਆਨੀ (ਗੋਲਡ ਮੈਡਲ) ਤੱਕ ਪ੍ਰਾਪਤ ਕੀਤੀ। ਬਾਅਦ ਵਿਚ ਗੌਰਮਿੰਟ ਕਾਲਜ ਰੋਪੜ ਵਿਚ ਬਤੌਰ ਅਧਿਆਪਕ ਨਿਯੁਕਤ ਹੋਇਆ। ਉਸ ਦਾ ਵਿਆਹ ਸੁਰਿੰਦਰ ਕੌਰ ਨਾਲ ਹੋਇਆ ਅਤੇ ਦੋ ਬੇਟੇ ਅੰਸ਼ੂਮਾਨ ਤੇ ਅਲੰਕਾਰ ਪੈਦਾ ਹੋਏ।

ਭੂਸ਼ਨ ਧਿਆਨਪੁਰੀ ਸੰਵੇਦਨਸ਼ੀਲ ਅਤੇ ਚੇਤੰਨਸ਼ੀਲ ਪਾਰਖੂ ਸੀ। ਉਹ ਸਾਹਿਤ ਨੂੰ ਜੀਵੰਤ ਹੋਂਦ ਮੰਨਦਾ ਤੇ ਜ਼ਿੰਦਗੀ ਬਾਰੇ ਉਸ ਦਾ ਖਾਸ ਪ੍ਰਤੀਕਰਮ ਸੀ। ਉਸ ਲਿਖਿਆ:

ਜ਼ਿੰਦਗੀ ਦਾ ਰਾਹ ਦੁਸ਼ਵਾਰ ਤਾਂ ਹੈ ਮਗਰ,
ਧੋਖਾ ਪੈਰਾਂ ਨੂੰ ਦੇ ਕੇ ਗੁਜ਼ਰ ਜਾਵਾਂਗੇ।
ਜਾਨ ਜਦ ਤੀਕ ਹੈ ਗੋਤੇ ਖਾ ਲੈਣ ਦੇਹ,
ਮੌਤ ਆਵੇਗੀ ਆਪੇ ਤਰ ਜਾਵਾਂਗੇ।

ਰੱਬੀ ਹੋਂਦ ਤੋਂ ਮੁਨਕਰ ਹੋਣ ਤੇ ਪਦਾਰਥਵਾਦ ਦੇ ਵੱਧਦੇ ਰੁਝਾਨ ਬਾਰੇ ਉਸ ਲਿਖਿਆ:

ਮੈਂ ਅੰਨ੍ਹਾ ਹਾਂ, ਬੋਲਾ ਹਾਂ, ਮੈਂ ਕੋਹੜੀ ਹਾਂ,
ਦੁਨੀਆਂ ਦੇ ਲੋਕਾ,
ਮੈਂ ਤੇਰਾ ਰੱਬ ਲੱਗਦਾ ਹਾਂ।
ਮੇਰੀ ਤਲੀ ‘ਤੇ ਇੱਕ ਇਕ
ਅੱਧਾ ਪੈਸਾ ਕੌਣ ਧਰੇਗਾ?
ਬੰਦੇ ਨੂੰ ਤਾਂ ਪੱਥਰਾਂ ਤੋਂ ਹੀ
ਵਿਹਲ ਨਹੀਂ ਹੈ,
ਇਕ ਸਜਦੇ ਲਈ ਤਰਸ ਰਿਹਾ ਹੈ
ਜੁੱਗਾਂ-ਜੁੱਗਾਂ ਤੋਂ।



ਮਾਸ ਦੇ ਮੰਦਰ ਦੀ
ਪਰਦੱਖਣਾ ਕੌਣ ਕਰੇਗਾ?
ਸਿਆਸਤ ਬਾਰੇ ਉਸ ਦੀ ਤਿੱਖੀ ਸੁਰ ਦੇਖੋ:
ਪੰਜ ਸਾਲਾਂ ‘ਚ ਵੇਖੋ ਕੀ ਫੁੱਲ ਖਿੜਦੇ,
ਕਬਜ਼ਾ ਬਾਗ ਦਾ
ਮਿਲ ਗਿਆ ਮਾਲੀਆਂ ਨੂੰ।

‘ਪੰਜਾਬੀ ਟ੍ਰਿਬਿਊਨ’ ਵਿਚ ‘ਕਵੀ-ਓ-ਵਾਚ’ ਨਾਂ ਦਾ ਇਕ ਕਾਲਮ ਛਪਦਾ ਸੀ, ਜਿਸ ਵਿਚ ਭੂਸ਼ਨ ਧਿਆਨਪੁਰੀ ਦੀ ਕਵਿਤਾ 1985 ਤੋਂ ਲਗਾਤਾਰ ਛਪਦੀ ਰਹੀ। ਇਹ ਅਜਿਹਾ ਸਮਾਂ ਸੀ ਜਦੋਂ ਪੰਜਾਬ ਸੰਕਟ ਦੇ ਦੌਰ ਵਿਚੋਂ ਲੰਘ ਰਿਹਾ ਸੀ। ਪੰਜਾਬ ਸੰਕਟ ਦੀ ਕਾਵਿ ਪ੍ਰਵਿਰਤੀ ਦਾ ਸਮਾਂ 1978 ਤੋਂ 1992 ਤੱਕ ਮਿਥ ਲਿਆ ਜਾਂਦਾ ਹੈ। ਅਜਿਹੀ ਡਾਂਵਾਂਡੋਲ ਸਥਿਤੀ ਬਾਰੇ ਉਸ ਦੀਆਂ ਕਵਿਤਾਵਾਂ ਖਾਸ ਮਾਅਨੇ ਰੱਖਦੀਆਂ ਹਨ ਅਤੇ ਸਮਕਾਲੀ ਸਮਾਜ ਦੀਆਂ ਪ੍ਰਸਥਿਤੀਆਂ ਨੂੰ ਰੂਪਮਾਨ ਕਰਦੀਆਂ ਹਨ:

ਕਿਹੋ ਜਿਹੀ ਕੁਲੱਛਣੀ ਝੜੀ ਲੱਗੀ,
ਕੋਠਾ-ਕੋਠਾ ਪੰਜਾਬ ਦਾ ਚੋਣ ਲੱਗਾ।

---

ਸ਼ਾਹ ਮੁਹੰਮਦਾ ਵੇਖ ਲੈ ਫੇਰ ਮੁੜ ਕੇ,
ਜੰਗ ਹਿੰਦ-ਪੰਜਾਬ ਦਾ ਹੋਣ ਲੱਗਾ।

---

ਨੀਲੇ ਤਾਰੇ ਤੋਂ ਪਹਿਲਾ ਸੀ ਕੀ ਹੁੰਦਾ,
ਨੀਲੇ ਤਾਰੇ ਤੋਂ ਬਾਅਦ ‘ਚ ਕੀ ਹੋਇਆ।
ਲਿਖਿਆ ਜਾਊ ਤਾਰੀਖ ਦੇ ਵਰਕਿਆਂ ‘ਤੇ,
ਮਹਾਰਾਣੀ ਦੀ ਯਾਦ ‘ਚ ਕੀ ਹੋਇਆ।

ਅਜਿਹੀਆਂ ਪੰਜਾਬ ਸੰਕਟ ਨਾਲ ਸਬੰਧਤ ਤਮਾਮ ਕਾਵਿ ਰਚਨਾਵਾਂ ਕਵੀ-ਓ-ਵਾਚ ਵਿਚ ਛਪਦੀਆਂ ਰਹੀਆਂ। ਭੂਸ਼ਨ ਧਿਆਨਪੁਰੀ ਦੀਆਂ ਅਖ਼ਬਾਰਾਂ ਵਿਚ ਛਪਦੀਆਂ ਕਾਵਿ ਰਚਨਾਵਾਂ ਇਕੱਤਰ ਕਰਕੇ ਕਿਤਾਬੀ ਰੂਪ ‘ਜਾਂਦੀ ਵਾਰ ਦਾ ਸੱਚ’ ਸਿਰਲੇਖ ਹੇਠ 1986 ਵਿਚ ਪ੍ਰਕਾਸ਼ਿਤ ਕੀਤੀਆਂ ਗਈਆਂ। ਜਰਾ ਨਮੂਨਾ ਦੇਖੋ:

ਮਦਨ ਮੋਹਨ ਨੇ ਕਿਹਾ ਸੀ ਹਿੰਦੀਆਂ ਨੂੰ,
ਇੱਕ-ਇੱਕ ਸਿੱਖ ਸਾਜੋ,
ਹਰ ਪਰਿਵਾਰ ਅੰਦਰ।
ਚੀਜ਼ ਵਿਚੋਂ ਪਰ ਸਵਾਦ ਨਾ ਕਦੇ ਲੱਭੇ,
ਜਿਹੜਾ ਸਵਾਦ ਹੁੰਦਾ ਇਸ਼ਤਿਹਾਰ ਅੰਦਰ।
ਕਿਹੜੇ ਵਰਗ ਦੀ ਕਰੇ ਨੁਮਾਇੰਦਗੀ ਇਹ,
ਪੌਣਾ ਮੰਤਰੀ ਪੂਰੀ ਸਰਕਾਰ ਅੰਦਰ।

ਭੂਸ਼ਨ ਧਿਆਨਪੁਰੀ ਦੀ ਵਾਰਤਕ ਸ਼ੈਲੀ ਸਰਲ, ਸਪੱਸ਼ਟ ਤੇ ਅਦੁੱਤੀ ਹੈ। ‘ਸਿਰਜਣਧਾਰਾ ਰਚਨਾਤਮਿਕ ਗੱਦ’ ਵਿਚੋਂ ਇਕ ਨਮੂਨਾ: “ਪੰਜਾਬੀ ਯੂਨੀਵਰਸਿਟੀ ਵਿਚ ਅੰਮ੍ਰਿਤਾ ਦੀਆਂ ਨਜ਼ਮਾਂ ਸੁਣ ਕੇ ਵਾਪਿਸ ਆਉਂਦਿਆਂ ਕੁਲਵੰਤ ਸਿੰਘ ਵਿਰਕ ਨੂੰ ਪੁੱਛਿਆ, ‘ਤੁਸੀਂ ਤਾਂ ਕਹਿੰਦੇ ਹੋ ਕਿ ਮੈਨੂੰ ਕਵਿਤਾ ਦੀ ਕੋਈ ਸਮਝ ਨਹੀਂ, ਨਾ ਕਵਿਤਾ ਸੁਣਦੇ ਹੋ, ਨਾ ਕਵਿਤਾ ਬਾਰੇ ਰਾਇ ਦਿੰਦੇ ਹੋ। ਫਿਰ ਅੱਜ ਏਨੀ ਦੇਰ ਬੈਠੇ ਕਿਉਂ ਰਹੇ?’ ‘ਮੈਂ ਕੋਈ ਨਜ਼ਮਾਂ ਥੋੜ੍ਹੀ ਸੁਣ ਰਿਹਾ ਸਾਂ, ਮੈਂ ਤਾਂ ਅੰਮ੍ਰਿਤਾ ਨੂੰ ਸੁਣ ਰਿਹਾ ਸਾਂ।’ ਇਹ ਵਿਰਕ ਦਾ ਜਵਾਬ ਸੀ।”

ਹਮਉਮਰ ਕਵੀਆਂ ਨਾਲ ਵਾਪਰੀਆਂ ਜੀਵਨ ਦੀਆਂ ਛੋਟੀਆਂ-ਛੋਟੀਆਂ ਘਟਨਾਵਾਂ ਉਤੇ ਦੋਸਤਾਨਾ ਕਟਾਖਸ਼ ਵੀ ਕਰਦਾ। ਉਸ ਨੇ ਅਜਿਹਾ ਪੱਖ ਅਖਤਿਆਰ ਕੀਤਾ ਜੋ ਸਵੈ-ਪ੍ਰਤਿਸ਼ਠਾ ਦੀ ਬਜਾਏ ਸੱਚ, ਨਿਆਂ, ਜ਼ੁਲਮ ਦੇ ਵਿਰੁਧ ਲਾਮਬੰਦ ਸੀ।

ਭੂਸ਼ਨ ਧਿਆਨਪੁਰੀ ਨੇ ਅੰਤਲੇ ਵਰ੍ਹੇ ਚੰਡੀਗੜ੍ਹ ਵਿਚ ਗੁਜਾਰੇ। ਆਖਰੀ ਸਾਲਾਂ ਦੌਰਾਨ ਕੈਂਸਰ ਵਰਗੀ ਨਾ-ਮੁਰਾਦ ਬੀਮਾਰੀ ਨੇ ਹੱਲਾ ਬੋਲਿਆ ਤੇ ਉਹ 4 ਜੁਲਾਈ 2009 ਨੂੰ ਸਦਾ ਲਈ ਵਿਛੋੜਾ ਦੇ ਗਿਆ। ਉਸ ਦੀ ਯਾਦ ਵਿਚ ਹੋਈ ਅੰਤਿਮ ਅਰਦਾਸ ਵਾਲੇ ਦਿਨ ਭੂਸ਼ਨ ਦੀ ਸਵੈ-ਜੀਵਨੀ ‘ਮੇਰੀ ਕਿਤਾਬ’ ਰਿਲੀਜ਼ ਕੀਤੀ ਗਈ। ਜਿਸ ਵਿਚ ਇੱਕ ਲੇਖ ਹੈ ‘ਕਿਹੜਾ ਧਿਆਨਪੁਰੀ-ਭੂਸ਼ਨ ਧਿਆਨਪੁਰੀ’ ਜਿਸ ਵਿਚ ਉਹ ਲਿਖਦਾ ਹੈ, “ਪਹਿਲਾਂ ਲੋਕ ਪੁਛਦੇ ਸਨ ਕਿਹੜਾ ਧਿਆਨਪੁਰੀ? ਦੱਸਣਾ ਪੈਂਦਾ ਸੀ, ਭੂਸ਼ਨ। ਹੁਣ ਲੋਕ ਪੁੱਛਦੇ ਨੇ ਕਿਹੜਾ ਭੂਸ਼ਨ? ਤਾਂ ਦੱਸੀਦਾ, ਧਿਆਨਪੁਰੀ।” ਮੇਰੀ ਜਾਚੇ ਇਹੀ ਭੂਸ਼ਨ ਦੀ ਵੱਡੀ ਪ੍ਰਾਪਤੀ ਸੀ।

-0-

# ਚਉਰਾਸੀਹ ਲਖ ਜੋਨਿ ਵਿਚਿ ਉਤਮੁ ਜਨਮੁ ਸੁ ਮਾਣਸਿ ਦੇਹੀ

**ਗੁਰਮਤਿ ਵਿਚਾਰ**



ਡਾ. ਗੁਰਨਾਮ ਕੌਰ, ਕੈਨੇਡਾ

ਭਾਈ ਗੁਰਦਾਸ ਨੂੰ ਸਿੱਖ ਧਰਮ ਦਾ ਪਹਿਲਾ ਥਿਆਲੋਜੀਅਨ ਅਰਥਾਤ ਧਰਮ-ਸ਼ਾਸਤਰੀ ਕਿਹਾ ਜਾ ਸਕਦਾ ਹੈ। ਉਨ੍ਹਾਂ ਦੀਆਂ ਲਿਖਤਾਂ ਵਿਚ ਉਨ੍ਹਾਂ ਦੇ 'ਕਬਿੱਤ ਸਵਯੀਏ' ਅਤੇ 'ਵਾਰਾਂ' ਸ਼ਾਮਲ ਹਨ। ਉਨ੍ਹਾਂ ਦੀਆਂ ਇਹ ਦੋਵੇਂ ਲਿਖਤਾਂ ਗੁਰਮਤਿ ਸਿਧਾਂਤਾਂ ਦੀ ਵਿਆਖਿਆ ਨਾਲ ਸਬੰਧਤ ਹਨ। ਉਨ੍ਹਾਂ ਦੀਆਂ ਵਾਰਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕੁੰਜੀ ਹੋਣ ਦਾ ਮਾਣ ਪ੍ਰਾਪਤ ਹੈ ਕਿਉਂਕਿ ਵਾਰਾਂ ਵਿਚ ਉਨ੍ਹਾਂ ਨੇ ਗੁਰਮਤਿ ਸਿਧਾਂਤਾਂ ਦੀ ਵਿਆਖਿਆ ਬਹੁਤ ਹੀ ਸਰਲ ਸ਼ਬਦਾਂ ਵਿਚ ਕੀਤੀ ਹੋਈ ਹੈ। ਆਮ ਮਨੁੱਖ ਨੂੰ ਗੁਰਮਤਿ ਦੇ ਤੱਤ-ਸਾਰ ਦੀ ਸੋਝੀ ਕਰਾਉਣ ਲਈ ਮਨੁੱਖੀ ਜੀਵਨ ਦੇ ਰੋਜ਼ਾਨਾ ਵਰਤਾਰੇ ਵਿਚੋਂ ਲੋੜ ਅਨੁਸਾਰ ਦ੍ਰਿਸ਼ਟਾਂਤਾਂ ਦੀ ਵਰਤੋਂ ਕੀਤੀ ਮਿਲਦੀ ਹੈ। ਪੰਚਮ ਪਾਤਿਸ਼ਾਹ ਆਪਣੀ ਬਾਣੀ ਵਿਚ ਮਨੁੱਖ ਦੇ ਜਨਮ ਦੀ ਉਤਮਤਾ ਨੂੰ ਸਮਝਾਉਂਦਿਆਂ ਕਹਿੰਦੇ ਹਨ, "ਭਈ ਪਰਾਪਤਿ ਮਾਨੁਖ ਦੇਹੁਰੀਆ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥" ਭਾਵ ਜੀਵਾਂ ਦੀਆਂ ਤਮਾਮ ਜੂਨਾਂ ਵਿਚੋਂ ਮਨੁੱਖ ਦਾ ਜਨਮ ਹੀ ਐਸਾ ਮੌਕਾ ਪਰਵਰਦਗਾਰ ਵੱਲੋਂ ਮਨੁੱਖ ਨੂੰ ਬਖਸ਼ਿਸ਼ ਕੀਤਾ ਗਿਆ ਹੈ ਜਿਸ ਵਿਚ ਉਹ ਆਪਣੇ ਅੰਦਰ ਬਿਰਾਜਮਾਨ ਉਸ ਪਰਮ-ਜੋਤਿ ਨੂੰ ਜਗਾ ਸਕਦਾ ਹੈ ਅਤੇ ਚੰਗੇ ਕੰਮ ਕਰਕੇ ਖੁਦ ਵੀ ਜੋਤਿ-ਸਰੂਪ ਹੋਣ ਦਾ ਅਨੁਭਵ ਕਰ ਸਕਦਾ ਹੈ। ਇਸੇ ਸਿਧਾਂਤ ਨੂੰ ਭਾਈ ਗੁਰਦਾਸ ਪਹਿਲੀ ਵਾਰ ਦੀ ਤੀਜੀ ਪਉੜੀ ਵਿਚ ਬਹੁਤ ਹੀ ਸਰਲ ਬੋਲੀ ਵਿਚ ਸਮਝਾਉਂਦੇ ਹਨ। ਦਰਅਸਲ ਭਾਈ ਗੁਰਦਾਸ ਇਨ੍ਹਾਂ ਪਹਿਲੀਆਂ ਪਉੜੀਆਂ 'ਚ ਗੁਰੂ ਨਾਨਕ ਦੇ ਇਸ ਸੰਸਾਰ ਵਿਚ ਜਨਮ ਲੈਣ ਤੋਂ ਪਹਿਲਾਂ ਦੇ ਜਗਤ 'ਚ ਖਾਸ ਕਰਕੇ ਹਿੰਦੁਸਤਾਨ 'ਚ ਧਾਰਮਕ, ਸਮਾਜਕ ਤੇ ਰਾਜਨੀਤਕ ਵਰਤਾਰੇ ਦਾ ਅਤੇ ਪ੍ਰਚਲਿਤ ਵਿਚਾਰਾਂ ਦਾ ਜ਼ਿਕਰ ਕਰ ਰਹੇ ਹਨ। ਇਥੇ ਇਹ ਵੀ ਕਿਹਾ ਜਾ ਸਕਦਾ ਹੈ ਕਿ ਜਿਸ ਕਿਸਮ ਦੇ ਵਰਤਾਰੇ ਦੀ ਭਾਈ ਸਾਹਿਬ ਗੱਲ ਕਰ ਰਹੇ ਹਨ, ਅੱਜ ਵੀ ਹਿੰਦੁਸਤਾਨ ਵਿਚ ਉਹੋ ਕੁਝ ਵਾਪਰ ਰਿਹਾ ਹੈ ਜਿਸ ਦਾ ਰੂਪ ਉਸ ਸਮੇਂ ਨਾਲੋਂ ਵੀ ਭਿਆਨਕ ਹੈ। ਇਸ ਵਰਤਾਰੇ ਲਈ ਉਹ ਹੀ ਧਾਰਮਕ ਕਹੀਆਂ ਜਾਣ ਵਾਲੀਆਂ ਤਾਕਤਾਂ ਜਿੰਮੇਵਾਰ ਹਨ, ਜਿਸ ਕਿਸਮ ਦੀਆਂ ਉਦੋਂ ਸਨ। ਅੱਜ ਵੀ ਉਸੇ ਕਿਸਮ ਦਾ ਮਾਹੌਲ ਆਮ ਲੁਕਾਈ ਦੇ ਸਾਹਮਣੇ ਹੈ ਜਿਸ ਨੂੰ ਵਿਉਂਤਬਧ ਤਰੀਕੇ ਨਾਲ ਸਮਾਜ 'ਤੇ ਹਾਵੀ ਕੀਤਾ ਜਾ ਰਿਹਾ ਹੈ।

ਹਿੰਦੁਸਤਾਨੀ ਧਰਮ ਸ਼ਾਸਤਰਾਂ ਵਿਚ ਧਰਤੀ 'ਤੇ ਜੀਵਾਂ ਦੀਆਂ ਚੌਰਾਸੀ ਲੱਖ ਜੂਨਾਂ ਮੰਨੀਆਂ ਗਈਆਂ ਹਨ। ਭਾਈ ਗੁਰਦਾਸ ਇਸ ਪਉੜੀ ਵਿਚ ਮਨੁੱਖ ਨੂੰ ਇਹ ਅਹਿਸਾਸ ਕਰਾਉਂਦੇ ਹਨ ਕਿ ਇਨ੍ਹਾਂ ਚੌਰਾਸੀ ਲੱਖ ਜੂਨਾਂ 'ਚ ਮਨੁੱਖ ਦੀ ਜੂਨ ਜਾਂ ਜਨਮ ਸਭ ਤੋਂ ਉਤਮ ਹੈ, ਮਨੁੱਖੀ ਸਰੀਰ ਵਿਚ ਸੰਸਾਰ 'ਤੇ ਆਉਣਾ ਵੱਡੇ ਭਾਗਾਂ ਵਾਲੀ ਗੱਲ ਹੈ। ਅੱਗੇ ਇਸ ਦੇ ਕਾਰਨ ਵੀ ਦੱਸੇ ਹਨ ਕਿ ਕਿਉਂ ਉਤਮ ਹੈ। ਉਸ ਪਰਵਰਦਗਾਰ ਨੇ ਇਸ ਸੰਸਾਰ ਨੂੰ ਦੇਖਣ ਲਈ ਮਨੁੱਖ ਨੂੰ ਦੋ ਅੱਖਾਂ ਦਿੱਤੀਆਂ ਹਨ (ਉਹ ਚੰਗਾ ਦੇਖੇ), ਸੁਣਨ ਲਈ ਕੰਨ ਦਿੱਤੇ ਹਨ (ਸ਼ੁਭ ਗੱਲਾਂ ਸੁਣੇ) ਅਤੇ ਚੰਗੇ ਸਨੇਹ ਵਾਲੇ ਬੋਲ ਬੋਲਣ ਲਈ ਮੂੰਹ ਦਿੱਤਾ ਹੈ ਅਰਥਾਤ ਸਭ ਨਾਲ ਸ਼ੁਭ ਅਤੇ ਮਿੱਠਾ ਬੋਲੇ।

ਗੁਰੂ ਨਾਨਕ ਨੇ ਸਿੱਖ ਧਰਮ ਦੀ ਨੀਂਹ ਤਿੰਨ ਮੋਟੇ ਅਸੂਲਾਂ 'ਤੇ ਰੱਖੀ- ਇਮਾਨਦਾਰੀ ਨਾਲ ਹੱਥੀਂ ਕਿਰਤ ਕਮਾਈ ਕਰਨਾ, ਇਸ ਨੂੰ ਲੋੜਵੰਦਾਂ ਨਾਲ ਵੰਡ ਕੇ ਛਕਣਾ ਅਤੇ ਅਕਾਲ ਪੁਰਖ ਦੇ ਨਾਮ ਦਾ ਸਿਮਰਨ ਕਰਨਾ। ਇਸੇ ਮੂਲ ਸਿਧਾਂਤ ਦੀ ਵਿਆਖਿਆ ਕਰਦਿਆਂ ਭਾਈ ਗੁਰਦਾਸ ਦੱਸਦੇ ਹਨ ਕਿ ਇਹ ਮਨੁੱਖਾ ਜਨਮ ਹੀ ਹੈ ਜਿਸ ਵਿਚ ਹੱਥਾਂ ਨਾਲ ਸੁੱਚੀ ਕਮਾਈ ਕਰਨੀ ਹੈ। ਅਕਾਲ ਪੁਰਖ ਨੇ ਕੰਮ ਕਰਨ ਲਈ ਹੱਥ ਦਿੱਤੇ ਹਨ ਅਤੇ ਪੈਰਾਂ 'ਤੇ ਚੱਲ ਕੇ ਸਤਿ ਸੰਗਤਿ ਵਿਚ ਜਾਣਾ ਹੈ। ਮਨੁੱਖ ਲਈ ਕਿਸ ਕਿਸਮ ਦੇ ਕਰਮ ਕਰਨ ਦਾ ਆਦੇਸ਼ ਕੀਤਾ ਹੈ? ਇਹ ਸੁਭਾਗ ਮਨੁੱਖ ਨੂੰ ਹੀ ਮਿਲਿਆ ਹੈ ਕਿ ਉਸ ਨੇ ਧਰਮ ਭਾਵ ਇਮਾਨਦਾਰੀ ਦੀ ਸੁੱਚੀ ਕਿਰਤ ਕਰਨੀ ਹੈ ਅਤੇ ਇਸ ਤਰ੍ਹਾਂ ਆਪ ਵੀ ਧਰਮ ਦੀ ਖੱਟੀ-ਕਮਾਈ ਖਾਣੀ ਹੈ ਤੇ ਲੋੜਵੰਦਾਂ ਨੂੰ ਵੀ ਵੰਡ ਕੇ ਖੁਆਉਣੀ ਹੈ।

ਗੁਰੂ ਦੇ ਦੱਸੇ ਰਸਤੇ 'ਤੇ ਚੱਲਣ ਵਾਲਾ ਮਨੁੱਖ ਆਪਣੀ ਜ਼ਿੰਦਗੀ ਨੂੰ ਅਰਥ-ਭਰਪੂਰ ਬਣਾਉਂਦਾ ਹੈ, ਆਪਣਾ ਜਨਮ ਸਫਲ ਕਰ ਲੈਂਦਾ ਹੈ; ਆਪ ਬਾਣੀ ਪੜ੍ਹਦਾ ਹੈ ਅਤੇ ਦੂਸਰਿਆਂ ਨੂੰ ਬਾਣੀ ਦਾ ਮਹੱਤਵ ਸਮਝਾਉਂਦਾ ਹੈ। ਆਪਣੇ ਸਤਿਸੰਗੀ ਭਾਈਆਂ ਨੂੰ ਸੰਤੁਸ਼ਟ ਕਰਦਾ ਹੈ ਅਤੇ ਉਨ੍ਹਾਂ ਦੇ ਚਰਨਾਂ ਦੀ ਛੂਹ ਦਾ ਪਾਣੀ ਪੀਂਦਾ ਹੈ ਅਰਥਾਤ ਬਹੁਤ ਹਲੀਮੀ ਵਿਚ ਜੀਵਨ ਬਤੀਤ ਕਰਦਾ ਹੈ। ਚਰਨ ਛੂਹਣਾ ਹਲੀਮੀ ਦਾ ਪ੍ਰਤੀਕ ਹੈ। ਭਾਈ ਗੁਰਦਾਸ ਇਸੇ ਮੁਹਾਵਰੇ ਦੀ ਵਰਤੋਂ ਕਰਦਿਆਂ ਕਹਿੰਦੇ ਹਨ, ਗੁਰੂ ਦੇ ਦੱਸੇ ਰਸਤੇ 'ਤੇ ਚੱਲਣ ਵਾਲਾ ਵਿਅਕਤੀ ਕਦੇ ਵੀ ਹਲੀਮੀ ਦਾ ਪੱਲਾ ਨਹੀਂ ਛੱਡਦਾ। ਇਹ ਕਲਿਯੁਗ ਵਿਚ ਮਨੁੱਖਤਾ ਦਾ ਸਭ ਤੋਂ ਵੱਡਾ ਗੁਣ ਹੈ। ਇਸ ਤਰ੍ਹਾਂ ਇਸ ਦੁਰਲੱਭ ਮਨੁੱਖੀ ਜਨਮ ਨੂੰ ਪ੍ਰਾਪਤ ਕਰਕੇ ਗੁਰੂ ਦੇ ਰਸਤੇ 'ਤੇ ਚੱਲਣ ਵਾਲਾ ਆਪ ਵੀ ਸੰਸਾਰ-ਸਾਗਰ ਤੋਂ ਪਾਰ ਹੋ ਜਾਂਦਾ ਹੈ ਅਤੇ ਦੂਸਰਿਆਂ ਦੀ ਪਾਰ ਲੰਘਣ ਵਿਚ ਸਹਾਇਤਾ ਕਰਦਾ ਹੈ,

ਚਉਰਾਸੀਹ ਲਖ ਜੋਨਿ ਵਿਚਿ
ਉਤਮੁ ਜਨਮੁ ਸੁ ਮਾਣਸਿ ਦੇਹੀ।
ਅਖੀ ਵੇਖਣੁ ਕਰਨਿ ਸੁਣਿ
ਮੁਖਿ ਸੁਭਿ ਬੋਲਣਿ ਬਚਨ ਸਨੇਹੀ।
ਹਥੀ ਕਾਰ ਕਮਾਵਣੀ
ਪੈਰੀ ਚਲਿ ਸਤਿਸੰਗਿ ਮਿਲੇਹੀ।
ਕਿਰਤਿ ਵਿਰਤਿ ਕਰਿ ਧਰਮ ਦੀ
ਖਟਿ ਖਵਾਲਣੁ ਕਾਰਿ ਕਰੇਹੀ।
ਗੁਰਮੁਖਿ ਜਨਮੁ ਸਕਾਰਥਾ
ਗੁਰਬਾਣੀ ਪੜ੍ਹਿ ਸਮਝਿ ਸੁਣੇਹੀ।
ਗੁਰਭਾਈ ਸੰਤੁਸਟਿ ਕਰਿ
ਚਰਣਾਮ੍ਰਿਤੁ ਲੈ ਮੁਖਿ ਪਿਵੇਹੀ।
ਪੈਰੀ ਪਵਣੁ ਨ ਛੋਡੀਐ
ਕਲੀ ਕਾਲਿ ਰਹਰਾਸਿ ਕਰੇਹੀ।
ਆਪਿ ਤਰੇ ਗੁਰ ਸਿਖ ਤਰੇਹੀ॥੩॥

ਅਗਲੀ ਪਉੜੀ ਵਿਚ ਇਸ ਸੰਸਾਰ ਦੀ ਉਤਪਤੀ ਅਤੇ ਇਸ ਦੀ ਰਚਨਾ ਕਰਨ ਦੇ ਕਾਰਨ ਦਾ ਜ਼ਿਕਰ ਕੀਤਾ ਹੈ। ਉਸ ਅਕਾਲ ਪੁਰਖ ਨੇ ਆਪਣੇ ਇੱਕ ਵਚਨ ਨਾਲ ਇਸ ਸਾਰੀ ਸ੍ਰਿਸ਼ਟੀ ਦੀ ਰਚਨਾ ਰਚ ਦਿੱਤੀ, ਸਮੁੱਚੇ ਬ੍ਰਹਿਮੰਡ ਦਾ ਪਸਾਰ ਕਰ ਦਿੱਤਾ। ਉਸ ਨੇ ਪੰਜ ਤੱਤਾਂ ਤੋਂ ਤਿੰਨਾਂ ਭਵਨਾਂ (ਲੋਕ, ਪ੍ਰਲੋਕ ਅਤੇ ਪਾਤਾਲ) ਦੀ ਰਚਨਾ ਕਰਕੇ ਆਪ ਉਹ ਆਪਣੀ ਕੀਤੀ ਰਚਨਾ ਦੇ ਕਣ ਕਣ ਵਿਚ ਸਮਾ ਗਿਆ। ਉਹ ਕਾਦਰ ਜਿਸ ਨੇ ਕੁਦਰਤ ਦੀ ਬੇਅੰਤ ਰਚਨਾ ਕਰਕੇ ਆਪਣੇ ਆਪ ਦਾ ਪਸਾਰ ਕੀਤਾ ਹੈ, ਨੂੰ ਕੋਈ ਵੀ ਦੇਖ ਨਹੀਂ ਸਕਿਆ। ਉਸ ਕਾਦਰ ਨੇ ਕੁਦਰਤ ਦੇ ਅਪਾਰ, ਅਣਗਿਣਤ ਰੂਪਾਂ ਦੀ ਰਚਨਾ ਕੀਤੀ ਤੇ ਕਣ ਵਿਚ ਕਰੋੜਾਂ ਬ੍ਰਹਿਮੰਡ ਸਮਾ ਰੱਖੇ ਹਨ।

ਹਿੰਦੂ ਵਿਸ਼ਵਾਸ ਅਨੁਸਾਰ ਅਵਤਾਰਾਂ ਦੀ ਗੱਲ ਕਰਦਿਆਂ ਦੱਸਿਆ ਗਿਆ ਹੈ ਕਿ ਇੱਕ ਇੱਕ ਬ੍ਰਹਿਮੰਡ ਵਿਚ ਦਸ ਦਸ ਅਵਤਾਰਾਂ ਦੇ ਰੂਪ ਦੀ ਰਚਨਾ ਕੀਤੀ। ਕਈ ਵੇਦਾਂ ਅਤੇ ਵੇਦਾਂ ਦੀ ਰਚਨਾ ਕਰਨ ਵਾਲੇ ਵਿਆਸ ਰਿਸ਼ੀਆਂ ਦੀ ਰਚਨਾ ਕੀਤੀ, ਕਈ ਕਤੇਬਾਂ ਜਿਵੇਂ ਕੁਰਾਨ ਆਦਿ, ਹਜ਼ਰਤ ਮੁਹੰਮਦ ਅਤੇ ਉਸ ਦੇ ਖਲੀਫਿਆਂ ਦੀ ਰਚਨਾ ਕੀਤੀ। ਇਸ ਤਰ੍ਹਾਂ ਆਪਣੀ ਇੱਕ ਅਸਚਰਜ ਕੁਦਰਤ ਤੋਂ ਉਸ ਨੇ ਬੇਅੰਤ ਪਸਾਰ ਕੀਤਾ, ਅਨੇਕਾਂ ਬ੍ਰਹਿਮੰਡ ਰਚੇ। ਭਾਵ ਉਸ ਦੀ ਰਚਨਾ ਅਸੀਮ ਹੈ, ਬੇਅੰਤ ਹੈ,

ਓਅੰਕਾਰੁ ਆਕਾਰੁ ਕਰਿ ਏਕ
ਕਵਾਉ ਪਸਾਉ ਪਸਾਰਾ।
ਪੰਜ ਤਤ ਪਰਵਾਣੁ ਕਰਿ
ਘਟਿ ਘਟਿ ਅੰਦਰਿ ਤ੍ਰਿਭਵਣੁ ਸਾਰਾ।
ਕਾਦਰੁ ਕਿਨੇ ਨ ਲਖਿਆ
ਕੁਦਰਤਿ ਸਾਜਿ ਕੀਆ ਅਵਤਾਰਾ।
ਇਕ ਦੂ ਕੁਦਰਤਿ ਲਖ ਕਰਿ
ਲਖ ਬਿਅੰਤ ਅਸੰਖ ਅਪਾਰਾ।
ਰੋਮਿ ਰੋਮਿ ਵਿਚਿ ਰਖਿਓਨਿ
ਕਰਿ ਬ੍ਰਹਮੰਡਿ ਕਰੋੜਿ ਸੁਮਾਰਾ।
ਇਕਸਿ ਇਕਸਿ ਬ੍ਰਹਮੰਡਿ ਵਿਚ
ਦਸਿ ਦਸਿ ਕਰਿ ਅਵਤਾਰ ਉਤਾਰਾ।
ਕੇਤੇ ਬੇਦਿ ਬਿਆਸ ਕਰਿ
ਕਈ ਕਤੇਬ ਮੁਹੰਮਦ ਯਾਰਾ।
ਕੁਦਰਤਿ ਇਕੁ ਏਤਾ ਪਾਸਾਰਾ॥੪॥

ਹਿੰਦੂ ਮਿਥਿਹਾਸ ਅਨੁਸਾਰ ਸਮੇਂ ਦੀ ਵੰਡ ਚਾਰ ਯੁਗਾਂ ਵਿਚ ਕੀਤੀ ਹੋਈ ਹੈ ਅਤੇ ਹਰ ਯੁਗ ਦੇ ਆਪੋ ਆਪਣੇ ਅਵਤਾਰ ਅਤੇ ਵੇਦ-ਗ੍ਰੰਥ ਆਦਿ ਮੰਨੇ ਗਏ ਹਨ। ਇਸੇ ਦਾ ਜ਼ਿਕਰ ਭਾਈ ਸਾਹਿਬ ਅਗਲੀਆਂ ਪਉੜੀਆਂ ਵਿਚ ਕਰਦੇ ਹਨ। ਇੱਕ ਗੱਲ ਧਿਆਨ ਦੇਣ ਯੋਗ ਹੈ ਕਿ ਹਰ ਪਉੜੀ ਦੀ ਆਖਰੀ ਤੁਕ ਵਿਚ ਭਾਈ ਸਾਹਿਬ ਆਪਣੇ ਵੱਲੋਂ ਕੱਢਿਆ ਨਿਚੋੜ ਪੇਸ਼ ਕਰਦੇ ਹਨ ਜੋ ਗੁਰਮਤਿ ਆਸ਼ੇ ਦਾ ਅਨੁਸਾਰੀ ਹੁੰਦਾ ਹੈ। ਭਾਈ ਗੁਰਦਾਸ ਅਨੁਸਾਰ ਚਾਰ ਯੁਗਾਂ- ਸਤਿਯੁਗ, ਤ੍ਰੇਤਾ, ਦੁਆਪਰ ਤੇ ਕਲਿਯੁਗ ਦੀ ਸਥਾਪਨਾ ਕੀਤੀ ਗਈ। ਇਸ ਤਰ੍ਹਾਂ ਸਮਾਜ ਨੂੰ ਚਾਰ ਵਰਨਾਂ ਜਾਂ ਜਾਤਾਂ ਵਿਚ ਵੰਡਿਆ ਗਿਆ ਅਤੇ ਚਾਰੇ ਜਾਤਾਂ ਦੇ ਆਪੋ ਆਪਣੇ ਯੁਗ ਦੇ ਰਾਜੇ ਸਥਾਪਤ ਕੀਤੇ ਗਏ। ਸਮਾਜ ਦੀ ਵੰਡ ਚਾਰ ਵਰਣਾਂ- ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ ਵਿਚ ਕਰਕੇ ਕ੍ਰਮਵਾਰ ਹਰ ਯੁਗ ਦਾ ਰਾਜਾ ਹਰ ਵਰਣ ਨੂੰ ਸਥਾਪਤ ਕਰ ਦਿੱਤਾ ਗਿਆ।

ਹਿੰਦੂ ਮਿਥਿਹਾਸ ਅਨੁਸਾਰ ਸਤਿਯੁਗ ਵਿਚ ਵਿਸ਼ਨੂੰ ਹੰਸ ਦਾ ਅਵਤਾਰ ਧਾਰ ਕੇ ਆਇਆ ਅਤੇ ਉਸ ਨੇ ਮਿਥਿਹਾਸ ਦੀਆਂ ਸਮੱਸਿਆਵਾਂ ਦੀ ਚਰਚਾ ਕੀਤੀ। ਇਸ ਯੁਗ 'ਚ ਕਿਸੇ ਦੂਜੇ ਤੋਂ ਬਿਨਾਂ ਸਿਰਫ ਇੱਕ ਬ੍ਰਹਮ ਦਾ ਵਿਚਾਰ ਕੀਤਾ ਗਿਆ ਅਤੇ ਉਸੇ 'ਤੇ ਇਕਾਗਰਤਾ ਕਾਇਮ ਕੀਤੀ ਗਈ। ਮਾਇਆ ਤੋਂ ਬੇਪਰਵਾਹ ਹੋ ਕੇ ਲੋਕ ਸਿਰਫ ਇੱਕ ਬ੍ਰਹਮ ਦਾ ਹੀ ਧਿਆਨ ਧਰਦੇ ਸਨ। ਲੋਕ ਤਪੱਸਿਆ ਕਰਨ ਜੰਗਲਾਂ ਵਿਚ ਜਾਂਦੇ ਅਤੇ ਕੰਦ-ਮੂਲ ਖਾ ਕੇ ਆਪਣਾ ਗੁਜ਼ਾਰਾ ਕਰਦੇ। ਭਾਵੇਂ ਲੱਖਾਂ ਵਰ੍ਹਿਆਂ ਦੀ ਲੰਬੀ ਉਮਰ ਭੋਗਦੇ ਪਰ ਕਿਸੇ ਨੂੰ ਵੀ ਮਹਿਲ ਮਾੜੀਆਂ ਜਾਂ ਮੰਦਿਰ ਉਸਾਰਨ ਦਾ ਖਿਆਲ ਤੱਕ ਨਹੀਂ ਸੀ ਆਉਂਦਾ। ਇੱਕ ਪਾਸੇ ਜੀਵਨ ਸਮਾਪਤ ਹੋ ਰਿਹਾ ਸੀ ਅਤੇ ਦੂਸਰੇ ਪਾਸੇ ਜੀਵਨ-ਪ੍ਰਵਾਹ ਉਵੇਂ ਜਾਰੀ ਸੀ। ਭਾਵ ਹਿੰਦੂ ਮਿਥਿਹਾਸ ਅਨੁਸਾਰ ਸਤਿਯੁਗ ਦਾ ਸਮਾਂ ਬਹੁਤ ਵਧੀਆ ਸਮਾਂ ਮੰਨਿਆ ਜਾਂਦਾ ਹੈ ਜਿਸ ਵਿਚ ਸਿਰਫ ਇੱਕ ਬ੍ਰਹਮ ਦਾ ਹੀ ਧਿਆਨ ਧਰਿਆ ਜਾਂਦਾ ਸੀ। ਲੋਕ ਮਾਇਆ ਤੋਂ ਨਿਰਲੇਪ ਬ੍ਰਹਮ-ਵਿਚਾਰ ਵਿਚ ਲੀਨ ਸਨ। ਲੋਕਾਂ ਦਾ ਜੀਵਨ ਸਾਦਾ ਸੀ ਜੋ ਜੰਗਲਾਂ 'ਚ ਜਾ ਕੇ ਤਪੱਸਿਆ ਕਰਦੇ ਅਤੇ ਕੁਦਰਤੀ ਫਲ-ਸਬਜ਼ੀਆਂ ਆਦਿ ਖਾ ਕੇ ਗੁਜ਼ਾਰਾ ਕਰਦੇ ਸਨ। ਕਿਸੇ ਨੂੰ ਮਹਿਲ-ਮੰਦਰਿ ਉਸਾਰਨ ਦਾ ਧਿਆਨ ਨਹੀਂ ਸੀ। ਲੋਕਾਂ ਦਾ ਜੀਵਨ ਸਾਦਾ ਤੇ ਉਮਰ ਲੰਬੀ ਸੀ,

ਚਾਰਿ ਜੁਗਿ ਕਰਿ ਥਾਪਨਾ
ਸਤਿਜੁਗੁ ਤ੍ਰੇਤਾ ਦੁਆਪਰ ਸਾਜੇ।
ਚਉਥਾ ਕਲਿਜੁਗੁ ਥਾਪਿਆ
ਚਾਰਿ ਵਰਨਿ ਚਾਰੋਂ ਕੇ ਰਾਜੇ।
ਬ੍ਰਹਮਣਿ ਛਤ੍ਰੀ ਵੈਸਿ ਸੂਦ੍ਰਿ
ਜੁਗ ਜੁਗ ਏਕੋ ਵਰਨ ਬਿਰਾਜੇ।
ਸਤਿਜੁਗਿ ਹੰਸੁ ਅਉਤਾਰੁ
ਧਰਿ ਸੋਹੰ ਬ੍ਰਹਮੁ ਨ ਦੂਜਾ ਪਾਜੇ।
ਏਕੋ ਬ੍ਰਹਮੁ ਵਖਾਣੀਐ
ਮੋਹ ਮਾਇਆ ਤੇ ਬੇਮੁਹਤਾਜੇ।
ਕਰਨਿ ਤਪਸਿਆ ਬਨਿ ਵਿਖੈ
ਵਖਤੁ ਗੁਜਾਰਨਿ ਪਿੰਨੀ ਸਾਗੇ।
ਲਖਿ ਵਰ੍ਹਿਆਂ ਦੀ ਆਰਜਾ
ਕੋਠੇ ਕੋਟਿ ਨ ਮੰਦਰਿ ਸਾਜੇ।
ਇਕ ਬਿਨਸੈ ਇਕ ਅਸਥਿਰੁ ਗਾਜੇ॥੫॥

ਹਰ ਇੱਕ ਯੁਗ ਦੇ ਅਵਤਾਰ ਅਤੇ ਧਾਰਮਕ ਫਰਜ਼ਾਂ ਦਾ ਜ਼ਿਕਰ ਕਰਦਿਆਂ ਭਾਈ ਗੁਰਦਾਸ ਦੱਸਦੇ ਹਨ ਕਿ ਤ੍ਰੇਤੇ ਯੁਗ 'ਚ (ਹਿੰਦੂ ਮਿਥਿਹਾਸ ਅਨੁਸਾਰ) ਸੂਰਜ-ਬੰਸੀ ਖੱਤਰੀ ਰਾਮ ਚੰਦਰ ਬਹੁਤ ਵੱਡਾ ਅਵਤਾਰ ਹੋਇਆ। ਇਸ ਯੁਗ ਵਿਚ ਮਨੁੱਖ ਦੀ ਉਮਰ ਨੌਂ ਹਿੱਸੇ ਘੱਟ ਗਈ ਅਤੇ ਇਸ ਯੁਗ ਵਿਚ ਮਾਇਆ, ਮੋਹ ਅਤੇ ਅਹਿੰਕਾਰ ਬਹੁਤ ਵਧ ਗਏ ਭਾਵ ਲੋਕਾਂ ਦੀ ਪਰਵਿਰਤੀ ਸਤਿਯੁਗ ਨਾਲੋਂ ਬਹੁਤ ਬਦਲ ਗਈ। ਦੁਆਪਰਿ ਵਿਚ ਯਾਦਵ ਕੁਲ ਅੰਦਰ ਕ੍ਰਿਸ਼ਨ ਦਾ ਅਵਤਾਰ ਹੋਇਆ ਅਤੇ ਹਰ ਆਉਣ ਵਾਲੇ ਯੁਗ ਵਿਚ ਮਨੁੱਖ ਦੀ ਉਮਰ ਘਟਦੀ ਗਈ ਅਤੇ ਮਨੁੱਖ ਵਿਚੋਂ ਚੰਗੇ ਗੁਣ ਘੱਟ ਹੁੰਦੇ ਚਲੇ ਗਏ। ਰਿਗ ਵੇਦ 'ਚ ਬ੍ਰਾਹਮਣ ਦੇ ਵਿਹਾਰ ਤੇ ਕੀਤੇ ਜਾਣ ਵਾਲੇ ਚੰਗੇ ਕਰਮਾਂ ਦਾ ਵਿਚਾਰ ਪੂਰਬ ਵੱਲ ਮੂੰਹ ਕਰਕੇ ਕੀਤਾ ਜਾਂਦਾ। ਖੱਤਰੀਆਂ ਨੇ ਯਜੁਰ ਵੇਦ ਦੀ ਸਥਾਪਨਾ ਕੀਤੀ ਅਤੇ ਦੱਖਣ ਵੱਲ ਮੂੰਹ ਕਰਕੇ ਦਾਨ ਆਦਿ ਕਰਮ ਕੀਤੇ ਜਾਣ ਲੱਗੇ। ਵੈਸ਼ ਤੋਂ ਸਾਮ ਵੇਦ ਦੀ ਸਥਾਪਨਾ ਕੀਤੀ ਗਈ ਅਤੇ ਪੱਛਮ ਵੱਲ ਮੂੰਹ ਕਰਕੇ ਸੀਸ ਨਿਵਾਇਆ ਜਾਂਦਾ। ਇਸੇ ਤਰ੍ਹਾਂ ਸਾਰੇ ਯੁਗਾਂ ਦੇ ਰੰਗ ਵੀ ਵੱਖਰੇ ਮੰਨੇ ਗਏ ਹਨ। ਰਿਗ ਵੇਦ ਲਈ ਨੀਲੇ, ਯਜੁਰ ਲਈ ਪੀਲੇ ਅਤੇ ਸਾਮ ਵੇਦ ਦੇ ਉਚਾਰਨ ਸਮੇਂ ਚਿੱਟੇ ਵਸਤਰ ਧਾਰਨ ਕਰਨ ਦੀ ਪਰੰਪਰਾ ਸਥਾਪਤ ਹੋ ਗਈ। ਇਸ ਤਰ੍ਹਾਂ ਤਿੰਨਾਂ ਯੁਗਾਂ ਦੇ ਫਰਜ਼ ਭਾਵ ਧਰਮ ਨਿਸ਼ਚਿਤ ਕਰ ਦਿੱਤੇ ਗਏ,

ਤ੍ਰੇਤੇ ਛਤ੍ਰੀ ਰੂਪ ਧਰਿ
ਸੂਰਜ ਬੰਸੀ ਵਡਿ ਅਵਤਾਰਾ।
ਨਉ ਹਿਸੇ ਗਈ ਆਰਜਾ
ਮਾਇਆ ਮੋਹੁ ਅਹੰਕਾਰੁ ਪਸਾਰਾ।
ਦੁਆਪੁਰਿ ਜਾਦਵ ਵੰਸ ਕਰਿ
ਜੁਗਿ ਜੁਗਿ ਅਉਧ ਘਟੈ ਆਚਾਰਾ।
ਰਿਗ ਬੇਦ ਮਹਿ ਬ੍ਰਹਮ ਕ੍ਰਿਤਿ
ਪੂਰਬ ਮੁਖਿ ਸੁਭ ਕਰਮ ਬਿਚਾਰਾ।
ਖਤ੍ਰੀ ਥਾਪੇ ਜੁਜਰੁ ਵੇਦਿ
ਦਖਣ ਮੁਖਿ ਬਹੁ ਦਾਨ ਦਾਤਾਰਾ।
ਵੈਸੋਂ ਥਾਪਿਆ ਸਿਆਮ ਵੇਦੁ
ਪਛਮੁ ਮੁਖਿ ਕਰਿ ਸੀਸੁ ਨਿਵਾਰਾ।
ਰਿਗਿ ਨੀਲੰਬਰਿ ਜੁਜਰਪੀਤ
ਸਵੇਤੰਬਰਿ ਕਰਿ ਸਿਆਮ ਸੁਧਾਰਾ।
ਤ੍ਰਿਹੁ ਜੁਗੀ ਤ੍ਰੈ ਧਰਮ ਉਚਾਰਾ॥੬॥

ਚੌਥਾ ਜੁਗ ਕਲਿਜੁਗ ਸਥਾਪਤ ਕੀਤਾ ਗਿਆ ਜਿਸ ਵਿਚ ਲੋਕਾਂ ਦੀ ਪਰਵਿਰਤੀ ਘਟੀਆ ਹੋ ਗਈ। ਰਿਗ ਵੇਦ, ਯਜੁਰ ਅਤੇ ਸਾਮ ਵੇਦ ਵਿਚ ਦੱਸੇ ਹੋਏ ਕਰਮ ਕਰਨ ਤੋਂ ਲੋਕ ਮਨ ਵਿਚ ਸੰਕੋਚ ਕਰਨ ਲੱਗ ਪਏ। ਸਾਰਾ ਜਗਤ ਮਾਇਆ ਦੇ ਮੋਹ ਦੀ ਜਕੜ ਵਿਚ ਆ ਗਿਆ ਅਤੇ ਕਲਿਯੁਗ ਨੇ ਸਭ ਅੰਦਰ ਭਰਮ ਪੈਦਾ ਕਰ ਦਿੱਤਾ। ਲੋਕਾਂ ਵਿਚ ਨਫਰਤ ਤੇ ਈਰਖਾ ਪੈਦਾ ਹੋ ਗਈ ਅਤੇ ਲੋਕ ਹਉਮੈ ਅੰਦਰ ਜਲਨ ਲੱਗ ਪਏ। ਕੋਈ ਵੀ ਹੁਣ ਕਿਸੇ ਦੀ ਪੂਜਾ ਨਹੀਂ ਸੀ ਕਰਦਾ ਅਤੇ ਲੋਕਾਂ ਨੂੰ ਆਪ ਤੋਂ ਛੋਟੇ ਜਾਂ ਵੱਡੇ ਦੀ ਇੱਜ਼ਤ ਕਰਨਾ ਭੁੱਲ ਗਿਆ ਸੀ। ਉਸ ਛੁਰੀ ਵਰਗੇ ਯੁਗ ਵਿਚ ਰਾਜੇ ਜ਼ਾਲਿਮ ਹੋ ਗਏ ਤੇ ਉਨ੍ਹਾਂ ਦੇ ਅਹਿਲਕਾਰ ਕਸਾਈ ਬਣ ਗਏ। ਤਿੰਨਾਂ ਯੁਗਾਂ ਦਾ ਇਨਸਾਫ ਪਿੱਛੇ ਰਹਿ ਗਿਆ ਅਤੇ ਹੁਣ ਇਸ ਯੁਗ ਵਿਚ ਜੇ ਕੋਈ ਕੁਝ ਦੇ ਦਿੰਦਾ ਸੀ (ਭਾਵ ਇਨਸਾਫ ਰਿਸ਼ਵਤ ਰਾਹੀਂ ਖਰੀਦਿਆ ਜਾਣ ਲੱਗਾ) ਤਾਂ ਇਨਸਾਫ ਪ੍ਰਾਪਤ ਕਰ ਲੈਂਦਾ ਸੀ। ਸਾਰੇ ਲੋਕਾਂ ਕਰਮ-ਭ੍ਰਿਸ਼ਟ ਹੋ ਗਏ,

ਕਲਿਜੁਗੁ ਚਉਥਾ ਥਾਪਿਆ
ਸੂਦ੍ਰ ਬਿਰਤਿ ਜਗ ਮਹਿ ਵਰਤਾਈ।
ਕਰਮ ਸੁਰਗਿ ਜੁਜਰ ਸਿਆਮ ਕੇ
ਕਰੇ ਜਗਤੁ ਰਿਦਿ ਬਹੁ ਸੁਕਚਾਈ।
ਮਾਇਆ ਮੋਹੀ ਮੇਦਨੀ
ਕਲਿ ਕਲਿਵਾਲੀ ਸਭਿ ਭਰਮਾਈ।
ਉਠੀ ਗਿਲਾਨਿ ਜਗਤ੍ਰਿ
ਵਿਚਿ ਹਉਮੈ ਅੰਦਰਿ ਜਲੈ ਲੁਕਾਈ।
ਕੋਇ ਨ ਕਿਸੈ ਪੂਜਦਾ
ਊਚ ਨੀਚ ਸਭਿ ਗਤਿ ਬਿਸਰਾਈ।
ਭਏ ਬਿਅਦਲੀ ਪਾਤਸਾਹ
ਕਲਿ ਕਾਤੀ ਉਮਰਾਇ ਕਸਾਈ।
ਰਹਿਆ ਤਪਾਵਸੁ ਤ੍ਰਿਹੁ ਜੁਗੀ
ਚਉਥੇ ਜੁਗਿ ਜੋ ਦੇਇ ਸੁ ਪਾਈ।
ਕਰਮ ਭ੍ਰਿਸਟਿ ਸਭਿ ਭਈ ਲੋਕਾਈ॥੭॥

ਇਸ ਤਰ੍ਹਾਂ ਭਾਈ ਗੁਰਦਾਸ ਨੇ, ਯੁਗਾਂ ਬਾਰੇ ਜੋ ਪ੍ਰਚਲਿਤ ਧਾਰਨਾਵਾਂ ਹਨ, ਦਾ ਜ਼ਿਕਰ ਕਰਦਿਆਂ ਬਹੁਤ ਹੀ ਸੰਖੇਪ ਸ਼ਬਦਾਂ ਵਿਚ ਹਰ ਯੁਗ ਦੇ ਧਰਮ, ਵੇਦ ਅਤੇ ਉਨ੍ਹਾਂ ਅਨੁਸਾਰ ਲੋਕਾਂ ਦੀਆਂ ਪਰਵਿਰਤੀਆਂ ਦਾ ਜ਼ਿਕਰ ਕੀਤਾ ਹੈ।

# ਜਿਨਾ ਗੁਰਮੁਖਿ ਧਿਆਇਆ ਤਿਨ ਪੂਛਉ ਜਾਇ

**ਗਉੜੀ ਗੁਆਰੇਰੀ ਮਹਲਾ ੩**
ਜਿਨਾ ਗੁਰਮੁਖਿ ਧਿਆਇਆ
ਤਿਨ ਪੂਛਉ ਜਾਇ॥
ਗੁਰ ਸੇਵਾ ਤੇ ਮਨੁ ਪਤੀਆਇ॥
ਸੇ ਧਨਵੰਤ ਹਰਿ ਨਾਮੁ ਕਮਾਇ॥
ਪੂਰੇ ਗੁਰ ਤੇ ਸੋਝੀ ਪਾਇ॥੧॥
ਹਰਿ ਹਰਿ ਨਾਮੁ ਜਪਹੁ ਮੇਰੇ ਭਾਈ॥
ਗੁਰਮੁਖਿ ਸੇਵਾ
ਹਰਿ ਘਾਲ ਥਾਇ ਪਾਈ॥੧॥ਰਹਾਉ॥
ਆਪੁ ਪਛਾਣੈ ਮਨੁ ਨਿਰਮਲੁ ਹੋਇ॥
ਜੀਵਨ ਮੁਕਤਿ ਹਰਿ ਪਾਵੈ ਸੋਇ॥
ਹਰਿ ਗੁਣ ਗਾਵੈ ਮਤਿ ਊਤਮ ਹੋਇ॥
ਸਹਜੇ ਸਹਜਿ ਸਮਾਵੈ ਸੋਇ॥੨॥
ਦੂਜੈ ਭਾਇ ਨ ਸੇਵਿਆ ਜਾਇ॥
ਹਉਮੈ ਮਾਇਆ ਮਹਾ ਬਿਖੁ ਖਾਇ॥
ਪੁਤਿ ਕੁਟੰਬਿ ਗ੍ਰਿਹਿ ਮੋਹਿਆ ਮਾਇ॥
ਮਨਮੁਖਿ ਅੰਧਾ ਆਵੈ ਜਾਇ॥੩॥
ਹਰਿ ਹਰਿ ਨਾਮੁ ਦੇਵੈ ਜਨੁ ਸੋਇ॥
ਅਨਦਿਨੁ ਭਗਤਿ ਗੁਰ ਸਬਦੀ ਹੋਇ॥
ਗੁਰਮਤਿ ਵਿਰਲਾ ਬੂਝੈ ਕੋਇ॥
ਨਾਨਕ ਨਾਮਿ ਸਮਾਵੈ ਸੋਇ॥੪॥

ਗੁਰਦੇਵ ਜੀ ਆਖਦੇ ਹਨ, ਜਿਨ੍ਹਾਂ ਗੁਰਮੁਖਾਂ ਨੇ ਗੁਰੂ ਦੀ ਸਿੱਖਿਆ ਉਤੇ ਤੁਰ ਕੇ ਅਕਾਲ ਪੁਰਖ ਦਾ ਨਾਮ ਧਿਆਇਆ ਹੈ, ਜਦੋਂ ਮੈਂ ਉਨ੍ਹਾਂ ਕੋਲੋਂ ਹਰਿ ਸਿਮਰਨ ਦੀ ਜਾਚ ਪੁੱਛਦਾ ਹਾਂ ਤਾਂ ਉਹ ਦੱਸਦੇ ਹਨ ਕਿ ਗੁਰੂ ਦੀ ਦੱਸੀ ਹੋਈ ਸੇਵਾ ਨਾਲ ਹੀ ਮਨੁੱਖ ਦਾ ਮਨ ਪ੍ਰਭੂ ਪਿਤਾ ਦੇ ਸਿਮਰਨ ਵਿਚ ਪਸੀਜਦਾ ਹੈ। ਹੇ ਭਾਈ! ਗੁਰੂ ਦੀ ਸਿੱਖਿਆ ਨਾਲ ਉਹ ਗੁਰੂ ਦੇ ਪਿਆਰੇ ਨਾਮ ਧਨ ਦੀ ਕਮਾਈ ਕਰ ਕੇ ਧਨਵੰਤ, ਭਾਵ ਧਨਾਢ ਹੋ ਜਾਂਦੇ ਹਨ, ਇਹ ਸਿੱਖਿਆ ਪੂਰੇ ਗੁਰੂ ਕੋਲੋਂ ਹੀ ਮਿਲ ਸਕਦੀ ਹੈ।

ਹਰਿ ਹਰਿ ਨਾਮੁ ਜਪਹੁ ਮੇਰੇ ਭਾਈ॥
ਗੁਰਮੁਖਿ ਸੇਵਾ
ਹਰਿ ਘਾਲ ਥਾਇ ਪਾਈ॥੧॥ਰਹਾਉ॥

ਸ਼ਬਦ ਦੀ ਰਹਾਉ ਵਾਲੀ ਪੰਕਤੀ ਵਿਚ ਗੁਰੂ ਅਮਰਦਾਸ ਜੀਵਾਂ ਨੂੰ ਉਪਦੇਸ਼ ਕਰਦੇ ਹਨ- ਹਰਿ ਹਰਿ ਨਾਮੁ ਜਪਹੁ ਮੇਰੇ ਭਾਈ। ਸਤਿਗੁਰੂ ਜਗਤ ਦੇ ਜੀਵਾਂ ਨੂੰ ਆਵਾਜ਼ ਦੇ ਕੇ ਆਖ ਰਹੇ ਹਨ, ਹੇ

**ਗੁਰਮਤਿ ਗਿਆਨ**

ਮੇਰੇ ਭਾਈ! ਗੁਰੂ ਦੀ ਸ਼ਰਨ ਪੈ ਕੇ ਹਰ ਵੇਲੇ ਉਸ ਹਰੀ ਪ੍ਰਭੂ ਦਾ ਸਿਮਰਨ ਕਰਦੇ ਰਹੋ, ਕਿਉਂਕਿ ਹਰੀ ਨਾਮ ਹੀ ਸਭ ਤੋਂ ਉਤਮ ਹੈ; ਹੇ ਭਾਈ! ਗੁਰੂ ਰਾਹੀਂ ਕੀਤੀ ਹੋਈ ਸੇਵਾ ਭਗਤੀ ਦੀ ਘਾਲ ਉਹ ਮਿਹਰਬਾਨ ਪ੍ਰਭੂ ਪਰਵਾਨ ਕਰ ਲੈਂਦਾ ਹੈ।

ਆਪੁ ਪਛਾਣੈ ਮਨੁ ਨਿਰਮਲੁ ਹੋਇ॥
ਜੀਵਨ ਮੁਕਤਿ ਹਰਿ ਪਾਵੈ ਸੋਇ॥
ਹਰਿ ਗੁਣ ਗਾਵੈ ਮਤਿ ਊਤਮ ਹੋਇ॥
ਸਹਜੇ ਸਹਜਿ ਸਮਾਵੈ ਸੋਇ॥੨॥

ਗੁਰੂ ਦੀ ਸਿੱਖਿਆ ਨਾਲ ਜਿਹੜਾ ਮਨੁੱਖ ਆਪਣੇ ਆਤਮਿਕ ਜੀਵਨ ਨੂੰ ਪੜਤਾਲਦਾ ਰਹਿੰਦਾ ਹੈ, ਉਸ ਮਨੁੱਖ ਦਾ ਮਨ ਨਿਰਮਲ ਹੋ ਜਾਂਦਾ ਹੈ, ਉਹ ਇਸੇ ਜਨਮ ਵਿਚ ਹੀ ਮਾਇਆ ਦੇ ਬੰਧਨਾਂ ਤੋਂ ਮੁਕਤ ਹੋ ਜਾਂਦਾ ਹੈ, ਖਲਾਸੀ ਪਾ ਲੈਂਦਾ ਹੈ ਤੇ ਪ੍ਰਭੂ ਨੂੰ ਮਿਲ ਪੈਂਦਾ ਹੈ। ਜਿਹੜਾ ਮਨੁੱਖ ਗੁਰੂ ਦੀ ਸ਼ਰਨ ਪੈ ਕੇ ਪ੍ਰਭੂ ਦੇ ਗੁਣ ਗਾਉਂਦਾ ਹੈ, ਉਸ ਦੀ ਬੁੱਧੀ ਉਤਮ ਹੋ ਜਾਂਦੀ ਹੈ ਤੇ ਉਹ ਸਦਾ ਹੀ ਸਹਿਜ ਅਵਸਥਾ ਦੇ ਟਿਕਾਉ 'ਚ ਰਹਿੰਦਾ ਹੈ।

ਦੂਜੈ ਭਾਇ ਨ ਸੇਵਿਆ ਜਾਇ॥
ਹਉਮੈ ਮਾਇਆ ਮਹਾ ਬਿਖੁ ਖਾਇ॥
ਪੁਤਿ ਕੁਟੰਬਿ ਗ੍ਰਿਹਿ ਮੋਹਿਆ ਮਾਇ॥
ਮਨਮੁਖਿ ਅੰਧਾ ਆਵੈ ਜਾਇ॥੩॥

ਹੇ ਮੇਰੇ ਭਾਈ! ਮਾਇਆ ਦੇ ਮੋਹ ਵਿਚ ਫਸੇ ਰਹਿ ਕੇ ਪਰਮੇਸ਼ਵਰ ਦੀ ਸੇਵਾ ਭਗਤੀ ਨਹੀਂ ਹੋ ਸਕਦੀ। ਹਉਮੈ ਤਾਂ ਭਿਆਨਕ ਜ਼ਹਿਰ ਹੈ, ਤੇ ਇਹ ਜ਼ਹਿਰ ਮਨੁੱਖ ਦੇ ਆਤਮਿਕ ਜੀਵਨ ਨੂੰ ਮਾਰ ਦਿੰਦਾ ਹੈ, ਇਹ ਮਾਇਆ ਮਨੁੱਖ ਨੂੰ ਪੁੱਤ ਦੇ ਮੋਹ ਰਾਹੀਂ, ਪਰਿਵਾਰ ਅਤੇ ਘਰ ਦੇ ਮੋਹ ਰਾਹੀਂ ਹੀ ਠੱਗਦੀ ਰਹਿੰਦੀ ਹੈ। ਮਾਇਆ ਦੇ ਮੋਹ ਵਿਚ ਅੰਨ੍ਹਾ ਹੋਇਆ ਜੀਵ ਆਪਣੇ ਮਨ ਦੇ ਮਗਰ ਲੱਗ ਕੇ ਜਨਮ ਅਤੇ ਮਰਨ ਦੇ ਗੇੜ ਵਿਚ ਪਿਆ ਰਹਿੰਦਾ ਹੈ।

ਹਰਿ ਹਰਿ ਨਾਮੁ ਦੇਵੈ ਜਨੁ ਸੋਇ॥
ਅਨਦਿਨੁ ਭਗਤਿ ਗੁਰ ਸਬਦੀ ਹੋਇ॥
ਗੁਰਮਤਿ ਵਿਰਲਾ ਬੂਝੈ ਕੋਇ॥
ਨਾਨਕ ਨਾਮਿ ਸਮਾਵੈ ਸੋਇ॥੪॥

ਗੁਰਦੇਵ ਆਖਦੇ ਹਨ, ਹੇ ਭਾਈ! ਗੁਰੂ ਰਾਹੀਂ ਪ੍ਰਭੂ ਜਿਸ ਮਨੁੱਖ ਨੂੰ ਆਪਣੇ ਨਾਮ ਦੀ ਦਾਤ ਬਖ਼ਸ਼ ਦਿੰਦਾ ਹੈ, ਉਹ ਉਸ ਪ੍ਰਭੂ ਦਾ ਸੇਵਕ ਬਣ ਜਾਂਦਾ ਹੈ। ਗੁਰੂ ਦੇ ਸ਼ਬਦ ਰਾਹੀਂ ਹਰ ਰੋਜ਼ ਉਸ ਮਾਲਕ ਦੀ ਭਗਤੀ ਹੋ ਸਕਦੀ ਹੈ। ਗੁਰੂ ਦੀ ਮੱਤ ਲੈ ਕੇ ਕੋਈ ਵਿਰਲਾ ਵਡਭਾਗਾ ਮਨੁੱਖ ਮਨੁੱਖੀ ਜੀਵਨ ਦੇ ਮਨੋਰਥ ਨੂੰ ਜਾਣ ਸਕਦਾ ਹੈ। ਨਾਨਕ ਨਾਮਿ ਸਮਾਵੈ ਸੋਇ, ਹੇ ਨਾਨਕ! ਫਿਰ ਉਹ ਵਡਭਾਗਾ ਮਨੁੱਖ ਮਿਹਰਬਾਨ ਪ੍ਰਭੂ ਦੇ ਨਾਮ ਵਿਚ ਹੀ ਲੀਨ ਹੋ ਜਾਂਦਾ ਹੈ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ
ਫੋਨ: 916-687-3435

# ਊਰਮਿਲਾ

**ਹਿੰਦੂ ਮੱਤ ਅਨੁਸਾਰ ਸ੍ਰੀ ਰਾਮ ਚੰਦਰ ਨੂੰ ਭਗਵਾਨ ਅਤੇ ਸੀਤਾ ਨੂੰ ਮਾਤਾ ਕਰਕੇ ਜਾਣਿਆ ਜਾਂਦਾ ਹੈ। ਲਛਮਣ, ਜਿਸ ਨੇ ਉਨ੍ਹਾਂ ਦੀ ਸੇਵਾ ਕੀਤੀ, ਉਸ ਦਾ ਵੀ ਬੜਾ ਵੱਡਾ ਨਾਂ ਹੈ। ਸ੍ਰੀ ਰਾਮ ਚੰਦਰ ਅਤੇ ਉਨ੍ਹਾਂ ਨਾਲ ਸੀਤਾ ਤੇ ਲਛਮਣ ਨੇ ਪਿਤਾ ਦੇ ਵਚਨ ਪਾਲਦਿਆਂ 14 ਸਾਲ ਦਾ ਬਨਵਾਸ ਕੱਟਿਆ, ਸਾਰੀ ਦੁਨੀਆਂ ਉਨ੍ਹਾਂ ਨੂੰ ਜਾਣਦੀ ਹੈ ਪਰ ਲਛਮਣ ਦੀ ਧਰਮਪਤਨੀ ਊਰਮਿਲਾ ਜਿਸ ਨੇ ਇਹ 14 ਸਾਲ ਆਪਣੇ ਘਰ ਰਹਿ ਕੇ ਬਨਵਾਸ ਤੋਂ ਵੀ ਮਾੜੇ ਹਾਲਾਤ ਵਿਚ ਕੱਟੇ, ਉਸ ਦਾ ਨਾਂ ਕਿਸੇ ਨੂੰ ਘੱਟ ਹੀ ਚੇਤੇ ਹੈ। ਇਹੋ ਹੈ ਊਰਮਿਲਾ ਦੀ ਪੀੜਾ ਜਿਸ ਨੂੰ ਕਿਰਪਾਲ ਕੌਰ ਨੇ ਆਪਣੀ ਇਸ ਕਹਾਣੀ ਵਿਚ ਪੇਸ਼ ਕੀਤਾ ਹੈ। -ਸੰਪਾਦਕ**

**ਕਿਰਪਾਲ ਕੌਰ**
ਫੋਨ:815-356-9535

'ਕੁਝ ਲਿਖਾਂ' ਸੋਚ ਕੇ ਕਲਮ ਫੜੀ, ਦਿਮਾਗ ਬਿਲਕੁਲ ਖਾਲੀ ਸੀ। 'ਕੀ ਲਿਖਾਂ' ਬਾਰੇ ਕੁਝ ਫੁਰਦਾ, ਉਸ ਤੋਂ ਪਹਿਲਾਂ ਊਰਮਿਲਾ ਮੇਰੇ ਸਾਹਮਣੇ ਲਾਲ ਅੱਖਾਂ ਕਰੀ ਖੜ੍ਹੀ ਸੀ। ਮੈਂ ਕਿਹਾ, "ਊਰਮਿਲਾ ਤੂੰ!"

"ਹਾਂ ਮੈਂ ਊਰਮਿਲਾ। ਤੈਨੂੰ ਵੀ ਮੇਰੀ ਪਛਾਣ ਭੁੱਲ ਗਈ।"

"ਨਹੀਂ ਊਰਮਿਲਾ, ਮੈਂ ਤੈਨੂੰ ਪਛਾਣ ਤੇ ਲਿਆ... ਪਰ ਤੂੰ ਗੁੱਸੇ ਵਿਚ ਕਿਉਂ ਐਂ, ਕੀ ਗੱਲ?" ਮੈਂ ਪੁੱਛਿਆ।

"ਆਪੇ ਸੋਚ", ਊਰਮਿਲਾ ਬੋਲੀ, "ਯਾਦ ਹੈ ਤੈਨੂੰ, ਜਦ ਤੂੰ ਕਹਿੰਦੀ ਹੁੰਦੀ ਸੀ ਰਾਮਾਇਣ ਵਿਚ ਊਰਮਿਲਾ ਐਸੀ ਪਾਤਰ ਹੈ ਜਿਸ ਨੂੰ ਨਿਆਂ ਨਹੀਂ ਮਿਲਿਆ, ਮੈਂ ਦਿਲਾਵਾਂਗੀ।"

"ਊਰਮਿਲਾ ਯਾਦ ਤਾਂ ਹੈ।" ਮੈਂ ਕਿਹਾ, ਪਰ ਮੇਰਾ ਉਤਸ਼ਾਹ ਢਿੱਲਾ ਸੀ। ਫਿਰ ਊਰਮਿਲਾ ਹੀ ਬੋਲੀ, "ਮੈਨੂੰ ਪਤੈ ਤੂੰ ਜੋ ਕਹਿਣਾ। ਅੱਜ ਕੱਲ੍ਹ ਤੂੰ ਇਹੀ ਉਤਰ ਦਿੰਦੀ ਏਂ... ਕਾਲੀ ਦਾਸ ਤੇ ਤੁਲਸੀ ਦਾਸ ਜੋ ਨਿਆਂ ਨਹੀਂ ਕਰ ਸਕੇ, ਮੈਂ ਭਲਾ ਕਿਵੇਂ ਦਿਲਾ ਸਕਦੀ ਹਾਂ... ਮੈਂ ਤਾਂ ਲਿਖਾਰੀਆਂ ਦੀ ਪੰਕਤੀ ਵਿਚ ਹੀ ਨਹੀਂ... ਮੇਰੇ ਲਿਖਣ ਨਾਲ ਤੇਰਾ ਚਰਿੱਤਰ ਲੋਕਾਂ ਅੱਗੇ ਉਜਾਗਰ ਹੋ ਸਕੇਗਾ?"

ਫਿਰ ਮੈਂ ਕਿਹਾ, "ਊਰਮਿਲਾ, ਮੈਂ ਸੱਚ ਆਖ ਰਹੀ ਹਾਂ, ਸੀਤਾ ਨਾਲੋਂ ਕਿਤੇ ਵੱਧ ਕੁਰਬਾਨੀ ਤਾਂ ਤੇਰੀ ਹੈ।"

ਊਰਮਿਲਾ ਭਰੀ-ਪੀਤੀ ਮੁੜ ਗਈ ਸੀ।

ਤੁਸੀਂ ਜਾਣਦੇ ਹੋ ਕਿ ਨਹੀਂ ਊਰਮਿਲਾ ਨੂੰ? ਮੈਂ ਤੁਹਾਡੀ ਪਛਾਣ ਕਰਵਾ ਦੇਵਾਂ। ਊਰਮਿਲਾ ਲਛਮਣ ਦੀ ਪਤਨੀ, ਰਾਮ ਚੰਦਰ ਦੀ ਭਰਜਾਈ ਤੇ ਰਾਜੇ ਦਸ਼ਰਥ ਦੀ ਨੂੰਹ ਰਾਣੀ। ਰਾਮ ਚੰਦਰ ਨੂੰ ਬਨਵਾਸ 'ਤੇ ਜਾਣਾ ਪਿਆ, ਉਨ੍ਹਾਂ ਆਪਣੇ ਪਿਤਾ ਦੇ ਬਚਨ ਦੀ ਪੂਰਤੀ ਜੁ ਕਰਨੀ ਸੀ! ਰਘੂਵੰਸ਼ ਦੀ ਰੀਤ ਸੀ ਕਿ ਪ੍ਰਾਣ ਚਲੇ ਜਾਣ, ਪਰ ਪ੍ਰਣ ਨਹੀਂ ਟੁੱਟਣਾ ਚਾਹੀਦਾ। ਲਾਇਕ ਪੁੱਤਰ ਪਿਤਾ ਦੇ ਬਚਨ ਦੀ ਲਾਜ ਰੱਖਦੇ ਹਨ। ਬਨਵਾਸ 'ਤੇ ਜਾਣ ਨਾਲ ਉਹ ਰਾਜਾ ਰਾਮ ਤੋਂ ਭਗਵਾਨ ਰਾਮ ਬਣ ਗਏ।

ਸੀਤਾ, ਰਾਮ ਚੰਦਰ ਦੀ ਪਤਨੀ ਸੀ। ਉਨ੍ਹਾਂ ਕਿਹਾ ਕਿ ਮੈਂ ਤਾਂ ਆਪਣੇ ਪਤੀ ਦੇ ਨਾਲ ਹੀ ਜਾਵਾਂਗੀ। ਰਾਮ ਚੰਦਰ ਨੇ ਵੀ ਉਨ੍ਹਾਂ ਦੀ ਗੱਲ ਮੰਨ ਲਈ। ਦੋਵੇਂ ਇਕੱਠੇ ਰਹਾਂਗੇ ਤਾਂ ਸਮਾਂ ਚੰਗਾ ਲੰਘ ਜਾਵੇਗਾ। ਆਖਰ ਚੌਦਾਂ ਵਰ੍ਹਿਆਂ ਦਾ ਸਮਾਂ ਕਿਹੜਾ ਛੋਟਾ ਹੁੰਦਾ ਹੈ!

ਲਛਮਣ ਜੀ ਕਿਹੜਾ ਘੱਟ ਸਨ। ਉਨ੍ਹਾਂ ਕਿਹਾ, "ਮੈਂ ਤਾਂ ਵੱਡੇ ਭਰਾ ਤੇ ਭਾਬੀ ਦੀ ਸੇਵਾ ਕਰਨੀ ਹੈ। ਮੈਂ ਨਾਲ ਜਾਵਾਂਗਾ। ਜੰਗਲ ਵਿਚ ਜੰਗਲੀ ਜਾਨਵਰ ਵੀ ਹੋਣਗੇ। ਹੋਰ ਬਹੁਤ ਮੁਸ਼ਕਿਲਾਂ ਹੋਣਗੀਆਂ, ਮੈਂ ਨਾਲ ਰਹਾਂਗਾ।" ਉਹ ਜਿੱਦੀ ਸੁਭਾਅ ਵਾਲੇ ਸਨ। ਰਾਮ ਚੰਦਰ ਨੇ ਮਨਜ਼ੂਰੀ ਦੇ ਦਿੱਤੀ। ਊਰਮਿਲਾ ਨੇ ਕਿਹਾ, "ਮੈਂ ਵੀ ਆਪਣੇ ਪਤੀ ਨਾਲ ਜਾਵਾਂਗੀ।" ਲਛਮਣ ਦਾ ਜਵਾਬ ਸੀ, "ਤੂੰ ਬਿਲਕੁਲ ਨਹੀਂ ਜਾ ਸਕਦੀ। ਤੂੰ ਮੇਰੇ ਪਿੱਛੋਂ ਮਾਤਾਵਾਂ ਦੀ ਸੇਵਾ ਵਿਚ ਰਹੇਂਗੀ। ਇਹ ਤੈਨੂੰ ਤੇਰੇ ਪਤੀ ਦਾ ਹੁਕਮ ਹੈ ਜਿਸ ਦਾ ਤੈਨੂੰ ਪਾਲਣ ਕਰਨਾ ਹੋਵੇਗਾ।" ਉਹ ਵਿਚਾਰੀ ਚੁੱਪ ਹੋ ਗਈ।

ਉਹ ਤਿੰਨੇ ਆਪਣੇ ਰਾਜ ਪਰਿਵਾਰ ਵਾਲੇ ਵਸਤਰ ਬਦਲ ਕੇ ਬਣਾਂ ਨੂੰ ਚਲੇ ਗਏ। ਊਰਮਿਲਾ ਨੇ ਵੀ ਆਪਣੇ ਵਸਤਰ ਬਦਲ ਕੇ ਬਨਵਾਸੀਆਂ ਵਾਲੇ ਪਾ ਲਏ। ਮਹਿਲ ਵਿਚ ਹੀ ਬਨਵਾਸੀ ਜੀਵਨ ਸ਼ੁਰੂ ਕਰ ਦਿੱਤਾ। ਮਾਤਾਵਾਂ ਦੀ ਸੇਵਾ ਕਰਦੀ, ਆਪ ਬਹੁਤ ਘੱਟ ਤੇ ਸਾਦਾ ਭੋਜਨ ਖਾਂਦੀ। ਫਰਸ਼ 'ਤੇ ਸੌਂਦੀ, ਸਾਰੇ ਗਹਿਣੇ ਉਤਾਰ ਦਿੱਤੇ। ਕੋਈ ਸ਼ਿੰਗਾਰ ਨਾ ਕਰਦੀ। ਕੇਵਲ ਸੰਧੂਰ ਤੇ ਬਿੰਦੀ ਲਗਾਉਂਦੀ।

ਅਯੁੱਧਿਆ ਤੋਂ ਚੱਲ ਕੇ ਜਿਥੋਂ ਜੰਗਲੀ ਤੇ ਸੁੰਨਾ ਖੰਡ ਸ਼ੁਰੂ ਹੋਇਆ, ਲਛਮਣ ਨੇ ਰਾਮ ਨੂੰ ਕਿਹਾ, "ਤੁਸੀਂ ਮੇਰੇ ਬੜੇ ਭਰਾ ਹੋ। ਮੈਂ ਤੁਹਾਡੇ ਪਾਸੋਂ ਖਿਮਾ ਮੰਗਦਾ ਹਾਂ, ਹੁਣ ਮੈਂ ਤੁਹਾਡੇ ਅੱਗੇ ਹੋ ਕੇ ਤੁਰਾਂਗਾ, ਕਿਉਂਕਿ ਮੈਂ ਰਸਤੇ ਦੇ ਕੰਡੇ ਤੇ ਹੋਰ ਰੁਕਾਵਟਾਂ ਦੂਰ ਕਰ ਕੇ ਤੁਹਾਡੇ ਲਈ ਰਾਹ ਸੁਖਾਵਾਂ ਤੇ ਪੱਧਰਾ ਬਣਾਉਂਦਾ ਅੱਗੇ ਚੱਲਾਂਗਾ।" ਰਾਮ ਨੇ ਆਗਿਆ ਦੇ ਦਿੱਤੀ। ਰਾਸਤੇ ਵਿਚ ਜਿਥੇ ਰਾਤ ਆਉਂਦੀ, ਲਛਮਣ ਉਨ੍ਹਾਂ ਦੇ ਆਰਾਮ ਦਾ ਚੰਗਾ ਪ੍ਰਬੰਧ ਕਰ ਦਿੰਦਾ। ਖਾਣ ਲਈ ਜੋ ਜੰਗਲੀ ਫਲ ਮਿਲਦੇ, ਇਕੱਠੇ ਕਰ ਕੇ ਲਿਆ ਦਿੰਦਾ। ਅੰਤ, ਜਿਹੜਾ ਸਥਾਨ ਰਾਮ ਚੰਦਰ ਤੇ ਸੀਤਾ ਨੂੰ ਪਸੰਦ ਆਇਆ, ਉਹ ਧੁਰ ਦੱਖਣ ਵਿਚ ਸੀ। ਬਹੁਤ ਹੀ ਸੁੰਦਰ ਸਥਾਨ, ਭਰੇ ਰੁੱਖ ਜਿਨ੍ਹਾਂ ਨਾਲ ਲਿਪਟੀਆਂ ਫੁੱਲਾਂ ਲੱਦੀਆਂ ਬੇਲਾਂ, ਛੋਟੀਆਂ ਝਾੜੀਆਂ, ਹਰਾ ਘਾਹ ਅਤੇ ਪਾਣੀ ਦੇ ਸਾਫ ਵਹਿਣ। ਇਸ ਤਰ੍ਹਾਂ ਲੱਗਦਾ ਸੀ ਕਿ ਕੁਦਰਤ ਨੇ ਸਾਰੀ ਸੁੰਦਰਤਾ ਇਸ ਧਰਤੀ ਨੂੰ ਬਖਸ਼ੀ ਹੈ।

ਉਸ ਥਾਂ ਲਛਮਣ ਨੇ ਬਹੁਤ ਸੋਹਣੀ ਕੁਟੀਆ ਬਣਾ ਦਿੱਤੀ। ਨਾਰੀਅਲ ਦੇ ਰੁੱਖਾਂ ਦੇ ਸੁੱਕੇ ਪੱਤੇ ਪਾ ਕੇ ਛੱਤ ਪਾ ਲਈ। ਕੁਝ ਦਿਨ ਲਾ ਕੇ ਮਿੱਟੀ ਦਾ ਚਬੂਤਰਾ ਜਿਹਾ ਬਣਾ ਕੇ ਉਸ ਨੂੰ ਲਿਪ-ਪੋਚ ਕੇ ਪਲੰਘ ਬਣਾ ਦਿੱਤਾ। ਉਸ ਉਪਰ ਕੋਮਲ ਪੱਤੇ ਤੇ ਫੁੱਲ, ਵਛਾਈ ਦਾ ਕੰਮ ਕਰਦੇ। ਕੁਝ ਰੁੱਖਾਂ ਦੇ ਬੀਜ ਤੇ ਸ਼ਾਲ ਇਕੱਠੀ ਕਰ ਕੇ ਮਸ਼ਾਲਾਂ ਬਣਾ ਲਈਆਂ, ਰਾਤ ਨੂੰ ਜਲਾ ਲੈਂਦੇ। ਹੋਰ ਵੀ ਹਰ ਸੁੱਖ ਦਾ ਬਦਲ ਤਿਆਰ ਕਰ ਕੇ ਭਰਾ-ਭਰਜਾਈ ਨੂੰ ਜੰਗਲ ਵਿਚ ਮੰਗਲ ਬਣਾ ਦਿੱਤਾ। ਸਾਰਾ ਦਿਨ ਉਹ ਘੁੰਮਦੇ। ਜੰਗਲੀ ਜਾਨਵਰ ਤੇ ਰੰਗ ਬਿਰੰਗੇ ਫੁੱਲ, ਇਹ ਸਾਰੇ ਨਜ਼ਾਰੇ ਮਹਿਲ ਵਿਚ ਕਿਥੇ ਸਨ!

ਮਹਿਲਾਂ ਵਿਚ ਭਰਤ ਰਾਜ ਪ੍ਰਬੰਧ ਵਿਚ ਲੱਗਾ ਸੀ। ਸ਼ਤਰੂਘਨ ਵੀ, ਜੋ ਭਰਾ ਦਾ ਹੁਕਮ ਹੁੰਦਾ, ਉਹ ਕਰਦਾ। ਇਨ੍ਹਾਂ ਦੀਆਂ ਪਤਨੀਆਂ ਵੀ ਸੁੱਖ ਆਰਾਮ ਨਾਲ ਰਹਿੰਦੀਆਂ। ਬਜ਼ੁਰਗਾਂ ਦੀ ਸੇਵਾ



ਊਰਮਿਲਾ ਕਰਦੀ, ਪਰ ਉਸ ਦਾ ਹਾਲ ਪੁੱਛਣ ਦਾ ਕਿਸੇ ਕੋਲ ਸਮਾਂ ਨਹੀਂ ਸੀ। ਉਹ ਹਰ ਪਲ ਆਪਣੇ ਪਤੀ ਨੂੰ ਯਾਦ ਕਰਦੀ। ਕਦੀ ਉਸ ਦੀ ਚਿੰਤਾ ਕਰਦੀ, ਨਾਰਾਜ਼ ਹੁੰਦੀ। ਕਦੀ ਰੋਂਦੀ ਤੇ ਕਦੀ ਅਰਦਾਸ ਕਰਦੀ ਕਿ ਉਸ ਦਾ ਪਤੀ ਆਪਣੇ ਭਰਾ ਤੇ ਭਾਬੀ ਦੀ ਸੇਵਾ ਲਈ ਰਾਜ਼ੀ ਖੁਸ਼ੀ ਰਹੇ। ਉਸ ਸਥਾਨ ਨੂੰ ਆਪਣੀਆਂ ਅੰਦਰ ਦੀਆਂ ਅੱਖਾਂ ਅੱਗੇ ਲਿਆਉਂਦੀ ਜਿਥੇ ਉਸ ਦਾ ਪਤੀ ਰਹਿੰਦਾ ਹੋਵੇਗਾ।

ਊਰਮਿਲਾ ਹਵਾਵਾਂ ਤੋਂ ਬਨਵਾਸੀਆਂ ਦਾ ਹਾਲ ਪੁੱਛਦੀ ਤੇ ਆਪਣੇ ਸੁਨੇਹੇ ਦਿੰਦੀ। ਉਡਦੇ ਪੰਛੀਆਂ ਨੂੰ ਕਹਿੰਦੀ, "ਤੁਸੀਂ ਮੇਰੇ ਪਤੀ ਨੂੰ ਦੇਖਿਆ ਹੋਵੇਗਾ, ਕਿਵੇਂ ਰਹਿ ਰਹੇ ਹਨ ਉਹ?"

ਦੱਖਣ ਵੱਲੋਂ ਆਉਂਦੀ ਹਵਾ ਵਿਚੋਂ ਉਸ ਨੂੰ ਹਵਾ ਦੀ ਸਰ-ਸਰਾਹਟ ਦੇ ਨਾਲ-ਨਾਲ ਆਪਣੇ ਪਤੀ ਦੀ ਆਵਾਜ਼ ਸੁਣਦੀ। ਉਹ ਕਹਿੰਦੀ, "ਮੇਰੇ ਪਤੀ ਨੇ ਮੈਨੂੰ ਕੋਈ ਸੰਦੇਸ਼ਾ ਭੇਜਿਆ ਹੈ।" ਉਹ ਵਿਛੋੜੇ ਦੇ ਦੁੱਖ ਨਾਲ ਬੌਰੀ ਹੋਈ ਪਈ ਸੀ। ਸਰੀਰਕ ਪੱਖ ਤੋਂ ਵੀ ਉਹ ਬਹੁਤ ਕਮਜ਼ੋਰ ਹੋ ਗਈ ਸੀ। ਵਿਛੋੜੇ ਦਾ ਸਮਾਂ ਹੀ ਬਹੁਤ ਲੰਮਾ ਸੀ। ਮਾਤਾਵਾਂ ਉਸ ਦੀ ਚਿੰਤਾ ਕਰਦੀਆਂ ਤੇ ਬੈਠੀਆਂ ਵਰ੍ਹੇ ਗਿਣਦੀਆਂ, ਊਰਮਿਲਾ ਨੂੰ ਹੌਸਲਾ ਦਿੰਦੀਆਂ।

ਇਕ ਦਿਨ ਖਬਰ ਮਿਲੀ ਕਿ ਲੰਕਾ ਦਾ ਰਾਜਾ ਸੀਤਾ ਨੂੰ ਛਲ ਨਾਲ ਚੁੱਕ ਕੇ ਲੈ ਗਿਆ ਹੈ। ਸਾਰੀ ਅਯੁੱਧਿਆ ਦੁੱਖ ਵਿਚ ਡੁੱਬ ਗਈ। ਕੀ ਹੋਵੇਗਾ, ਕਿਵੇਂ ਹੋਵੇਗਾ, ਖਬਰਾਂ ਖਬਰੇ ਹਵਾਵਾਂ ਨਾਲ ਆ ਜਾਂਦੀਆਂ! ਰਾਮ ਚੰਦਰ ਬਹੁਤ ਦੁਖੀ ਹਨ। ਉਹ ਰੁੱਖਾਂ ਦੇ ਗਲ ਲੱਗ ਕੇ ਰੋਂਦੇ ਤੇ ਸੀਤਾ ਨੂੰ ਆਵਾਜ਼ਾਂ ਦਿੰਦੇ ਹਨ। ਲਛਮਣ ਲੰਕਾ ਦੇ ਰਾਜੇ ਨਾਲ ਯੁੱਧ ਦੀ ਤਿਆਰੀ ਵਿਚ ਲੱਗ ਗਏ ਹਨ।

ਇਕ ਦਿਨ ਇਕ ਦਾਸੀ ਦੂਜੀ ਨੂੰ ਕਹਿ ਰਹੀ ਸੀ, "ਕਹਿੰਦੇ ਨੇ, ਰਾਮ ਚੰਦਰ ਬਹੁਤ ਦੁਖੀ ਹਨ। ਰੋ-ਰੋ ਵਿਰਲਾਪ ਕਰਦੇ ਹਨ।" ਸੁਣ ਕੇ ਦੂਜੀ ਦਾਸੀ ਬੋਲੀ, "ਜਿਸ ਤਨ ਲੱਗੇ ਉਹੀ ਜਾਣੇ।"

ਫਿਰ ਸੁਖਦਾਈ ਖਬਰ ਆਈ ਕਿ ਬਾਨਰ ਸੈਨਾ ਦੀ ਸਹਾਇਤਾ ਨਾਲ ਲੰਕਾ ਨੂੰ ਭਸਮ ਕਰ ਦਿੱਤਾ ਗਿਆ ਹੈ। ਰਾਵਣ ਮਾਰ ਦਿੱਤਾ ਤੇ ਸੀਤਾ ਜੀ ਮੁੜ ਰਾਮ ਚੰਦਰ ਕੋਲ ਪਹੁੰਚ ਗਏ ਹਨ।

ਹੁਣ ਉਹ ਦਿਹਾੜਾ ਆ ਗਿਆ ਜਿਸ ਦੀ ਸਾਰੇ ਉਡੀਕ ਕਰ ਰਹੇ ਸਨ। ਰਾਮ ਚੰਦਰ ਦਾ ਬਨਵਾਸ ਮੁੱਕ ਗਿਆ। ਊਰਮਿਲਾ ਸੋਚਦੀ, "ਮੇਰੇ ਪਤੀ ਵੀ ਆਪਣੇ ਭਾਈ ਤੇ ਭਾਬੀ ਦੇ ਨਾਲ ਹੀ ਆਉਣਗੇ। ਮੇਰੇ ਪਤੀ ਵੀ ਮੇਰੇ ਵਾਂਗ ਮੈਨੂੰ ਮਿਲਣ ਲਈ ਕਾਹਲੇ ਹੋਣਗੇ। ਸਿੱਧੇ ਮੇਰੇ ਕੋਲ ਪਹੁੰਚਣਗੇ।" ਫਿਰ ਦਿਲ ਨੇ ਕਿਹਾ, "ਨਹੀਂ, ਇਹ ਕਿਵੇਂ ਹੋ ਸਕਦਾ ਹੈ! ਪਹਿਲਾਂ ਮਾਤਾਵਾਂ ਕੋਲ ਜਾ ਕੇ ਉਨ੍ਹਾਂ ਦੇ ਚਰਨ ਛੂਹਣਗੇ। ਮੈਂ ਵੀ ਉਥੇ ਹੀ ਹੋਵਾਂਗੀ।" ਫਿਰ ਅੰਦਰੋਂ ਆਵਾਜ਼ ਆਈ, "ਕੀ ਮੇਰੇ ਪਤੀ ਮੈਨੂੰ ਪਛਾਣ ਲੈਣਗੇ?...ਹਾਂ ਕਿਉਂ ਨਹੀਂ। ਭਾਵੇਂ ਕੁਝ ਹੋ ਜਾਵੇ, ਅਸੀਂ ਕਦੀ ਇਕ ਦੂਜੇ ਨੂੰ ਨਹੀਂ ਭੁੱਲ ਸਕਦੇ।" ਫਿਰ ਸੋਚਦੀ, "ਮੈਂ ਜਾਣਦੀ ਹਾਂ, ਮੈਂ ਬਹੁਤ ਕਮਜ਼ੋਰ ਹੋ ਗਈ ਹਾਂ। ਪੁਸ਼ਾਕ ਵੀ ਇਸ ਤਰ੍ਹਾਂ ਦੀ ਹੈ। ਵਾਲ ਵੀ ਬਹੁਤੇ ਕਾਲੇ ਨਹੀਂ ਰਹੇ। ਫਿਰ ਵੀ ਕੀ ਹੋਇਆ, ਊਰਮਿਲਾ ਦੇ ਤਨ ਦੀ ਰਾਖ ਨੂੰ ਵੀ ਮੇਰੇ ਲਛਮਣ ਪਛਾਣ ਲੈਣਗੇ, ਪਰ ਇਹ ਵੀ ਤਾਂ ਹੋ ਸਕਦਾ ਹੈ ਕਿ ਉਹ ਵੀ ਮੈਨੂੰ ਇਕੱਲੇ ਵਿਚ ਮਿਲਣਾ ਚਾਹੁਣਗੇ।"

ਮਨ ਦੀ ਇਸੇ ਉਧੇੜ-ਬੁਣ ਵਿਚ ਕਈ ਦਿਨ ਲੰਘ ਗਏ, ਅੰਤ ਉਹ ਦਿਨ ਆ ਗਿਆ ਜਿਸ ਦਿਨ ਰਾਮ ਚੰਦਰ ਸੀਤਾ ਤੇ ਲਛਮਣ ਨਾਲ ਅਯੁੱਧਿਆ ਪਹੁੰਚੇ। ਅਯੁੱਧਿਆ ਨੂੰ ਦੁਲਹਨ ਵਾਂਗ ਸਜਾਇਆ ਗਿਆ ਸੀ। ਮਹਿਲ ਵੀ ਜਗਮਗਾ ਰਿਹਾ ਸੀ। ਭਰਤ ਤੇ ਸ਼ਤਰੂਘਨ ਬਾਕੀ ਪਰਜਾ ਨਾਲ ਅਯੁੱਧਿਆ ਦੀ ਹੱਦ ਉਤੇ ਸਵਾਗਤ ਲਈ ਗਏ ਹੋਏ ਸਨ।

ਊਰਮਿਲਾ ਨੇ ਨਿੱਤ ਦੇ ਕੰਮ ਅਨੁਸਾਰ ਮਾਤਾਵਾਂ ਦੀ ਸੇਵਾ ਕੀਤੀ, ਪੂਜਾ ਪਾਠ ਕੀਤਾ। ਆਪਣੇ ਕੱਕਸ਼ (ਮਹੱਲ) ਵਿਚ ਜਾ ਕੇ ਆਪਣੀ ਨਿੱਤ ਵਾਲੀ ਖੱਦਰ ਦੀ ਪੁਸ਼ਾਕ ਪਾਈ ਅਤੇ ਫਰਸ਼ 'ਤੇ ਵਿਛੇ ਆਪਣੇ ਆਸਣ ਉਤੇ ਬੈਠ ਗਈ। ਫਿਰ ਉਠ ਖੜੋਤੀ। ਉਸ ਅੰਦਰ ਬੇਚੈਨੀ ਸੀ। ਕਦੀ ਕਮਰੇ ਦੇ ਅੰਦਰ ਫਿਰਨ ਲੱਗ ਜਾਂਦੀ। ਮੁੜ ਬੈਠ ਜਾਂਦੀ। ਉਹ ਆਪੇ ਨੂੰ ਸੰਭਾਲ ਨਹੀਂ ਸਕਦੀ ਸੀ। ਉਸ ਦੇ ਕੰਨਾਂ ਨੇ ਜੈਕਾਰੇ ਸੁਣੇ, ਰਾਮ ਚੰਦਰ ਦੇ। ਉਸ ਝੱਟ ਉਠ ਕੇ ਆਪਣਾ ਬੂਹਾ ਖੋਲ੍ਹਿਆ ਤੇ ਬਾਹਰ ਨਿਕਲੀ। ਉਸ ਦੇਖਿਆ ਕਿ ਕਾਫੀ ਸਾਰੇ ਲੋਕ ਮਾਤਾਵਾਂ ਦੇ ਕੱਕਸ਼ ਤੋਂ ਬਾਹਰ ਖੜ੍ਹੇ ਹਨ। ਫਿਰ ਸਭ ਉਸ ਅਟਾਰੀ ਵੱਲ ਚੱਲ ਪਏ ਜਿਥੇ ਖੜ੍ਹ ਕੇ ਮਹਾਰਾਜ ਦਸ਼ਰਥ ਜਨਤਾ ਨੂੰ ਦਰਸ਼ਨ ਦਿੰਦੇ ਸਨ।

ਊਰਮਿਲਾ ਜਾਣ ਗਈ ਕਿ ਇਹ ਤਿੰਨੇ ਪਹਿਲਾਂ ਆਪਣੀ ਜਨਤਾ ਨੂੰ ਦਰਸ਼ਨ ਦੇਣਗੇ। ਊਰਮਿਲਾ ਫਿਰ ਅੰਦਰ ਚਲੀ ਗਈ। ਆਪਣੇ ਆਸਣ ਉਤੇ ਬੈਠ ਗਈ। ਪਤਾ ਨਹੀਂ ਲੱਗਿਆ ਕਿ ਉਹ ਕਦੋਂ ਬੇਹੋਸ਼ ਹੋ ਗਈ। ਇਕ ਦਾਸੀ ਨੇ ਦੇਖਿਆ ਤਾਂ ਦੌੜੀ ਵੈਦ ਜੀ ਨੂੰ ਬੁਲਾਉਣ, ਵੈਦ ਵੀ ਜਨਤਾ ਵਿਚ ਖੜ੍ਹੇ ਸਨ। ਉਹਨੇ ਰੌਲਾ ਪਾਇਆ, "ਵੈਦ ਨੂੰ ਬੁਲਾਓ, ਰਾਣੀ ਊਰਮਿਲਾ ਨੂੰ ਮੂਰਛਾ (ਬੇਹੋਸ਼ੀ) ਆ ਗਈ।" ਇਹ ਸੁਣ ਲਛਮਣ ਦੌੜੇ, ਕੋਲ ਆਏ ਤੇ ਉਸ ਦੀ ਹਾਲਤ ਦੇਖ ਕੇ ਹੈਰਾਨ ਰਹਿ ਗਏ, "ਏਹ ਊਰਮਿਲਾ! ਕੀ ਹੋ ਗਿਆ ਇਸ ਨੂੰ?"

ਵੈਦ ਨੇ ਨਬਜ਼ ਦੇਖੀ ਤੇ ਕਿਹਾ, "ਮਹਾਰਾਜ ਲਛਮਣ, ਇਸ ਦਾ ਦਾਰੂ ਮੇਰੇ ਕੋਲ ਨਹੀਂ, ਤੁਹਾਡੇ ਕੋਲ ਹੈ।" ਇਹ ਕਹਿ ਕੇ ਉਹ ਚਲਾ ਗਿਆ। ਲਛਮਣ ਉਸ ਦਾ ਸਿਰ ਆਪਣੀ ਗੋਦ ਵਿਚ ਲੈ ਕੇ ਆਪਣੇ ਆਪ ਨੂੰ ਬੁਰਾ ਕਹਿੰਦੇ ਤੇ ਹੰਝੂ ਕੇਰਦੇ ਰਹੇ। ਕੁਝ ਸਮੇਂ ਮਗਰੋਂ ਊਰਮਿਲਾ ਨੂੰ ਹੋਸ਼ ਆਈ, ਉਸ ਦਾ ਚਿਹਰਾ ਬਿਲਕੁਲ ਗਿੱਲਾ ਸੀ। ਉਸ ਦੇ ਪਤੀ ਦੇ ਨੈਣਾਂ 'ਚੋਂ ਬੱਦਲ ਵਰ੍ਹਿਆ ਸੀ। ਊਰਮਿਲਾ ਨੇ ਅੱਖਾਂ ਖੋਲ੍ਹੀਆਂ, ਉਸ ਦੀਆਂ ਨਦੀਆਂ ਵੀ ਵਹਿ ਤੁਰੀਆਂ। ਬਹੁਤ ਦੇਰ ਤੱਕ ਇਹ ਸਿਲਸਿਲਾ ਚੱਲਿਆ। ਕੋਈ ਸ਼ਬਦ ਨਹੀਂ ਸੀ। ਚੁੱਪ ਵਿਚ ਹੀ ਵਾਰਤਾਲਾਪ ਹੋ ਰਿਹਾ ਸੀ। ਅੰਤ ਬੱਦਲ ਛਟੇ ਤੇ ਨਦੀਆਂ ਦਾ ਪਾਣੀ ਠੱਲ੍ਹਿਆ। ਲਛਮਣ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਹੇ ਊਰਮਿਲੇ! ਮੈਂ ਖਿਮਾ ਦਾ ਜਾਚਕ ਹਾਂ। ਮੇਰੀਆਂ ਭੁੱਲਾਂ ਬਖਸ਼। ਉਹੀ ਸੁੰਦਰ ਸਜੀ ਊਰਮਿਲਾ ਬਣ ਜਾ। ਮੈਨੂੰ ਤੇਰੀ ਇਸ ਹਾਲਤ ਦਾ ਅਨੁਮਾਨ ਹੁੰਦਾ ਤਾਂ ਕਦੀ ਨਾ ਜਾਂਦਾ।"

ਊਰਮਿਲਾ ਨੇ ਪਤੀ ਦੇ ਜੋੜੇ ਹੋਏ ਹੱਥ ਫੜ ਕੇ ਕਿਹਾ, "ਹੇ ਆਰੀਆ ਪੁੱਤਰ! ਤੁਸੀਂ ਮੇਰੇ ਅੱਗੇ ਹੱਥ ਨਾ ਜੋੜੋ। ਪੱਟ ਦੀਆਂ ਸਾੜ੍ਹੀਆਂ, ਗਹਿਣੇ ਤੇ ਸ਼ਿੰਗਾਰ ਕਰ ਲੈਂਦੀ ਹਾਂ। ਤੁਸੀਂ ਮੈਨੂੰ ਇਕ ਵਸਤ ਦੇ ਦਿਓ।"

ਲਛਮਣ ਨੇ ਕਿਹਾ, "ਹੇ ਦੇਵੀ! ਤੂੰ ਬੋਲ, ਮੈਂ ਹੁਣੇ ਹਾਜ਼ਰ ਕਰ ਦਿੰਦਾ ਹਾਂ।"

"ਹਾਂ ਜੀ, ਬੋਲ ਰਹੀ ਹਾਂ... ਮੇਰੇ ਬੀਤੇ ਚੌਦਾਂ ਵਰ੍ਹਿਆਂ ਵਿਚੋਂ ਦੋ ਪਲ!"

ਉਹ ਦੋ ਪਲ ਊਰਮਿਲਾ ਨੂੰ ਕੋਈ ਨਹੀਂ ਮੋੜ ਸਕਦਾ। ਜਦ ਊਰਮਿਲਾ ਤਿਤਲੀ ਵਾਂਗ ਬਾਗ ਵਿਚ ਫਿਰਦੀ ਸੀ। ਜਿਧਰ ਦੀ ਲੰਘਦੀ ਸੀ, ਖੁਸ਼ੀ ਤੇ ਹਾਸਾ ਖਿੱਲਰ ਜਾਂਦਾ ਸੀ। ਉਸ ਦੇ ਹਾਰ-ਸ਼ਿੰਗਾਰ ਦੀ ਗੱਲ ਹੀ ਵੱਖਰੀ ਸੀ। ਹੁਣ ਸੁੱਕੇ ਫੁੱਲ ਨੂੰ ਜਿੰਨਾ ਚਾਹੇ ਪਾਣੀ ਦੇਵੋ, ਉਸ 'ਤੇ ਬਹਾਰ ਨਹੀਂ ਆਉਂਦੀ।

ਇਹੀ ਸੀ ਊਰਮਿਲਾ ਦਾ ਨਿਆਂ ਜੋ ਉਸ ਨੂੰ ਕਿਸੇ ਨੇ ਇਕ ਹਮਦਰਦੀ ਦਾ ਸ਼ਬਦ ਬੋਲ ਕੇ ਵੀ ਨਹੀਂ ਦਿੱਤਾ। ਨਾ ਕਾਲੀਦਾਸ ਤੇ ਨਾ ਤੁਲਸੀ ਦਾਸ ਨੇ। ਊਰਮਿਲਾ ਬਿਨਾ ਕਸੂਰ ਤੋਂ ਅਗਰਬੱਤੀ ਵਾਂਗ ਜਲੀ, ਪਰ ਉਸ ਨੇ ਆਪਣੇ ਜਲਣ ਦੀ ਬੂ ਮਾਤਾਵਾਂ ਨੂੰ ਨਹੀਂ ਆਉਣ ਦਿੱਤੀ ਸਗੋਂ ਉਨ੍ਹਾਂ ਤੱਕ ਸੁਗੰਧ ਹੀ ਭੇਜੀ।

# ਪਰਵਾਸ ਦੀ ਕਹਾਣੀ

## ਦਿਲ ਦੀ ਕਸਕ

**ਗੁਰਪ੍ਰੀਤ ਸਿੰਘ ਸੋਹੀ**
ਫੋਨ: 91-98883-25070

ਇਕ ਦਿਨ ਮੇਰੇ ਬਹੁਤ ਹੀ ਅਜੀਜ਼ ਮਿੱਤਰ ਨਿਰਮਲ ਦਾ ਕੈਨੇਡਾ ਤੋਂ ਫੋਨ ਆਇਆ। ਉਸ ਨੂੰ ਉਥੇ ਗਿਆਂ ਤਿੰਨ ਵਰ੍ਹੇ ਹੋ ਗਏ ਹਨ। ਉਸ ਦੇ ਭਰਾ ਤੇ ਭਾਬੀ ਪਹਿਲਾਂ ਤੋਂ ਹੀ ਉਥੇ ਸਨ। ਭਾਈ ਨੇ ਪੱਕਿਆਂ ਹੁੰਦੇ ਸਾਰ ਹੀ ਨਿਰਮਲ ਨੂੰ ਵੀ ਆਪਣੇ ਕੋਲ ਬੁਲਾ ਲਿਆ ਸੀ।

ਸਾਡਾ ਦੋਵਾਂ ਦਾ ਮੇਲ ਪੰਜਾਬੀ ਯੂਨੀਵਰਸਿਟੀ ਦੇ ਵਿਹੜੇ ਵਿਚ ਹੋਇਆ। ਉਹ ਗਾਉਣ ਦਾ ਸ਼ੌਕੀਨ ਹੋਣ ਕਰਕੇ ਬੀ.ਏ. ਸੰਗੀਤ ਵਿਭਾਗ ਵਿਚ ਕਰ ਰਿਹਾ ਸੀ, ਅਤੇ ਮੈਂ ਗੁਰਮਤਿ ਸੰਗੀਤ ਵਿਚ ਸੀ। ਉਨ੍ਹੀਂ ਦਿਨੀਂ ਦੋਵਾਂ ਵਿਭਾਗਾਂ ਦੀਆਂ ਕਲਾਸਾਂ ਇਕੱਠੀਆਂ ਹੀ ਲੱਗਿਆ ਕਰਦੀਆਂ ਸਨ। ਨਿਰਮਲ ਮੇਰੇ ਤੋਂ ਉਮਰ ਵਿਚ ਵੱਡਾ ਸੀ ਅਤੇ ਬਹੁਤ ਸਮਝਦਾਰ ਵੀ ਸੀ। ਇਸੇ ਲਈ ਉਸ ਕੋਲੋਂ ਸਿਆਣਪ ਤੇ ਸਲੀਕੇ ਭਰੀਆਂ ਗੱਲਾਂ ਸੁਣਨ ਨੂੰ ਮਿਲਦੀਆਂ। ਉਹ ਜਦੋਂ ਵੀ ਸਾਡੇ ਹੋਸਟਲ ਦੇ ਕਮਰੇ 'ਚ ਆਉਂਦਾ, ਤਾਂ ਕੋਈ ਨਾ ਕੋਈ ਗੀਤ ਜ਼ਰੂਰ ਗਾ ਕੇ ਜਾਂਦਾ। ਉਹਦੇ ਗਾਏ ਹੋਏ ਗੀਤ ਮੈਨੂੰ ਅੱਜ ਤੱਕ ਯਾਦ ਹਨ, "ਬੇਖੌਫ ਹੋ ਕੇ ਕੋਲੋਂ ਦੀ ਲੰਘ ਸੱਜਣਾ।" ਆਦਿ। ਉਹ ਹਮੇਸ਼ਾ ਖੁਸ਼ ਰਹਿੰਦਾ ਅਤੇ ਇੱਕੋ ਮਿਜ਼ਾਜ 'ਚ ਵਿਚਰਦਾ ਸੀ। ਕਦੇ ਵੀ ਉਸ ਦੇ ਚਿਹਰੇ 'ਤੇ ਉਦਾਸੀ ਦੀ ਭਣਕ ਨਹੀਂ ਸੀ ਦਿਸੀ। ਉਹ ਫੋਨ 'ਤੇ ਗੱਲ ਕਰਦਿਆਂ ਦੱਸ ਰਿਹਾ ਸੀ, "ਸਾਰਾ ਦਿਨ ਕੰਮ ਕਰਦਿਆਂ ਨਿਕਲ ਜਾਂਦੈ ਬਾਈ, ਕੰਨ ਖੁਰਕਣ ਦੀ ਵੀ ਵਿਹਲ ਨਹੀਂ, ਕੰਮ ਕਰਦਿਆਂ ਲੱਕੜ ਦਾ ਬੂਰਾ ਅੰਦਰ ਨੂੰ ਜਾਂਦਾ, ਡਾਲਰ ਕਮਾਉਣੇ ਸੌਖੇ ਨਈਂ, ਤੁਸੀ ਤਾਂ ਮੌਜ ਕਰਦੇ ਓਂ ਬਾਈ।" ਮੈਂ ਉਸ ਨੂੰ ਕਿਹਾ, "ਕੋਈ ਗਾਣਾ ਹੀ ਸੁਣਾ ਦੇ ਹੁਣ, ਬਹੁਤ ਸਮਾਂ ਹੋ ਗਿਆ ਤੇਰੇ ਤੋਂ ਗਾਣਾ ਨਈਂ ਸੁਣਿਆ।"

"ਵੀਰ ਵਿਹਲ ਹੀ ਨਹੀਂ ਮਿਲਦੀ ਕੁਝ ਸੁਣਨ ਦੀ ਏਥੇ, ਸਭ ਭੁੱਲ ਗਏ ਆਂ।" ਦਰਦ ਭਰੀ ਆਵਾਜ਼ ਵਿਚ ਉਸ ਨੇ ਕਿਹਾ।

ਮੈਨੂੰ ਉਸ ਦੀਆਂ ਗੱਲਾਂ ਤੋਂ ਜਾਪਿਆ ਜਿਵੇਂ ਪਰਦੇਸ ਨੇ ਉਸ ਨੂੰ ਤੋੜ-ਭੰਨ ਕੇ ਦੁਬਾਰਾ ਆਪਣੇ ਅਨੁਸਾਰ ਘੜ ਲਿਆ ਹੋਵੇ। ਸਾਡੇ ਸ਼ੌਕ, ਸੱਧਰਾਂ, ਰੀਝਾਂ ਅਤੇ ਸਭਿਆਚਾਰ ਪਰਵਾਸ ਨੇ ਬਹੁਤਿਆਂ ਹੱਥੋਂ ਖੋਹ ਲਏ ਹਨ। ਅਸੀਂ ਰਿਸ਼ਤਿਆਂ ਦਾ ਨਿੱਘ ਤੇ ਮੋਹ ਗਵਾ ਲਿਆ ਹੈ। ਉਸ ਨੇ ਦੱਸਿਆ ਕਿ ਅਸੀਂ ਥੋੜ੍ਹਾ ਸਮਾਂ ਪਹਿਲਾਂ ਘਰ ਖਰੀਦਿਆ ਹੈ, ਜਿਸ ਦਾ ਵੀਹ ਫੀਸਦੀ ਪਹਿਲਾਂ ਭੁਗਤਾਨ ਕਰਨਾ ਪਿਆ। ਹੁਣ ਹਰ ਮਹੀਨੇ ਤਿੰਨ ਹਜ਼ਾਰ ਡਾਲਰ ਦੀ ਕਿਸ਼ਤ ਲਗਾਤਾਰ ਵੀਹ ਸਾਲ ਭਰਨੀ ਹੈ। ਜਿਸ ਘਰ ਦਾ ਮੁੱਲ ਤਾਰਨਾ ਪੈ ਰਿਹਾ ਹੋਵੇ, ਉਸ ਵਿਚੋਂ ਅਪਣੱਤ ਦੀ ਭਾਅ ਕਿਵੇਂ ਮਾਰ ਸਕਦੀ ਹੈ।

ਜੋ ਲੋਕ ਪੰਜਾਬ ਛੱਡ ਕੇ ਪਰਦੇਸਾਂ ਵਿਚ ਰੋਟੀ ਕਮਾਉਣ ਗਏ ਹਨ, ਉਨ੍ਹਾਂ ਦੀ ਆਪਣੀ ਦਰਦ ਕਹਾਣੀ ਹੈ। ਅਨੇਕਾਂ ਹੀ ਪਰਿਵਾਰਾਂ ਦੇ ਪੁੱਤਰ ਵਿਚ ਵਸ ਗਏ। ਪੰਜਾਬ ਦੇ ਬਹੁਤੇ ਘਰਾਂ ਵਿਚ ਟੰਗੀਆਂ ਵਿਆਹੁੰਦੜ ਜੋੜੀਆਂ ਦੀਆਂ ਲੰਮੀਆਂ ਤਸਵੀਰਾਂ, ਪਰਵਾਸ ਦੀ ਦਰਦ ਕਹਾਣੀ ਬਿਆਨ ਕਰਦੀਆਂ ਹਨ। ਉਨ੍ਹਾਂ ਦੀਆਂ ਮਾਂਵਾਂ ਹਰ ਰਾਤ ਨੂੰ ਨੂੰਹ-ਪੁੱਤ ਘਰੇ ਹੋਣ ਦੇ ਸੁਪਨੇ ਵੇਖਦੀਆਂ ਹਨ। ਅੱਖ ਖੁੱਲ੍ਹਦਿਆਂ ਹੀ ਸੁਪਨਿਆਂ ਦੀ ਰੌਣਕ ਸਾਹਮਣੇ ਕੇਵਲ ਲੰਮੀਆਂ ਤਸਵੀਰਾਂ ਹੀ ਰਹਿ ਜਾਂਦੀਆਂ ਹਨ, ਜਿਨ੍ਹਾਂ ਨੂੰ ਵੇਖ ਕੇ ਹੀ ਉਹ ਜਿਉਂਦੀਆਂ ਹਨ। ਅਸੀਂ ਜ਼ਿਆਦਾ ਪੈਸੇ ਦੇ ਲਾਲਚ ਵਿਚ ਬਹੁਤ ਕੁਝ ਗਵਾਇਆ ਹੈ। ਆਪਣਾ ਮੁਲਕ ਅਤੇ ਆਪਣਿਆਂ ਨਾਲੋਂ ਵਿਛੋੜੇ ਦੇ ਦੁੱਖ ਵਾਲੇ ਹਰੇਵੇ ਦੇ ਡੂੰਘੇ ਭਾਵ ਪਰਦੇਸੀ ਹੀ ਦੱਸ ਸਕਦੇ ਹਨ। ਉਨ੍ਹਾਂ ਦੇ ਮਨ ਵਿਚ ਬੀਤੇ ਦੇ ਗੁੰਮ-ਗੁਆਚ ਜਾਣ ਅਤੇ ਉਸ ਨਾਲੋਂ ਟੁੱਟ ਜਾਣ ਦੀ ਪੀੜ ਹਮੇਸ਼ਾ ਕਸਕਦੀ ਰਹਿੰਦੀ ਹੈ। ਉਹ ਜਦੋਂ ਵੀ ਪੰਜਾਬ ਗੇੜਾ ਮਾਰਦੇ ਹਨ ਤਾਂ ਦਿਲ ਦੀ ਕਸਕ ਪੂਰੀ ਕਰਨ ਦੀ ਕੋਸ਼ਿਸ਼ ਕਰਦੇ ਹਨ। ਸਾਡੀ ਇਥੋਂ ਗਈ ਪੀੜ੍ਹੀ ਦੀ ਔਲਾਦ ਉਨ੍ਹਾਂ ਦੇ ਕਹਿਣੇ ਤੋਂ ਬਾਹਰ ਹੋ ਜਾਂਦੀ ਹੈ, ਫਿਰ ਉਨ੍ਹਾਂ ਨੂੰ ਆਪਣਾ ਮੁਲਕ ਚੇਤੇ ਆਉਂਦਾ ਹੈ। ਬਾਹਰਲੇ ਮੁਲਕਾਂ ਵਿਚ ਪੱਕੇ ਘੱਟ ਪੜ੍ਹੇ ਨੌਜਵਾਨ ਸਾਡੀਆਂ ਡਾਕਟਰੇਟ ਕੁੜੀਆਂ ਵਿਆਹ ਕੇ ਲੈ ਗਏ। ਅਜਿਹੇ ਕੁਜੋੜਾਂ ਨੇ ਅਨੇਕਾਂ ਘਰ ਪੱਟ ਦਿੱਤੇ ਕਿਉਂਕਿ ਤਾਲਮੇਲ ਨਹੀਂ ਬੈਠਦਾ। ਇਹ ਸਭ ਹੋਣ ਦੇ ਬਾਵਜੂਦ ਅਸੀਂ ਪਰਦੇਸਾਂ ਵੱਲ ਭੱਜ ਰਹੇ ਹਾਂ। ਸਾਡੇ ਇਨ੍ਹਾਂ ਹਾਲਾਤ ਲਈ ਕੌਣ ਜਿੰਮੇਵਾਰ ਹੈ?

ਅੱਜ ਇਹ ਸਾਡੇ ਲਈ ਚਿੰਤਾ ਦਾ ਵਿਸ਼ਾ ਹੈ। ਪੰਜਾਬ ਦੀ ਤ੍ਰਾਸਦੀ ਹੈ ਕਿ ਅਸੀਂ ਮੋਹ ਤੇ ਅਪਣੱਤ ਨਾਲ ਭਰੇ ਘਰਾਂ ਨੂੰ ਛੱਡ ਕੇ ਕੇਵਲ ਇੱਟਾਂ ਨਾਲ ਬਣੇ ਮਕਾਨਾਂ ਵਿਚ ਰਹਿਣ ਲਈ ਮਜ਼ਬੂਰ ਹੋ ਗਏ ਹਾਂ। ਉਥੋਂ ਦੇ ਮਕਾਨ ਪੂਰੀ ਜ਼ਿੰਦਗੀ ਸਾਡੇ ਨਾਲ ਸਾਂਝ ਨਹੀਂ ਪਾ ਸਕਦੇ ਕਿਉਂਕਿ ਉਨ੍ਹਾਂ ਦੀ ਨੀਂਹ ਸਾਡੀ ਮਿੱਟੀ ਵਿਚ ਨਹੀਂ ਰੱਖੀ ਗਈ। ਉਸ ਦਿਨ ਨਿਰਮਲ ਦੇ ਫੋਨ ਤੋਂ ਬਾਅਦ ਵੀ ਮੈਂ ਇਹੀ ਸੋਚਦਾ ਰਿਹਾ। ਸੁਰਜੀਤ ਪਾਤਰ ਦੀਆਂ ਕੁਝ ਸਤਰਾਂ ਚੇਤੇ ਆ ਗਈਆਂ,

ਜੋ ਵਿਦੇਸ਼ਾਂ 'ਚ ਰੁਲਦੇ ਨੇ ਰੋਜ਼ੀ ਲਈ,
ਉਹ ਜਦ ਦੇਸ ਪਰਤਣਗੇ ਆਪਣੇ ਕਦੀਂ,
ਕੁਝ ਤਾਂ ਸੇਕਣਗੇ ਮਾਂ ਦੇ ਸਿਵੇ ਦੀ ਅੱਗ,
ਬਾਕੀ ਕਬਰਾਂ ਦੇ ਰੁੱਖਾਂ ਹੇਠ ਜਾ ਬਹਿਣਗੇ।

-0-

# ਭੱਬਾ ਕਹਿੰਦੈ ਭੁੱਲ ਜਾ

*ਕਾਨਾ ਸਿੰਘ ਕਹਿੰਦੀ ਭਾਵੇਂ ਇਹੀ ਹੈ ਕਿ ਉਸ ਨੂੰ ਮੁੰਬਈ ਦਾ ਕੋਈ ਹੇਰਵਾ ਨਹੀਂ, ਪਰ ਇਹ ਲੇਖ ਉਸ ਦੇ ਇਸ ਦਾਅਵੇ ਬਾਰੇ ਆਖਰਕਾਰ ਚੁਗਲੀ ਕਰ ਜਾਂਦਾ ਹੈ। ਉਹ ਹੌਲੀ-ਹੌਲੀ ਮੁਹਾਲੀ ਵਿਚ ਆਪਣੇ ਨਵੇਂ ਵਸੇਬੇ ਦੇ ਆਸ-ਪਾਸ ਵਾਲੀਆਂ ਵਸਤਾਂ ਅਤੇ ਵਿਹਾਰ ਨੂੰ 'ਆਪਣੀ' ਬੰਬਈ (ਮੁੰਬਈ) ਨਾਲ ਮੇਲੀ ਜਾਂਦੀ ਹੈ। ਇਥੋਂ ਤੱਕ ਕਿ ਬੰਬਈ (ਮੁੰਬਈ) ਦੇ ਸ਼ਬਦ-ਜੋੜਾਂ ਵਿਚੋਂ ਹੀ ਉਹ ਇਸ ਲੇਖ ਦਾ ਸਿਰਲੇਖ ਕੱਢ ਲੈਂਦੀ ਹੈ। ਮੁਹਾਲੀ ਅਤੇ ਮੁੰਬਈ ਦਾ ਇਹ 'ਮੁਕਾਬਲਾ' ਦਿਲਚਸਪ ਤਾਂ ਹੈ ਹੀ, ਪਾਠਕ ਅੰਦਰ ਕਰੂੰਬਲਾਂ ਫੁੱਟਣ ਵਰਗੀ ਕੋਈ ਪ੍ਰਕਿਰਿਆ ਪੈਦਾ ਕਰਦਾ ਜਾਪਣ ਲੱਗਦਾ ਹੈ। -ਸੰਪਾਦਕ*



ਚਿੱਤ ਚੇਤਾ

ਕਾਨਾ ਸਿੰਘ
ਫੋਨ:+91-95019-44944

ਮੁੰਬਈ ਦੇ ਪੰਜੀ ਸਾਲਾ ਜੀਵਨ ਦੌਰਾਨ ਡਾਢਾ ਹੀ ਉਦਰੇਵਾਂ ਸੀ ਮਾਂ ਬੋਲੀ ਦਾ। ਪੂਰਬੀ ਸਾਂਤਾਕਰੂਜ਼ ਦੀ ਸਾਰੀ ਵਾਕੋਲਾ ਬਸਤੀ ਵਿਚ ਮਸਾਂ ਪੰਜ-ਸੱਤ ਘਰ ਹੀ ਪੰਜਾਬੀਆਂ ਦੇ ਸਨ ਅਤੇ ਸਾਡੀ ਆਪਣੀ 'ਸੰਤ ਸੁਦਾਮਾ ਕੋਆਪਰੇਟਿਵ ਹਾਊਸਿੰਗ ਸੁਸਾਇਟੀ' ਦੀਆਂ ਦੋਹਾਂ ਬਿਲਡਿੰਗਾਂ ਦੇ ਬਾਈ ਘਰਾਂ ਵਿਚ ਸਾਡੇ ਸਿਵਾ ਸਿਰਫ ਨਰੂਲਾ ਭਾਅ ਜੀ ਪੰਜਾਬੀ ਸਨ ਤੇ ਉਹ ਵੀ ਅੱਧ-ਪਚੱਧੇ ਹੀ। ਸੁਧਾ ਉਨ੍ਹਾਂ ਦੀ ਪਤਨੀ, ਗੁਜਰਾਤੀ ਮਾਂ ਅਤੇ ਮਰਾਠੀ ਪਿਓ ਦੀ ਔਲਾਦ ਸੀ। ਉਹ ਆਪਸ ਵਿਚ ਹਿੰਦੀ ਵਿਚ ਹੀ ਗੱਲਬਾਤ ਕਰਦੇ ਸਨ। ਬਾਈ ਘਰਾਂ ਵਿਚ ਸਿੰਧੀ, ਕੱਛੀ, ਗੁਜਰਾਤੀ, ਮਰਾਠੀ, ਬਿਹਾਰੀ, ਦੱਖਣ-ਭਾਰਤੀ, ਕ੍ਰਿਸਤਾਨ, ਸੱਯਦ, ਆਗਾਖਾਨੀ, ਬੋਹਰੀ, ਕੋਂਕਨੀ- ਸਾਰਾ ਹਿੰਦੁਸਤਾਨ ਹੀ ਤਾਂ ਰਹਿੰਦਾ ਸੀ।

ਅੰਗਰੇਜ਼ੀ, ਹਿੰਦੀ, ਸਿੰਧੀ, ਗੁਜਰਾਤੀ ਤੇ ਮਰਾਠੀ ਬੋਲੀਆਂ ਦਾ ਮਿਲਗੋਭਾ ਬੋਲ-ਬੋਲ ਜਦੋਂ ਮੈਂ ਡਾਢੀ ਉਕਤਾ ਜਾਂਦੀ ਤਾਂ ਨਰੂਲਾ ਭਾਅ ਜੀ ਨੂੰ ਆਵਾਜ਼ ਮਾਰ ਲੈਂਦੀ ਤੇ ਕਦੇ ਉਹ ਵੀ ਆ ਜਾਂਦੇ ਆਪੇ ਹੀ ਜੀਭਾਂ ਦੀ ਉਲੀ ਲਾਹੁਣ ਨੂੰ। ਫਰਨ-ਫਰਨ ਪੰਜਾਬੀ ਬੋਲ ਕੇ ਕਲੇਜੇ ਠੰਢ ਪੈ ਜਾਂਦੀ।

ਸਾਡਾ ਫਲੈਟ ਸੁਸਾਇਟੀ ਦੀ ਏ. ਬਿਲਡਿੰਗ ਦੇ ਐਨ ਖੱਬੇ ਪਾਸੇ ਅਤੇ ਬੀ. ਬਿਲਡਿੰਗ ਦੇ ਬਿਲਕੁਲ ਸਾਹਮਣੇ ਪੈਂਦਾ ਸੀ। ਆਪਣੀ ਖੱਬੀ ਗੈਲਰੀ ਦੀ ਹੀ ਮੈਂ ਰਸੋਈ ਬਣਾ ਲਈ ਸੀ। ਗੈਲਰੀ ਦੇ ਮੂਹਰੇ ਖੁੱਲ੍ਹੇ ਮੈਦਾਨ ਵਿਚ ਗੱਡੀਆਂ ਦੀ ਪਾਰਕਿੰਗ ਹੁੰਦੀ ਸੀ। ਹਰ ਘਰ ਵਿਚ ਆਈ ਟੈਕਸੀ ਉਥੇ ਹੀ ਆ ਕੇ ਰੁਕਦੀ ਸੀ, ਐਨ ਮੇਰੀ ਰਸੋਈ ਦੇ ਸਾਹਮਣੇ।

ਟੈਕਸੀ ਦਾ ਡਰਾਈਵਰ ਜੇ ਸਰਦਾਰ ਹੁੰਦਾ ਤਾਂ ਰੂਹ ਖਿੜ ਜਾਂਦੀ। ਬਾਗੋਬਾਗ।

“ਆਓ ਵੀਰ ਜੀ, ਇਕ ਕੱਪ ਚਾਹ ਦਾ।” ਜੇ ਬੇਨਤੀ ਪਰਵਾਨ ਹੋ ਜਾਂਦੀ ਤਾਂ ਲਗਦਾ, ਕੇਹਾ ਸੁਭਾਗਾ ਦਿਨ ਚੜ੍ਹਿਆ ਏ।

ਜੇ ਕਿਸੇ ਵੀ ਲੋਕਲ ਸਟੇਸ਼ਨ ਦੇ ਬਾਹਰੋਂ ਟੈਕਸੀ ਫੜਨੀ ਹੁੰਦੀ ਤਾਂ ਨੰਬਰਵਾਰ ਲੱਗੀਆਂ ਟੈਕਸੀਆਂ ਨੂੰ ਛੱਡ ਕੇ ਕਿਸੇ ਪੱਗਬੱਧ ਟੈਕਸੀਚਾਲਕ ਭਰਾ ਨੂੰ ਸੈਨਤ ਕਰ ਕੇ ਰੋਕ ਲੈਣਾ। ਇਹੋ ਤਾਂ ਨਿਸ਼ਾਨੀ ਹੁੰਦੀ ਸੀ ਪੰਜਾਬੀ ਭਰਾ ਦੀ।

ਜੇ ਕਦੇ ਉਦਰੇਵਾਂ ਬਹੁਤ ਤੰਗ ਕਰਦਾ ਤਾਂ ਅਸੀਂ ਜਾ ਵੜਦੇ ਪੰਜਾਬੀ ਬਸਤੀ, ਸਾਇਨ-ਕੋਹਲੀਵਾੜੇ ਵਿਚ। ਸਨੇਹੀਆਂ ਮਿੱਤਰਾਂ ਨਾਲ ਮਿਲ ਮਿਲਾ ਕੇ, ਜੀਭਾਂ ਦੀ ਉਲੀ ਲਾਹ ਕੇ ਜਾ ਚੜ੍ਹਦੇ ਰੌਸ਼ਨ ਦੀ ਹੱਟੀ 'ਤੇ ਜੋ ਸਾਰੇ ਮੁੰਬਈ ਦੇ ਪੰਜਾਬੀਆਂ ਦਾ ਉਦੋਂ ਇਕ-ਮਾਤਰ ਸੌਦਾ-ਹੱਟ ਸੀ। ਪਾਪੜ ਵੜੀਆਂ, ਢਿੰਗਰੀ ਗੁੱਛੀਆਂ ਤੇ ਸੂਜੀ-ਸੇਵੀਆਂ ਤੋਂ ਇਲਾਵਾ ਮੋਟਾ ਪੀਠਿਆ ਪੰਜਾਬੀ ਆਟਾ ਸਣੇ ਮਹੀਨੇ ਭਰ ਦਾ ਰਾਸ਼ਨ ਖਰੀਦ ਲੈਂਦੇ। ਕੋਹਲੀਵਾੜੇ ਵਿਚ ਮੱਕੀ ਦੀ ਰੋਟੀ, ਸਰ੍ਹੋਂ ਦਾ ਸਾਗ, ਮੱਛੀ-ਮੀਟ, ਖਰਾਵੜੇ, ਬੰਟੇ ਵਾਲੀਆਂ ਬੋਤਲਾਂ, ਗੋਭੀ ਦੇ ਪਕੌੜਿਆਂ ਦਾ ਰੱਜ ਕਰਕੇ ਲਗਦਾ ਪੰਜਾਬ ਜਾਂ ਦਿੱਲੀ ਦੇ ਕਰੋਲਬਾਗ ਤੋਂ ਹੋ ਆਏ ਹਾਂ।

ਜਗ੍ਹਾ ਜਗ੍ਹਾ ਉਚੇ ਥੜ੍ਹਿਆਂ ਜਾਂ ਪਿੱਪਲ ਹੇਠਾਂ ਬਿਰਾਜੇ ਤਾਸ਼ ਖੇਡਦੇ ਤੇ ਠਹਾਕੇ ਮਾਰਦੇ, ਧੋਤੇ-ਖੁੱਲ੍ਹੇ ਕੇਸ ਤੇ ਖੁੱਲ੍ਹੀਆਂ ਦਾੜ੍ਹੀਆਂ ਵਾਲਿਆਂ ਦੇ ਨਜ਼ਾਰੇ ਵੇਖ ਕੇ ਰੂਹ ਸਰਸ਼ਾਰ ਹੋ ਜਾਂਦੀ।

ਬਹੁਤੀ ਧਾਰਮਿਕ ਅਤੇ ਰਹੁ-ਰੀਤਾਂ ਦੀ ਪੈਰੋਕਾਰ ਤਾਂ ਮੈਂ ਕਦੇ ਵੀ ਨਹੀਂ ਰਹੀ, ਪਰ ਐਤਵਾਰ ਨੂੰ ਖਾਰ ਬਸਤੀ ਦੇ ਸਿੰਘ ਸਭਾ ਗੁਰਦੁਆਰੇ ਜ਼ਰੂਰ ਜਾਣਾ ਅਤੇ ਗੁਰਪੁਰਬਾਂ ਉਪਰ ਦਾਦਰ ਦੇ ਮਹਾਨ ਪੰਡਾਲ ਵਿਚ ਵੀ ਜ਼ਰੂਰ ਸ਼ਾਮਲ ਹੋਣਾ। ਵਰ੍ਹੇ ਛਿਮਾਹੀ ਉਥੇ ਹੀ ਤਾਂ ਮੇਲ ਹੁੰਦਾ ਸੀ ਜਾਣੂਆਂ ਤੇ ਸਾਕ ਸਬੰਧੀਆਂ ਨਾਲ। ਲੰਗਰ ਦੀ ਭੀੜ ਵਿਚ ਧੱਕੇ-ਮੁੱਕੇ ਖਾ ਕੇ, ਢਹਿ ਉਠ, ਭਿੱਜ-ਚਿਥ ਅਤੇ ਲੀੜੇ ਪੜਵਾ ਕੇ ਵਤਨਾਂ ਦੀ ਫੇਰੀ ਦਾ ਝੱਸ ਪੂਰਾ ਕਰ ਲੈਂਦੀ।

ਚੁਰਾਸੀ ਦੇ ਦੰਗਿਆਂ ਨੇ ਹਾਲਾਤ ਬਦਲ ਦਿੱਤੇ। ਮੁੰਬਈ ਨੂੰ ਅਲਵਿਦਾ ਕਹਿ ਕੇ ਮੁਹਾਲੀ ਵੱਸਣਾ ਪਿਆ। ਆਤੰਕ ਨਾਲ ਸਹਿਮਿਆ ਹੋਇਆ ਹਰ ਕੋਈ। ਉਬੜ-ਖਾਬੜ ਗਲੀਆਂ, ਸੜਕਾਂ। ਕਰਫਿਊ-ਹਨੇਰੇ ਤੇ ਮੌਤ ਵਰਗੀ ਚੁੱਪ। ਦੂਰ-ਦੂਰ ਤੱਕ ਕੋਈ ਫੋਨ ਦਾ ਵਸੀਲਾ ਨਾ। ਨਾਲੋਂ-ਨਾਲ ਕੋਠੀਆਂ ਵਿਚ ਬੇਲਾਗ ਤੇ ਅੱਕੇ-ਥੱਕੇ ਲੋਕ। ਸੁੰਨੀਆਂ ਗਲੀਆਂ ਵਿਚ ਮਸਾਂ ਹੀ ਕੋਈ ਬਾਲਕ ਦਿਸਦਾ। ਗਰਮੀਆਂ ਵਿਚ ਅੰਤਾਂ ਦੀ ਗਰਮੀ ਅਤੇ ਸਰਦੀਆਂ ਵਿਚ ਅਤਿ ਦੀ ਸਰਦੀ ਕਾਰਨ ਜਾਂ ਆਤੰਕ ਦੇ ਸਾਏ ਕਰਕੇ ਹਰ ਕੋਈ ਘਰ ਦੇ ਅੰਦਰ ਦੁਬਕਿਆ ਹੋਇਆ। ਘਰ ਤਾਂ ਦਿਸਦੇ ਪਰ ਬੰਦੇ ਨਾਂਹ ਦੇ ਬਰਾਬਰ। ਕਿੱਥੇ ਮੁੰਬਈ ਤੇ ਕਿੱਥੇ ਮੁਹਾਲੀ। ਨਾ ਕੋਈ ਆਪਣਾ ਸਾਕ-ਸਬੰਧੀ ਤੇ ਨਾ ਕੋਈ ਜਾਣ-ਪਛਾਣ। ਨਿਰਾ ਪਰਦੇਸ।

ਕੁਝ ਦਿਨਾਂ ਵਿਚ ਆਪਣੇ ਘਰ ਦੇ ਸਾਹਮਣੇ ਵਾਲੀ ਕੋਠੀ ਦੇ ਕਿਰਾਏਦਾਰਾਂ ਨਾਲ ਵਾਕਫੀਅਤ ਹੋ ਗਈ। ਉਹ ਭੈਣ-ਭਰਾ ਪਿੱਛੋਂ ਤਾਂ ਮੁਕਤਸਰ ਦੇ ਬਰਾੜ ਸਨ, ਪਰ ਦਿੱਲੀ ਤੇ ਕਲਕੱਤੇ ਦੇ ਬੋਰਡਿੰਗਾਂ ਵਿਚ ਰਹਿਣ, ਪੜ੍ਹਨ ਕਾਰਨ ਉਨ੍ਹਾਂ ਨੂੰ ਅੰਗਰੇਜ਼ੀ ਬੋਲਣ ਦੀ ਹੀ ਮੁਹਾਰਤ ਸੀ। ਉਨ੍ਹਾਂ ਨਾਲ ਘੰਟਿਆਂ ਬੱਧੀ ਬਹਿਣਾ ਅਤੇ ਕੱਕਰ ਰਾਤਾਂ ਦੀ ਮੂਸਲਾਧਾਰ ਬਾਰਸ਼ ਵਿਚ ਇਕੱਠੇ ਸਕੂਟਰਾਂ 'ਤੇ ਸਵਾਰ ਹੋ ਕੇ ਸਤਾਰਾਂ ਸੈਕਟਰ ਦੇ ਕੌਫੀ ਹਾਊਸ ਵਿਚ ਜਾ, ਬਹਿ ਕੇ ਕੌਫੀ ਦੀਆਂ ਘੁੱਟਾਂ ਨਾਲ ਅਸਾਂ ਆਪਣੀਆਂ ਮਹਾਂਨਗਰੀਆ ਯਾਦਾਂ ਸਾਂਝੀਆਂ ਕਰਨੀਆਂ। ਜਿੱਥੇ ਮੁੰਬਈ ਵਿਚ ਪੰਜਾਬੀ ਦੇ ਉਦਰੇਵੇਂ ਕਾਰਨ ਕੋਹਲੀਵਾੜੇ ਅਤੇ ਭਗਤ ਸਿੰਘ ਕਲੋਨੀ ਜਾਂ ਸ਼ੇਰੇ-ਪੰਜਾਬ ਬਸਤੀ ਵਿਚ ਜਾ ਕੇ ਤ੍ਰਿਪਤੀ ਹੁੰਦੀ ਸੀ, ਉਥੇ ਇਨ੍ਹਾਂ ਭੈਣ-ਭਰਾ ਨਾਲ ਮਿਲ-ਬਹਿ ਕੇ ਤੇ ਫਰਨ-ਫਰਨ ਅੰਗਰੇਜ਼ੀ ਬੋਲ ਕੇ ਲਗਦਾ ਜਿਵੇਂ ਮੁੰਬਈ ਦੇ ਗੁਆਂਢੀ ਮਿੱਤਰਾਂ, ਡਿਸੂਜ਼ੇ, ਰਿਬੈਲੋ ਤੇ ਪਰੇਰਿਆਂ ਨਾਲ ਰਲ ਬੈਠੀ ਹੋਵਾਂ।

ਮੁਹਾਲੀ ਦੇ ਮੂਲ ਵਸਨੀਕਾਂ ਦੀ ਪੰਜਾਬੀ ਵੀ ਮੈਨੂੰ ਆਪਣੀ ਮਾਦਰੀ ਜ਼ੁਬਾਨ ਨਾ ਲਗਦੀ। ਰੇਡੀਓ ਅਤੇ ਟੀ.ਵੀ. ਤੋਂ ਪ੍ਰਸਾਰਿਤ ਹੁੰਦੇ ਮਲਵਈ ਲਹਿਜੇ ਵਾਲੇ ਗੀਤ ਘਟ-ਵੱਧ ਹੀ ਮੇਰੇ ਪੱਲੇ ਪੈਂਦੇ। ਇਸ ਦੇ ਉਲਟ ਪਾਕਿਸਤਾਨੀ ਕੈਸੇਟਾਂ ਅਤੇ ਪ੍ਰੋਗਰਾਮਾਂ ਦੀ ਪੰਜਾਬੀ ਬੋਲੀ ਮੈਨੂੰ ਵਧੇਰੇ ਆਪਣੀ ਲਗਦੀ।

ਇਕ ਵੇਰਾਂ ਅਸੀਂ ਮਾਂ-ਪੁੱਤ ਮੁਹਾਲੀ ਦੇ ਪੰਜ ਫੇਜ਼ ਦੇ ਬਾਜ਼ਾਰ ਵਿਚੋਂ ਲੰਘ ਰਹੇ ਸਾਂ ਕਿ ਪਿੱਛੋਂ ਕਿਸੇ ਮਰਾਠੀ ਬੰਦੇ ਦੇ ਬੋਲ ਕੰਨੀਂ ਪਏ:

'ਮੀ ਸਾਂਗੇਤਲਾ ਨਾ ਤੁਲਾ, ਮਾਲਾ ਮਾਇਤੀ ਨਾਹੀਂ।'

ਹੈਂ! ਮਰਾਠੀ ਬੋਲਣ ਵਾਲੇ ਤੇ ਉਹ ਵੀ ਇੱਥੇ, ਮੁਹਾਲੀ ਵਿਚ?

ਉਹ ਵੀ ਮਾਂ-ਪੁੱਤ ਹੀ ਜਾਪਦੇ ਸਨ।

“ਤੁਸੀਂ ਮੁੰਬਈ ਤੋਂ ਆਏ ਹੋ?” ਮੈਂ ਪੁੱਛਣੋਂ ਨਾ ਰਹਿ ਸਕੀ।

“ਨਹੀਂ, ਅਸੀਂ ਪੁਣੇ ਦੇ ਹਾਂ।” ਉਨ੍ਹਾਂ ਦਾ ਜੁਆਬ ਸੀ।

“ਅਸੀਂ ਬੰਬਈ ਦੇ ਹਾਂ। ਸਾਡੇ ਘਰ ਚਲੋ। ਇੱਕ ਕੱਪ ਚਾਹ ਦਾ ਰਲ ਪੀਵੀਏ। ਮੈਂ ਮਸਾਲਾ ਚਾਹ ਬਣਾਵਾਂਗੀ। ਬਿਲਕੁਲ ਬੰਬਈਆਂ ਚਾਹ। ਅਸੀਂ ਤਰਸ ਗਏ ਹਾਂ ਮਰਾਠੀ ਸੁਣਨ ਨੂੰ।” ਉਹ ਮਰਾਠੀ ਬੋਲੀ ਜਿਹੜੀ ਮੁੰਬਈ ਵਿਚ ਮੇਰੇ ਕੰਨਾਂ ਨੂੰ ਖਰ੍ਹਵੀ ਲਗਦੀ ਸੀ ਤੇ ਜਿਸ ਦੇ ਸਾਹਵੇਂ ਗੁਜਰਾਤੀ ਬੋਲੀ ਸੁਹਲ ਤੇ ਸਰਲ, ਅੱਜ ਮੈਂ ਉਸੇ ਮਰਾਠੀ ਬੋਲੀ ਲਈ ਭਾਵੁਕ ਹੋਈ ਪਈ ਸਾਂ।

ਮੁੰਬਈ ਸਥਿਤ ਸਾਡੀ ਰਿਹਾਇਸ਼ ਦੇ ਪਿਛਵਾੜੇ ਨਿਮਨ ਵਰਗ ਦੀ ਪ੍ਰਤੀਰਕਸ਼ਾ ਨਗਰ ਨਾਮੀ ਬਸਤੀ ਸੀ। ਵਿਆਹ-ਸ਼ਾਦੀ ਜਾਂ ਜਨਮ ਦਿਨ ਵਰਗੇ ਕਿਸੇ ਵੀ ਖੁਸ਼ੀ ਦੇ ਮੌਕੇ ਪ੍ਰਤੀਰਕਸ਼ਾ ਨਗਰ ਵਿਚ ਲਾਊਡ ਸਪੀਕਰ ਗੂੰਜਣ ਲਗਦਾ। ਕਰਕਸ਼ ਨਾਦ ਨਾਲ ਮਰਾਠੀ ਗੀਤ ਮੇਰੇ ਕੰਨ ਪਾੜਦੇ। ਸ਼ੋਰ ਮੈਨੂੰ ਅਸਹਿ ਲਗਦਾ ਤੇ ਪ੍ਰੋਗਰਾਮ ਸ਼ੁਰੂ ਹੁੰਦਿਆਂ ਹੀ ਮੈਂ ਘਰੋਂ ਬਾਹਰ ਚਲੀ ਜਾਂਦੀ ਕਿਸੇ ਵੱਲ, ਕਿਸੇ ਵੀ ਪੱਜ ਸਾਰੇ ਦਿਨ ਲਈ।



ਲੇਖਕਾ ਕਾਨਾ ਸਿੰਘ ਦੀ ਮੁੰਬਈ ਨਗਰੀ ਦੇ ਦੱਖਣੀ ਹਿੱਸੇ ਵਿਚ ਪੈਂਦੀ ਮਰੀਨ ਡਰਾਈਵ ਦੀ ਝਲਕ।

ਅੱਜ ਮੈਂ ਉਸੇ ਮਰਾਠੀ ਨੂੰ ਸੁਣਨ ਲਈ ਤਰਸੀ ਪਈ ਸਾਂ।

ਅਸੀਂ ਚਾਰੇ ਘਰ ਆਏ। ਰਲ ਕੇ ਚਾਹ ਪੀਤੀ। ਰੱਜ ਕੇ ਗੱਲਾਂ ਕੀਤੀਆਂ। ਉਹ ਮਰਾਠੀ ਮਾਂ-ਪੁੱਤ ਵੀ ਬੜੇ ਖੁਸ਼ ਸਨ ਹਮਵਤਨੀਆਂ ਨੂੰ ਮਿਲ ਕੇ। ਮੈਂ ਮਰਾਠੀ ਪੜ੍ਹ ਸਮਝ ਤਾਂ ਲੈਂਦੀ ਹਾਂ, ਪਰ ਬੋਲਣ ਦੀ ਮੁਹਾਰਤ ਨਹੀਂ ਪਰ ਦੀਪੀ ਬੇਟਾ ਉਨ੍ਹਾਂ ਨਾਲ ਫਰਨ-ਫਰਨ ਬੋਲ ਕੇ ਅਤੇ ਮਰਾਠੀ ਗੀਤ ਗਾ ਕੇ ਪ੍ਰਸੰਨ ਹੋ ਗਿਆ। ਤ੍ਰਿਪਤ ਹੋ ਗਈ ਮੈਂ ਵੀ।

ਮੁੰਬਈ ਵਿਚ ਸੜਕਾਂ-ਬਾਜ਼ਾਰਾਂ ਵਿਚੋਂ ਲੰਘਦਿਆਂ ਮੰਗਤਿਆਂ ਤੋਂ ਡਾਢਾ ਤੰਗ ਹੋਣਾ। ਉਹ ਪੱਲਾ ਛੂਹ-ਫੜ ਕੇ ਮੰਗਦੇ ਅਤੇ ਖਹਿੜਾ ਛੁਡਾਉਣ ਲਈ ਭੈਨ ਘੱਟ ਦੇਣ ਲਈ ਮਜਬੂਰ ਕਰ ਦੇਂਦੇ।

*ਭੈਣ-ਭਰਾ ਨਾਲ ਘੰਟਿਆਂ ਬੱਧੀ ਬਹਿਣਾ ਅਤੇ ਕੱਕਰ ਰਾਤਾਂ ਦੀ ਮੂਸਲਾਧਾਰ ਬਾਰਸ਼ ਵਿਚ ਇਕੱਠੇ ਸਕੂਟਰਾਂ 'ਤੇ ਸਵਾਰ ਹੋ ਕੇ ਸਤਾਰਾਂ ਸੈਕਟਰ ਦੇ ਕੌਫੀ ਹਾਊਸ ਵਿਚ ਜਾ, ਬਹਿ ਕੇ ਕੌਫੀ ਦੀਆਂ ਘੁੱਟਾਂ ਨਾਲ ਅਸਾਂ ਆਪਣੀਆਂ ਮਹਾਂਨਗਰੀਆ ਯਾਦਾਂ ਸਾਂਝੀਆਂ ਕਰਨੀਆਂ। ਜਿੱਥੇ ਮੁੰਬਈ ਵਿਚ ਪੰਜਾਬੀ ਦੇ ਉਦਰੇਵੇਂ ਕਾਰਨ ਕੋਹਲੀਵਾੜੇ ਅਤੇ ਭਗਤ ਸਿੰਘ ਕਲੋਨੀ ਜਾਂ ਸ਼ੇਰੇ-ਪੰਜਾਬ ਬਸਤੀ ਵਿਚ ਜਾ ਕੇ ਤ੍ਰਿਪਤੀ ਹੁੰਦੀ ਸੀ, ਉਥੇ ਇਨ੍ਹਾਂ ਭੈਣ-ਭਰਾ ਨਾਲ ਮਿਲ-ਬਹਿ ਕੇ ਤੇ ਫਰਨ-ਫਰਨ ਅੰਗਰੇਜ਼ੀ ਬੋਲ ਕੇ ਲਗਦਾ ਜਿਵੇਂ ਮੁੰਬਈ ਦੇ ਗੁਆਂਢੀ ਮਿੱਤਰਾਂ, ਡਿਸੂਜ਼ੇ, ਰਿਬੈਲੋ ਤੇ ਪਰੇਰਿਆਂ ਨਾਲ ਰਲ ਬੈਠੀ ਹੋਵਾਂ।*

ਪੰਜਾਬ ਵਿਚ ਆ ਕੇ ਮੰਗਤਾ ਕੋਈ ਨਜ਼ਰ ਹੀ ਨਾ ਆਵੇ। ਘਰਾਂ ਵਿਚ ਕੰਮ ਕਰਨ ਵਾਲੀਆਂ ਵੀ ਸਾਫ-ਸੁਥਰੀਆਂ ਤੇ ਕਈ ਸਾਈਕਲਾਂ 'ਤੇ ਸਵਾਰ ਹੋ ਕੇ ਵੀ ਆਉਂਦੀਆਂ ਦਿਸੀਆਂ। ਹੋਰ ਤਾਂ ਹੋਰ ਪਾਲਸ਼-ਰੰਗੇ ਨਹੁੰ ਤੇ ਝਾਂਜਰਦਾਰ ਪੈਰ ਉਨ੍ਹਾਂ ਦੇ। ਮੇਰੇ ਤੇ ਉਨ੍ਹਾਂ ਦੇ ਸੂਟਾਂ ਵਿਚ ਉਨੀ-ਵੀਹ ਦਾ ਹੀ ਫਰਕ। ਹਉਂ ਨੂੰ ਧੱਕਾ ਜਿਹਾ ਲੱਗਿਆ।

ਮੁੰਬਈ ਵਿਚ ਸੱਠਾਂ ਤੋਂ ਉਪਰ ਦੇ ਬੰਦੇ, ਸੇਵਾ ਮੁਕਤ ਹੋ ਕੇ ਗੁਆਂਢੀ ਫਲੈਟਾਂ ਦੇ ਵਾਧਿਆਂ ਜਾਂ ਸੁਸਾਇਟੀ ਦੇ ਦਾਲਾਨ ਦੇ ਬੈਂਚਾਂ ਉਪਰ ਬੈਠੇ ਸਿਗਰਟ-ਬੀੜੀ ਪੀਂਦੇ ਜਾਂ ਪਾਨ ਦੀ ਪੀਕ ਥੁੱਕਦੇ, ਖੰਘਦੇ-ਖੰਘਾਰਦੇ ਹੀ ਨਜ਼ਰ ਆਉਂਦੇ ਸਨ, ਪਰ ਇਥੇ ਆ ਕੇ ਮੈਂ ਸੱਤਰੇ-ਬਹੱਤਰੇ ਬਿਰਧ ਵੀ ਕੱਸੇ-ਕਸਾਏ ਰਿਕਸ਼ੇ ਚਲਾਉਂਦੇ ਵੇਖੇ। ਹੋਰ ਤਾਂ ਹੋਰ ਕਿਧਰੇ-ਕਿਧਰੇ ਨੀਲੇ ਬਾਣੇ ਵਾਲਾ ਕੋਈ ਨਿਹੰਗ ਸਿੰਘ ਵੀ ਦੋਧੀ ਜਾਂ ਰਿਕਸ਼ਾ ਚਾਲਕ ਨਜ਼ਰ ਆਵੇ।

ਪੰਜਾਬੀ ਅਤੇ ਸਿੱਖ ਹੋ ਕੇ ਇਹ ਧੰਦੇ? ਪੰਜਾਬੋਂ ਬਾਹਰ ਵਸਦੇ ਮਹਾਂਨਗਰਾਂ ਤੋਂ ਆਏ ਅਸਾਂ ਪੰਜਾਬੀਆਂ ਲਈ ਇਹ ਅਚੰਭਾ ਸੀ।

ਖੈਰ, ਗੱਲ ਮੰਗਤਿਆਂ ਦੀ ਚੱਲ ਰਹੀ ਸੀ। ਇਕ ਦਿਨ ਸਵੇਰੇ-ਸਵੇਰੇ ਭਿਖਾਰੀ ਜੋੜੇ ਦੇ ਹੋਕਰੇ ਨੇ ਮੈਨੂੰ ਜਗਾ ਦਿੱਤਾ। ਅਪੰਗ ਬੰਦਾ ਰੇੜ੍ਹੀ ਵਿਚ ਬੈਠਾ ਸੀ ਤੇ ਰੇੜ੍ਹੀ ਚਲਾ ਰਹੀ ਅੱਧ ਨੰਗੀ ਔਰਤ ਉਚੀ-ਉਚੀ ਹੇਕ ਲਾ ਕੇ ਭਗਵਾਨ ਦੇ ਨਾਂ 'ਤੇ ਭੀਖ ਮੰਗ ਰਹੀ ਸੀ। ਕੜਾਕੇ ਦੀ ਠੰਢ। ਉਹ ਚਾਦਰ ਕੰਬਲ ਆਦਿ ਗਰਮ ਕੱਪੜੇ ਮੰਗ ਰਹੇ ਸਨ। ਮੈਂ ਕੋਟ, ਸਵੈਟਰ, ਜੁੱਤੀ ਜੋੜਾ, ਜੋ ਵੀ ਹੋ ਸਕਿਆ, ਕੱਢ ਲਿਆਂਦਾ। ਦੇ ਕੇ ਇੰਜ ਲੱਗੇ ਜਿਵੇਂ ਬੰਬਈਓਂ ਹੋ ਆਈ ਹੋਵਾਂ। ਉਂਜ ਵੀ ਮੰਗਣ ਵਾਲੇ ਨੂੰ ਖਾਲੀ ਹੱਥ ਮੋੜਨਾ ਡਾਢਾ ਔਖਾ ਲਗਦਾ ਹੈ ਮੈਨੂੰ। ਦਾਦੀ ਯਾਦ ਆ ਜਾਂਦੀ ਹੈ। ਉਹ ਕਹਿੰਦੀ ਹੁੰਦੀ ਸੀ, 'ਜੇ ਕੁਝ ਦੇ ਨਹੀਂ ਸਕਦੇ ਹੋ ਤਾਂ ਕੌੜੇ ਸ਼ਬਦ ਤਾਂ ਨਾ ਬੋਲੋ। ਮੰਗਣਾ ਕੋਈ ਸੌਖਾ ਏ? ਪੂਰੀ ਇੱਜ਼ਤ-ਆਬਰੂ ਤਲੀ ਉਤੇ ਧਰ ਕੇ ਹੀ ਬੰਦਾ ਹੱਥ ਫੈਲਾਨੈ। ਸ਼ੁਕਰ ਕਰੋ ਜੇ ਤੁਸਾਂ ਉਪਰ ਮਾਲਕ ਨੀ ਮਿਹਰ ਹੈ ਤਾਂ। ਦਿਓ ਨਾ ਦਿਓ ਪਰ ਫਟਕਾਰੋ ਤਾਂ ਨਾ।'

ਮੇਰੇ ਬੂਹੇ 'ਤੇ ਅਕਸਰ ਹੀ ਕੋਈ ਹਰਿਦੁਆਰ ਜਾਂ ਰਿਸ਼ੀਕੇਸ਼ ਵੱਲ ਜਾਂਦਾ ਸਾਧੂ ਫਕੀਰ ਗਰਮੀਆਂ ਵਿਚ ਛਤਰੀ, ਜੁੱਤੇ ਤੇ ਸਰਦੀਆਂ ਵਿਚ ਚਾਦਰ, ਕੰਬਲ ਦੇ ਸੁਆਲ ਨਾਲ ਆ ਖੜੋਂਦਾ ਹੈ। ਕੁਝ ਦੇ ਕੇ ਰੂਹ ਨੂੰ ਸਕੂਨ ਮਿਲਦਾ ਹੈ। ਗੁਆਂਢਣਾਂ ਗਿਲਾ ਵੀ ਕਰਦੀਆਂ ਹਨ ਕਿ ਮੈਂ ਮੰਗਤਿਆਂ ਨੂੰ ਬੁਲਾਵਾ ਦੇਂਦੀ ਹਾਂ, ਪਰ ਕੀ ਮੈਂ ਹੀ ਹਾਂ ਇਸ ਕਰਮ ਦੀ ਸੁਤੰਤਰ ਹਸਤੀ? ਕੀ ਇਹ ਮੇਰੀ ਦਾਦੀ ਨਹੀਂ ਜਿਹੜੀ ਪੱਲੇ ਦੀ ਚੂਲ ਖੋਲ੍ਹ ਕੇ ਕਿਸੇ ਵੀ ਸੁਆਲੀ ਨੂੰ ਖਾਲੀ ਹੱਥ ਨਹੀਂ ਭੇਜਦੀ?

ਕੀ ਇਹ ਮੇਰੀ ਮਾਂ ਨਹੀਂ ਜਿਹਤੀ ਤਪਦੀ ਦੁਪਹਿਰ ਵਿਚ ਤੰਦੂਰ ਤਪਾ ਕੇ ਸਾਰੇ ਮੁਹੱਲੇ ਦੀਆਂ ਤੀਵੀਆਂ ਨੂੰ ਬੁਲਾ ਲੈਂਦੀ ਸੀ ਰੋਟੀਆਂ ਲਾਹੁਣ ਅਤੇ ਦਾਲ-ਸਬਜ਼ੀਆਂ ਤਿਆਰ ਕਰਨ ਲਈ। ਰਾਹ ਗੁਜ਼ਰੂਆਂ ਦੇ ਲਾਂਘੇ ਵਿਚ ਹੀ ਸੀ ਸਾਡਾ ਘਰ। ਕਟੜਾ ਪੋਠੋਹਾਰ ਦੇ ਵਪਾਰ ਦਾ ਕੇਂਦਰ ਤੇ ਗੁਜਰਖਾਨ ਦਾ ਦਿਲ। ਕਟੜੇ ਵਾਲੀ ਗਲੀ ਵਿਚ ਹੀ ਸੀ ਸਾਡਾ ਮਕਾਨ। ਬੂਹੇ ਅੱਗਿਓਂ ਲੰਘ ਕੇ ਜਾਂਦੇ ਸਨ ਸੌਦਾਗਰ, ਗੁਜਰਾਂਵਾਲੇ ਵੱਲ ਭਾਂਡਿਆਂ ਦਾ ਵਪਾਰ ਕਰਨ ਅਤੇ ਕਰਾਚੀ-ਅਫਗਾਨਿਸਤਾਨ ਵੱਲੋਂ ਮੇਵੇ ਖਰੀਦਣ। ਸਾਰੇ ਮੁਹੱਲੇ ਦੀਆਂ ਤ੍ਰੀਮਤਾਂ ਰਲ-ਮਿਲ ਲੰਗਰ ਤਿਆਰ ਕਰਦੀਆਂ ਰਾਹ-ਗੁਜ਼ਰੂਆਂ ਲਈ ਤੇ ਅਸੀਂ ਬਾਲਕ 'ਦਾਲਾ ਜੀ, ਪਰਸ਼ਾਦਾ ਜੀ, ਦਿਲਖੁਸ਼ ਜੀ' ਉਚਾਰਦੇ ਉਮ੍ਹਲ-ਉਮ੍ਹਲ ਕੇ ਵਰਤਾਈ ਜਾਂਦੇ ਹਸਦੇ-ਖੇਡਦੇ।

ਕਟੜੇ ਵਿਚ ਊਠ ਹੀ ਊਠ ਹੁੰਦੇ ਵਪਾਰੀਆਂ ਦੇ ਅਤੇ ਊਠਾਂ ਦੀਆਂ ਲੱਤਾਂ ਹੇਠੋਂ ਬੇਖੌਫ ਦੌੜਦੇ ਅਸੀਂ ਆਰ-ਪਾਰ। ਕਦੀ ਚਾਚੇ ਕਰਤਾਰ ਦੀ ਹੱਟੀ ਤੋਂ ਲੂਣ ਦੀ ਖਿੱਟੀ ਲੈਣ (ਪੋਠੋਹਾਰ ਵਿਚ ਹੀ ਤਾਂ ਹਨ ਲਿਸ਼-ਲਿਸ਼ ਕਰਦੇ ਲੂਣ ਦੀਆਂ ਖਾਣਾਂ ਤੇ ਮੇਰਾ ਚਾਚਾ ਸੀ ਲੂਣ ਦਾ ਥੋਕ ਵਪਾਰੀ) ਤੇ ਕਦੇ ਭਾਪਾ ਜੀ ਦੇ ਮਾਮਾ ਜੀ, ਰਾਮ ਸਿੰਘ ਸੂਰੀ, ਵੱਡੇ ਪੰਸਾਰ ਤੋਂ ਛੁਹਾਰਿਆਂ ਦੀਆਂ ਬੁੱਕਾਂ ਤੇ ਨੇਜਿਆਂ ਸਾਵਗੀਆਂ ਨਾਲ ਝੋਲੀਆਂ ਭਰਨ।

ਗੁਆਂਢਣਾਂ ਕੀ ਜਾਣਨ ਕਿ ਹਰਿਦੁਆਰ, ਰਿਸ਼ੀਕੇਸ਼ ਜਾਂ ਕੁੱਲੂ-ਮੰਡੀ ਵੱਲ ਜਾਂਦੇ ਸੁਆਲੀ ਯਾਤਰੀਆਂ ਨੂੰ ਕੁਝ ਦੇ ਕੇ ਮੈਂ ਕਿੰਨੀ ਤੇ ਕਿੱਥੇ ਕਿੱਥੇ ਪਿੱਛੇ ਜਾ ਪਹੁੰਚਦੀ ਹਾਂ। ਕਿੰਨੀ ਸੌਖੀ ਹੋ ਜਾਂਦੀ ਹੈ ਮੇਰੀ ਮੁੰਬਈ ਤੇ ਪੋਠੋਹਾਰ ਦੀ ਯਾਤਰਾ ਵੀ ਇਨ੍ਹਾਂ ਦੇ ਪੱਜ, ਬਿਨਾਂ ਕਿਸੇ ਕਜੀਏ ਦੇ?

ਜਿਤਨੇ ਕਾਂ ਮੁੰਬਈ ਵਿਚ ਹਨ, ਸ਼ਾਇਦ ਹੀ ਮੁਲਕ ਦੇ ਕਿਸੇ ਹੋਰ ਕੋਨੇ ਵਿਚ ਹੋਣ। ਤ੍ਰੈ-ਪਾਸਿਓਂ ਸਮੁੰਦਰ ਨਾਲ ਘਿਰਿਆ ਹੋਇਆ ਟਾਪੂਨੁਮਾ ਮਹਾਂਨਗਰ। ਸਮੁੰਦਰ ਦੇ ਤਟ 'ਤੇ ਮੱਛੀਆਂ ਦੇ ਅੰਬਾਰ, ਕੇਕੜੇ, ਗੰਡੋਏ, ਸੜਕਾਂ ਦੇ ਕਿਨਾਰੇ ਸੁਕਣੇ ਪਈਆਂ ਮਛਲੀਆਂ ਤੇ ਝੀਂਗੇ। ਉਪਰੋਂ ਕੂੜੇ-ਕਰਕਟ ਦੇ ਵੀ ਢੇਰਾਂ ਦੇ ਢੇਰ। ਫਿਰ ਭਲਾ ਹੋਰ ਕਿਹੜਾ ਸਵਰਗ ਹੋ ਸਕਦੈ ਕਾਂਵਾਂ ਲਈ। ਡਾਰਾਂ ਦੀਆਂ ਡਾਰਾਂ। ਰੋਟੀ ਦੀ ਇਕ ਗਰਾਹੀ ਰਸੋਈ ਦੀ ਖਿੜਕੀ 'ਚੋਂ ਉਛਾਲੀ ਨਹੀਂ ਕਿ ਕਾਂ-ਕਾਂ ਕਰਦੇ ਆਪਣੀ ਪੂਰੀ ਬਰਾਦਰੀ ਇਕੱਠੀ ਕਰ ਲੈਂਦੇ। ਕਾਂਵਾਂ ਨੂੰ ਛਿਛੜੇ ਅਰ ਰੋਟੀ ਦੀਆਂ ਗਰਾਹੀਆਂ ਅਰ ਚਿੜੀਆਂ ਕਬੂਤਰਾਂ ਨੂੰ ਬਾਜਰਾ ਪਾਉਣਾ ਉਥੇ ਮੇਰਾ ਰੋਜ਼ ਦਾ ਨੇਮ ਸੀ। ਮੈਨੂੰ ਵੇਖਦਿਆਂ ਹੀ ਦਲਾਨ ਵਿਚ ਕਾਂ-ਕਾਂ, ਚੀਂ-ਚੀਂ ਹੋਣ ਲਗਦੀ। ਗੁਆਂਢੀਆਂ ਲਈ ਵੀ ਬੜਾ ਦਿਲਚਸਪ ਨਜ਼ਾਰਾ ਹੁੰਦਾ ਸੀ।

ਮੁਹਾਲੀ ਆ ਕੇ ਟਾਵੀਂ-ਟਾਵੀਂ ਹੀ ਕਾਂ-ਕਾਂ ਸੁਣਾਈ ਦੇਵੇ ਤੇ ਵਿਰਲਾ-ਵਿਰਲਾ ਹੀ ਕੋਈ ਕਾਂ। ਸਰਦੀਆਂ ਵਿਚ ਤਾਂ ਹੋਰ ਵੀ ਵਿਰਲੇਰਾ।

“ਇਥੇ ਕਾਂ ਨਜ਼ਰ ਨਹੀਂ ਆਉਂਦੇ।” ਮੈਂ ਉਦਾਸ-ਉਦਾਸ ਹਉਕਾ ਭਰਦੀ।

“ਮਾਂ ਇਹ ਸਾਫ-ਸੁਥਰੀ ਧਰਤੀ ਹੈ। ਕਾਂ ਕੀ ਕਰਨ? ਭੁੱਖੇ ਮਰਨ?” ਬੇਟਾ ਕਹਿੰਦਾ।

“...ਪਰ ਚਿੜੀਆਂ ਕਬੂਤਰ ਵੀ ਬੜੇ ਘੱਟ ਨੇ। ਰੋਜ਼ ਸੁਟਦੀ ਹਾਂ ਬਾਜਰਾ ਛੱਜੇ 'ਤੇ। ਉਹ ਉਂਜ ਦਾ ਉਂਜ ਹੀ ਪਿਆ ਰਹਿੰਦਾ ਹੈ।”

“ਮਾਂ, ਇਨ੍ਹਾਂ ਚਿੜੀਆਂ ਦੇ ਖੇਤ ਨੇ ਝੋਨੇ ਦੇ, ਭਰੇ-ਭਰੇ। ਇਹ ਤੇਰੇ ਮੁੱਠ ਕੁ ਬਾਜਰੇ ਨੂੰ ਕੀ ਪਛਾਣਨ?” ਦੀਪੀ ਕਹਿੰਦਾ।

ਮੈਂ ਹੋਰ ਉਦਾਸ ਹੋ ਜਾਂਦੀ।

ਪਿਛਲੇ ਸਾਲਾਂ ਵਿਚ ਬੜੀ ਤਬਦੀਲੀ ਆ ਗਈ ਹੈ। ਹੁਣ ਮੁਹਾਲੀ ਬੇਰੌਣਕੀ ਬਸਤੀ ਨਹੀਂ ਰਹੀ, ਸਗੋਂ ਘੁੱਗ ਵਸਦਾ ਸ਼ਹਿਰ ਹੈ। ਜ਼ਿਲ੍ਹਾ ਤੇ ਮਹਾਂਨਗਰਈਆ। ਦੁਨੀਆਂ ਦੇ ਨਕਸ਼ੇ ਉਤੇ ਚਮਕਦਾ ਬਿੰਦੂ। ਉਚੀਆਂ ਤੇ ਬਾਹਲੀਆਂ ਪੱਛਮ ਦੇ ਨਕਸ਼ੇ ਉਤੇ ਅਤੇ ਪੱਛਮ ਤੋਂ ਕਮਾਏ ਪੈਸੇ ਨਾਲ ਬਣੀਆਂ ਤਹਿਖਾਨਿਆਂ ਅਰ ਤਰਨਤਾਲਾਂ ਵਾਲੀਆਂ ਤਿਮੰਜ਼ਲੀਆਂ ਇਮਾਰਤਾਂ ਅਤੇ ਫਲੈਟੋ-ਫਲੈਟ ਸੁਸਾਇਟੀਆਂ।

ਸੜਕਾਂ ਬੰਨੇ ਲਗਦੇ ਉਦੋਂ ਦੇ ਨਿੱਕੇ ਨਿੱਕੇ ਬੂਟੇ ਹੁਣ ਕੱਦਾਵਰ ਅਤੇ ਸੰਘਣੇ ਬਿਰਛ ਹੋ ਗਏ

(ਅਗਲੇ ਸਫੇ 'ਤੇ ਜਾਰੀ)

ਹਨ। ਘਰ ਘਰ ਅੰਗੂਰਾਂ ਦੀਆਂ ਵੇਲਾਂ, ਅਮਰੂਦਾਂ, ਲੀਚੀਆਂ, ਜਾਮਣਾਂ ਅਤੇ ਅਨਾਰਾਂ ਦੇ ਝੁਜ਼-ਝੂਟ ਬਿਰਖ ਨੇ। ਰੰਗ-ਬਿਰੰਗੇ ਫੁੱਲਾਂ ਲੱਦੇ ਬਗੀਚੇ ਨੇ। ਗਲੀ ਗਲੀ ਵਿਚ ਬਾਗ ਨੇ ਤੇ ਬਾਗ ਬਾਗੋਬਾਗ ਨੇ। ਇਨ੍ਹਾਂ ਬਾਗਾਂ ਵਿਚ ਚਿੜੀਆਂ, ਬੁਲਬੁਲਾਂ, ਘੁੱਗੀਆਂ ਤੇ ਹੋਰ ਵੀ ਦੇਸੀ ਪਰਵਾਸੀ ਰੰਗ-ਬਿਰੰਗੀਆਂ ਪੰਖੇਰਨਾ ਹੁਲਾਰੇ ਲੈਂਦੀਆਂ ਅਤੇ ਟੁਪ-ਟੁਪਦੀਆਂ ਨੇ। ਮੇਰੀ ਅੰਗੂਰਾਂ ਦੀ ਵੇਲ 'ਤੇ ਹਰ ਸਾਲ ਬੁਲ-ਬੁਲ ਜੋੜਾ ਆਲ੍ਹਣਾ ਪਾਉਂਦਾ ਹੈ। ਆਪਣੇ ਨਿੱਕੇ ਨਿੱਕੇ ਬੋਟਾਂ ਦੀ ਰਾਖੀ ਕਰ ਰਹੇ ਉਹ ਮੈਨੂੰ ਵੇਲ ਕੋਲ ਫਟਕਣ ਨਹੀਂ ਦੇਂਦੇ। ਮੈਂ ਹੱਸ ਪੈਂਦੀ ਹਾਂ।

ਅਗਲੇ ਸੌਣ-ਸੂਫ਼ੇ ਦੇ ਬਾਹਰ ਲੱਗੇ ਕੂਲਰ ਵਿਚ ਮੈਂ ਪਾਣੀ ਦੀ ਨਾਲ ਪਾਈ ਰੱਖਦੀ ਹਾਂ। ਨਿੱਕੀ ਨਿੱਕੀ ਧਾਰ ਨਾਲ ਕੂਲਰ ਨੱਕੋ-ਨੱਕ ਭਰਿਆ ਰਹਿੰਦਾ ਹੈ। ਵਾਧੂ ਪਾਣੀ ਤ੍ਰਿਪ-ਤ੍ਰਿਪ ਬਗੀਚੀ ਵਿਚ ਡਿੱਗਦਾ ਰਹਿੰਦਾ ਹੈ। ਪਾਣੀ ਦੀ ਠੰਢੀ ਠੰਢੀ ਧਾਰ ਵਿਚ ਫੁਦਕ-ਫੁਦਕ ਖੇਡਦੇ, ਨਹਾਂਦੇ, ਖੰਭ ਛੰਡਦੇ ਤੇ ਸੁਆਰਦੇ, ਇਨ੍ਹਾਂ ਪਰਿੰਦਿਆਂ ਦੀ ਚੁਲਬੁਲ-ਚਹਿਚਹਾਟ ਮੈਨੂੰ ਗਦਗਦ ਕਰਦੀ ਰਹਿੰਦੀ ਹੈ।

ਹੁਣ ਮੁਹਾਲੀ ਵਿਚ ਵੀ ਕੂੜੇ ਕਰਕਟ ਨਾਲ ਆਫਰੇ ਹੋਏ ਕੂੜੇਦਾਨਾਂ ਉਪਰ ਅਵਾਰਾ ਕੁੱਤਿਆਂ, ਗਾਂਵਾਂ ਅਤੇ ਕਾਵਾਂ ਦੀਆਂ ਮਹਿਫਲਾਂ ਲੱਗੀਆਂ ਰਹਿੰਦੀਆਂ ਹਨ। ਰੋਜ਼ ਸਵੇਰੇ ਉਠਣ ਸਾਰ ਮੈਂ ਬਾਜਰੇ ਦੀ ਮੁੱਠ ਛੱਜੇ ਉਤੇ ਸੁੱਟਦੀ ਹਾਂ। ਚਿੜੀਆਂ ਕਬੂਤਰਾਂ ਦਾ ਮੇਲਾ ਲੱਗ ਜਾਂਦਾ ਹੈ ਤੇ ਸ਼ੁਰੂ ਹੋ ਜਾਂਦਾ ਹੈ ਉਨ੍ਹਾਂ ਦਾ ਰਾਗ ਵੀ।

ਬੰਬਈਆਂ ਫਲੈਟੀ ਸਭਿਆਚਾਰ ਵਿਚ ਇਕ ਸੁਸਾਇਟੀ ਵਿਚ, ਸੈਂਕੜਿਆਂ ਦੀ ਗਿਣਤੀ ਵਿਚ ਬਾਲਕ ਹੁੰਦੇ ਹਨ। ਹਰ ਉਮਰ, ਹਰ ਖਿੱਤੇ ਅਤੇ ਹਰ ਦਰਜੇ ਦੇ। ਭਾਂਤ-ਭਾਂਤ ਦੀਆਂ ਬੋਲੀਆਂ ਤੇ ਭਾਂਤ-ਭਾਂਤ ਦੇ ਰੰਗ। ਅੰਗਰੇਜ਼ੀ ਅਤੇ ਆਪੋ ਆਪਣੀ ਮਾਤ-ਭਾਸ਼ਾ ਦੇ ਨਾਲ ਨਾਲ ਸੁੱਤੇ ਸਿੱਧ ਹੀ ਬਾਲਕ ਹੋਰ ਪ੍ਰਦੇਸ਼ਿਕ ਭਾਸ਼ਾਵਾਂ ਸਮਝਣ ਤੇ ਬੋਲਣ ਲਗਦੇ ਹਨ। ਸਕੂਲਾਂ ਵਿਚ ਦੋ ਸ਼ਿਫਟਾਂ ਹੁੰਦੀਆਂ ਹਨ। ਸਵੇਰੇ ਸੱਤ ਵਜੇ ਤੋਂ ਬਾਰਾਂ ਵਜੇ ਤੱਕ ਉਚ ਸ਼੍ਰੇਣੀ ਦੀਆਂ ਜਮਾਤਾਂ ਅਤੇ ਇਕ ਵਜੇ ਤੋਂ ਛੇ ਵਜੇ ਤਕ ਪ੍ਰਾਇਮਰੀ ਦੀਆਂ ਸ਼ਾਮੀਂ ਛੇ ਵਜੇ ਤੋਂ ਅੱਠ ਵਜੇ ਤੱਕ ਸਾਰੇ ਘਰਾਂ ਦੇ ਬਾਲਕ ਸੁਸਾਇਟੀਆਂ ਦੇ ਦਲਾਨਾਂ ਵਿਚ ਰਲ-ਮਿਲ ਖੇਡਦੇ, ਸਾਈਕਲਾਂ ਚਲਾਂਦੇ, ਰੱਸੀਆਂ ਟੱਪਦੇ ਅਤੇ ਊਧਮ ਮਚਾਂਦੇ ਹਨ। ਬੈਂਚਾਂ ਉਪਰ ਬੈਠੇ ਉਨ੍ਹਾਂ ਦੇ ਮਾਪੇ ਤੇ ਵੱਡੇ-ਵਡੇਰੇ ਗਲਤਾਨ ਹੋਏ ਤੱਕ-ਤੱਕ ਖੁਸ਼ ਹੁੰਦੇ ਹਨ। ਉਨ੍ਹਾਂ ਸਾਹਵੇਂ ਬੈਠੀਆਂ ਗ੍ਰਹਿਣੀਆਂ, ਵਡੇਰੀਆਂ ਮੋਬੀ ਪਾਲਕ ਕੁਤਰਦੀਆਂ ਜਾਂ ਬੁਣਤੀ ਕਰਦੀਆਂ ਆਪੋ-ਆਪਣੇ ਹਾਣ ਅਤੇ ਸ਼ੌਕ ਮੁਤਾਬਕ ਤਫਰੀਹ ਕਰਦੀਆਂ ਦਿਸਦੀਆਂ ਹਨ। ਹਰ ਸੁਸਾਇਟੀ ਆਪਣੇ ਆਪ ਵਿਚ ਇਕ ਮੁਕੰਮਲ ਮੁਹੱਲਾ ਜਾਂ ਪਿੰਡ ਸ਼ਹਿਰ।

ਅੱਜ ਤੋਂ ਪੰਝੀ ਸਾਲ ਪਹਿਲਾਂ ਦੀ ਮੁਹਾਲੀ ਵਿਚ ਘਰੋਂ ਬਾਹਰ ਬਾਲਕ ਘੱਟ-ਵੱਧ ਹੀ ਨਜ਼ਰ ਆਉਂਦੇ। ਅਤਿਵਾਦ ਦੇ ਸਾਏ ਹੇਠ ਹਰ ਕੋਈ ਘਰੋ-ਘਰ ਇਕੱਲਾ-ਦੁਕੱਲਾ ਹੀ। ਮੈਂ ਵੀ ਅੰਦਰ ਹੀ ਦੁਬਕੀ ਰਹਿੰਦੀ। ਸਹਿਕੀ ਰਹਿੰਦੀ ਬਾਲਕਾਂ ਦੀ ਰੌਣਕ ਨੂੰ। ਗੁਲਾਬ ਬਾਗ ਮੇਰੇ ਘਰ ਤੋਂ ਸੌ ਗਜ਼ ਦੀ ਵਿੱਥ 'ਤੇ ਪਰ ਭਾਂ-ਭਾਂ ਕਰਦਾ ਲਗਦਾ, ਸਹਿਮ ਦੇ ਸਾਏ ਹੇਠ। ਘਰਾਂ ਦੇ ਬਗੀਚੇ ਵੀ ਖਾਲ-ਮੁਖਾਲੀ। ਬੱਚੇ ਘਰੋ-ਘਰ, ਅੰਦਰਵਾਰ। ਕੀ ਪਤਾ ਕਦੋਂ ਕੀ ਭਾਣਾ ਵਰਤ ਜਾਵੇ।

ਮੇਰੀ ਮਾਂ ਸਦਾ, ਆਪਣੇ ਘਰ ਦੇ ਬਾਹਰ ਵਾਲਾ ਲਾਟੂ ਜਗਾ ਕੇ ਰੱਖਦੀ ਸੀ, ਰਾਹ-ਗੁਜ਼ਰੂਆਂ ਲਈ। ਮੈਂ ਵੀ ਇੰਝ ਹੀ ਕਰਾਂ ਇਥੇ, ਪਰ ਗੁਆਂਢੀਆਂ ਨੇ ਸਮਝਾਇਆ ਕਿ ਇਹ ਠੀਕ ਤੇ ਮਹਿਫੂਜ਼ ਨਹੀਂ। ਇਥੇ ਵੱਡੀਆਂ-ਵੱਡੀਆਂ ਕੋਠੀਆਂ ਦੇ ਬਾਹਰ ਵੀ ਘੁੱਪ-ਹਨੇਰਾ। ਬਾਹਰ ਦੀ ਬੱਤੀ ਸਦਾ ਬੰਦ। ਸਹਿਕ ਜਾਂਦੀ ਮੈਂ ਬਾਲਾਂ ਦੀ ਖੇਡ ਅਤੇ ਤੁਤਲਾਹਟ ਲਈ।

ਹੁਣ ਮੁਹਾਲੀ ਵਿਚ ਬਾਲਕਾਂ ਦੀ ਖੂਬ ਰੌਣਕ ਹੈ। ਘਰਾਂ ਵਿਚ, ਗਲੀਆਂ ਵਿਚ, ਬਗੀਚਿਆਂ ਵਿਚ।

ਮੇਰੇ ਦੋ-ਗਲੀਏ ਘਰ ਦਾ ਪਿਛਲਾ ਬੂਹਾ ਸੜਕ ਦੇ ਐਨ ਵਿਚਕਾਰ ਹੈ। ਮਾਂ ਦੇ ਉਚੇ ਥੜ੍ਹੇ ਵਾਲੇ ਘਰ ਵਾਂਗ ਇਹ ਵੀ ਹਰ ਜਾਣੂ-ਮਿੱਤਰ ਦਾ ਠਹਿਰਾਅ ਹੈ। ਸਾਰੇ ਸਕੂਲਾਂ ਦੀਆਂ ਬਾਲ-ਬੱਸਾਂ ਮੇਰੇ ਘਰ ਮੂਹਰੇ ਖੜ੍ਹਦੀਆਂ ਹਨ। ਬੱਚਿਆਂ ਨੂੰ ਵਿਦਾ ਕਰਨ ਆਏ ਮਾਪੇ ਮੇਰੇ ਘਰ ਦੇ ਬਰਾਮਦੇ ਵਿਚ ਖੜ੍ਹਦੇ-ਬੋਲਦੇ ਗੱਲਾਂਦੇ ਹਨ। ਰੰਗ-ਬਰੰਗੀਆਂ ਚੁਸਤ ਵਰਦੀਆਂ ਵਿਚ ਤਿਆਰ-ਬਰ-ਤਿਆਰ ਬਾਲਕ ਸਵੇਰੇ-ਸਵੇਰੇ ਮੈਨੂੰ ਦਰਸ਼ਨ ਦੇਂਦੇ ਤੇ ਗੁੱਡ ਮਾਰਨਿੰਗਾਂ ਬਖਸ਼ਦੇ ਹਨ।

ਮੇਰੇ ਦਿਨ ਦੀ ਸ਼ੁਰੂਆਤ ਚੜ੍ਹਦੀ ਕਲਾ ਨਾਲ ਹੁੰਦੀ ਹੈ।

ਬਾਗਾਂ ਵਿਚੋਂ ਬਾਗ, ਮੁਹਾਲੀ ਦੇ ਰੋਜ਼ ਗਾਰਡਨ ਵਿਚ ਗਹਿਮਾ-ਗਹਿਮੀ ਰਹਿੰਦੀ ਹੈ, ਸਦਾ ਹੀ। ਸਵੇਰੇ-ਸ਼ਾਮ ਗਰਮੀਆਂ ਵਿਚ ਤੇ ਦਿਨ-ਦੁਪਹਿਰੇ ਸਰਦੀਆਂ ਵਿਚ ਬਜ਼ੁਰਗਾਂ ਦੀਆਂ ਜੁੰਡਲੀਆਂ-ਮੰਡਲੀਆਂ ਟਹਿਲਦੀਆਂ, ਗੋਸ਼ੇ ਕਰਦੀਆਂ, ਰਾਜਸੀ ਤੇ ਧਾਰਮਿਕ ਬੈਠਕਾਂ ਕਰਦੀਆਂ। ਯੋਗਾਸਨ। ਡੰਡ-ਬੈਠਕਾਂ। ਬਾਲਕ ਝੂਲੇ ਝੂਲਦੇ ਤੇ ਘਿਸਣ-ਪਿੰਡੀਆਂ 'ਤੇ ਚੜ੍ਹ ਚੜ੍ਹ ਫਿਸਲਦੇ। ਬਾਗ ਦੇ ਬਾਹਰ ਦੋਹੀਂ ਪਾਸੀਂ ਛਾਬੇ ਵਾਲੇ, ਛੱਲੀਆਂ ਤੇ ਛੋਲੇ-ਮੂੰਗਫਲੀਆਂ ਵਾਲੇ, ਆਈਸ ਕਰੀਮਾਂ ਤੇ ਕੁਲਫੀਆਂ ਵਾਲੇ, ਪੀਪਨੀਆਂ ਤੇ ਗੁਬਾਰੇ ਵਾਲੇ, ਬੇਰ ਤੇ ਭੇਲ-ਪੂੜੀ ਵਾਲੇ ਬਸ ਵਾਲੇ, ਵਾਲੇ ਤੇ ਵਾਲੇ ਹੀ।

ਹੁਣ ਮੁਹਾਲੀ ਵਿਚ ਨਾ ਕੈਫੇ ਘੱਟ ਨੇ ਤੇ ਨਾ ਹੀ ਸਾਈਬਰ ਕੈਫੇ। ਹੋਟਲ, ਰੈਸਤਰਾਂ ਕਲੱਬ ਅਤੇ ਕਲੱਬਾਂ ਵਿਚੋਂ ਕਲੱਬ, ਕ੍ਰਿਕਟ ਕਲੱਬ। ਘਰ ਘਰ ਕੰਪਿਊਟਰ, ਫੋਨ, ਫੋਨ-ਦਰ-ਫੋਨ ਮੋਬਾਇਲ ਫੋਨ। ਜੇ ਉਦੋਂ ਕਿਸੇ ਵਿਰਲੇ ਕੋਲ ਗੱਡੀ ਸੀ ਤਾਂ ਹੁਣ ਘਰਾਂ ਨਾਲੋਂ ਵੱਧ ਗੱਡੀਆਂ। ਮਾਲਕਾਂ ਦੀਆਂ, ਕਿਰਾਏਦਾਰਾਂ ਦੀਆਂ। ਗਲੀਆਂ ਵਿਚ ਥਾਂ ਨਹੀਂ ਰਹੀ ਗੱਡੀਆਂ ਖੜ੍ਹਾਉਣ ਲਈ। ਫਲੈਟੀ ਸੁਸਾਇਟੀਆਂ ਤਾਂ ਵਧ ਹੀ ਰਹੀਆਂ ਨੇ, ਕੋਠੀਆਂ ਵੀ ਢਹਿ-ਉਸਰ ਕੇ ਫਲੈਟੋ-ਫਲੈਟ ਹੁੰਦੀਆਂ ਜਾ ਰਹੀਆਂ ਨੇ।

ਪਹਿਲਾਂ ਇਥੇ ਘਰੋਗੀ ਕੰਮਾਂ ਦੀਆਂ ਮਦਦਗਾਰ ਇਸਤਰੀਆਂ ਬਹੁਤ ਘਟ ਸਨ। ਔਖਾਂ ਸਾਹਮਣਿਓਂ ਸੋਨੇ ਦਾ ਕੜਾ ਚੁੱਕਿਆ ਗਿਆ ਤੇ ਮੈਂ ਚੂੰ ਨਾ ਕੀਤੀ। ਦੜ ਵੱਟ ਲਈ। ਆਂਤੜੀਆਂ ਦੇ ਰੋਗ ਨਾਲ ਪੀੜਤ ਸਾਂ। ਜੇ ਉਹ ਕੰਮ ਛੱਡ ਗਈ ਤਾਂ ਕੀ ਕਰਾਂਗੀ। ਫਟ ਜਾਏਗਾ ਅਲਸਰ। ਜਾਨ ਹੈ ਜਹਾਨ ਹੈ। ਮੁੰਬਈ ਵਿਚ ਤਾਂ ਫਲੈਟ ਸੀ ਨਿੱਕਾ ਜਿਹਾ ਤੇ ਇਥੇ ਮੋਕਲਾ ਘਰ। ਦੁਪਾਸੇ ਵਿਹੜੇ ਤੇ ਗਲੀਆਂ। ਕੀਕੂੰ, ਸਾਫ ਕਰਾਂਗੀ।

ਹੁਣ ਇਥੇ ਲੋੜ ਤੋਂ ਵੱਧ ਨੇ ਕੰਮ ਕਰਨ ਵਾਲੀਆਂ। ਉਨ੍ਹਾਂ ਦੀਆਂ ਬਸਤੀਆਂ ਤੇ ਨਗਰਾਂ ਦੇ ਨਗਰ। ਨਹਿਰੂ, ਇੰਦਰਾ ਤੇ ਜਵਾਹਰ ਕਾਲੋਨੀ। ਨਾ ਮਦਦਗਾਰਾਂ ਦਾ ਘਾਟਾ, ਨਾ ਡਰਾਈਵਰਾਂ ਅਤੇ ਨਾ ਹੀ ਰਿਕਸ਼ਾ ਚਾਲਕਾਂ ਦਾ। ਹੁਣ ਉਨ੍ਹਾਂ ਦਾ ਤੇ ਸਾਡੇ ਜੀਵਨ ਪੱਧਰ ਵਿਚ ਵੀ ਥੋੜ੍ਹਾ ਹੀ ਫਰਕ ਹੈ।



ਚੰਡੀਗੜ੍ਹ ਵਿਚ ਸੁਖਨਾ ਝੀਲ ਉਤੇ ਲੱਗੀਆਂ ਰੌਣਕਾਂ।

ਮੇਰੀ ਮਦਦਗਾਰ ਸੁਮਨ ਦੇ ਘਰ ਵਿਚ ਵਾਸ਼ਿੰਗ ਮਸ਼ੀਨ ਸਮੇਤ ਹੋਰ ਵੀ ਸਾਰਾ ਸਾਜ਼ੋ-ਸਾਮਾਨ ਮੇਰੇ ਬਰਾਬਰ ਦਾ ਹੈ। ਮਾਈਕਰੋਵੇਵ, ਸੀ ਡੀ ਸਿਸਟਮ ਚਲਾਉਣ ਵਿਚ ਉਹ ਹੁਸ਼ਿਆਰ ਹੈ, ਮੇਰੀ ਗੁਰੂ। ਪਿੰਡ ਵਿਚ ਉਸ ਦੀ ਜ਼ਮੀਨ ਹੈ। ਇਥੇ ਆਪਣੀ ਕਾਲੋਨੀ ਵਿਚ ਐਸ.ਟੀ.ਡੀ. ਵੀ ਚਲਾਉਂਦੀ ਹੈ ਅਤੇ ਚਾਹ ਪਾਣੀ ਅਰ ਨਾਸ਼ਤੇ ਦਾ ਢਾਬਾ ਵੀ। ਮੇਰਾ ਤੇ ਸੁਮਨ ਦਾ ਰਿਸ਼ਤਾ ਤੇ ਵਿਹਾਰ ਸਹੇਲੀਆਂ ਵਰਗਾ ਹੈ।

ਹੁਣ ਮੈਨੂੰ ਮੁੰਬਈ ਮੁਹਾਲੀ ਵਿਚ ਹੀ ਆਣ ਮਿਲੀ ਹੈ। ਜੱਫਿਆਂ ਦੇ ਜੱਫੇ ਅਤੇ ਗੱਫਿਆਂ ਦੇ ਗੱਫੇ। ਸਮੁੰਦਰ ਵੀ ਮਿਲ ਜਾਂਦਾ ਹੈ, ਚਾਰ-ਪੰਜ ਮੀਲਾਂ ਦੀ ਵਿੱਥ 'ਤੇ। ਰੋਜ਼, ਸ਼ਨਿਚਰ ਤੇ ਐਤਵਾਰ ਨੂੰ ਹੜ੍ਹ ਹੀ ਤਾਂ ਆਇਆ ਹੁੰਦਾ ਹੈ ਚੰਡੀਗੜ੍ਹ, ਮੁਹਾਲੀ ਅਤੇ ਪੰਚਕੂਲੇ ਦੇ ਪਰਿਵਾਰਾਂ ਦਾ ਸੁਖਨਾ ਝੀਲ ਦੇ ਕੰਢੇ। ਉਥੋਂ ਹੋਰ ਵੀ ਪ੍ਰਾਂਤਕ ਸੈਲਾਨੀਆਂ ਦੇ ਦੀਦਾਰ ਹੋ ਜਾਂਦੇ ਹਨ।

ਸੁਖਨਾ ਅਤੇ ਸੈਕਟਰ ਬਤਾਲੀ ਦੀ ਝੀਲ ਤੋਂ ਇਲਾਵਾ ਹੁਣ ਮੁਹਾਲੀ ਵਿਚ ਵੀ ਝੀਲ ਬਣ ਰਹੀ ਹੈ, ਗਮਾਡਾ ਦੀ ਆਪਣੀ ਝੀਲ। ਇਨ੍ਹਾਂ ਝੀਲਾਂ ਵਿਚ ਵੀ ਤਰ ਰਹੀਆਂ ਤੇ ਹੋਰ ਤਰਨਗੀਆਂ ਬੇੜੀਆਂ, ਬੱਤਖਾਂ ਨਾਲੋਂ-ਨਾਲ ਖਹਿੰਦੀਆਂ, ਕਲੋਲ ਕਰਦੀਆਂ। ਝੀਲ 'ਤੇ ਬੈਂਡ-ਵਾਜੇ ਅਤੇ ਢੋਲ-ਢਮੱਕੇ ਦੀ ਧਮਾਲ ਮੈਨੂੰ ਲੈ ਜਾਂਦੀ ਹੈ ਬੰਬਈ ਦੀ ਚੌਪਾਟੀ, ਜੁਹੂ ਅਤੇ ਬੈਂਡ-ਸਟੈਂਡ ਦੇ ਤੱਟ 'ਤੇ ਅਤੇ ਵਿਖਾ ਦੇਂਦੀ ਹੈ ਨਜ਼ਾਰੇ ਮੱਢ, ਉਡਨ ਤੇ ਐਲੀਫੈਂਟਾ ਅਤੇ ਅਲੀਬਾਗ਼ ਟਾਪੂਆਂ ਦੇ, ਠੀਕ ਉਸੇ ਤਰ੍ਹਾਂ ਜਿਸ ਤਰ੍ਹਾਂ ਕੋਈ ਪਥਰੀਲੀ, ਨਿੱਕੀ ਜਿਹੀ ਢਲਾਣ ਵੀ ਯਾਦ ਕਰਾ ਦਿੰਦੀ ਹੈ ਮੁੰਬਈ ਦੇ ਗੁਆਂਢ ਸਥਿਤ ਲੋਨਾਵਲਾ, ਖੰਡਾਲਾ ਅਤੇ ਮਹਾਂਬਲੇਸ਼ਵਰ ਦੀਆਂ ਸ਼ਾਹ ਕਾਲੀਆਂ ਪਰਬਤਗਾਹਾਂ ਦੀ।

ਹੁਣ ਮੈਂ ਮੁੰਬਈ ਜਾਣ-ਰਹਿਣ ਲਈ ਨਹੀਂ ਤੜਫਦੀ। ਹੁਣ ਮੈਂ ਚੰਡੀਗੜ੍ਹ ਅਤੇ ਮੁਹਾਲੀ ਵਿਚ ਸਰਪਟ ਸ਼ੂਕਦੀਆਂ ਅਤੇ ਹਾਰਨੋ-ਹਾਰਨ ਸ਼ੋਰ ਮਚਾਂਦੀਆਂ ਧੂੰਆਂਧਾਰ ਗੱਡੀਆਂ ਅਤੇ ਰੇੜ੍ਹੀ ਮਾਰਕਿਟ ਦੀ ਧੱਕੋ-ਮੁੱਕੀ ਅਰ ਭੀੜ-ਭੜੱਕੇ ਤੋਂ ਡਾਢੀ ਹੁਸੜ ਜਾਂਦੀ ਹਾਂ।

ਹੁਣ ਜੀ ਕਰਦਾ ਹੈ ਕਿ ਡਲਹੌਜ਼ੀ ਜਾਂ ਨੈਨੀਤਾਲ ਚਲੀ ਜਾਵਾਂ। ਏਕਾਂਤ ਮਾਣਾਂ ਪਰ ਕਿੰਨੀ ਕੁ ਦੇਰ ਲਈ ਮਿਲੇਗਾ ਏਕਾਂਤ ਉਥੇ ਵੀ? ਏਕਾਂਤ ਰਿਹਾ ਹੀ ਕਿਥੇ ਹੈ ਤੇ ਕਿੰਨਾ ਕੁ?

ਅੱਜ ਮੁੰਬਈ, ਮੁਹਾਲੀ ਅਤੇ ਚੰਡੀਗੜ੍ਹ ਨੂੰ ਪਿਛੇ ਛੱਡਦੀ ਤੇ ਦੁਲੰਘਦੀ ਪਹੁੰਚ ਰਹੀ ਤੇ ਪਹੁੰਚ ਗਈ ਹੈ ਡਲਹੌਜ਼ੀ, ਨੈਨੀਤਾਲ, ਕੁੱਲੂ-ਮਨਾਲੀ, ਸ਼ਿਮਲਾ ਅਤੇ ਕੁਫਰੀ ਵੀ।

ਹੁਣ ਮੈਂ ਮੁੰਬਈ ਲਈ ਕਿਉਂ ਝੁਰਾਂ? ਇਹ ਕੋਈ ਮੇਰੇ ਚੇਤੇ ਦੀ 'ਬੰਬਈ' ਥੋੜ੍ਹੇ ਹੀ ਹੈ। ਇਸ ਦਾ ਤਾਂ 'ਬੱਬਾ' 'ਭੱਭੇ' ਨੂੰ ਪਾਰ ਕਰ ਕੇ 'ਮੱਮਾ' ਹੋ ਗਿਆ ਹੈ ਤੇ ਭੱਬਾ ਕਹਿੰਦੇ ਭੁੱਲ ਜਾ!

ਹੁਣ ਤਾਂ ਸਾਰੇ ਹਿੰਦੁਸਤਾਨ ਵਿਚ ਸਮੁੰਦਰੀ ਤੱਟਾਂ ਤੋਂ ਲੈ ਕੇ ਪਹਾੜਾਂ ਦੀਆਂ ਚੋਟੀਆਂ ਤਕ ਮੁੰਬਈ ਹੀ ਮੁੰਬਈ ਹੈ। ਹੁਣ ਮੈਂ ਕਿੱਥੇ ਜਾਵਾਂ?

ਚੰਨ 'ਤੇ?

ਮੇਰੇ ਪੁੱਜਣ ਦੀ ਦੇਰ ਹੈ ਕਿ ਚੰਨ 'ਤੇ ਵੀ...!

ਅੱਖਾਂ ਬੰਦ ਕਰ ਕੇ ਪ੍ਰਾਣਾਯਾਮ ਕਰਦੀ, ਸਾਹ 'ਤੇ ਧਿਆਨ ਟਿਕਾਉਂਦੀ ਮੈਂ ਅੰਦਰ ਲਹਿਣ ਦਾ ਯਤਨ ਕਰਦੀ ਹਾਂ, ਥੱਲੇ ਹੋਰ ਥੱਲੇ।

ਅੰਦਰ, ਧੁਰ ਅੰਦਰ।

ਸੁੰਨ-ਸਮਾਧ। ਵਿਸਮਾਦ।

ਹੁਣ ਮੈਨੂੰ ਕੋਈ ਹੇਰਵਾ ਨਹੀਂ।

# ਆਪਣੇ ਜੀਵਨ ਦੀ ਇਕ ਸੱਚੀ ਘਟਨਾ-ਫਸਟ ਏਡ

ਯਾਦ-ਝਰੋਖਾ

ਅੰਗਰੇਜ਼ ਹਕੂਮਤ ਸਮੇਂ ਸਕੂਲਾਂ ਵਿਚ 'ਬੁਆਏ-ਸਕਾਉਟਿੰਗ' ਦੀ ਸੇਵਾ-ਪ੍ਰਨਾਲੀ ਲਈ ਚੁਸਤ ਲੜਕਿਆਂ ਨੂੰ ਹੀ ਚੁਣਿਆ ਜਾਂਦਾ। ਮੋਗੇ ਦੇ ਭੁਪਿੰਦਰਾ ਖਾਲਸਾ ਹਾਈ ਸਕੂਲ ਵਿਚ ਸਾਇੰਸ ਮਾਸਟਰ ਕਿਸ਼ੋਰੀ ਲਾਲ ਉਨ੍ਹੀਂ ਦਿਨੀਂ ਸਕਾਊਟ-ਮਾਸਟਰ ਸਨ। ਉਨ੍ਹਾਂ ਦੀ ਨਜ਼ਰੇ ਮੈਂ ਕੁਝ ਐਸਾ ਚੜ੍ਹਿਆ ਕਿ ਦੋ ਸਾਲਾਂ ਵਿਚ ਹੀ ਉਨ੍ਹਾਂ ਨੇ ਮੈਨੂੰ ਟਰੁੱਪ-ਲੀਡਰ ਬਣਾ ਦਿੱਤਾ। ਫੇਰ ਗਿਆਨੀ ਸੁੱਚਾ ਸਿੰਘ ਦੀ ਕਿਰਪਾ ਨਾਲ ਮੈਂ 'ਟੈਂਟ ਪਿਚਿੰਗ' ਅਤੇ 'ਫਸਟ ਏਡ' ਦੇ 'ਬੈਜ' ਵੀ ਪਾਸ ਕਰ ਲਏ। 1945

ਕਰਨੈਲ ਸਿੰਘ ਗਿਆਨੀ
ਵਰਜੀਨੀਆ ਬੀਚ

ਵਿਚ ਮੈਂ ਫਸਟ ਡਿਵੀਜ਼ਨ 'ਚ ਦਸਵੀਂ ਕਰਕੇ ਡੀ. ਐਮ. ਕਾਲਜ ਚਲਾ ਗਿਆ ਤੇ ਫਸਟ ਏਡ ਦਾ ਸਰਟੀਫਿਕੇਟ ਵੀ ਪਾਸ ਕਰ ਲਿਆ। ਦਿੱਲੀ ਸਥਿਤ ਸੇਂਟ ਜਾਨ ਐਂਬੂਲੈਂਸ ਬ੍ਰਿਗੇਡ ਵੱਲੋਂ ਉਚੇਚਾ ਮੈਨੂੰ ਛੋਟੀ ਉਮਰੇ ਹੀ 'ਆਨਰੇਰੀ ਐਂਬੂਲੈਂਸ ਆਫਿਸਰ' ਦੀ ਉਪਾਧੀ ਮਿਲਣ ਦੀ ਖੁਸ਼ੀ ਪ੍ਰਾਪਤ ਹੋਈ।

ਕਾਲਜ ਦੀ ਪੜ੍ਹਾਈ ਖਤਮ ਕਰਨ 'ਤੇ ਨੌਕਰੀ ਲੱਭਣ ਵਿਚ ਮੈਨੂੰ ਜ਼ਿਆਦਾ ਤਰੱਦਦ ਨਹੀਂ ਸੀ ਕਰਨਾ ਪਿਆ। ਅਖਬਾਰ 'ਚ 'ਰੇਲਵੇ ਸਰਵਿਸ ਕਮਿਸ਼ਨ' ਦੀ ਸਿਲੈਕਸ਼ਨ ਬਾਰੇ ਪੜ੍ਹ ਕੇ ਮੈਂ ਪ੍ਰੀਖਿਆ ਦੀ ਤਿਆਰੀ ਕੀਤੀ। ਲਿਖਤੀ ਟੈਸਟ ਪਾਸ ਕੀਤਾ ਤੇ ਸਿਲੈਕਟ ਹੋ ਗਿਆ। ਪੰਜ ਸਾਲ ਦੀ ਔਖੀ ਟਰੇਨਿੰਗ ਲਈ ਦਾਖਲਾ ਵੀ ਭਰ ਦਿੱਤਾ।

1955 ਵਿਚ ਜਦੋਂ ਟਰੇਨਿੰਗ ਖਤਮ ਕੀਤੀ, ਉਸ ਵੇਲੇ ਕਾਂਗਰਸ ਦੇ ਜਗਜੀਵਨ ਰਾਮ ਰੇਲਵੇ ਮੰਤਰੀ ਸਨ। ਉਨ੍ਹਾਂ ਨੇ ਸਾਡੇ ਬੈਚ ਦੇ 8 ਮੋਹਰੀ ਟਰੇਨੀਆਂ ਨੂੰ ਉਚੇਰੀ ਟਰੇਨਿੰਗ ਲਈ ਲਿਵਰਪੂਲ, ਇੰਗਲੈਂਡ ਭੇਜਣਾ ਸੀ। ਉਨ੍ਹਾਂ ਅੱਠਾਂ 'ਚ ਮੇਰੀ ਵਾਰੀ ਵੀ ਆ ਗਈ। ਜਦੋਂ ਮੈਂ 2 ਸਾਲਾਂ ਮਗਰੋਂ ਪਰਤਿਆ ਤਾਂ ਮੇਰੀ ਨਿਯੁਕਤੀ ਜੈਪੁਰ ਵਿਚ ਵੈਸਟਰਨ ਰੇਲਵੇ ਦੇ ਲੋਕੋਮੋਟਿਵ ਵਰਕਸ਼ਾਪ ਦੇ ਇੰਚਾਰਜ ਵਜੋਂ ਹੋ ਗਈ। ਰੇਲਵੇ ਡਿਊਟੀ ਦੇ ਨਾਲ ਨਾਲ ਮੈਂ ਆਪਣੇ ਮਾਤਹਿਤ ਸਟਾਫ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਸਕਾਊਟਿੰਗ ਤੇ ਫਸਟ ਏਡ ਟਰੇਨਿੰਗ ਦੇਣ ਵਿਚ ਵਿਸ਼ੇਸ਼ ਰੁਚੀ ਵਿਖਾਈ।

ਜਿਸ ਜਗ੍ਹਾ ਮੇਰਾ ਦਫਤਰ ਸੀ, ਐਨ ਉਸ ਦੇ ਪਿਛਲੇ ਪਾਸੇ ਰੇਲਵੇ ਦੇ ਛੋਟੇ-ਵੱਡੇ ਮੁਲਾਜ਼ਮਾਂ ਦੇ ਕੁਆਰਟਰ ਸਨ। ਇਕ ਦਿਨ ਦੁਪਹਿਰੇ ਲੰਚ ਤੋਂ ਵਾਪਸ ਆ ਕੇ ਦਫਤਰ ਆ ਕੇ ਬੈਠਾ ਹੀ ਸਾਂ ਕਿ ਪਿਛਲੇ ਕੁਆਰਟਰਾਂ 'ਚੋਂ ਕਿਸੇ ਔਰਤ ਦੇ ਉਚੀ ਉਚੀ ਰੋਣ ਦੀ ਆਵਾਜ਼ ਸੁਣੀ। ਆਵਾਜ਼ ਲਗਾਤਾਰ ਆ ਰਹੀ ਸੀ, ਮੈਂ ਆਪਣੇ ਚਪੜਾਸੀ ਨੂੰ ਜਲਦੀ ਨਾਲ ਪਤਾ ਕਰਨ ਲਈ ਭੇਜਿਆ। ਥੋੜ੍ਹੀ ਦੇਰ ਵਿਚ ਹੀ ਉਹ ਨੱਸਦਾ ਆਇਆ ਤੇ ਕਹਿਣ ਲੱਗਾ, "ਸਰਦਾਰ ਜੀ ਗਜ਼ਬ ਹੋ ਗਿਆ। ਪਿਛਲੇ ਕੁਆਰਟਰ 'ਚ ਰਹਿੰਦੇ ਇਕ ਸਫਾਈ ਕਰਮਚਾਰੀ ਨੇ ਆਪਣੇ ਹੀ ਘਰ ਰਹਿੰਦੇ ਇਕ ਲੜਕੇ ਦੇ ਸਿਰ ਵਿਚ ਕੁਹਾੜੀ ਮਾਰ ਕੇ ਕਤਲ ਕਰਨ ਦੀ ਕੋਸ਼ਿਸ਼ ਕੀਤੀ। ਤੇ ਉਸ ਨੂੰ ਬੁਰੀ ਤਰ੍ਹਾਂ ਜ਼ਖਮੀ ਕਰ ਕੇ ਫਰਾਰ ਹੋ ਗਿਆ। ਉਹ ਵਿਚਾਰਾ ਆਪਣੇ ਮੰਜੇ 'ਤੇ ਹੀ ਲਹੂ-ਲੁਹਾਨ ਪਿਆ ਹੈ। ਪਤਾ ਲੱਗਾ ਕਿ ਜ਼ਖਮੀ ਲੜਕਾ ਉਸ ਔਰਤ ਦੇ ਮਾਮੇ ਦਾ ਲੜਕਾ ਹੈ। ਸੁਣਿਆ ਹੈ, ਹਮਲਾਵਰ ਨੂੰ ਉਹਦੇ, ਆਪਣੀ ਔਰਤ ਨਾਲ ਮਾੜੇ ਸਬੰਧ ਹੋਣ ਦਾ ਸ਼ੱਕ ਹੈ।"

ਮੈਂ ਦਫਤਰੋਂ ਚਪੜਾਸੀ ਨੂੰ ਨਾਲ ਲੈ ਕੇ ਉਸ ਔਰਤ ਦੇ ਕੁਆਰਟਰ ਵੱਲ ਗਿਆ। ਜ਼ਖਮੀ ਬੰਦਾ ਬੁਰੀ ਤਰ੍ਹਾਂ ਕਰਾਹ ਰਿਹਾ ਸੀ। ਸੱਟ ਨਾਲ ਉਸ ਦੇ ਦਿਮਾਗ ਦਾ ਚਿੱਟਾ ਚਿੱਟਾ ਮਗਜ਼ ਉਹਦੇ ਮੰਜੇ 'ਤੇ ਖਿਲਰਿਆ ਪਿਆ ਸੀ। ਪੰਜ-ਛੇ ਬੰਦੇ ਆਲੇ ਦੁਆਲੇ ਖੜ੍ਹੇ ਸਨ ਜੋ ਮੇਰੇ ਸਿਆਣੂ ਨਿਕਲੇ। ਉਹ ਤਾਂ ਮੇਰੀ ਫਸਟ ਏਡ ਦੀ ਕਲਾਸ 'ਚ ਆਉਂਦੇ ਸਨ। ਵੇਂਹਦਿਆਂ ਸਾਰ ਮੈਂ ਪੁੱਛਿਆ, "ਓਏ, ਤੁਸੀਂ ਤਾਂ ਮੇਰੀ ਸਕਾਊਟਿੰਗ ਕਲਾਸ ਦੇ ਮੈਂਬਰ ਹੋ?"

"ਜੀ ਹਾਂ!" ਇਕ ਜਣਾ ਬੋਲਿਆ।

"ਤੇ ਏਥੇ ਕੀ ਤਮਾਸ਼ਾ ਵੇਖ ਰਹੇ ਹੋ? ਤੁਸੀਂ ਇਸ ਨੂੰ ਫਸਟ ਏਡ ਨਹੀਂ ਸੀ ਦੇ ਸਕਦੇ?" ਮੈਂ ਗੁੱਸੇ ਨਾਲ ਆਖਿਆ।

"ਜੀ ਸਾਨੂੰ ਜੋ ਤੁਸੀਂ ਕਿਤਾਬ ਦਿੱਤੀ ਸੀ, ਉਸ ਵਿਚ ਤਾਂ ਪੱਟੀ ਬੰਨ੍ਹਣ ਤੱਕ ਹੀ ਦੱਸਿਆ ਹੈ। ਪਰ ਇਹ ਤਾਂ ਕਤਲ ਦਾ ਮਾਮਲਾ ਜਾਪਦੈ। ਅਸੀਂ ਡਰਦੇ ਸੀ।"

"ਓਸ ਕਿਤਾਬ ਵਿਚ ਇਹ ਨਹੀਂ ਲਿਖਿਆ ਕਿ ਜੇ ਕੋਈ ਹਾਲਤ ਸਮਝ ਤੋਂ ਬਾਹਰ ਹੋਵੇ ਤਾਂ ਰੋਗੀ ਨੂੰ ਡਾਕਟਰ ਕੋਲ ਲੈ ਜਾਓ, ਜਾਂ ਫਿਰ ਕਿਸੇ ਡਾਕਟਰ ਨੂੰ ਬੁਲਾ ਲਵੋ?"

ਮੈਂ ਜ਼ਖਮੀ ਦੀ ਨਬਜ਼ ਟੋਹ ਕੇ ਆਖਿਆ, "ਇਸ ਦੀ ਨਬਜ਼, ਅਜੇ ਚਲ ਰਹੀ ਹੈ ਪਰ ਮੱਧਮ। ਸ਼ਾਇਦ ਬਾਹਲਾ ਖੂਨ ਵਗਣ ਕਰਕੇ। ਜੇ ਹੋਰ ਦਸਾਂ ਮਿੰਟਾਂ ਵਿਚ ਡਾਕਟਰ ਕੋਲ ਨਾ ਲੈ ਕੇ ਗਏ, ਤਾਂ ਇਸ ਨੇ ਖਤਮ ਹੋ ਜਾਣਾ ਹੈ। ਰੇਲਵੇ ਹਸਪਤਾਲ ਤਾਂ 200 ਗਜ਼ਾਂ 'ਤੇ ਹੀ ਹੈ। ਜੇ ਮੈਂ ਤੁਹਾਡਾ ਜ਼ਿੰਮਾ ਲਵਾਂ, ਤਾਂ ਕੀ 4 ਬੰਦੇ ਹਿੰਮਤ ਕਰ ਸਕਦੇ ਹੋ?"

ਤਿੰਨ ਜਣਿਆਂ ਨੇ ਜਕੋ ਤਕੋ ਕਰਦਿਆਂ ਹੱਥ ਖੜੇ ਕੀਤੇ ਵੇਖ ਕੇ ਮੈਂ ਆਪਣੇ ਚਪੜਾਸੀ ਨੂੰ ਉਨ੍ਹਾਂ ਦੇ ਨਾਲ ਜਾਣ ਲਈ ਤਿਆਰ ਕਰ ਦਿੱਤਾ। ਉਨ੍ਹਾਂ ਨੇ ਜ਼ਖਮੀ ਦਾ ਮੰਜਾ ਬਾਹਰ ਕੱਢ ਕੇ ਉਸ ਨੂੰ, ਉਸੇ ਦੀ ਪਗੜੀ ਨਾਲ ਹੀ ਨੂੜ ਦਿੱਤਾ। ਦਿਮਾਗੀ ਚਿੱਟਾ ਚਿੱਟਾ ਮਗਜ਼, ਇਕ ਸਾਫ ਕਪੜੇ ਵਿਚ ਪਾ ਕੇ ਮੰਜੇ ਉਤੇ ਹੀ ਰੱਖ ਲਿਆ। ਤੇ ਚਾਰੇ ਜਣੇ ਮੰਜਾ ਚੁੱਕ ਕੇ ਹਸਪਤਾਲ ਵੱਲ ਤੁਰ ਪਏ। ਉਨ੍ਹਾਂ ਦੀ ਹਿੰਮਤ ਵੇਖ ਕੇ, ਦੋ ਹੋਰ ਲੜਕੇ ਵੀ ਨਾਲ ਜਾਣ ਲਈ ਰਾਜ਼ੀ ਹੋ ਗਏ।

ਮੈਂ ਦਫ਼ਤਰ ਜਾ ਕੇ ਡਾ. ਆਹਲੂਵਾਲੀਆ ਨੂੰ ਫੋਨ ਕਰ ਦਿੱਤਾ, "ਡਾਕਟਰ ਸਾਹਿਬ, ਮੈਂ ਇਕ ਸੀਰੀਅਸ ਕੇਸ ਤੁਹਾਡੇ ਵੱਲ ਭੇਜ ਰਿਹਾ ਹਾਂ। ਇਕ ਬੰਦੇ ਨੇ ਕਿਸੇ ਰਿਸ਼ਤੇਦਾਰ ਦੇ ਸਿਰ ਵਿਚ ਕੁਹਾੜੀ ਮਾਰ ਕੇ ਜ਼ਖਮੀ ਕਰ ਦਿੱਤਾ ਹੈ। ਮੇਰੇ ਬੰਦੇ ਮੰਜੇ 'ਤੇ ਪਾ ਕੇ ਲਿਆ ਰਹੇ ਹਨ।"

"ਇਹ ਤਾਂ ਕਤਲ ਦਾ ਕੇਸ ਲਗਦੈ। ਤੁਹਾਨੂੰ ਪੁਲਿਸ ਤੋਂ ਡਰ ਨਹੀਂ ਲਗਦਾ?"

"ਯਾਰ ਪਤਾ ਨਹੀਂ, ਮੈਂ ਤਾਂ ਇਨਸਾਨੀ ਫਰਜ਼ ਸਮਝ ਕੇ ਹੀ ਇਹ ਕੁਝ ਕਰ ਦਿੱਤਾ ਐ।" ਪਤਾ ਲੱਗਾ ਕਿ ਕੁਹਾੜੀ ਮਾਰਨ ਵਾਲੇ ਨੇ ਪੁਲਿਸ ਵਿਚ ਜਾ ਕੇ ਆਪ ਹੀ ਬਿਆਨ ਜਾ ਦਿੱਤੇ ਕਿ ਉਹ ਕਿਸੇ ਨੂੰ ਮਾਰ ਕੇ ਆਇਆ ਹੈ। ਸ਼ਾਇਦ ਏਸੇ ਕਰ ਕੇ, ਮੈਥੋਂ ਕਿਸੇ ਨੇ ਪੁੱਛ-ਗਿੱਛ ਨਹੀਂ ਸੀ ਕੀਤੀ।

ਜ਼ਖਮੀ ਦੇ ਪਹੁੰਚਣ ਤਕ ਡਾ. ਆਹਲੂਵਾਲੀਆ ਨੇ ਸਾਰੀ ਤਿਆਰੀ ਕਰ ਰੱਖੀ ਸੀ। ਜਲਦੀ ਜਲਦੀ ਸਿਰ 'ਤੇ ਟਾਂਕੇ ਲਾ ਕੇ ਐਂਬੂਲੈਂਸ ਬੁਲਾਈ ਤੇ ਸਵਾਏ ਮਾਨ ਸਿੰਘ ਹਸਪਤਾਲ ਵੱਲ ਰਵਾਨਾ ਕਰ ਦਿੱਤਾ।

ਆਪਣੇ ਦਫਤਰ ਵਿਚ ਕੰਮ ਦੇ ਰੁਝੇਵੇਂ ਵਿਚ ਜਿਵੇਂ ਮੈਨੂੰ ਉਹ ਗੱਲ ਹੀ ਭੁੱਲ ਗਈ। ਕੋਈ ਤਿੰਨ ਮਹੀਨੇ ਮਗਰੋਂ ਇਕ ਸਵੇਰੇ ਮੈਂ ਸਕੂਟਰ ਬਾਹਰ ਕੱਢ ਕੇ ਦਫਤਰ ਜਾ ਰਿਹਾ ਸਾਂ ਕਿ 15-20 ਸਫਾਈ ਕਾਮਿਆਂ ਦਾ ਇਕ ਟੋਲਾ ਗੁਲਦਸਤੇ ਅਤੇ ਹਾਰ ਫੜੀਂ ਮੇਰੇ ਬੰਗਲੇ 'ਤੇ ਆਣ ਪੁੱਜਾ।

ਮੇਰੀ ਪਤਨੀ ਪੁੱਛਣ ਲੱਗੀ, "ਇਹ ਕੌਣ ਲੋਕ ਨੇ?"

ਉਨ੍ਹਾਂ ਵਿਚ ਸ਼ਾਮਲ ਉਹ ਔਰਤ ਵੀ ਸੀ ਜੋ ਉਸ ਦਿਨ ਰੋ ਰਹੀ ਸੀ। ਤੇ ਉਹੀ ਜ਼ਖਮੀ ਮੁੰਡਾ ਵੀ, ਜਿਸ ਨੂੰ ਕਿਸੇ ਨੇ ਤਿੰਨ ਮਹੀਨੇ ਪਹਿਲਾਂ ਕਤਲ ਕਰਨ ਦੀ ਕੋਸ਼ਿਸ਼ ਕੀਤੀ ਸੀ। ਹੁਣ ਤਾਂ ਉਹ 'ਨੌਂ-ਬਰ-ਨੌਂ' ਹੋ ਗਿਆ ਜਾਪਦਾ ਸੀ।

"ਸਰਦਾਰ ਜੀ, ਅਸੀਂ ਤੁਹਾਡਾ ਧੰਨਵਾਦ ਕਰਨ ਆਏ ਹਾਂ। ਤੁਸੀਂ ਉਸ ਦਿਨ ਸਾਡੇ ਲੜਕੇ ਦੀ ਜਾਨ ਬਚਾਈ ਸੀ। ਜੇ ਤੁਸੀਂ ਵੇਲੇ ਸਿਰ ਪਹੁੰਚ ਕੇ ਉਸ ਨੂੰ ਹਸਪਤਾਲ ਨਾ ਪਹੁੰਚਾਉਂਦੇ ਤਾਂ ਅੱਜ ਉਸ ਨੇ ਸਾਡੇ ਨਾਲ ਜਿਉਂਦੇ ਨਹੀਂ ਸੀ ਆਉਣਾ। ਅਸੀਂ ਤੁਹਾਡੇ ਬਹੁਤ ਹੀ ਰਿਣੀ ਹਾਂ।" ਇਹ ਆਖਦਿਆਂ ਉਨ੍ਹਾਂ ਨੇ ਮੇਰੇ ਗਲ ਵਿਚ ਕਿੰਨੇ ਸਾਰੇ ਹਾਰ ਪਾ ਦਿੱਤੇ। ਮੈਂ ਤਾਂ ਉਸ ਘਟਨਾ ਨੂੰ ਭੁੱਲ ਹੀ ਗਿਆ ਸਾਂ। ਉਸ ਮੁੰਡੇ ਨੇ ਅੱਗੇ ਹੋ ਕੇ ਮੇਰੇ ਪੈਰੀਂ ਹੱਥ ਲਾਏ।

ਮੇਰੀ ਪਤਨੀ ਨੇ ਦੀਵਾਲੀ ਦੀ ਬਚੀ ਹੋਈ ਮਿਠਾਈ ਦੀ ਇਕ ਟਰੇ ਉਨ੍ਹਾਂ ਨੂੰ ਦਿੱਤੀ, ਤੇ ਸਾਰਿਆਂ ਨੂੰ ਖੁਸ਼ੀ ਖੁਸ਼ੀ ਵਿਦਾ ਕਰ ਦਿੱਤਾ।

ਇਹ ਘਟਨਾ 1960 ਦੀ ਹੈ। ਪਤਾ ਨਹੀਂ, ਇਸ ਦਾ ਮੇਰੀ ਇਕ ਹੋਰ ਕਾਮਯਾਬੀ ਨਾਲ ਕੋਈ ਸਬੰਧ ਸੀ ਜਾਂ ਉਨ੍ਹਾਂ ਲੋਕਾਂ ਦੀਆਂ ਸ਼ੁਭ ਕਾਮਨਾਵਾਂ ਸਦਕਾ ਹੀ ਸੀ, ਜਦੋਂ 1970 ਵਿਚ ਮੈਂ ਭਾਰਤ ਹੈਵੀ ਇਲੈਕਟ੍ਰੀਕਲਜ਼ ਭੋਪਾਲ 'ਚ ਮੈਨੂਫੈਕਚਰਿੰਗ ਇੰਜੀਨੀਅਰ ਸਾਂ, ਤੇ ਆਲ ਇੰਡੀਆ ਸੇਂਟ ਜਾਨ ਐਂਬੂਲੈਂਸ ਬ੍ਰਿਗੇਡ ਵੱਲੋਂ ਆਯੋਜਿਤ ਕੀਤੇ ਫਸਟ ਏਡ ਕੰਪੀਟੀਸ਼ਨ ਵਿਚ ਆਪਣੀ ਕੰਪਨੀ ਦਾ ਕਪਤਾਨ ਸਾਂ। ਮੇਰੀ ਟੀਮ ਨੇ ਸਾਰੇ ਭਾਰਤ ਵਿਚੋਂ ਅੱਵਲ ਨੰਬਰ 'ਤੇ ਰਹਿ ਕੇ ਇਨਾਮ ਦੀ ਸ਼ੀਲਡ, ਰਾਸ਼ਟਰਪਤੀ ਸ੍ਰੀ ਵੀ. ਵੀ. ਗਿਰੀ ਦੇ ਹੱਥੋਂ ਪ੍ਰਾਪਤ ਕੀਤੀ।



# ਬਾਪ ਦੇ ਅੰਗ-ਸੰਗ

***ਪਰਦੇਸੀਂ ਬੈਠੇ ਗੁਰਬਖਸ਼ ਸਿੰਘ ਭੰਡਾਲ ਨੇ 'ਬਾਪ ਦੇ ਅੰਗ-ਸੰਗ' ਲੇਖ ਦੇ ਬਹਾਨੇ ਆਪਣੇ ਅੰਦਰਲੇ ਉਸ ਬੰਦੇ ਨਾਲ ਗੱਲਾਂ ਕੀਤੀਆਂ ਹਨ ਜਿਸ ਨੂੰ ਉਹ ਚਿਰ ਪਹਿਲਾਂ ਪਿੱਛੇ ਪੰਜਾਬ ਵਿਚ ਛੱਡ ਆਇਆ ਸੀ। ਇਸੇ ਕਰ ਕੇ ਬਾਪੂ ਦੇ ਹਵਾਲੇ ਨਾਲ ਲਿਖਿਆ ਇਹ ਲੇਖ ਹੇਰਵੇ ਦੀ ਵਾਛੜ ਕਰਦਾ ਚਲਾ ਜਾਂਦਾ ਹੈ। ਨਿੱਕੀਆਂ ਨਿੱਕੀਆਂ ਗੱਲਾਂ ਦੇ ਵੇਰਵੇ ਜੁੜ ਕੇ ਜਦੋਂ ਬਾਤ ਸਿਰਜਦੇ ਹਨ ਤਾਂ ਜਾਪਦਾ ਹੈ ਜਿਵੇਂ ਸਾਰਾ ਕੁਝ ਤੁਹਾਡੇ ਆਪ ਨਾਲ ਹੋ ਕੇ ਹਟਿਆ ਹੋਵੇ। ਜਾਪਦਾ ਹੈ ਜਿਵੇਂ ਹੁਣੇ ਹੁਣੇ ਕਿਸੇ ਨੇ ਮੋਢੇ ਉਤੇ ਪੋਲਾ ਜਿਹਾ ਹੱਥ ਰੱਖ ਕੇ ਹੌਸਲਾ ਦਿੱਤਾ ਹੋਵੇ। -ਸੰਪਾਦਕ***

ਬਾਪ ਹੁਣ ਨੱਬਿਆਂ ਦੇ ਕਰੀਬ ਹੈ। ਕੋਰਾ ਅਨਪੜ੍ਹ ਹੋਣ ਦੇ ਬਾਵਜੂਦ ਜੀਵਨ ਦਾ ਗੂੜ੍ਹ ਗਿਆਨੀ ਹੈ। ਬਿਲਕੁਲ ਤੰਦਰੁਸਤ। ਕੋਈ ਬਿਮਾਰੀ ਨਹੀਂ। ਸਾਰੀ ਉਮਰ ਕੋਈ ਦਵਾਈ ਨਹੀਂ ਖਾਧੀ। ਹਰ ਰੋਜ਼ 3 ਮੀਲ ਸਾਈਕਲ ਚਲਾ ਕੇ ਗੁਰਦੁਆਰੇ ਜਾਂਦਾ ਏ। ਬੱਚਿਆਂ ਨੇ ਵਾਹੀ ਦੇ ਕੰਮਾਂ-ਕਾਰਾਂ ਤੋਂ ਵਿਹਲਾ ਤਾਂ ਕਰ ਦਿਤਾ ਏ, ਪਰ ਹੁਣ ਵੀ ਉਸ ਨੂੰ ਫਿਕਰ ਰਹਿੰਦਾ ਹੈ ਭੁੱਖਣਭਾਣੀ ਲਵੇਰੀ ਗਾਂ ਦਾ, ਵੱਤਰ ਤੋਂ ਖੁੰਝ ਰਹੀ ਬਿਜਾਈ ਦਾ, ਫਸਲਾਂ ਦੀ ਸਮੇਂ ਸਿਰ ਗੁਡਾਈ ਦਾ, ਰਾਤ ਨੂੰ ਬਿਜਲੀ ਦੀ ਵਾਰੀ ਦਾ ਜਾਂ ਹਵੇਲੀ ਵਿਚ ਲਾਈ ਸਬਜ਼ੀ ਅਤੇ ਬੂਟਿਆਂ ਦਾ। ਦਰਅਸਲ ਉਮਰ ਦੇ ਕਿਸੇ ਵੀ ਪੜਾਅ 'ਤੇ ਬਜ਼ੁਰਗ ਪਹੁੰਚ ਜਾਣ, ਉਨ੍ਹਾਂ ਦੇ ਪੁੱਤਰ-ਪੋਤਰੇ ਸਾਰੀਆਂ ਜ਼ਿੰਮੇਵਾਰੀਆਂ ਬਾਖੂਬੀ ਨਿਭਾ ਰਹੇ ਹੋਣ ਤਾਂ ਵੀ ਉਨ੍ਹਾਂ ਦੇ ਮਨ ਵਿਚ ਧੁੜਕੂ ਰਹਿੰਦਾ ਏ। ਇਸੇ ਕਰ ਕੇ ਉਹ ਆਪਣੀਆਂ ਚਿੰਤਾਵਾਂ ਨੂੰ ਜ਼ਾਹਰ ਕਰਨ ਤੋਂ ਕਦੇ ਵੀ ਨਹੀਂ ਉਕਦੇ। ਨਵੀਂ ਪੀੜ੍ਹੀ ਕਈ ਵਾਰ ਬਜ਼ੁਰਗਾਂ ਦੀ ਦਖਲਅੰਦਾਜ਼ੀ ਦਾ ਬੁਰਾ ਤਾਂ ਮਨਾਉਂਦੀ ਏ ਪਰ ਉਹ ਆਪਣੀ ਜਗ੍ਹਾ ਸੱਚੇ ਹੁੰਦੇ ਨੇ। ਉਨ੍ਹਾਂ ਨੇ ਜੀਵਨ ਰੂਪੀ ਕਿਤਾਬ ਨੂੰ ਹਰਫ-ਬ-ਹਰਫ ਪੜ੍ਹਿਆ ਹੁੰਦਾ ਏ, ਭਾਵੇਂ ਸਾਨੂੰ ਜ਼ਿਆਦਾ ਜਮਾਤਾਂ ਪੜ੍ਹਨ ਅਤੇ ਸਿਆਣਪ ਦਾ ਫਤੂਰ ਹੁੰਦਾ ਹੈ।



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 1-216-556-2080

ਪਿਛਲੇ ਕੁਝ ਸਮੇਂ ਤੋਂ ਬਾਪ ਨੂੰ ਉਚੀ ਸੁਣਨ ਲੱਗ ਪਿਆ ਏ। ਵਾਅ ਨੂੰ ਗੰਢਾਂ ਦੇਣ ਵਾਲਾ ਬਾਪ ਹੁਣ ਖੂੰਡੀ ਦੇ ਸਹਾਰੇ ਜੀਵਨ ਦੇ ਆਖਰੀ ਸਫਰ ਨੂੰ ਮਾਣ ਰਿਹਾ ਏ। ਝਉਲਾ ਝਉਲਾ ਨਜ਼ਰ ਆਉਣ ਕਾਰਨ ਐਨਕ ਵੀ ਲਾਉਣ ਲੱਗ ਪਿਆ ਏ। ਸਾਈਕਲ ਉਸ ਦੀ ਸ਼ਾਹੀ ਸਵਾਰੀ ਹੈ। ਹੁਣ ਵੀ ਉਹ ਸ਼ਹਿਰ ਨੂੰ ਜਾਣ ਲਈ ਸਾਈਕਲ ਨੂੰ ਤਰਜੀਹ ਦਿੰਦਾ ਹੈ। ਇਥੋਂ ਤੱਕ ਕਿ ਬਹੁਤੀ ਵਾਰ ਸ਼ਹਿਰੋਂ ਸਬਜ਼ੀਆਂ ਦੀ ਪਨੀਰੀ ਲੈ ਕੇ, 30 ਕਿਲੋਮੀਟਰ ਦਾ ਪੈਂਡਾ ਤੈਅ ਕਰ, ਸ਼ਾਮ ਨੂੰ ਪਿੰਡ ਵਾਪਸ ਪਰਤ ਆਉਂਦਾ ਹੈ। ਬਥੇਰਾ ਜ਼ੋਰ ਲਾਈਦੈ ਕਿ ਰਾਤ ਸਾਡੇ ਕੋਲ ਸ਼ਹਿਰ ਰਹਿ ਕੇ, ਸਵੇਰੇ ਚਲੇ ਜਾਣਾ, ਪਰ ਉਨ੍ਹਾਂ ਦਾ ਜੀਅ ਸ਼ਹਿਰ ਕਾਹਤੋਂ ਲੱਗਦਾ ਸੀ। ਵਡੇਰੀ ਉਮਰ ਅਤੇ ਸੜਕੀ ਆਵਾਜਾਈ ਤੋਂ ਡਰ ਤਾਂ ਬਹੁਤ ਲੱਗਦਾ ਏ, ਪਰ ਬਾਪ ਕਾਹਨੂੰ ਕਿਸੇ ਦੀ ਸੁਣਦਾ ਏ। ਉਸ ਨੂੰ ਬੱਸ ਉਡੀਕਣ ਨਾਲੋਂ ਸਾਈਕਲ ਦੀ ਸਵਾਰੀ ਚੰਗੀ ਲੱਗਦੀ ਏ।

ਮੇਰੇ ਵਿਆਹ ਤੱਕ ਚਾਦਰਾ ਲਾਉਣ ਵਾਲਾ ਮੇਰਾ ਬਾਪ, ਹੁਣ ਕੁੜਤਾ ਪਜਾਮਾ ਤਾਂ ਪਾਉਣ ਲੱਗ ਪਿਆ ਏ, ਪਰ ਉਸ ਨੂੰ ਖੇਤਾਂ ਵਿਚ ਗੇੜਾ ਮਾਰਨ ਵੇਲੇ ਹੁਣ ਵੀ ਨੰਗੇ ਪੈਰੀਂ ਤੁਰਨਾ ਚੰਗਾ ਲੱਗਦਾ ਏ। ਸਿਆਲ ਵਿਚ ਵੀ ਕੁੜਤਾ ਪਜਾਮਾ ਪਾ, ਲੋਈ ਦੀ ਪਤਲੀ ਜਿਹੀ ਬੁੱਕਲ ਮਾਰ ਅਤੇ ਕੋਟੀ ਨੂੰ ਸਾਈਕਲ ਦੇ ਹੈਂਡਲ ਨਾਲ ਬੰਨ੍ਹ ਅਕਸਰ ਹੀ ਸ਼ਹਿਰ ਪਹੁੰਚ ਜਾਂਦਾ, ਕਿਉਂਕਿ ਉਸ ਦਾ ਮੰਨਣਾ ਏ 'ਪਾਲਾ ਪਾਪਾਂ ਦਾ ਜਾਂ ਮਾੜਿਆਂ ਸਾਕਾਂ ਦਾ।' ਚਾਰ ਪੈਡਲ ਮਾਰੋ, ਸਰੀਰ ਨਿੱਘਾ ਹੋ ਜਾਂਦਾ ਏ।

ਚੜ੍ਹਦੀ ਉਮਰੇ ਬਾਪ ਬਹੁਤ ਬੇਅਰਾਮਾ ਹੁੰਦਾ ਸੀ। ਅਕਸਰ ਹੀ ਖੂਹ ਦੀ ਵਾਰੀ ਰਾਤ ਨੂੰ ਲਾ, ਸਵੇਰੇ ਖੇਤਾਂ 'ਚ ਗੋਡੀ ਵਗੈਰਾ ਕਰਦਾ ਰਹਿੰਦਾ ਸੀ। ਕਬੀਲਦਾਰੀ ਨੂੰ ਪਾਲਦਿਆਂ, ਬੱਚਿਆਂ ਨੂੰ ਪੜ੍ਹਾਉਣਾ, ਡਾਢੇ ਜਿਗਰੇ ਅਤੇ ਹੌਸਲੇ ਵਾਲਾ ਕੰਮ ਸੀ, ਕਿਉਂਕਿ ਘਰ-ਜਾਇਦਾਦ ਦੀ ਵੰਡ ਵੇਲੇ ਬਾਪ ਨੂੰ ਹਰ ਪੱਖੋਂ ਊਣਾ ਰੱਖਣ ਦੀ ਬਹੁਤ ਕੋਸ਼ਿਸ਼ ਕੀਤੀ ਗਈ ਸੀ, ਪਰ ਉਸ ਨੇ ਹਿੰਮਤ ਨਾਲ ਜੀਵਨ ਲੋੜਾਂ ਨੂੰ ਪੂਰੀਆਂ ਕਰਨ ਵਿਚ ਕੋਈ ਕਸਰ ਨਹੀਂ ਸੀ ਛੱਡੀ। ਬਾਪ ਦੇ ਬੋਲਦਿਆਂ ਜਿੰਨਾ ਕੰਮ ਖੁਦ ਕਰ ਲੈਂਦਾ ਸੀ ਤਾਂ ਕਿ ਉਸ ਦੇ ਬੱਚੇ ਪੜ੍ਹ ਸਕਣ ਕਿਉਂਕਿ ਉਸ ਦੇ ਮਨ ਵਿਚ ਅਕਸਰ ਇਹ ਝੋਰਾ ਰਹਿੰਦਾ ਸੀ ਕਿ ਉਹ ਪੜ੍ਹ ਨਹੀਂ ਸੀ ਸਕਿਆ ਅਤੇ ਸਾਰੀ ਉਮਰ ਅੰਗੂਠਾ ਛਾਪ ਹੀ ਰਿਹਾ।


ਬਾਪ ਮਿਹਨਤ ਦਾ ਸੁੱਚਾ ਹਰਫ। ਘਾਲਣਾ ਦਾ ਮਾਨਵੀ ਕਰਮ। ਇਮਾਨਦਾਰੀ ਦਾ ਪਾਕ ਧਰਮ। ਅਕੀਦੇ ਦੀ ਪ੍ਰਾਪਤੀ ਦਾ ਪ੍ਰਣ। ਕਿਰਤ ਕਮਾਈ ਦੀ ਸੁੱਚੀ ਇਬਾਦਤ। ਅਸੀਸਾਂ ਦੀ ਆਬਸ਼ਾਰ ਅਤੇ ਜੀਵਨ ਓਟੇ 'ਤੇ ਜਗਦਾ ਚਿਰਾਗ। ਸਮੁੱਚਾ ਜੀਵਨ ਨਿਰੰਤਰ ਸੰਘਰਸ਼ ਦਾ ਨਾਮਕਰਨ। ਦੀਦਿਆਂ ਵਿਚ ਬੀਤੇ ਪਲਾਂ ਦਾ ਲਿਸ਼ਕਾਰਾ ਅਤੇ ਬੋਲਾਂ ਵਿਚ ਮਾਣਮੱਤੀ ਇਬਾਰਤ।

ਉਸ ਦੀ ਤਵਾਰੀਖੀ ਸੋਚ ਦਾ ਕ੍ਰਿਸ਼ਮਾ ਹੀ ਸੀ ਕਿ ਉਸ ਨੇ ਲੱਗਦੀ ਵਾਹ ਆਪਣੇ ਸਾਰੇ ਬੱਚਿਆਂ ਨੂੰ ਪੜ੍ਹਨੇ ਪਾਇਆ ਅਤੇ ਬਾਲ ਮਨ-ਮਸਤਕ ਵਿਚ ਹਰਫ ਤਰੌਂਕਣ ਦੀ ਪੂਰੀ ਵਾਹ ਲਾਈ। ਅਸੀਂ ਉਸ ਦੇ ਸਮਰਪਣ ਅਤੇ ਦੁਆਵਾਂ ਦਾ ਮਿੱਠੜਾ ਫਲ ਖਾ ਰਹੇ ਹਾਂ। ਮੇਰੇ ਬਾਪ ਨੇ ਆਪਣੀਆਂ ਪੋਤਰੀਆਂ ਦੇ ਜਨਮ 'ਤੇ ਕਦੇ ਮੱਥੇ ਵੱਟ ਨਹੀਂ ਸੀ ਪਾਇਆ, ਭਾਵੇਂ ਮੇਰੀ ਮਾਂ ਪੋਤਰੀਆਂ ਕਾਰਨ ਕਈ ਵਾਰ ਬਹੁਤ ਦੁਖੀ ਹੋ ਜਾਂਦੀ ਸੀ। ਬਾਪ ਨੂੰ ਨਾਜ਼ ਹੈ ਕਿ ਉਸ ਦੇ ਲਾਡ ਵਾਲੇ ਨਾਂਵਾਂ ਵਾਲੀਆਂ ਪੋਤਰੀਆਂ ਭਾਈ ਨੂਰਾ ਸਿੰਘ ਅਤੇ ਮੇਰਾ ਸੁੰਹ ਅੱਜ ਕੱਲ੍ਹ ਅਮਰੀਕਾ ਵਿਚ ਡਾਕਟਰ ਹਨ।

ਬਾਪ ਦੀ ਸ਼ਖਸੀਅਤ ਦਾ ਬੱਚਿਆਂ 'ਤੇ ਸਭ ਤੋਂ ਜ਼ਿਆਦਾ ਅਸਰ ਹੁੰਦਾ ਏ। ਸਾਡਾ ਸਭ ਤੋਂ ਪਹਿਲਾਂ ਰੋਲ ਮਾਡਲ ਸਾਡਾ ਬਾਪ ਹੀ ਤਾਂ ਹੁੰਦਾ ਹੈ ਜਿਸ ਕੋਲੋਂ ਅਸੀਂ ਬਹੁਤ ਕੁਝ ਸਹਿਜ-ਸੁਭਾਅ ਅਤੇ ਅਚੇਤ ਰੂਪ ਵਿਚ ਪ੍ਰਾਪਤ ਕਰਦੇ ਹਾਂ। ਆਪਣੇ ਸੁਪਨੇ ਦੀ ਪ੍ਰਾਪਤੀ ਪ੍ਰਤੀ ਸਮਰਪਣ ਅਤੇ ਸਖਤ ਮਿਹਨਤ ਕਰਨ ਜਿਹੇ ਮੀਰੀ ਗੁਣ ਬਾਪ ਨੇ ਸਾਨੂੰ ਵਿਰਸੇ ਵਿਚ ਦਿਤੇ ਹਨ।

ਕਦੇ ਕਦੇ ਪਿਛਲਝਾਤੀ ਮਾਰਦਾ ਹਾਂ ਤਾਂ ਬਾਪ ਦੀ ਮਿਹਨਤ ਸਾਹਵੇਂ ਆਪਣਾ ਆਪ ਬੌਣਾ ਲੱਗਣ ਲੱਗ ਪੈਂਦਾ ਏ। ਅਨਪੜ੍ਹ ਬਾਪ ਨੇ ਆਪਣੇ ਪੁੱਤ ਨੂੰ ਫਿਜ਼ਿਕਸ ਵਿਚ ਪੀਐਚ.ਡੀ. ਤੱਕ ਪੜ੍ਹਾਇਆ ਅਤੇ ਅਸੀਂ ਪੜ੍ਹੇ ਲਿਖੇ ਆਪਣੇ ਬੱਚਿਆਂ ਨੂੰ ਪੜ੍ਹਾ ਕੇ ਐਵੇਂ ਹੀ ਆਫਰੇ ਫਿਰਦੇ ਹਾਂ। ਮਿਹਨਤੀ ਬਾਪ ਦੱਸਦਾ ਹੁੰਦਾ ਏ ਕਿ ਢਿਲਵਾਂ ਡਿਪੋ 'ਤੇ ਦਰਿਆ ਤੋਂ ਲੱਕੜਾਂ ਢੋਣ ਜਾਂਦੇ ਹੁੰਦੇ ਸਾਂ ਤਾਂ ਗਿੱਲੀਆਂ ਲੱਕੜਾਂ ਨੂੰ ਗੱਡੇ 'ਤੇ ਲੱਦਣਾ ਅਤੇ ਲਾਹੁਣਾ ਬਹੁਤ ਜ਼ੋਰ ਦਾ ਕੰਮ ਹੁੰਦਾ ਸੀ। ਤੇਰੇ ਤਾਏ ਨੇ ਪਹਿਲੇ ਹੀ ਅਜਿਹੇ ਕੰਮ ਤੋਂ ਹੱਥ ਖੜ੍ਹੇ ਕਰ ਦਿਤੇ ਸਨ, ਤੇ ਮੈਂ ਘਰ ਦੀ ਗਰੀਬੀ ਕੱਟਣ ਲਈ ਕਈ ਮਹੀਨੇ ਗੱਡੇ 'ਤੇ ਲੱਕੜਾਂ ਢੋਂਦਾ ਰਿਹਾ। ਵੈਸੇ ਵੀ ਬੇਟ ਦੇ ਇਲਾਕੇ ਵਿਚ ਸਿਆਲ ਨੂੰ ਕਣਕ ਵਗੈਰਾ ਹੀ ਹੁੰਦੀ ਸੀ, ਤੇ ਬਰਸਾਤਾਂ ਦੇ ਦਿਨਾਂ ਵਿਚ ਬਿਆਸ ਦਰਿਆ ਵਿਚ ਆਏ ਹੜ੍ਹ, ਫਸਲਾਂ ਬਰਬਾਦ ਕਰ ਦਿੰਦੇ ਸਨ। ਕਈ ਕਈ ਦਿਨ ਤਾਂ ਡੰਗਰਾਂ ਸਮੇਤ ਆਪ ਵੀ ਭੁੱਖਣ-ਭਾਣੇ ਰਹਿਣਾ ਪੈਂਦਾ ਸੀ।

ਹੁਣ ਜਦ ਮੈਂ ਡੰਗੋਰੀ ਦੇ ਆਸਰੇ ਤੁਰਦੇ ਬਾਪ ਨੂੰ ਦੇਖਦਾ ਹਾਂ ਤਾਂ ਮੈਨੂੰ ਯਾਦ ਆਉਂਦਾ ਏ ਕਿ ਬਾਪ ਦਾ ਪਿੰਡ ਦੇ ਗਭਿਉਂ ਚੁਬਾਰੇ 'ਚੋਂ ਲੱਕੜ ਦੀ ਪੌੜੀ ਰਾਹੀਂ, ਕੁਇੰਟਲ ਕੁਇੰਟਲ ਦੀਆਂ 20 ਬੋਰੀਆਂ ਪਿੱਠ 'ਤੇ ਰੱਖ ਕੇ ਲਾਹੁਣੀਆਂ ਅਤੇ ਫਿਰਨੀ 'ਤੇ ਖੜ੍ਹੇ ਗੱਡੇ 'ਤੇ ਲੱਦਣਾ। ਸੱਚੀ ਗੱਲ ਤਾਂ ਇਹ ਸੀ ਕਿ ਉਨ੍ਹਾਂ ਦਿਨਾਂ ਵਿਚ ਕਿਰ ਰਹੀ ਛੋਟੀ ਕਿਰਸਾਨੀ ਨੂੰ ਮੌਢਾ ਦੇਣ ਲਈ ਉਹ ਗੱਡਾ ਵਾਹੁੰਦਾ ਸੀ। ਕਦੇ ਕਦਾਈਂ ਤਾਂ ਸਾਰੀ ਰਾਤ ਖਰਾਸ ਨਾਲ ਆਟਾ ਪੀਸ, ਸਵੇਰੇ ਗੱਡਾ ਲੈ ਕੇ ਸ਼ਹਿਰ ਪਹੁੰਚ ਜਾਂਦਾ ਸੀ। ਜੇ ਕਦੇ ਮੈਂ ਬਲਦਾਂ ਨੂੰ ਅਰਾਮ ਦਿਵਾਉਣ ਬਾਰੇ ਕਹਿਣਾ ਤਾਂ ਉਸ ਦਾ ਜਵਾਬ ਹੁੰਦਾ, ਸ਼ਹਿਰ ਵਿਚ ਜਾ ਕੇ ਸਾਰਾ ਦਿਨ ਬਲਦਾਂ ਨੇ ਅਰਾਮ ਹੀ ਤਾਂ ਕਰਨਾ ਹੁੰਦਾ ਏ। ਰਾਤ ਨੂੰ ਗੱਡਾ ਲਦਾਉਣ ਤੋਂ ਬਾਅਦ ਹੀ ਮੇਰੇ ਲਈ ਪੜ੍ਹਨ ਦੀ ਵਾਰੀ ਆਉਂਦੀ ਸੀ। ਬਾਪ ਦੇ ਸਿਰੜ ਅਤੇ ਜ਼ੋਰ ਦਾ ਅੰਦਾਜ਼ਾ ਤਾਂ ਇਸ ਗੱਲੋਂ ਵੀ ਲਾਇਆ ਜਾ ਸਕਦਾ ਏ ਕਿ ਕਈ ਵਾਰ ਕੱਚੇ ਰਾਹ 'ਤੇ ਚਿੱਕੜ ਵਿਚ ਖੁੱਭੇ ਗੱਡੇ ਨੂੰ ਕੱਢਣ ਲਈ ਮਾੜੇ ਡੰਗਰ ਦੇ ਨਾਲ ਆਪ ਜ਼ੋਰ ਲਾ ਕੇ ਗੱਡੇ ਨੂੰ ਖੁੱਭਣ ਵਿਚੋਂ ਕੱਢਣ ਵਿਚ ਮਦਦ ਕਰਦਿਆਂ ਮੈਂ ਖੁਦ ਦੇਖਿਆ ਹੈ।



ਬਾਪ ਦੇ ਬਹੁਤ ਸਾਰੇ ਰੂਪ ਮੇਰੇ ਚੇਤਿਆਂ ਵਿਚ ਸੱਜਰੇ ਜਾਪਦੇ ਨੇ ਜਿਨ੍ਹਾਂ ਵਿਚੋਂ ਉਸ ਦੀ ਅੜਬਾਈ, ਹਿੰਮਤ ਅਤੇ ਜ਼ਿੰਦਗੀ ਨੂੰ ਸਮੁੱਚੇ ਰੰਗ ਵਿਚ ਮਾਣਨ ਦਾ ਰੂਪ ਝਾਕਦਾ ਏ। ਬਿਆਸ ਦਰਿਆ 'ਤੇ ਵੱਸੇ ਸਾਡੇ ਪਿੰਡ ਦਾ ਜ਼ਿਆਦਾ ਰਕਬਾ ਮੰਡ ਦਾ ਹੁੰਦਾ ਸੀ ਜਿਸ ਵਿਚ ਜੰਗਲੀ ਜਾਨਵਰਾਂ ਦਾ ਸ਼ਿਕਾਰ ਕਰਨਾ, ਮੰਡ ਵਿਚ ਭੱਠੀ ਲਾ ਕੇ ਦੇਸੀ ਸ਼ਰਾਬ ਕੱਢਣੀ (ਉਸ ਸਮੇਂ ਨਿਜੀ ਵਰਤੋਂ ਲਈ ਦੇਸੀ ਸ਼ਰਾਬ ਕੱਢਣ ਦਾ ਰਿਵਾਜ ਆਮ ਸੀ) ਅਤੇ ਫਿਰ ਪਹਿਲੇ ਤੋੜ ਦੀ ਸ਼ਰਾਬ ਪੀ ਕੇ ਲਲਕਾਰੇ ਮਾਰਨਾ, ਲੜਨਾ-ਝਗੜਨਾ ਅਤੇ ਬੇਸੁੱਧ ਹੋ ਕੇ ਸ਼ਾਮ ਨੂੰ ਘਰ ਆਉਣਾ ਆਦਿ ਆਮ ਵਰਤਾਰਾ ਹੁੰਦਾ ਸੀ। ਮੰਡ ਵਿਚ ਭੀਲੋਵਾਲ, ਭਲੋਜਲਾ ਆਦਿ ਮਾਝੇ ਦੇ ਪਿੰਡਾਂ ਦੇ ਲੋਕ ਆਮ ਹੀ ਸ਼ਰਾਬ ਕੱਢਿਆ ਕਰਦੇ ਸਨ ਅਤੇ ਕਾਹ-ਕਾਨੇ ਵੱਢਣ ਲਈ ਹਰਜਾਨਾ ਉਗਰਾਹੁੰਦੇ ਹੁੰਦੇ ਸਨ। 'ਕੇਰਾਂ ਅਸੀਂ ਕਾਹ ਦਾ ਗੱਡਾ ਲੱਦ ਕੇ ਆ ਰਹੇ ਸਾਂ ਤਾਂ ਉਹ ਗੱਡੇ ਅੱਗੇ ਹੋ ਕੇ ਪੈਸੇ ਮੰਗਣ ਲੱਗ ਪਏ। ਮੇਰਾ ਬਾਪ ਗੰਡਾਸੀ ਲੈ ਕੇ ਉਨ੍ਹਾਂ ਨੂੰ ਪੈ ਨਿਕਲਿਆ ਕਿ ਤੁਸੀਂ ਕੌਣ ਹੁੰਦੇ ਹੋ ਸਾਡੇ ਮੰਡ ਵਿਚੋਂ ਸਾਥੋਂ ਹੀ ਹਰਜਾਨਾ ਲੈਣ ਵਾਲੇ। ਮੈਂ ਤਾਂ ਲੜਾਈ ਤੋਂ ਡਰਦਾ ਸਾਂ, ਪਰ ਬਾਪ ਅਜਿਹੇ ਮਾਹੌਲ ਵਿਚ ਜੰਮਿਆ ਪਲਿਆ ਸੀ ਜਿਥੇ ਗਾਲ-ਮੰਦਾ ਕਰਨਾ, ਲੜਾਈ-ਝਗੜਾ, ਸੱਟ-ਫੇਟ ਅਤੇ ਸੁਲਾਹ-ਸਫਾਈ ਜੀਵਨ ਦਾ ਆਮ ਵਰਤਾਰਾ ਸੀ।

ਅਜਿਹੀ ਹੀ ਇਕ ਹੋਰ ਘਟਨਾ ਮੇਰੀਆਂ ਯਾਦਾਂ ਵਿਚ ਘਰ ਕਰੀ ਬੈਠੀ ਏ। 70ਵਿਆਂ ਵਿਚ ਕੁਝ ਵੱਡੇ ਜ਼ਿਮੀਦਾਰ ਟਰੈਕਟਰ ਨਾਲ ਕਣਕ ਕੁਤਰਨ ਵਾਲੀ ਮਸ਼ੀਨ ਲੈ ਕੇ ਹਰ ਕਿਸਾਨ ਦੇ ਖਲਵਾੜੇ ਵਿਚ ਜਾ ਕੇ ਕਣਕ ਕੁਤਰਦੇ ਹੁੰਦੇ ਸਨ ਜਿਥੇ ਸਾਰੇ ਖੇਤਾਂ ਦੀਆਂ ਕਣਕ ਦੀਆਂ ਭਰੀਆਂ ਇਕੱਠੀਆਂ ਕਰ ਲਈਆਂ ਜਾਂਦੀਆਂ ਸਨ। 'ਕੇਰਾਂ ਭਾਨ ਸਿੰਘ ਵਲੈਤੀਆ ਟਰੈਕਟਰ ਨਾਲ ਕਣਕ ਕੁਤਰ ਰਿਹਾ ਸੀ ਤਾਂ ਕੁਝ ਕਣਕ ਸਿੱਲੀ ਹੋਣ ਕਾਰਨ ਟਰੈਕਟਰ ਦਾ ਜ਼ਿਆਦਾ ਜ਼ੋਰ ਲੱਗ ਰਿਹਾ ਸੀ। ਭਾਨ ਸਿੰਘ ਨੇ ਗੁੱਸੇ 'ਚ ਆ ਕੇ ਟਰੈਕਟਰ ਬੰਦ ਕਰ ਦਿਤਾ ਅਤੇ ਮਸ਼ੀਨ ਪੁੱਟ ਕੇ ਤੁਰਨ ਲੱਗਿਆਂ ਕਹਿਣ ਲੱਗਾ, ਕਣਕ ਦੀ ਕੁਤਰਾਈ ਦੀਆਂ ਬੋਰੀਆਂ ਮੈਨੂੰ ਦਿਓ। ਅੱਧ-ਵਿਚਾਲੇ ਕਣਕ ਦੀ ਕੁਤਰਾਈ ਰਹਿ ਜਾਣ ਤੋਂ ਹਰਖਿਆ ਮੇਰਾ ਬਾਪ ਉਸ ਨੂੰ ਪੈ ਨਿਕਲਿਆ- 'ਤੂੰ ਸਾਡੀ ਕਣਕ ਵਿਚੇ ਛੱਡ ਕੇ ਜਾ ਰਿਹਾ ਏਂ। ਅਸੀਂ ਤੈਨੂੰ ਕਣਕ ਦੀ ਕੁਤਰਾਈ ਨਹੀਂ ਦੇਣੀ ਅਤੇ ਨਾ ਹੀ ਕਿਸੇ ਬੋਰੀ ਨੂੰ ਹੱਥ ਲਾਉਣ ਦੇਣਾ ਏ। ਵਗ ਜਾ ਇਥੋਂ।' ਭਾਨ ਸਿੰਘ ਨੇ ਬਥੇਰਾ ਰੋਅਬ ਦਿਖਾਇਆ, ਪਰ ਬਾਪ ਦੀ ਜ਼ਿਦ ਅਤੇ ਗੁੱਸੇ ਸਾਹਵੇਂ ਉਸ ਨੂੰ ਖਾਲੀ ਹੱਥ ਹੀ ਪਰਤਣਾ ਪਿਆ।

ਬਾਪ ਨੂੰ ਆਏ-ਗਏ, ਮੰਗ 'ਤੇ ਜਾਣ ਜਾਂ ਤਿੱਥ-ਤਿਓਹਾਰ 'ਤੇ ਸ਼ਰਾਬ ਪੀਣ ਦਾ ਸ਼ੌਕ ਸੀ। ਅਜਿਹੇ ਮੌਕਿਆਂ 'ਤੇ ਉਹ ਜ਼ਿਆਦਾ ਸ਼ਰਾਬ ਪੀ ਕੇ ਕੋਈ ਨਾ ਕੋਈ ਬਿਖੇੜਾ ਜ਼ਰੂਰ ਖੜ੍ਹਾ ਕਰ ਲੈਂਦਾ, ਪਰ 1973-74 ਵਿਚ ਪਤਾ ਨਹੀਂ ਉਸ ਦੇ ਮਨ ਵਿਚ ਕੇਹੀ ਤਬਦੀਲੀ ਆਈ ਕਿ ਉਹ ਸ਼ਰਾਬ ਪੀਣੀ ਅਤੇ ਮਾਸ ਖਾਣਾ ਬਿਲਕੁਲ ਹੀ ਛੱਡ ਗਿਆ। ਮਨ ਦੀ ਕਰੜਾਈ ਦੇਖੋ ਕਿ ਉਸ ਨੇ ਹੁਣ ਤੱਕ ਸ਼ਰਾਬ ਜਾਂ ਮੀਟ ਨੂੰ ਹੱਥ ਨਹੀਂ ਲਾਇਆ। ਇਹ ਮਨ ਦੀ ਕਰੜਾਈ ਅਤੇ ਸਿਰੜ ਦੀ ਪਕਿਆਈ ਹੀ ਹੈ ਜਦ ਕਿ ਅਸੀਂ ਤਾਂ ਮਨ ਦੀ ਚੰਚਲਤਾ ਸਾਹਵੇਂ, ਸਹੁੰਆਂ ਜਾਂ ਵਾਅਦੇ ਤੋੜਨ ਲੱਗਿਆਂ ਬਹਾਨੇ ਘੜਦੇ ਰਹਿੰਦੇ ਹਾਂ। ਅਜਿਹੇ ਪ੍ਰਣ ਕਿਸੇ ਗੁਰੂ, ਪੀਰ ਜਾਂ ਬਾਬੇ ਦੇ ਕਹਿਣ 'ਤੇ ਨਹੀਂ ਸੀ ਕੀਤਾ ਸਗੋਂ ਇਹ ਉਸ ਦਾ ਖੁਦ ਦਾ ਪ੍ਰਣ ਸੀ। ਬਹੁਤ ਦੇਰ ਬਾਅਦ ਭਾਵੇਂ ਉਹ ਛੋਟੇ ਭਰਾ ਦੇ ਪ੍ਰਭਾਵ ਹੇਠ ਰਾਧਾ ਸੁਆਮੀ ਡੇਰੇ ਜਾਣ ਲੱਗ ਪਿਆ ਸੀ।

ਬਾਪ ਦਾ ਸਭ ਤੋਂ ਵੱਡਾ ਸੁਪਨਾ ਆਪਣੇ ਪਰਿਵਾਰ ਨੂੰ ਕਾਮਯਾਬ ਹੋਇਆ ਦੇਖਣਾ ਸੀ। ਅਜੇ ਕੱਲ੍ਹ ਵਾਂਗ ਤਾਂ ਲੱਗਦਾ ਹੈ ਜਦ ਉਸ ਨੇ ਕਿਸੇ ਡੰਗਰ ਦੇ ਸੌਦੇ ਵਿਚੋਂ ਮੈਨੂੰ ਪੁਰਾਣਾ ਸਾਈਕਲ ਲੈ ਦਿਤਾ ਸੀ ਕਿਉਂਕਿ ਮੈਂ ਪਿੰਡ ਤੋਂ 3-4 ਮੀਲ ਦੂਰ ਧਾਲੀਵਾਲ ਵਿਖੇ 9ਵੀਂ ਵਿਚ ਪੜ੍ਹਨ ਜਾਣਾ ਸੀ। ਉਸ ਨੂੰ ਫਿਕਰ ਸੀ ਕਿ ਬੱਚੇ ਨੂੰ ਆਉਣ ਜਾਣ ਵਿਚ ਸੌਖ ਰਹੇ। ਪੜ੍ਹਾਈ ਪ੍ਰਤੀ ਮੇਰੇ ਬਾਪ ਦਾ ਦ੍ਰਿਸ਼ਟੀਕੋਣ ਮੇਰੇ ਤਾਏ ਨਾਲੋਂ ਵੱਖਰਾ ਸੀ। ਮੇਰਾ ਹਾਣੀ ਤਾਏ ਦਾ ਮੁੰਡਾ ਨੌਵੀਂ ਵਿਚੋਂ ਫੇਲ੍ਹ ਹੋ ਗਿਆ ਤਾਂ ਤਾਏ ਨੇ ਉਸ ਨੂੰ ਪੜ੍ਹਨੋਂ ਹਟਾ ਕੇ ਵਾਹੀ ਕਰਨ ਲਾ ਲਿਆ। ਜਦ ਮੈਨੂੰ ਗਿਆਰਵੀਂ ਵਿਚੋਂ ਫੇਲ੍ਹ ਹੋਣ ਦਾ ਪਤਾ ਲੱਗਾ ਤਾਂ ਮੈਂ ਜੂਨ ਮਹੀਨੇ ਬਾਪ ਨਾਲ ਗੱਡੇ 'ਤੇ ਰੂੜੀ ਪਵਾ ਰਿਹਾ ਸਾਂ। ਪੁੱਤ ਦੀ ਨਾਕਾਮਯਾਬੀ ਤੋਂ ਨਿਰਾਸ਼ ਬਾਪ ਨੇ ਆਪਣੀ ਅੱਖ ਵਿਚ ਆਏ ਹੰਝੂ ਲੁਕੋ ਕੇ ਕਿਹਾ- 'ਤੂੰ ਕਿਹੜਾ ਬੁੱਢਾ ਹੋ ਗਿਆ ਏਂ। ਇਸ ਵਾਰ ਵੱਧ ਮਿਹਨਤ ਕਰੀਂ। ਪੜ੍ਹਾਈ ਜਾਰੀ ਰੱਖਣੀ ਹੈ'। ਇਹ ਬਾਪ ਦੀ ਹੱਲਾਸ਼ੇਰੀ ਹੀ ਸੀ ਕਿ ਮੈਂ ਬੀ.ਐਸਸੀ. ਅਤੇ ਐਮ.ਐਸਸੀ. ਸਕਾਲਰਸ਼ਿਪ ਲੈ ਕੇ ਪਾਸ ਕੀਤੀਆਂ। ਪੀਐਚ.ਡੀ. ਸਮੇਂ ਜਦ ਮੈਨੂੰ ਐਗਜ਼ਾਮੀਨਰ ਨੇ ਪੁੱਛਿਆ- 'ਤੂੰ ਸਰਕਾਰੀ ਕਾਲਜ ਵਿਚ ਪ੍ਰੋਫੈਸਰ ਏਂ, ਤੈਨੂੰ ਕੀ ਲੋੜ ਸੀ ਪੀਐਚ.ਡੀ. ਕਰਨ ਦੀ? ਇਸ ਦਾ ਮਾਇਕ ਲਾਭ ਤਾਂ ਹੋਣਾ ਨਹੀਂ। ਤੂੰ ਪੰਜ ਸਾਲ ਇਸ 'ਤੇ ਗਵਾ ਦਿਤੇ। ਟਿਊਸ਼ਨ ਕਰ ਕੇ ਬਹੁਤ ਪੈਸੇ ਕਮਾ ਸਕਦਾ ਸੀ'; ਤਾਂ ਮੇਰਾ ਨਿਮਰਤਾ ਸਹਿਤ ਜਵਾਬ ਸੀ- 'ਮੇਰੀ ਪੀਐਚ.ਡੀ. ਬਾਪ ਦੀ ਅੱਖ ਵਿਚ ਤਰਦੇ ਉਸ ਹੰਝੂ ਨੂੰ ਅਕੀਦਤ ਏ ਜਿਹੜਾ ਅੱਜ ਵੀ ਮੈਨੂੰ ਪ੍ਰਤੱਖ ਨਜ਼ਰ ਆਉਂਦਾ ਏ ਜਦ ਮੈਂ ਗਿਆਰਵੀਂ ਵਿਚੋਂ ਫੇਲ੍ਹ ਹੋ ਗਿਆ ਸਾਂ। ਉਸ ਸਮੇਂ ਮੈਂ ਬਾਪ ਦੀ ਅੱਖ ਵਿਚ ਜੰਮ ਗਏ ਹੰਝੂ ਦਾ ਮੁੱਲ ਮੋੜਨ ਦਾ ਅਹਿਦ ਕੀਤਾ ਸੀ। ਇਸ ਡਿਗਰੀ ਲਈ ਮਿਹਨਤ ਅਤੇ ਸਮਾਂ, ਉਸ ਅਹਿਦ ਸਾਹਵੇਂ ਤਾਂ ਤੁੱਛ ਹੈ'।

ਬਾਪ ਦੀ ਇਮਾਨਦਾਰੀ, ਆਪਣੇ ਆਪ ਵਿਚ ਮਿਸਾਲ ਏ ਅਤੇ ਉਸ ਦਾ ਧਰਮ, ਦਿਆਨਤਦਾਰੀ ਨਾਲ ਪ੍ਰਨਾਇਆ ਹੋਇਆ ਏ। 'ਕੇਰਾਂ ਮੇਰੇ ਸਹੁਰਾ ਸਾਹਿਬ ਹੈਡਮਾਸਟਰ ਗੁਰਚਰਨ ਸਿੰਘ ਮਾਨ ਪਿੰਡ ਆਏ ਹੋਏ ਸਨ। ਉਨ੍ਹਾਂ ਨੇ ਮੇਰੇ ਬਾਪ ਨੂੰ ਕਿਹਾ- "ਤੁਹਾਡੇ ਪਿੰਡ ਦੇ ਕੋਲ ਸਤਿਸੰਗ ਹੋ ਰਿਹਾ ਏ। ਤੁਸੀਂ ਵੀ ਜਾ ਰਹੇ ਹੋ?" ਜਵਾਬ ਸੀ- "ਕਿਸੇ ਦੇ ਚੋਰੀ ਪੱਠੇ ਨਾ ਵੱਢੋ। ਇਹ ਹੀ ਸਭ ਤੋਂ ਵੱਡਾ ਸਤਿਸੰਗ ਹੈ।" ਕਿੰਨਾ ਵੱਡਾ ਸੱਚ! ਕਿਰਸਾਨੀ ਨਾਲ ਜੁੜੀ ਸੱਚਾਈ ਰਾਹੀਂ ਜੀਵਨ-ਜਾਚ ਨੂੰ ਰੂਹ ਵਿਚ ਉਤਾਰਨ ਦਾ ਆਹਲਾ ਤਰੀਕਾ। ਅਜਿਹੀ ਦਾਰਸ਼ਨਿਕਤਾ ਵੱਡੇ ਵਿਦਵਾਨਾਂ ਦੇ ਊਣੇ ਗਿਆਨ ਦੇ ਮੇਚ ਕਿੰਜ ਆਵੇਗੀ?

ਆਪਣੇ ਬੱਚਿਆਂ ਨੂੰ ਉਡਾਰੂ ਬਣਾ, ਉਨ੍ਹਾਂ ਦੇ ਸੁਪਨਿਆਂ ਦੀ ਪ੍ਰਾਪਤੀ ਲਈ ਭਰਪੂਰ ਯੋਗਦਾਨ ਪਾਉਣ ਵਾਲਾ ਬਾਪ ਸਦਾ ਰੱਬ ਦਾ ਸ਼ੁਕਰਗੁਜ਼ਾਰ ਰਹਿੰਦਾ ਹੈ ਭਾਵੇਂ ਹੁਣ ਉਹ ਕਦੇ ਕਦੇ ਜੀਵਨ ਸਾਥਣ ਦੇ ਵਿਛੋੜੇ ਕਾਰਨ ਅੰਦਰੋਂ ਧੁੱਖਣ ਵੀ ਲੱਗ ਪੈਂਦਾ ਏ।

ਮੇਰੇ ਹਰਫਾਂ ਵਿਚ ਬਾਪ ਦਾ ਬਿੰਬ ਅਤੇ ਉਸ ਦੀ ਅਸੀਸ, ਮੈਨੂੰ ਸਵੈ ਨਾਲ ਜੋੜਦੀ, ਅੰਤਰ-ਸੰਵਾਦ ਦੇ ਰਾਹ ਤੋਰਦੀ ਏ ਜਿਸ ਵਿਚੋਂ ਖੁਦ ਦੀ ਪਛਾਣ ਕਰਨ ਵਿਚ ਮਦਦ ਮਿਲਦੀ ਏ। ਇਹ ਖੁਦ ਤੋਂ ਖੁਦ ਤੀਕ ਦਾ ਸਫਰ ਹੀ ਹੈ ਜਿਹੜਾ ਮੇਰਾ ਨਸੀਬ ਬਣ ਕੇ, ਹਰਫਾਂ ਦੀ ਇਬਾਰਤ ਰਾਹੀਂ ਤਹਿਰੀਕ ਦੇ ਵਰਕਿਆਂ 'ਤੇ ਫੈਲ ਜਾਂਦਾ ਏ ਅਤੇ ਮੈਂ ਇਸ ਹਰਫ-ਅਮਾਨਤ ਨੂੰ ਆਪਣੇ ਪਾਠਕਾਂ ਦੇ ਰੂ-ਬ-ਰੂ ਕਰ ਕੇ ਸੁਰਖਰੂ ਹੋ ਜਾਂਦਾ ਹਾਂ। ਕੁਝ ਕਵਿਤਾਵਾਂ ਵਿਚ ਮੇਰਾ ਬਾਪ, ਮੇਰੇ ਸੰਗ ਤੁਰਦਾ,

*(ਅਗਲੇ ਸਫੇ 'ਤੇ ਜਾਰੀ)*

***ਬਾਪ ਸਭ ਤੋਂ ਵੱਡੀ ਦਾਤ। ਅਮੁਲ ਖਜ਼ਾਨਾ। ਸੁਪਨਿਆਂ ਦਾ ਸੁੱਚਾ ਨਾਮਕਰਣ। ਜੜ੍ਹਾਂ ਦੀ ਧਰਾਤਲ। ਵਿਰਾਸਤ ਦਾ ਮਾਣਮੱਤਾ ਹਰਫ। ਪ੍ਰਾਪਤੀਆਂ ਦਾ ਆਧਾਰ। ਚੇਤਿਆਂ 'ਚ ਵੱਸੇ ਪਿੰਡ ਦੇ ਨਕਸ਼ ਅਤੇ ਖੇਤਾਂ 'ਚ ਉਭਰਦਾ ਕ੍ਰਿਸ਼ਮਈ ਸਰੂਪ। ਪਰ ਪਰਦੇਸਾਂ ਵਿਚ ਵੱਸਦੇ ਪੁੱਤਰ ਕਿੰਨੇ ਨਿਕਰਮੇ ਹੋ ਗਏ ਨੇ। ਜ਼ਿਆਦਾਤਰ ਪੁੱਤ ਤਾਂ ਬਾਪ ਦੀਆਂ ਅੰਤਮ ਰਸਮਾਂ ਵਿਚ ਸ਼ਰੀਕ ਹੋਣ ਤੋਂ ਵੀ ਵਾਂਝੇ ਰਹਿ ਜਾਂਦੇ ਨੇ। ਉਹ ਸਿਰਫ ਪਿੰਡ ਜਾਂਦੇ ਨੇ ਬਾਪ ਦੇ ਸਿਵੇ ਦੀ ਉਡ ਰਹੀ ਰਾਖ ਨੂੰ ਫਰੋਲਣ ਜਾਂ ਫਿਰ ਸਿਵੇ ਦੇ ਖੁੰਜੇ 'ਚ ਨਿਪੱਤਰੇ ਬਿਰਖ ਦੇ ਗੱਲ ਲੱਗ, ਰੁੱਦਨ ਸੁਣਾਉਣ ਅਤੇ ਬਾਪ ਦੀਆਂ ਯਾਦਾਂ ਦੀ ਧੂਣੀ ਮਘਾਉਣ।***

ਕਲਮ ਦੇ ਸੁੱਚੇ ਹਰਫ ਬਣਦਾ ਏ ਜੋ ਮੇਰੀ ਰੂਹ ਦੇ ਸਭ ਤੋਂ ਨੇੜੇ ਨੇ। ਇਨ੍ਹਾਂ ਕਵਿਤਾਵਾਂ ਵਿਚ ਮੈਂ ਬਾਪ ਦੇ ਕਈ ਰੰਗਾਂ ਨੂੰ ਸਮਾਜਿਕ ਦਰਪਣ ਵਿਚੋਂ ਦੇਖਿਆ ਅਤੇ ਅਜੋਕੇ ਸਮਾਜ ਦੇ ਬਹੁ-ਪਰਤੀ ਰੂਪਾਂ ਨੂੰ ਚਿਤਰਿਆ ਏ।

ਹਰਫਾਂ ਦੀ ਚਰਨ-ਬੰਦਨਾ 'ਚ ਬਾਪ ਨੂੰ ਪਰਿਭਾਸ਼ਤ ਕਰਦਿਆਂ, ਕਾਵਿਕਤਾ ਆਪ ਮੁਹਾਰੇ ਵਹਿ ਤੁਰੀ:

ਬਾਪ
ਸਿਰਫ ਦੋ ਅੱਖਰਾਂ ਦਾ ਜੋੜ ਨਹੀਂ
ਇਸ ਵਿਚ ਸਮਾਏ ਹੋਏ ਨੇ
ਅਸੀਮ ਅਰਥ, ਸੰਵੇਦਨਾਵਾਂ ਤੇ ਸੁਪਨੇ।
ਬਾਪ
ਤੁਹਾਡੀ ਉਂਗਲ ਹੀ ਨਹੀਂ ਫੜਦਾ
ਤੁਹਾਡੇ ਕਦਮਾਂ ਦੇ ਨਾਵੇਂ ਮੰਜ਼ਲਾਂ ਦੀ ਪੈੜ
ਤੇ ਮੱਥੇ ਵਿਚ ਦਿਸਹੱਦਿਆਂ ਦਾ
ਸਿਰਨਾਵਾਂ ਧਰਦਾ ਏ।
ਬਾਪ
ਕੰਨਹੇੜੀ 'ਤੇ ਬਿਠਾ ਕੇ
ਮੇਲਾ ਹੀ ਨਹੀਂ ਦਿਖਾਉਂਦਾ
ਤੁਹਾਡੇ ਅਵਚੇਤਨ ਵਿਚ
ਦੁਨੀਆਂ ਦੇ ਰੰਗ ਤਮਾਸ਼ੇ
ਅਤੇ ਜ਼ਿੰਦਗੀ ਦੇ ਵਿਭਿੰਨ
ਰੂਪਾਂ ਦੀ ਤਸ਼ਬੀਹ ਵੀ ਖੁਣ ਦਿੰਦਾ ਏ।
ਬਾਪ
ਜਦ ਹੱਲ ਵਾਹੁਣਾ ਸਿਖਾਉਂਦਿਆਂ
ਨਿੱਕੇ ਹੱਥਾਂ ਵਿਚ ਪਰਾਣੀ
ਅਤੇ ਪੁਚਕਾਰ ਪਕੜਾਉਂਦਾ ਏ
ਤਾਂ ਸਮਤੋਲ ਤੋਰ ਅਤੇ ਆਤਮਿਕ ਡਰ ਨੂੰ
ਤੁਹਾਡੇ ਜ਼ਿਹਨ 'ਚ
ਸਦੀਵੀ ਉਤਾਰ ਦਿੰਦਾ ਏ।
ਬਾਪ
ਜਦ ਨੰਗੇ ਪੈਰਾਂ ਦੇ ਸਫਰ ਨੂੰ
ਤੁਹਾਡੇ ਲਈ ਫਲ੍ਹੇ ਦੀ
ਪਰਿਕਰਮਾ ਬਣਾਉਂਦਾ ਏ।
ਤਾਂ ਕੋਮਲ ਸੋਚ 'ਚ
ਮੁਸ਼ੱਕਤ ਦੀ ਵਗਦੀ ਪੱਛੋਂ
ਸੁਨਹਿਰੀ ਦਾਣਿਆਂ ਦਾ
ਬੋਹਲ ਬਣਾਉਂਦੀ ਏ।
ਬਾਪ
ਦੇ ਚੋਂਦੇ ਮੁੜ੍ਹਕੇ ਦੇ ਨਾਵੇਂ
ਜਦ ਜੁਆਕ ਕੱਚੀ ਲੱਸੀ ਦਾ
ਜੱਗ ਕਰਦਾ ਏ।
ਤਾਂ ਬੱਚੇ ਦੇ ਮਸਤਕ 'ਚ
ਮੁੜ੍ਹਕੇ ਚੋਂ ਮੋਤੀਆਂ ਦੀ
ਫਸਲ ਉਗਾਉਣ ਦੀ ਜਾਚ ਜਨਮਦੀ ਏ।
ਬਾਪ
ਜਦ ਧੁੱਪ 'ਚ ਨੰਗੇ ਪੈਰੀਂ ਤੁਰੇ ਜਾਂਦੇ
ਬੱਚੂ 'ਤੇ ਪਰਨੇ ਦੀ ਛਾਂ ਕਰਦਾ ਏ
ਤਾਂ ਸਫਾਫ ਮਨ 'ਚ ਛਾਂਵਾਂ ਵੰਡਣ ਦੀ
ਬਿਰਤੀ ਉਗਮਦੀ ਏ।
ਬਾਪ
ਜਦ ਕਿਸੇ ਦੇ ਖੇਤੋਂ ਪੱਠੇ
ਨਾ ਵੱਢਣ ਦੀ ਨਸੀਹਤ ਕਰਦਾ ਏ।
ਤਾਂ ਇਹ ਕਰਮ-ਯੋਗਤਾ ਦਾ
ਪਹਿਲਾ ਪਾਠ ਬਣ ਜਾਂਦਾ ਏ।
ਤੇ
ਬਾਪ ਦੇ ਸੁਪਨਿਆਂ ਨੂੰ ਸੂਹੇ ਫੁੱਲ
ਬਾਪ ਦੀ ਅਕੀਦਤ ਦਾ ਹਾਸਲ ਹੁੰਦੇ ਨੇ।
ਬਾਪ
ਦੋ ਹਰਫਾਂ ਦਾ ਜੋੜ ਨਹੀਂ।

---

ਜਦ ਮੇਰਾ ਬਾਪ ਮੈਨੂੰ ਮਿਲਣ ਕਪੂਰਥਲਾ ਆਉਂਦਾ ਤਾਂ ਪੀੜ੍ਹੀਆਂ ਦੇ ਫਰਕ ਵਿਚ ਉਲਝਿਆ ਸਮਾਜਿਕ ਵਰਤਾਰਾ ਮੈਨੂੰ ਬਹੁਤ ਪੀੜਤ ਕਰਦਾ। ਅਜਿਹੇ ਵਰਤਾਰੇ ਦੇ ਨਾਮ ਇਕ ਕਵਿਤਾ ਮੈਂ ਬਾਪ ਨੂੰ ਅਰਪਿਤ ਕੀਤੀ ਸੀ ਜੋ ਮੇਰੀ ਸੰਵੇਦਨਾ ਨੂੰ ਹੁਣ ਵੀ ਝੰਜੋੜ ਜਾਂਦੀ ਏ:

**ਬਾਪ ਆਪਣੇ ਦੋ ਪੁੱਤਰਾਂ ਅਤੇ ਉਨ੍ਹਾਂ ਦੇ ਪਰਿਵਾਰ ਨਾਲ ਪਿੰਡ ਵਿਚ ਰੰਗੀਂ ਵੱਸਦਾ ਏ। ਪਰ ਮੈਂ ਕਈ ਵਾਰ ਆਪਣੇ ਆਪ 'ਚ ਗੁਨਾਹਗਾਰ ਬਣ ਬਹਿੰਦਾ ਹਾਂ ਕਿ ਢਲਦੀ ਸ਼ਾਮ ਵੇਲੇ ਬਾਪ ਦੀ ਸੰਗਤ ਅਤੇ ਉਨ੍ਹਾਂ ਦੀ ਸੇਵਾ ਤੋਂ ਵਿਰਵਾ ਹਾਂ। ਅਸੀਂ ਪਰਿਵਾਰਕ ਖਲਜਗਣ ਵਿਚ ਹੀ ਅਜਿਹੇ ਉਲਝੇ ਹਾਂ ਕਿ ਇਸ ਕੁਤਾਹੀ ਤੋਂ ਬਚਣ ਲਈ ਅਕਸਰ ਬਹਾਨੇ ਘੜਦੇ ਰਹਿੰਦੇ ਹਾਂ। ਅਜਿਹਾ ਅਕਸਰ ਮੇਰੇ ਨਾਲ ਵੀ ਵਾਪਰਦਾ ਏ। ਇਉਂ ਲੱਗਦਾ ਹੈ ਕਿ ਅਜਿਹਾ ਪਰਦੇਸ ਵਿਚ ਰਹਿੰਦੇ ਹਰ ਸ਼ਖਸ ਨਾਲ ਹੁੰਦਾ ਹੋਵੇਗਾ ਜਿਸ ਦੀ ਚੇਤਨਾ ਅਜੇ ਤੱਕ ਮਰੀ ਨਹੀਂ, ਜਿਸ ਨੂੰ ਹੁਣ ਵੀ ਆਪਣੇ ਪਿੰਡ, ਘਰ, ਬਾਪ ਜਾਂ ਬਚਪਨੀ ਸੁਪਨੇ ਆਉਂਦੇ ਨੇ ਜਿਨ੍ਹਾਂ ਨਾਲ ਅਸੀਂ ਅਚੇਤ ਰੂਪ ਵਿਚ ਬਹੁਤ ਡੂੰਘੀ ਤਰ੍ਹਾਂ ਜੁੜੇ ਹੋਏ ਹਾਂ।**

ਮੇਰਾ ਬਾਪ
ਬਹੁਤ ਘੱਟ
ਮੈਨੂੰ ਮਿਲਣ ਸ਼ਹਿਰ ਆਉਂਦਾ ਹੈ।

ਕਦੇ ਕਦੇ ਆਉਣ ਵਾਲਾ ਮੇਰਾ ਬਾਪ
ਬੂਹਾ ਖੋਲ੍ਹਣ ਤੋਂ ਡਰਦਾ
ਬੈੱਲ ਮਾਰ ਕੇ ਉਡੀਕ ਕਰਦਾ ਹੈ
ਕਿ ਹਾਊਸ ਨੰਬਰ ਬਣੇ
ਘਰ ਦਾ ਗੇਟ ਕਦੋਂ ਖੁੱਲ੍ਹੇਗਾ
ਤੇ ਗੇਟ ਖੁੱਲ੍ਹਣ 'ਤੇ ਵੀ
ਅੰਦਰ ਲੰਘਣ ਤੋਂ ਝਿਜਕਦਾ ਹੈ
ਘਰ 'ਚ ਰੱਖੇ ਜਰਮਨ ਸ਼ੈਫਰਡ ਤੋਂ।

ਅੰਦਰ ਲੰਘ ਕੇ
ਮੰਜੇ 'ਤੇ ਅਲਸਾਉਣ ਵਾਲਾ ਮੇਰਾ ਬਾਪ
ਸੋਫੇ ਵਿਚ ਸੁੰਗੜ ਜਾਂਦਾ ਹੈ
ਅਤੇ ਗੜਵੀ ਚਾਹ ਦੀ ਪੀਣ ਵਾਲੇ ਬਾਪ ਨੂੰ
ਚਾਹ ਦਾ ਕੱਪ ਤੇ ਦੋ ਕੁ ਬਿਸਕੁਟ
ਨਿਰਾ ਮਖੌਲ ਜਾਪਦੇ ਨੇ।

ਮੇਰੇ ਬੱਚਿਆਂ ਨੂੰ ਅੱਖਰਦਾ ਹੈ
ਬਾਪ ਦਾ ਖੁਰਦਰੇ ਹੱਥਾਂ ਨਾਲ ਪਲੋਸਣਾ
ਉਹ ਦਾਦੇ ਦੀਆਂ ਗੱਲਾਂ ਦਾ
ਹੁੰਗਾਰਾ ਭਰਨ ਦੀ ਬਜਾਏ
ਟੀ.ਵੀ. ਤੇ ਕੰਪਿਊਟਰ ਵਿਚ ਖੁੱਭ ਜਾਂਦੇ ਨੇ
ਤੇ ਬਾਪ ਦੀਆਂ ਬਾਤਾਂ
ਮਸੋਸ ਕੇ ਰਹਿ ਜਾਂਦੀਆਂ ਨੇ।

ਮੇਰੇ ਰੁਝੇਵਿਆਂ ਨੇ ਖਾ ਲਿਆ ਹੈ
ਬਾਪ ਦੀਆਂ ਨਸੀਹਤਾਂ ਦਾ ਹੁੰਗਾਰਾ।

ਮੱਕੀ ਦੀ ਰੋਟੀ ਤੇ
ਸਾਗ ਖਾਣ ਵਾਲੇ ਬਾਪ ਨੂੰ
ਜਦ ਖਾਣ ਲਈ ਪੀਜ਼ਾ ਦੇਈਏ
ਤਾਂ ਉਸ ਦੀ ਭੁੱਖ ਮਰ ਜਾਂਦੀ ਹੈ।

ਦਲਾਨ ਵਿਚ
ਸਾਰੇ ਪਰਿਵਾਰ ਦੇ ਮੰਜੇ ਡਾਹ ਕੇ
ਸੌਣ ਵਾਲੇ ਬਾਪ ਨੂੰ
ਬੈੱਡਰੂਮ ਵਿਚ ਨੀਂਦ ਨਹੀਂ ਆਉਂਦੀ।

ਸੂਰਜ ਡੁੱਬਣ ਸਾਰ ਸੌਣ ਵਾਲੇ ਬਾਪ ਦੀ
ਕੱਚੀ ਨੀਂਦ ਉਖੜ ਜਾਂਦੀ ਹੈ
ਜਦ ਅਸੀਂ ਅੱਧੀ ਰਾਤ ਨੂੰ
ਪਾਰਟੀ ਤੋਂ ਬਾਅਦ ਘਰ ਪਰਤਦੇ ਹਾਂ।

ਉਹ ਸੁੱਤ-ਉਨੀਂਦਰਾ
ਅੰਮ੍ਰਿਤ ਵੇਲੇ ਉਠ
ਨੌਕਰ ਹੱਥੋਂ ਚਾਹ ਦਾ ਕੱਪ ਪੀ
ਸਾਡੇ ਜਾਗਣ ਤੋਂ ਪਹਿਲਾਂ ਪਹਿਲਾਂ
ਪਿੰਡ ਨੂੰ ਵਾਪਸ ਪਰਤ ਜਾਂਦਾ ਹੈ।

ਅਕਸਰ ਹੀ, ਮੇਰਾ ਬਾਪ, ਬਹੁਤ ਘੱਟ
ਮੈਨੂੰ ਮਿਲਣ ਸ਼ਹਿਰ ਆਉਂਦਾ ਹੈ।

ਜਦ ਜੀਵਨ ਦੀ ਢਲਦੀ ਸ਼ਾਮ 'ਚ ਮੇਰੀ ਮਾਤਾ ਸਦੀਵੀ ਵਿਛੋੜਾ ਦੇ ਗਈ ਤਾਂ ਬਾਪ ਅੰਦਰੋਂ ਟੁੱਟ ਕੇ ਵੀ ਬਾਹਰੋਂ ਸਬੂਤਾ ਹੋਣ ਦਾ ਧਰਮ ਪਾਲਦਾ ਰਿਹਾ। ਇਸ ਧਰਮ ਨੇ ਉਸ ਨੂੰ ਮਾਨਸਿਕ ਤੌਰ 'ਤੇ ਬਹੁਤ ਕਮਜ਼ੋਰ ਕਰ ਦਿਤਾ ਏ। ਹੁਣ ਅਕਸਰ ਹੀ ਉਸ ਦੀਆਂ ਅੱਖਾਂ ਨਮ ਹੋ ਜਾਂਦੀਆਂ ਨੇ ਜਦ ਅਸੀਂ ਪਰਦੇਸੋਂ ਫੋਨ ਕਰਦੇ ਹਾਂ ਜਾਂ ਵਤਨ ਜਾ ਕੇ ਵਾਪਸ ਪਰਦੇਸ ਨੂੰ ਤੁਰਨ ਲੱਗਦੇ ਹਾਂ। ਮਾਂ ਦੀ ਮੌਤ ਤੋਂ ਬਾਅਦ ਜਦ ਪਹਿਲੀ ਵਾਰ ਪਿੰਡ ਗਿਆ ਤਾਂ ਨਿੱਕੀ ਜਿਹੀ ਘਟਨਾ ਵੱਡੇ ਅਰਥਾਂ ਦਾ ਸੁਨੇਹਾ, ਮੇਰੀ ਤਲੀ 'ਤੇ ਧਰ, ਭਾਵੁਕ ਕਵਿਤਾ ਦੀ ਧਰਾਤਲ ਬਣ ਗਈ। ਇਸ ਕਵਿਤਾ ਨੂੰ ਸੁਣ ਕੇ ਨਿਊ ਯਾਰਕ ਵਿਚ ਰਹਿੰਦੇ ਮੁਸਲਮਾਨ ਪੰਜਾਬੀ ਸ਼ਾਇਰ ਭਰਾ ਸੁੰਨ ਹੀ ਹੋ ਗਏ ਸਨ, ਕੀ ਇੰਜ ਵੀ ਅਹਿਸਾਸਾਂ ਨੂੰ ਸਿਰਜਿਆ ਜਾ ਸਕਦਾ ਏ:

ਮਾਂ ਦੀ ਮੌਤ ਤੋਂ ਬਾਅਦ
ਪਹਿਲੀ ਵਾਰ ਪਿੰਡ ਆਇਆ ਹਾਂ।

ਘਰ ਦੇ ਸਾਰੇ ਜੀਅ
ਪੀਰ ਦੀ ਦਰਗਾਹ 'ਤੇ ਗਏ ਹੋਏ ਨੇ
ਅਤੇ
ਮੈਂ ਘਰ 'ਚ ਇਕੱਲਾ
ਸਿਮਰਤੀਆਂ 'ਚ ਗਵਾਚ ਜਾਂਦਾ ਹਾਂ।
ਮਾਂ ਦਾ ਉਚੇਚ ਨਾਲ
ਪਿੰਡ ਆਉਣ ਲਈ ਕਹਿਣਾ
ਸਵੇਰ ਤੋਂ ਹੀ ਦਰਾਂ ਦੀ ਬਿੜਕ ਲੈਣਾ
ਅਤੇ ਦੇਰ ਨਾਲ
ਆਉਣ 'ਤੇ ਨਿਹੋਰਾ ਦਿੰਦਿਆਂ
ਕਲਾਵੇ 'ਚ ਲੈ
ਅਸੀਸਾਂ ਦੀ ਝੜੀ ਲਾਉਣ ਦੀਆਂ ਯਾਦਾਂ
ਮੇਰੀ ਉਦਾਸੀ ਨੂੰ ਹੋਰ ਸੰਘਣਾ ਕਰ
ਅੱਖਾਂ ਨਮ ਕਰ ਜਾਂਦੀਆਂ ਹਨ।

ਪੈਰਾਂ ਦੀ ਬਿੜਕ
ਮੇਰੀ ਨਮ-ਚੁੱਪ ਨੂੰ ਤੋੜਦੀ ਹੈ
ਨੰਗੇ ਪੈਰੀਂ ਘਰ ਵੜਦਾ ਬਾਪ,
ਬੋਝੇ 'ਚੋਂ ਅੰਬ ਕੱਢ
ਮੈਨੂੰ ਦਿੰਦਿਆਂ ਕਹਿੰਦਾ ਹੈ-
ਮੈਨੂੰ ਪਤਾ ਸੀ
ਤੂੰ ਆਇਆ ਹੋਵੇਂਗਾ
ਤੈਨੂੰ ਖੂਹ ਵਾਲੇ ਬੂਟੇ ਦੇ
ਅੰਬ ਬਹੁਤ ਪਸੰਦ ਹਨ।
ਅੱਜ ਇਕ ਪੱਕਾ ਅੰਬ ਲੱਭਾ ਸੀ
ਲੈ ਫੜ, ਚੂਪ ਲੈ।

ਅਤੇ ਮੈਂ ਬਾਪ ਦੇ ਝੁਰੜੀਆਂ ਭਰੇ
ਕੰਬਦੇ ਹੱਥ 'ਚੋਂ ਅੰਬ ਲੈਂਦਿਆਂ
ਸੋਚਦਾ ਹਾਂ...
ਮਾਂ ਦੀ ਮੌਤ ਤੋਂ ਬਾਅਦ
ਬਾਪ, ਮਾਂ ਵੀ ਬਣ ਗਿਆ ਹੈ!

ਅੱਜ ਕੱਲ ਪਰਦੇਸ ਰਹਿੰਦਾ ਹਾਂ। ਸਾਲ ਦੋ ਸਾਲ ਬਾਅਦ ਪਿੰਡ ਗੇੜਾ ਲੱਗਦਾ ਏ। ਬਾਪ ਨੂੰ ਅਕਸਰ ਉਡੀਕ ਰਹਿੰਦੀ ਏ। ਆਪਣੀਆਂ ਪੋਤਰੀਆਂ ਨੂੰ ਮਿਲਣ ਜਾਂ ਪਰਿਵਾਰ ਦੀ ਸੁੱਖ ਸਾਂਦ ਦੀ ਤਾਂਘ ਹੁੰਦੀ ਏ। 'ਕੇਰਾਂ ਪੰਜਾਬ ਜਾਣ ਦਾ ਪ੍ਰੋਗਰਾਮ ਬਣਿਆ, ਪਰ ਕਿਸੇ ਮਜਬੂਰੀਵਸ ਆਖਰੀ ਪਲ ਟਾਲਣਾ ਪਿਆ। ਉਸ ਮਾਨਸਿਕ ਟੁੱਟ-ਭੱਜ ਵਿਚ ਮੇਰੇ ਹਰਫ, ਮੇਰੀ ਸੰਵੇਦਨਾ ਅਤੇ ਅੰਤਰ-ਪੀੜ ਨੂੰ ਆਪਣੇ ਵਿਚ ਜੀਰਨ ਦਾ ਹੀਆ ਨਾ ਕਰ ਸਕੇ ਜਿਨ੍ਹਾਂ ਦੇ ਹਵਾਲੇ ਆਪਣੀ ਵੇਦਨਾ ਪ੍ਰਗਟ ਕੀਤੀ:

ਭਰਾ ਦਾ ਫੋਨ ਆਇਆ ਏ
ਬਾਪ ਦੀ ਫਿਕਰਮੰਦੀ ਦੱਸਦਿਆਂ
ਪੁੱਛਦਾ ਏ, ਤੂੰ ਕਦ ਆਉਣਾ ਏ?
ਸੋਚਦਾ ਹਾਂ
ਬਾਪ ਨੂੰ ਆਉਣ ਦਾ ਕਾਹਨੂੰ ਦੱਸਣਾ ਸੀ
ਉਸ ਨੇ ਤਾਂ ਉਂਗਲਾਂ 'ਤੇ
ਗਿਣ ਲਏ ਹੋਣਗੇ ਦਿਨ
ਹਰ ਬੀਤਦਾ ਦਿਨ
ਉਸ ਦੀ ਉਡੀਕ ਘਟਾਉਂਦਾ
ਆਸ ਦਾ ਫੁੱਲ ਸੋਚ 'ਚ ਉਗਾਉਂਦਾ ਹੋਵੇਗਾ

ਮੇਰਾ ਰੁਝੇਵਿਆਂ ਕਾਰਨ
ਜਾਣ ਤੋਂ ਟਾਲਾ ਵੱਟਣਾ,
ਜਿਬਾਹ ਕਰਦਾ ਹੋਵੇਗਾ ਬਾਪ ਦੇ ਚਾਅ
ਤੇ ਹੁਣ ਆਖਰ ਨੂੰ
ਬਾਪ ਦੀਆਂ ਤਿਊੜੀਆਂ ਤੋਂ
ਮਾਫੀ ਮੰਗਣ ਲਈ
ਮੈਂ ਪਿੰਡ ਜਾਣ ਦੀ ਕਾਹਲ ਵਿਚ ਹਾਂ।

ਬਾਪ ਸਭ ਤੋਂ ਵੱਡੀ ਦਾਤ। ਅਮੁਲ ਖਜ਼ਾਨਾ। ਸੁਪਨਿਆਂ ਦਾ ਸੁੱਚਾ ਨਾਮਕਰਨ। ਜੜ੍ਹਾਂ ਦੀ ਧਰਾਤਲ। ਵਿਰਾਸਤ ਦਾ ਮਾਣਮੱਤਾ ਹਰਫ। ਪ੍ਰਾਪਤੀਆਂ ਦਾ ਆਧਾਰ। ਚੇਤਿਆਂ 'ਚ ਵੱਸੇ ਪਿੰਡ ਦੇ ਨਕਸ਼ ਅਤੇ ਖੇਤਾਂ 'ਚ ਉਭਰਦਾ ਕ੍ਰਿਸ਼ਮਈ ਸਰੂਪ, ਪਰ ਪਰਦੇਸਾਂ ਵਿਚ ਵੱਸਦੇ ਪੁੱਤਰ ਕਿੰਨੇ ਨਿਕਰਮੇ ਹੋ ਗਏ ਨੇ। ਜ਼ਿਆਦਾਤਰ ਪੁੱਤ ਤਾਂ ਬਾਪ ਦੀਆਂ ਅੰਤਮ ਰਸਮਾਂ ਵਿਚ ਸ਼ਰੀਕ ਹੋਣ ਤੋਂ ਵੀ ਵਾਂਝੇ ਰਹਿ ਜਾਂਦੇ ਨੇ। ਉਹ ਸਿਰਫ ਪਿੰਡ ਜਾਂਦੇ ਨੇ ਬਾਪ ਦੇ ਸਿਵੇ ਦੀ ਉਡ ਰਹੀ ਰਾਖ ਫਰੋਲਣ ਜਾਂ ਫਿਰ ਸਿਵੇ ਦੇ ਖੂੰਜੇ 'ਚ ਨਿਪੱਤਰੇ ਬਿਰਖ ਦੇ ਗੱਲ ਲੱਗ, ਰੁਦਨ ਸੁਣਾਉਣ ਅਤੇ ਬਾਪ ਦੀਆਂ ਯਾਦਾਂ ਦੀ ਧੂਣੀ ਮਘਾਉਣ।

ਬਾਪ ਆਪਣੇ ਦੋ ਪੁੱਤਰਾਂ ਅਤੇ ਉਨ੍ਹਾਂ ਦੇ ਪਰਿਵਾਰ ਨਾਲ ਪਿੰਡ ਵਿਚ ਰੰਗੀਂ ਵੱਸਦਾ ਏ, ਪਰ ਮੈਂ ਕਈ ਵਾਰ ਆਪਣੇ ਆਪ 'ਚ ਗੁਨਾਹਗਾਰ ਬਣ ਬਹਿੰਦਾ ਹਾਂ ਕਿ ਢਲਦੀ ਸ਼ਾਮ ਵੇਲੇ ਬਾਪ ਦੀ ਸੰਗਤ ਅਤੇ ਉਨ੍ਹਾਂ ਦੀ ਸੇਵਾ ਤੋਂ ਵਿਰਵਾ ਹਾਂ। ਅਸੀਂ ਪਰਿਵਾਰਕ ਖਲਜਗਣ ਵਿਚ ਹੀ ਅਜਿਹੇ ਉਲਝੇ ਹਾਂ ਕਿ ਇਸ ਕੁਤਾਹੀ ਤੋਂ ਬਚਣ ਲਈ ਅਕਸਰ ਬਹਾਨੇ ਘੜਦੇ ਰਹਿੰਦੇ ਹਾਂ। ਅਜਿਹਾ ਅਕਸਰ ਮੇਰੇ ਨਾਲ ਵੀ ਵਾਪਰਦਾ ਏ। ਇਉਂ ਲੱਗਦਾ ਹੈ ਕਿ ਅਜਿਹਾ ਪਰਦੇਸ ਵਿਚ ਰਹਿੰਦੇ ਹਰ ਸ਼ਖਸ ਨਾਲ ਹੁੰਦਾ ਹੋਵੇਗਾ ਜਿਸ ਦੀ ਚੇਤਨਾ ਅਜੇ ਤੱਕ ਮਰੀ ਨਹੀਂ, ਜਿਸ ਨੂੰ ਹੁਣ ਵੀ ਆਪਣੇ ਪਿੰਡ, ਘਰ, ਬਾਪ ਜਾਂ ਬਚਪਨੀ ਸੁਪਨੇ ਆਉਂਦੇ ਨੇ ਜਿਨ੍ਹਾਂ ਨਾਲ ਅਸੀਂ ਅਚੇਤ ਰੂਪ ਵਿਚ ਬਹੁਤ ਡੂੰਘੀ ਤਰ੍ਹਾਂ ਜੁੜੇ ਹੋਏ ਹਾਂ।

ਜਿੰਨਾ ਚਿਰ ਬਾਪ ਜਿਉਂਦਾ ਏ, ਪਿੰਡ ਜਾਣਾ ਚੰਗਾ ਲੱਗਦਾ ਏ ਕਿਉਂਕਿ ਸੰਘਣੀ ਛਾਂ ਨੂੰ ਮਿਲਣ ਦਾ ਮਨ ਵਿਚ ਚਾਅ ਹੁੰਦਾ ਏ। ਕੋਈ ਮੋਹ ਭਿੱਜੀ ਆਸ ਨਾਲ ਸਾਨੂੰ ਵੀ ਉਡੀਕ ਰਿਹਾ ਹੁੰਦਾ ਏ ਜਿਸ ਨੂੰ ਮਿਲ ਕੇ ਸੀਨੇ 'ਚ ਠੰਢ ਪੈ ਜਾਂਦੀ ਹੈ। ਰਿਸ਼ਤੇ ਤਾਂ ਮਾਪਿਆਂ ਨਾਲ ਹੀ ਹੁੰਦੇ ਨੇ!

ਖੁਦਾ ਕਰੇ! ਬਾਪ ਰੂਪੀ ਅਸੀਸਾਂ ਦਾ ਦਰਿਆ ਸਦਾ ਵਗਦਾ ਰਹੇ।

# ਮਿੱਠੀਆਂ ਯਾਦਾਂ ਨਾਨਕਿਆਂ ਦੀਆਂ

**ਯਾਦਾਂ ਦੇ ਟਿੱਲੇ**

**ਨਾਨਕੀਂ ਜਾਣ ਦਾ ਚਾਅ ਸਿਰਫ ਉਨ੍ਹਾਂ ਨੂੰ ਪਤਾ ਹੈ ਜਿਨ੍ਹਾਂ ਨੇ ਇਹ ਚਾਅ ਮਾਣਿਆ ਹੈ। ਇਸ ਚਾਅ ਤੋਂ ਪੁਰਾਣੀ ਪੀੜ੍ਹੀ ਚੰਗੀ ਤਰ੍ਹਾਂ ਵਾਕਿਫ ਹੈ, ਸ਼ਾਇਦ ਉਦੋਂ ਟੀ.ਵੀ., ਲੈਪਟਾਪ, ਸੈਲ ਫੋਨ, ਆਈ ਪੈਡ ਨਹੀਂ ਸਨ ਹੁੰਦੇ, ਇਸੇ ਕਰਕੇ ਨਾਨਕੀਂ ਜਾਣਾ ਜਾਂ ਫਿਰ ਭੂਆ ਦੇ ਜਾਣਾ ਹੀ ਸਭ ਤੋਂ ਵੱਡੀ ਆਊਟਿੰਗ ਹੁੰਦੀ ਸੀ। ਇਸ ਚਾਅ ਨੂੰ ਅੰਦਲੀਬ ਕੌਰ ਨੇ ਬਹੁਤ ਵਧੀਆ ਤਰੀਕੇ ਨਾਲ ਚੇਤੇ ਕੀਤਾ ਹੈ। -ਸੰਪਾਦਕ**

**ਅੰਦਲੀਬ ਕੌਰ**
ਫੋਨ: 91-99150-40921

ਗਰਮੀਆਂ ਦੀਆਂ ਛੁੱਟੀਆਂ ਹੋਣ ਸਾਰ ਅਸੀਂ ਪਟਿਆਲੇ ਤੋਂ ਬੱਸ ਉਤੇ ਫਰੀਦਕੋਟ ਆਪਣੇ ਨਾਨਕਿਆਂ ਲਈ ਰਵਾਨਾ ਹੋ ਜਾਂਦੇ। ਸਿਖਰ ਦੁਪਹਿਰੇ ਦੋ ਵਾਰ ਬੱਸਾਂ ਬਦਲ ਕੇ ਟੈਂਪੂ ਉਤੇ ਨਾਨਕੇ ਪਿੰਡ ਅਰਾਈਆਂ ਵਾਲਾ ਕਲਾਂ ਪਹੁੰਚਣਾ। ਭਾਵੇਂ ਚੰਗੀ ਤਰ੍ਹਾਂ ਪਤਾ ਹੁੰਦਾ ਸੀ ਕਿ ਪਿੰਡ, ਬਿਜਲੀ ਬਾਝੋਂ ਬੁਰਾ ਹਾਲ ਹੋਏਗਾ, ਪਰ ਨਾਨਕਿਆਂ ਦਾ ਚਾਅ ਵੱਖਰਾ ਹੀ ਹੁੰਦਾ ਸੀ ਜੋ ਹੋਰ ਸਾਰੀਆਂ ਔਖਿਆਈਆਂ ਭੁਲਾ ਦਿੰਦਾ।

ਮਾਮਾ ਜੀ ਫਰੀਦਕੋਟ ਬਰਜਿੰਦਰਾ ਕਾਲਜ ਤੋਂ ਪ੍ਰਿੰਸੀਪਲ ਰਿਟਾਇਰ ਹੋਏ ਸਨ। ਰਿਟਾਇਰਮੈਂਟ ਤੋਂ ਬਾਅਦ ਉਹ ਅਤੇ ਮਾਮੀ ਜੀ, ਪਿੰਡ ਨਾਨਾ ਜੀ ਕੋਲ ਰਹਿਣ ਚਲੇ ਗਏ ਸਨ।

ਟੈਂਪੂ ਉਤੇ ਜਾਂਦਿਆਂ ਦੋਹੀਂ ਪਾਸੀਂ ਹਰਿਆਲੀ, ਕਦੇ ਨਰਮੇ ਦੇ ਖੇਤ, ਚਰੀ, ਕਮਾਦ, ਪਿੰਡ ਨੇੜੇ ਉਚੇ-ਉਚੇ ਟਿੱਬੇ ਅਤੇ ਕਦੇ ਪਿੱਪਲ ਦੇ ਸੰਘਣੇ ਦਰਖਤ ਨਜ਼ਰ ਆਉਂਦੇ। ਰਾਹ ਵਿਚ ਵਗਦੀ ਗਰਮ ਲੂ ਵੀ ਸਾਨੂੰ ਨਾਨਕਿਆਂ ਦੀਆਂ ਠੰਡੀਆਂ ਹਵਾਵਾਂ ਹੀ ਪ੍ਰਤੀਤ ਹੁੰਦੀ। ਪਿੰਡ ਵੜਦਿਆਂ ਹੀ ਛੋਟੇ-ਛੋਟੇ ਬੱਚੇ 'ਬਾਬੇ ਦੀ ਦੋਹਤੀ ਆ ਗਈ' ਦਾ ਰੌਲਾ ਪਾ ਕੇ ਆਲੇ-ਦੁਆਲੇ ਝੁਰਮਟ ਪਾ ਲੈਂਦੇ। ਮੈਂ ਮੰਮੀ ਤੋਂ ਅੱਗੇ ਦੌੜ ਕੇ ਗੇਟ ਖੜਕਾਉਂਦਿਆਂ ਖੂਬ ਰੌਲਾ ਪਾ ਦਿੰਦੀ। ਆਲੇ-ਦੁਆਲੇ ਦੇ ਸਾਰੇ ਘਰਾਂ ਵਿਚ ਮੇਰੇ ਆਉਣ ਦੀ ਖਬਰ ਫੈਲ ਜਾਂਦੀ। ਇਹ ਪਿੰਡ ਰੇਤਲੇ ਇਲਾਕੇ ਵਿਚ ਹੋਣ ਕਾਰਨ ਦਿਨ ਵੇਲੇ ਰੇਤਲੀ ਮਿੱਟੀ ਉਡਦੀ ਰਹਿੰਦੀ, ਦਿਨ ਵੇਲੇ ਬਹੁਤ ਗਰਮੀ, ਪਰ ਰਾਤਾਂ ਬਹੁਤ ਠੰਢੀਆਂ ਹੁੰਦੀਆਂ। ਸਾਰਿਆਂ ਨੇ ਇਕੱਠੇ ਖੇਤ ਘੁੰਮਣ ਚਲੇ ਜਾਂਦੇ, ਤੇ ਉਥੇ ਟਿਊਬਵੈਲ ਚਲਾ ਕੇ ਸ਼ਰਾਰਤਾਂ ਕਰਦੇ, ਮਜ਼ੇ ਕਰਦੇ। ਮੇਰੇ ਨਾਲ ਸਾਰੇ ਹੀ ਸਭ ਤੋਂ ਵੱਧ ਲਾਡ ਕਰਦੇ, ਮੈਂ ਆਪਣੇ ਨਾਨਕਿਆਂ ਵਿਚ ਸਭ ਤੋਂ ਛੋਟੀ ਜੁ ਸੀ। ਮੇਰੇ ਨਾਨਕੇ ਪਹੁੰਚਣ ਤੋਂ ਇਕ ਦਿਨ ਪਹਿਲਾਂ ਹੀ ਵਿਹੜੇ ਵਿਚ ਦਰਖਤ 'ਤੇ ਪੀਂਘ ਪੈ ਜਾਂਦੀ ਤੇ ਮੇਰੇ ਪਸੰਦ ਦੀ ਮਿਠਾਈ, ਫਲ ਤੇ ਹਰ ਸ਼ੈਅ ਆ ਜਾਂਦੀ।

ਅੱਜ ਵੀ ਯਾਦ ਕਰਨ 'ਤੇ ਉਹੀ ਸੁਆਦ ਮਹਿਸੂਸ ਹੁੰਦਾ ਹੈ ਜੋ ਉਸ ਵੇਲੇ ਆਲੂ ਵਾਲੇ ਤੰਦੂਰੀ ਪਰੌਂਠੇ ਉਪਰ ਮੱਖਣ ਪਾ ਕੇ ਖਾਈਦਾ ਸੀ ਤੇ ਨਾਲ ਹੁੰਦੀ ਸੀ ਕਰਾਰੀ ਚਿੱਬੜਾਂ ਦੀ ਚਟਣੀ। ਨਾਨਾ ਜੀ ਦੀ ਬਰਸੀ 'ਤੇ ਸਾਰੇ ਰਿਸ਼ਤੇਦਾਰ ਮਾਮਾ ਜੀ ਕੋਲ ਇਕੱਠੇ ਹੁੰਦੇ। ਸਾਰੇ ਪਿੰਡ ਉਸ ਦਿਨ ਲੱਡੂ ਵੰਡੇ ਜਾਂਦੇ। ਪਿੰਡ ਦੀ ਭੀੜ ਨੂੰ ਕੰਟਰੋਲ ਕਰਨ ਦੀ ਡਿਊਟੀ ਬੱਚਿਆਂ ਦੀ ਲਾਈ ਜਾਂਦੀ। ਸਾਰੇ ਮਿਲ ਕੇ ਲੱਡੂ ਵੰਡਦੇ। ਦੁਪਹਿਰ ਵੇਲੇ ਸਭ ਦਾ ਮਨਪਸੰਦ ਖਾਣਾ ਬਣਦਾ। ਹੱਸਦੇ-ਖੇਡਦਿਆਂ, ਸ਼ਰਾਰਤਾਂ ਕਰਦਿਆਂ ਕਦੋਂ ਸ਼ਾਮ ਹੋ ਜਾਂਦੀ, ਪਤਾ ਹੀ ਨਾ ਲਗਦਾ।

ਸ਼ਾਮ ਵੇਲੇ ਵਿਹੜਾ ਠੰਢਾ ਕਰਨ ਲਈ ਖੂਬ ਨਲਕਾ ਗੇੜਦੇ ਤੇ ਪਾਣੀ ਦੀਆਂ ਬਾਲਟੀਆਂ ਭਰ-ਭਰ ਵਿਹੜੇ ਵਿਚ ਤਰੌਂਕਦੇ। ਪਾਣੀ ਨਾਲ ਪੂਰੀ ਤਰ੍ਹਾਂ ਗਿੱਲੇ ਹੋ ਜਾਂਦੇ ਤੇ ਦੂਜਿਆਂ ਨੂੰ ਵੀ ਪਾਣੀ ਨਾਲ ਭਿਉਂ ਦਿੰਦੇ। ਸ਼ਰਾਰਤਾਂ ਕਰਦੇ। ਝਿੜਕਾਂ ਵੀ ਬਥੇਰੀਆਂ ਪੈਂਦੀਆਂ, ਪਰ ਹਟਦੇ ਫਿਰ ਵੀ ਨਾ। ਉਸ ਤੋਂ ਬਾਅਦ ਦੂਰ ਤੱਕ ਮੰਜਿਆਂ ਦੀਆਂ ਲਾਈਨਾਂ ਲੱਗ ਜਾਣੀਆਂ ਤੇ ਇਕ ਤੋਂ ਦੂਜੀ ਮੰਜੀ ਤੋਂ ਟਪੂਸੀਆਂ ਮਾਰਨੀਆਂ ਸ਼ੁਰੂ ਕਰ ਦੇਣੀਆਂ। ਰਾਤ ਨੂੰ ਸੌਣ ਵੇਲੇ ਸਾਰੇ ਬੱਚੇ ਮਾਮਾ ਜੀ ਦੇ ਦੁਆਲੇ ਹੋਏ ਹੁੰਦੇ। ਉਹ ਸਾਨੂੰ ਸਾਖੀਆਂ ਤੇ ਕਹਾਣੀਆਂ ਸੁਣਾਉਂਦੇ। ਸੌਣ ਵੇਲੇ ਹਵਾ ਨਾ ਚੱਲਦੀ ਹੋਣੀ ਤਾਂ ਅਸੀਂ ਸਾਰੇ ਰਲ ਕੇ 'ਇਕੀ ਪੁਰ' (ਜੈਪੁਰ, ਕਾਨਪੁਰ ਆਦਿ) ਗਿਣਨ ਲੱਗ ਜਾਂਦੇ ਤਾਂ ਕਿ ਹਵਾ ਚੱਲ ਪਏ ਤੇ ਹੌਲੀ-ਹੌਲੀ ਇਸ ਤਰ੍ਹਾਂ ਸਾਰਿਆਂ ਨੂੰ ਨੀਂਦ ਆ ਜਾਣੀ।

ਇਨ੍ਹਾਂ ਗੱਲਾਂ-ਬਾਤਾਂ ਨੂੰ ਕਈ ਦਹਾਕੇ ਬੀਤ ਗਏ ਹਨ, ਪਰ ਉਹ ਮਿੱਠੀਆਂ ਨਿੱਘੀਆਂ ਯਾਦਾਂ ਅਜੇ ਵੀ ਦਿਲ ਵਿਚ ਤਾਜ਼ਾ ਨੇ। ਮਾਮਾ ਤੇ ਮਾਮੀ ਜੀ ਹੁਣ ਨਹੀਂ ਰਹੇ; ਸੋ, ਸਾਡਾ ਤਾਂ ਹੁਣ ਨਾਨਕਾ ਹੀ ਖਤਮ ਹੋ ਗਿਆ!

ਹੁਣ ਮੇਰੇ ਬੱਚੇ ਆਪਣੇ ਨਾਨਕੇ ਜਾਂਦੇ ਹਨ। ਘਰ ਤੋਂ ਕਾਰ ਵਿਚ ਬੈਠੇ ਤੇ ਨਾਨਕਿਆਂ ਦੇ ਵਿਹੜੇ ਪਹੁੰਚ ਗਏ। ਅੱਗੇ ਨਾਨਾ ਜੀ ਉਡੀਕ ਵਿਚ ਬਾਹਰ ਵਿਹੜੇ ਕੁਰਸੀ ਡਾਹ ਕੇ ਬੈਠੇ ਹੁੰਦੇ ਤੇ ਸਾਨੂੰ ਵੇਖਦਿਆਂ ਹੀ ਚਾਅ ਚੜ੍ਹ ਜਾਂਦਾ ਉਨ੍ਹਾਂ ਨੂੰ। ਘਰ ਵੜਦਿਆਂ ਹੀ ਏ.ਸੀ. ਚਲਾਉਣ ਦਾ ਹੁਕਮ ਕਰ ਦਿੰਦੇ। 'ਕੋਕ' ਦੀ ਬੋਤਲ ਹੱਥ ਵਿਚ ਫੜੀਂ ਅਤੇ ਟੀ.ਵੀ. 'ਤੇ ਕਾਰਟੂਨ ਚੈਨਲ ਸ਼ੁਰੂ। ਹੁਣ ਨਾਨਾ ਜੀ ਦੀ ਥਾਂ ਨਾਨੂ-ਨਾਨੂ ਹੁੰਦੀ ਹੈ। ਮੈਕਡੋਨਲਡ, ਪੀਜ਼ਾ ਹੱਟ, ਡੌਮੀਨੋਜ਼ ਤੇ ਸ਼ਾਮ ਨੂੰ ਸ਼ਾਪਿੰਗ ਮਾਲ ਜਾਣ ਦੀ ਫਰਮਾਇਸ਼ ਸ਼ੁਰੂ ਹੋ ਜਾਂਦੀ ਹੈ। ਨਾਨਾ ਜੀ, ਨਾਨੀ ਜੀ ਸਾਰੀਆਂ ਫਰਮਾਇਸ਼ਾਂ ਪੂਰੀਆਂ ਕਰਨ ਵਿਚ ਲੱਗੇ ਰਹਿੰਦੇ ਹਨ। ਇੰਜ ਪ੍ਰਤੀਤ ਹੁੰਦਾ ਹੈ ਕਿ ਨਾਨਕੇ ਨਾ ਹੋ ਗਏ, ਏ.ਟੀ.ਐਮ. ਮਸ਼ੀਨ ਹੋ ਗਈ! ਜਿੰਨਾ ਚਾਹੋ, ਜਦੋਂ ਚਾਹੋ ਲੈ ਲਵੋ!

ਸਾਡੇ ਵੇਲੇ ਭਾਵੇਂ ਇਹੋ ਜਿਹੀਆਂ ਥਾਂਵਾਂ ਘੁੰਮਣ ਲਈ ਨਹੀਂ ਸੀ, ਖਾਣ ਪੀਣ ਵੀ ਸਾਦਾ ਸੀ, ਪਰ ਰਿਸ਼ਤਿਆਂ ਦਾ ਨਿੱਘ ਅੱਜ ਕੱਲ੍ਹ ਨਾਲੋਂ ਕਿਤੇ ਵੱਧ ਸੀ। ਸ਼ਾਇਦ ਇਸੇ ਕਾਰਨ ਸਾਡੇ ਦਿਲਾਂ ਅੰਦਰ ਅੱਜ ਵੀ ਉਹ ਦਿਨ ਅਮਿੱਟ ਛਾਪ ਵਾਂਗ ਮੌਜੂਦ ਹਨ। ਹੁਣ ਵੀ ਜੇ ਕਿਤੇ ਫਰੀਦਕੋਟ ਦੀ ਬੱਸ ਦਿਖ ਜਾਵੇ, ਬੱਸ ਦਿਲ ਕਰਦਾ ਹੈ, ਹੁਣੇ ਚੜ੍ਹ ਕੇ ਨਾਨਕੇ ਹੋ ਆਵਾਂ, ਪਰ ਅਗਲੇ ਹੀ ਪਲ ਅਹਿਸਾਸ ਹੁੰਦਾ ਹੈ, ਉਥੇ ਤਾਂ ਹੁਣ ਕੋਈ ਆਪਣਾ ਹੈ ਹੀ ਨਹੀਂ! ਫਿਰ ਮਾਯੂਸ ਹੋ ਜਾਂਦੀ ਹਾਂ। ਕਾਸ਼! ਨਾਨਕੇ ਸਦਾ ਵਸਦੇ ਰਹਿੰਦੇ!

ਕਹਾਣੀ

# ਅੰਦਰ ਬਾਹਰ ਵਿਛਿਆ ਸੱਥਰ

***ਕਥਾਕਾਰ ਨੂਰ ਸੰਤੋਖਪੁਰੀ ਨੇ 'ਅੰਦਰ ਬਾਹਰ ਵਿਛਿਆ ਸੱਥਰ' ਨਾਂ ਦੀ ਇਸ ਕਹਾਣੀ ਵਿਚ ਔਰਤ ਮਨ ਦੀ ਪਰਿਕਰਮਾ ਕੀਤੀ ਹੈ। ਇਹ ਪਰਿਕਰਮਾ ਕਰਦਿਆਂ ਉਸ ਨੇ ਔਰਤ ਦੀ ਬੇਵਸੀ ਅਤੇ ਬਗਾਵਤ ਦੀ ਗੱਲ ਬੜੇ ਸਹਿਜ ਰੂਪ ਵਿਚ ਕੀਤੀ ਹੀ ਹੈ, ਨਾਲ ਦੀ ਨਾਲ ਔਰਤ ਦਾ ਇਕ ਹੋਰ ਰੂਪ ਵੀ ਉਜਾਗਰ ਕੀਤਾ ਹੈ। ਲੇਖਕ ਨੇ ਵਿਸ਼ੇਸ਼ ਕਬੀਲੇ ਨਾਲ ਸਬੰਧਤ ਭਾਈਚਾਰੇ ਦੀ ਇਹ ਕਥਾ ਕਰਦਿਆਂ ਸਮੁੱਚੇ ਸਮਾਜਿਕ ਸ਼ੋਸ਼ਣ ਦੀ ਸੋਹਣੀ ਬਾਤ ਪਾਈ ਹੈ। -ਸੰਪਾਦਕ***

ਨੇਸ਼ੇ ਹੁਣਾਂ ਦੇ ਤੰਗ ਵਿਹੜੇ ਵਿਚ ਵੀ ਸੱਥਰ ਵਿਛਿਆ ਹੋਇਆ ਸੀ ਅਤੇ ਬਾਹਰ ਤੰਗ ਜਿਹੀ ਗ਼ਲੀ ਵਿਚ ਵੀ। ਵਿਹੜੇ ਵਾਲੇ ਸੱਥਰ 'ਤੇ ਕੁਝ ਜ਼ਨਾਨੀਆਂ ਬੈਠੀਆਂ ਹੋਈਆਂ ਸਨ। ਉਹ ਕਦੇ ਆਪਸ ਵਿਚ ਗੱਲਾਂ ਕਰਨ ਲੱਗ ਪੈਂਦੀਆਂ ਤੇ ਕਦੇ ਹਾਸਾ ਠੱਠਾ। ਉਨ੍ਹਾਂ ਕੋਲ਼ ਉਨ੍ਹਾਂ ਦੇ ਨਿੱਕੇ-ਨਿੱਕੇ ਨਿਆਣੇ ਸੱਥਰ 'ਤੇ ਹੀ ਸੁੱਤੇ ਪਏ ਸਨ। ਉਮਰ ਦੇ ਕੁਝ ਵੱਡੇ ਨਿਆਣੇ ਅੰਦਰ-ਬਾਹਰ ਘੁੰਮ-ਫਿਰ ਰਹੇ ਸਨ। ਸ਼ਾਇਦ ਉਨ੍ਹਾਂ ਨੂੰ ਨੀਂਦ ਨਹੀਂ ਆ ਰਹੀ ਸੀ। ਬੈਠੀਆਂ ਜ਼ਨਾਨੀਆਂ ਦੇ ਨੇੜੇ-ਤੇੜੇ ਕੁਝ ਹੋਰ ਜ਼ਨਾਨੀਆਂ ਲੰਮੀਆਂ ਪਈਆਂ ਅੱਧਸੁੱਤੀਆਂ ਜਿਹੀਆਂ ਕਦੇ-ਕਦੇ ਕੋਈ ਮੱਠਾ ਜਿਹਾ ਹੁੰਗਾਰਾ ਭਰ ਦਿੰਦੀਆਂ ਸਨ ਜਾਂ ਹਾਸੇ-ਠੱਠੇ ਵਿਚ ਥੋੜ੍ਹਾ-ਬਹੁਤ ਸ਼ਾਮਲ ਹੋ ਜਾਂਦੀਆਂ।

ਵਿਹੜੇ ਦੀ ਇਕ ਨੁੱਕਰ ਵਿਚ ਭੁੰਜੇ ਚਿੱਟੀ ਚਾਦਰ 'ਚ ਲਪੇਟੀ ਹੋਈ ਨੇਸ਼ੇ ਦੀ ਲਾਸ਼ ਪਈ ਸੀ। ਲਾਸ਼ ਦੇ ਆਸ-ਪਾਸ ਬਰਫ ਦੇ ਟੋਟੇ ਰੱਖੇ ਹੋਏ ਸਨ। ਬਰਫ ਪਿਘਲ-ਪਿਘਲ ਕੇ ਵਿਹੜਾ ਗਿੱਲਾ ਕਰੀ ਜਾ ਰਹੀ ਸੀ ਤੇ ਪਾਣੀ ਨਾਲ ਸੱਥਰ ਦੇ ਤੱਪੜਾਂ ਦਾ ਕੁਝ ਹਿੱਸਾ ਵੀ ਗਿੱਲਾ ਹੋ ਗਿਆ ਸੀ।

**ਨੂਰ ਸੰਤੋਖਪੁਰੀ**
**ਫੋਨ: +91-98722-54990**

ਉਸ ਹਿੱਸੇ 'ਤੇ ਨਾ ਕੋਈ ਜ਼ਨਾਨੀ ਬੈਠੀ ਸੀ ਤੇ ਨਾ ਹੀ ਕੋਈ ਨਿਆਣਾ ਸੁਆਇਆ ਹੋਇਆ ਸੀ।

ਅੱਧਢੱਠੇ ਜਿਹੇ ਧੁਆਂਖੇ ਵਰਾਂਡੇ ਦੇ ਕੌਲ਼ੇ ਦੇ ਸਿਰੇ 'ਤੇ ਚੋਰੀ ਕੀਤੀ ਜਾ ਰਹੀ ਬਿਜਲੀ ਨਾਲ ਸੌ ਵਾਟ ਦਾ ਬਲਬ ਜਗ ਰਿਹਾ ਸੀ। ਉਸ ਬਿਜਲੀ ਨਾਲ ਹੀ ਕੁਝ ਫਰਾਟਾ ਪੱਖੇ ਵਿਹੜੇ ਵਿਚ ਵੀ ਤੇ ਬਾਹਰ ਗ਼ਲੀ ਵਿਚ ਵੀ ਪੂਰੀ ਰਫਤਾਰ ਨਾਲ ਚੱਲ ਰਹੇ ਸਨ। ਕੁੰਡੀ ਆਸਰੇ ਹੀ ਇਕ ਬਲਬ ਗ਼ਲੀ ਵਿਚ ਜਗ ਰਿਹਾ ਸੀ। ਬਾਹਰਲਾ ਭੀੜਾ ਜਿਹਾ ਦਰਵਾਜ਼ਾ ਖੁੱਲ੍ਹਾ ਪਿਆ ਸੀ ਤੇ ਬੇਚੈਨ ਵਕਤ ਜਿਵੇਂ ਘਰ ਦੇ ਅੰਦਰ-ਬਾਹਰ ਘੁੰਮ-ਫਿਰ ਰਿਹਾ ਹੋਵੇ। ਰਾਤ ਜਿਵੇਂ ਵਿਹੜੇ ਦੀਆਂ ਕੰਧਾਂ ਟੱਪ ਕੇ ਤੁਰ ਜਾਣਾ ਚਾਹੁੰਦੀ ਹੋਵੇ। ਗੁਜ਼ਰ ਜਾਣਾ ਚਾਹੁੰਦੀ ਹੋਵੇ। ਨੇਸ਼ੇ ਦੀ ਪਤਨੀ ਰਾਗੋ ਦੀ ਉਡੀਕ ਕੀਤੀ ਜਾ ਰਹੀ ਸੀ ਜੋ ਇਕ ਰਾਤ ਵਿਹੜੇ ਦੀ ਗ਼ਲੀ ਵੱਲ ਦੀ ਕੰਧ ਟੱਪ ਕੇ ਘਰੋਂ ਚਲੀ ਗਈ ਸੀ।

ਨੇਸ਼ਾ ਤਾਂ ਕੱਲ੍ਹ ਰਾਤ ਦਾ ਹੀ ਪਿਛਲੇ ਕਮਰੇ 'ਚ ਪਿਆ-ਪਿਆ ਪ੍ਰਾਣ ਤਿਆਗ ਗਿਆ ਸੀ। ਅੱਜ ਦਿਨ ਵੇਲ਼ੇ ਦਸ ਕੁ ਵਜੇ ਭੋਲੂ ਤੋਂ ਛੋਟੇ ਮੁੰਡੇ ਲੱਜੂ ਨੇ ਸਭ ਤੋਂ ਪਹਿਲਾਂ ਵੇਖਿਆ ਕਿ ਉਨ੍ਹਾਂ ਦਾ ਭਾਪਾ ਮਰ ਚੁੱਕਾ ਹੈ। ਉਹਨੇ ਸਾਰਿਆਂ ਨੂੰ ਦੱਸ ਦਿੱਤਾ। ਆਂਢੀ-ਗੁਆਂਢੀ ਇਕੱਠੇ ਹੋ ਗਏ। ਮਰੇ ਪਏ ਨੇਸ਼ੇ ਦੀਆਂ ਆਕੜ ਚੁੱਕੀਆਂ ਲੱਤਾਂ-ਬਾਹਾਂ ਮਸਾਂ ਹੀ ਸਿੱਧੀਆਂ ਕੀਤੀਆਂ ਗਈਆਂ। ਅੱਖਾਂ ਦੀਆਂ ਖੁੱਲ੍ਹੀਆਂ ਪਲਕਾਂ ਬੰਦ ਕੀਤੀਆਂ ਗਈਆਂ। ਫਿਰ ਉਹਦੀ ਲਾਸ਼ ਚਿੱਟੀ ਚਾਦਰ 'ਚ ਲਪੇਟ ਕੇ ਵਿਹੜੇ ਦੀ ਇਕ ਨੁੱਕਰ 'ਚ ਭੁੰਜੇ ਰੱਖ ਦਿੱਤੀ ਗਈ।

ਉਮੀਦ ਤਾਂ ਇਹ ਸੀ ਕਿ ਰਾਗੋ ਸ਼ਾਇਦ ਦੁਪਹਿਰ ਤੋਂ ਬਾਅਦ ਸੂਰਜ ਡੁੱਬਣ ਤੋਂ ਪਹਿਲਾਂ-ਪਹਿਲਾਂ ਪਹੁੰਚ ਜਾਵੇਗੀ ਤੇ ਨੇਸ਼ੇ ਦਾ ਅੱਜ ਹੀ ਦਾਹ-ਸੰਸਕਾਰ ਕਰ ਦਿੱਤਾ ਜਾਵੇਗਾ, ਪਰ ਹੁਣ ਤਾਂ ਅੱਧੀ ਰਾਤ ਦੇ ਕਰੀਬ ਤਕ ਵਕਤ ਅੰਦਰ-ਬਾਹਰ ਘੁੰਮ-ਫਿਰ ਕੇ ਥੱਕ ਚੁੱਕਾ ਸੀ ਤੇ ਰਾਗੋ ਨਹੀਂ ਆਈ ਸੀ। ਹੁਣ ਇਹ ਆਸ ਸੀ ਕਿ ਉਹ ਸੁਬਹ ਸਵੇਰੇ ਪਹੁੰਚ ਜਾਵੇਗੀ। ਉਹਦਾ ਮੋਬਾਈਲ ਫੋਨ ਹੁਣ ਬੰਦ ਹੋ ਚੁੱਕਾ ਸੀ। ਇਸ ਕਾਰਨ ਉਸ ਨਾਲ ਰਾਬਤਾ ਵੀ ਕਾਇਮ ਨਹੀਂ ਸੀ ਹੋ ਰਿਹਾ। ਅੰਦਰ-ਬਾਹਰ ਵਿਛੇ ਸੱਥਰ 'ਤੇ ਬੈਠੇ ਰਿਸ਼ਤੇਦਾਰ ਤੇ ਆਂਢ-ਗੁਆਂਢ ਦੇ ਲੋਕ ਸੋਚ ਰਹੇ ਸਨ ਕਿ ਰਾਗੋ ਨੂੰ ਨੇਸ਼ੇ ਦੀ ਮੌਤ ਦੀ ਖਬਰ ਤਾਂ ਦੁਪਹਿਰ ਤੋਂ ਪਹਿਲਾਂ ਪੌਣੇ ਗਿਆਰਾਂ ਵਜੇ ਹੀ ਦੇ ਦਿੱਤੀ ਗਈ ਸੀ। ਉਦੋਂ ਉਹਦਾ ਮੋਬਾਈਲ ਫੋਨ ਚਾਲੂ ਸੀ। ਉਹਦੀ ਸਭ ਤੋਂ ਛੋਟੀ ਧੀ ਨੀਨਾ ਨੇ ਖੁਦ ਉਹਦੇ ਨਾਲ ਗੱਲ ਕੀਤੀ ਸੀ। ਲੋਕਾਂ ਦੀ ਘੁਸਰ-ਮੁਸਰ ਸ਼ੱਕ ਪ੍ਰਗਟ ਕਰ ਰਹੀ ਸੀ ਕਿ ਕੀ ਪਤਾ ਰਾਗੋ ਆਵੇ ਜਾਂ ਨਾ ਆਵੇ। ਬਾਹਰ ਗ਼ਲੀ ਵਿਚ ਸੱਥਰ 'ਤੇ ਆਦਮੀਆਂ ਦਰਮਿਆਨ ਨੇਸ਼ੇ ਦਾ ਵਿਆਹਿਆ ਸਭ ਤੋਂ ਵੱਡਾ ਮੁੰਡਾ ਭੋਲੂ ਬੈਠਾ ਸੋਚ ਰਿਹਾ ਸੀ ਕਿ ਜੇ ਮੇਰੀ ਮਾਂ ਸੁਬਹ ਸਮੇਂ ਸਿਰ ਪਹੁੰਚ ਗਈ ਤਾਂ ਠੀਕ ਏ; ਨਹੀਂ ਤਾਂ ਅਸੀਂ ਆਪਣੇ ਭਾਪੇ ਦਾ ਸਸਕਾਰ ਦੁਪਹਿਰ ਤੋਂ ਪਹਿਲਾਂ-ਪਹਿਲਾਂ ਕਰ ਦੇਣਾ ਏ।

ਭੋਲੂ ਦੀਆਂ ਸਭ ਵਿਆਹੀਆਂ ਭੈਣਾਂ, ਜੀਜੇ ਤੇ ਉਹਦੇ ਆਪਣੇ ਸਾ਼ਲੇ-ਸਾ਼ਲੀਆਂ, ਸਾਂਢੂ ਵਗ਼ੈਰਾ ਪਹੁੰਚ ਹੀ ਚੁੱਕੇ ਸਨ। ਬੱਸ, ਉਡੀਕ ਕੀਤੀ ਜਾ ਰਹੀ ਸੀ ਤਾਂ ਰਾਗੋ ਦੀ। ਵਿਹੜੇ ਦੀਆਂ ਕੰਧਾਂ ਟੱਪ-ਟੱਪ ਕੇ ਜਿਵੇਂ ਰਾਤ ਵੀ ਥੱਕ ਗਈ ਹੋਵੇ। ਹੰਭ ਕੇ ਹਾਰ ਗਈ ਹੋਵੇ। ਰਾਗੋ ਦਾ ਤਾਂ ਕਿਤੇ ਪਰਛਾਵਾਂ ਵੀ ਨਜ਼ਰ ਨਹੀਂ ਆ ਰਿਹਾ ਸੀ। ਉਹਦੇ ਕਦਮਾਂ ਦੀ ਆਹਟ ਸੁਣਨ ਵਾਸਤੇ ਜਿਵੇਂ ਗ਼ਲੀ ਦੀਆਂ ਇੱਟਾਂ ਬੇਚੈਨ ਹੋ ਰਹੀਆਂ ਸਨ। ਉਹਦੀ ਆਵਾਜ਼ ਸੁਣਨ ਵਾਸਤੇ ਜਿਵੇਂ ਘਰ ਦੀਆਂ ਕੰਧਾਂ ਉਤਾਵਲੀਆਂ ਹੋ ਰਹੀਆਂ ਸਨ। ਤੱਤੜੀ ਰਾਗੋ ਨੇ ਜਿਸ ਨੂੰ ਨੇਸ਼ਾ ਜਿਉਂਦੇ-ਜੀਅ, ਸਗੋਂ ਜੀਵਨ ਦੇ ਆਖਰੀ ਮੋੜ ਤਕ ਨਿਰਮੋਹੀ ਤੇ ਬੇਦਰਦ ਆਖਦਾ ਰਿਹਾ ਸੀ, ਉਸ ਰਾਗੋ ਨੇ ਇਕ ਵਾਰ ਘਰ ਤੋਂ ਜਾਣ ਬਾਅਦ ਮੁੜ ਕਦੇ ਇਸ ਮੁਹੱਲੇ, ਇਲਾਕੇ ਤੇ ਸ਼ਹਿਰ ਵਿਚ ਆਪਣੇ ਕਦਮ ਨਹੀਂ ਰੱਖੇ। ਜ਼ਿੰਦਗੀ ਕਦਮ-ਦਰ-ਕਦਮ ਤੁਰਦੀ ਰਹੀ। ਗੁਜ਼ਰਦੀ ਰਹੀ।

ਜਿਗਰ ਅਤੇ ਗੁਰਦਿਆਂ ਦੀ ਬਿਮਾਰੀ ਕਾਰਨ ਬੇਹੱਦ ਕਮਜ਼ੋਰ ਹੋ ਚੁੱਕਾ ਨੇਸ਼ਾ ਕਈ ਦਿਨਾਂ ਤੋਂ ਪਿਛਲੇ ਕਮਰੇ ਅੰਦਰ ਲੰਮਾ ਪਿਆ ਇਕ ਤਰਫ ਮੌਤ ਨੂੰ ਉਡੀਕ ਰਿਹਾ ਸੀ, ਤੇ ਦੂਸਰੀ ਤਰਫ ਆਪਣੀ ਘਰਵਾਲੀ ਰਾਗੋ ਨੂੰ। ਉਸ ਨੂੰ ਪਤਾ ਲੱਗ ਗਿਆ ਸੀ ਕਿ ਹੁਣ ਉਸ ਨੇ ਜਿਉਂਦੇ ਨਹੀਂ ਰਹਿਣਾ ਤੇ ਮਰਨ ਤੋਂ ਪਹਿਲਾਂ ਉਹ ਰਾਗੋ ਨਾਲ ਕੁਝ ਗੱਲਾਂ ਕਰਨੀਆਂ ਚਾਹੁੰਦਾ ਸੀ। ਆਪਣੀਆਂ ਭੁੱਲਾਂ, ਵਧੀਕੀਆਂ ਦੀ ਉਸ ਕੋ਼ਲੋਂ ਮੁਆਫੀ ਮੰਗਣੀ ਚਾਹੁੰਦਾ ਸੀ। ਹੁਣ ਰੋਟੀ ਉਸ ਕੋ਼ਲੋਂ ਖਾ ਨਹੀਂ ਹੁੰਦੀ ਸੀ। ਜੇ ਕੁਝ ਬੁਰਕੀਆਂ ਖਾ ਵੀ ਲੈਂਦਾ, ਤਾਂ ਪਚਦੀਆਂ ਨਾ। ਉਲਟੀ ਹੋ ਜਾਂਦੀ ਜਾਂ ਢਿੱਡ 'ਚ ਤਿੱਖੀ ਪੀੜ ਹੋਣ ਲੱਗ ਪੈਂਦੀ। ਪਾਣੀ ਦੇ ਕੁਝ ਘੁੱਟ ਵੀ ਮੁਸ਼ਕਿਲ ਨਾਲ ਸੰਘੋਂ ਹੇਠਾਂ ਲੰਘਦੇ। ਫ਼ਲਾਂ ਦਾ ਥੋੜ੍ਹਾ ਜਿਹਾ ਰਸ ਹੀ ਪੀਂਦਾ। ਬਹੁਤ ਜ਼ਿਆਦਾ ਬੇਚੈਨੀ ਮਹਿਸੂਸ ਕਰਦਾ ਤਾਂ ਭੋਲੂ ਜਾਂ ਉਸ ਦੇ ਕੁਆਰੇ ਤਿੰਨ ਭਰਾ ਨੇਸ਼ੇ ਦੇ ਮੂੰਹ ਵਿਚ ਸ਼ਰਾਬ ਦੀਆਂ ਕੁਝ ਘੁੱਟਾਂ ਪਾ ਦਿੰਦੇ। ਨੇਸ਼ੇ ਦੀ ਨੂੰਹ ਉਹਦੀ ਬਹੁਤ ਘੱਟ ਪਰਵਾਹ ਕਰਦੀ ਸੀ। ਜਦ ਨੇਸ਼ਾ ਤੁਰ-ਫਿਰ ਲੈਂਦਾ ਸੀ, ਉਦੋਂ ਵੀ ਉਸ ਨੂੰ ਸਿੱਧੇ-ਮੂੰਹ ਰੋਟੀ ਖਾਣ ਲਈ ਨਹੀਂ ਦਿੰਦੀ ਸੀ। ਉਹਦੇ ਕੱਪੜੇ ਲੀੜੇ ਵੀ ਨਹੀਂ ਧੋਂਦੀ ਸੀ।

ਨੇਸ਼ੇ ਦੀਆਂ ਧੀਆਂ ਨੂੰ ਇਹੀ ਲੱਗਦਾ ਸੀ ਕਿ ਉਨ੍ਹਾਂ ਦੇ ਪਿਉ ਦੇ ਕੌੜੇ ਤੇ ਅੜਬ ਸੁਭਾਅ ਅਤੇ ਖਰਾਬ ਵਤੀਰੇ ਕਾਰਨ ਹੀ ਉਨ੍ਹਾਂ ਦੀ ਮਾਂ ਘਰ ਤੇ ਉਨ੍ਹਾਂ ਦੇ ਭੈਣਾਂ-ਭਰਾਵਾਂ ਨੂੰ ਛੱਡ ਕੇ ਚਲੀ ਗਈ। ਮੁੜ ਕਦੇ ਵਾਪਸ ਨਹੀਂ ਆਈ। ਹਾਂ, ਮੋਬਾਈਲ ਫੋਨ 'ਤੇ ਕਦੇ-ਕਦਾਈਂ ਉਹ ਆਪਣੇ ਬੱਚਿਆਂ ਨਾਲ ਗੱਲਬਾਤ ਕਰ ਲੈਂਦੀ ਸੀ। ਐਪਰ ਜਦੋਂ ਦੀ ਉਹ ਗਈ, ਉਸ ਨੇ ਨੇਸ਼ੇ ਵੱਲੋਂ ਤਰਲੇ-ਮਿੰਨਤਾਂ ਕਰਨ ਦੇ ਬਾਵਜੂਦ ਉਹਦੇ ਨਾਲ ਫੋਨ 'ਤੇ ਉਸ ਤੋਂ ਬਾਅਦ ਕੋਈ ਗੱਲ ਨਾ ਕੀਤੀ। ਨੇਸ਼ੇ ਦੀ ਆਵਾਜ਼ ਸੁਣ ਕੇ ਰਾਗੋ ਫੋਨ ਕੱਟ ਦਿੰਦੀ। ਉਹ ਸੋਚਦੀ, ਜਿਸ ਬੰਦੇ ਨਾ਼ਲੋਂ ਰਿਸ਼ਤੇ-ਨਾਤੇ ਦੀ ਡੋਰ ਹੀ ਕੱਟ ਲਈ, ਉਸ ਨਾਲ ਮੇਰਾ ਸਬੰਧ ਹੀ ਕੀ ਰਹਿ ਗਿਆ? ਇਸ ਸ਼ਰਾਬੀ-ਕਬਾਬੀ ਤੇ ਨਿਖੱਟੂ ਬੰਦੇ ਨੇ ਤਾਂ ਮੇਰੀ ਤੇ ਮੇਰੇ ਨਿਆਣਿਆਂ ਦੀ ਜ਼ਿੰਦਗੀ ਨਰਕ ਤੋਂ ਬਦਤਰ ਬਣਾ ਕੇ ਰੱਖ ਦਿੱਤੀ।

ਨੇਸ਼ੇ ਦੇ ਘਰ ਵਸਣ-ਰਹਿਣ ਤਕ ਰਾਗੋ ਨੇ ਗਿਆਰਾਂ ਬੱਚਿਆਂ ਨੂੰ ਜਨਮ ਦਿੱਤਾ। ਉਹ ਜਿਸ ਬਿਰਾਦਰੀ ਤੋਂ ਸਨ, ਉਸ ਬਿਰਾਦਰੀ ਦੇ ਜ਼ਿਆਦਾਤਰ ਲੋਕ ਅਨਪੜ੍ਹ, ਅੰਧਵਿਸ਼ਵਾਸੀ ਅਤੇ ਪੁਰਾਣੇ ਵਿਚਾਰਾਂ, ਰਸਮਾਂ-ਰਿਵਾਜਾਂ ਦੇ ਗ਼ੁਲਾਮ, ਸਿਰੇ ਦੇ ਲਾਪਰਵਾਹ ਤੇ ਗ਼ੈਰ-ਜ਼ਿੰਮੇਵਾਰ ਹੋਣ ਕਾਰਨ, ਸਮੇਂ ਦੇ ਹਾਣੀ ਨਹੀਂ ਬਣ ਸਕੇ। ਪਰਿਵਾਰ ਨਿਯੋਜਨ ਦੀ ਪਰਵਾਹ ਵੀ ਉਹ ਘੱਟ ਹੀ ਕਰਦੇ ਸਨ। ਉਸ ਬਿਰਾਦਰੀ 'ਚ ਬਾਲ ਵਿਆਹ ਵਰਗੀ ਬੁਰੀ ਰੀਤ ਇੱਕੀਵੀਂ ਸਦੀ ਦਾ ਡੇਢ ਕੁ ਦਹਾਕਾ ਖਤਮ ਹੋਣ ਤਕ ਘਟ ਜ਼ਰੂਰ ਗਈ, ਪਰ ਖਤਮ ਨਹੀਂ ਹੋਈ। ਇਸ ਬਿਰਾਦਰੀ ਦੇ ਬਹੁਤ ਸਾਰੇ ਲੋਕਾਂ ਨੇ ਭਗਵੇਂ ਕੱਪੜੇ ਪਾ ਕੇ ਭੀਖ ਮੰਗਣ ਨੂੰ ਆਪਣਾ ਮੁਖ ਧੰਦਾ ਬਣਾਇਆ ਹੋਇਆ ਹੈ। ਬੱਸ, ਕੁਝ ਕੁ ਔਰਤਾਂ, ਆਦਮੀ ਤੇ ਨੌਜੁਆਨ ਹਨ, ਜਿਹੜੇ ਹੱਥੀਂ ਕਿਰਤ ਕਰ ਕੇ ਰੋਟੀ-ਰੋਜ਼ੀ ਕਮਾਉਣ 'ਚ ਯਕੀਨ ਰੱਖਦੇ ਹਨ।

ਬੱਚੇ-ਬੱਚੀਆਂ, ਔਰਤਾਂ ਤੇ ਮਰਦਾਂ ਦੇ ਨਾਂ ਬੜੇ ਅਜੀਬੋ-ਗ਼ਰੀਬ। ਜਿਵੇਂ ਚੂਚਾ, ਆਸਰਾ, ਬਿਜਲੀ, ਬਰਫੀ, ਚਿੜੀ, ਗੰਢਾ, ਸਾਰਤੀ, ਬਰਮੀ, ਮੇਸ਼ਾ, ਨੇਸ਼ਾ, ਲਾਟੂ, ਪਾਰਸੂ ਆਦਿ। ਇਹ ਲੋਕ ਖੁਦ ਨੂੰ 'ਸੁਆਮੀ ਜੀ' ਅਖਵਾ ਕੇ ਬਹੁਤ ਖੁਸ਼ ਹੁੰਦੇ ਹਨ। ਹੁਣ ਸਮਾਜ ਦੇ ਹੋਰ ਲੋਕਾਂ ਵੱਲ ਵੇਖ-ਵੇਖ ਕੇ ਨਵੇਂ ਜੰਮੇ ਬੱਚਿਆਂ ਦੇ ਨਾਂ ਨਵੇਂ ਦੌਰ ਵਾਲੇ ਨਾਂਵਾਂ ਦੇ ਰੱਖਦੇ ਹਨ ਤੇ ਕੁਝ ਵੱਡੇ ਹੋਣ 'ਤੇ ਉਨ੍ਹਾਂ ਨੂੰ ਪੜ੍ਹਾਉਣ ਵੀ ਲੱਗ ਪਏ ਹਨ। ਕਈ ਔਰਤਾਂ ਤੇ ਮਰਦ ਸ਼ਰਾਬ ਅਤੇ ਸਿਗਰਟਾਂ-ਬੀੜੀਆਂ ਪੀਣ ਦੇ ਆਦੀ ਹਨ। ਕਈ ਹੋਰ ਭੰਗ, ਗਾਂਜਾ, ਚਰਸ, ਅਫੀਮ, ਪੋਸਤ ਆਦਿ ਦਾ ਵੀ ਨਸ਼ਾ ਕਰਦੇ ਹਨ। ਕੁਝ ਭੀਖ ਮੰਗਣ ਤੋਂ ਇਲਾਵਾ ਚੋਰੀਆਂ ਵੀ ਕਰਦੇ ਹਨ। ਡਾਕੇ ਵੀ ਮਾਰਦੇ ਹਨ। ਝੂਠ ਬੋਲ-ਬੋਲ ਕੇ ਲੋਕਾਂ ਨਾਲ ਠੱਗੀਆਂ ਵੀ ਮਾਰਦੇ ਹਨ। ਹੁਣ ਤਾਂ ਇਹ ਲੋਕ ਕਿਸੇ ਦਾ ਕਤਲ ਕਰਨ ਤੋਂ ਵੀ ਨਹੀਂ ਡਰਦੇ। ਕਦੇ ਕਾਫੀ ਡਰਪੋਕ ਕਿਸਮ ਦੇ ਹੁੰਦੇ ਸਨ। ਪਹਿਲਾਂ ਇਨ੍ਹਾਂ ਲੋਕਾਂ ਦਾ ਕੋਈ ਪੱਕਾ ਟਿਕਾਣਾ ਨਹੀਂ ਹੁੰਦਾ ਸੀ। ਤੰਬੂਆਂ, ਝੋਂਪੜੀਆਂ, ਛੰਨਾਂ ਵਿਚ ਰਹਿੰਦੇ ਹੁੰਦੇ ਸਨ। ਹੁਣ ਤਾਂ ਇਨ੍ਹਾਂ 'ਚੋਂ ਕਈਆਂ ਨੇ ਜਗ੍ਹਾ ਮੁੱਲ ਲੈ ਕੇ ਆਪੋ-ਆਪਣੇ ਪੱਕੇ ਮਕਾਨ ਛੱਤ ਲਏ ਹਨ। ਆਲੀਸ਼ਾਨ ਕੋਠੀਆਂ ਦੇ ਮਾਲਕ ਬਣ ਬੈਠੇ ਹਨ। ਵੱਡੇ-ਵੱਡੇ ਡੇਰੇ ਬਣਾ ਲਏ ਹਨ।



ਰਾਗੋ ਵੱਲੋਂ ਜਨਮ ਦਿੱਤੇ ਗਏ ਗਿਆਰਾਂ ਬੱਚਿਆਂ 'ਚੋਂ ਤਿੰਨ ਮਰ ਗਏ ਸਨ। ਬਾਕੀ ਚਾਰ ਮੁੰਡੇ ਤੇ ਚਾਰ ਕੁੜੀਆਂ ਸਹੀ ਸਲਾਮਤ ਸਨ। ਨੇਸ਼ਾ ਸ਼ਰਾਬ ਦੇ ਨਸ਼ੇ 'ਚ ਗੜੁੱਚ ਹੋਇਆ ਰਾਗੋ ਨੂੰ ਡੰਡੇ ਨਾਲ ਕੁੱਟਦਾ ਹੁੰਦਾ ਸੀ, "ਤੇਰੇ ਜੰਮੇ ਸਾਰੇ ਬੱਚੇ ਮੇਰੇ ਨਹੀਂ। ਇਨ੍ਹਾਂ 'ਚੋਂ ਅੱਧੇ ਹਰਾਮ ਦੇ ਨੇ। ਤੂੰ ਲੁੱਚੀ ਔਰਤ ਏਂ। ਤੂੰ ਘਰੋਂ ਬਾਹਰ ਭਿੱਖਿਆ ਮੰਗਣ ਨਹੀਂ ਜਾਂਦੀ, ਲੁੱਚਪੁਣਾ ਕਰਨ ਜਾਂਦੀ ਏਂ। ਤੈਨੂੰ ਮੇਰੇ ਨਾਲ ਸੌਂ ਕੇ ਸਬਰ ਨਹੀਂ ਆਉਂਦਾ... ਕੁੱਤੀਏ!"

ਕੁੱਟ ਖਾਂਦੀ ਹੋਈ ਰਾਗੋ ਨੇਸ਼ੇ ਨੂੰ ਮਿਹਣੇ ਦੇਣ ਲੱਗ ਪੈਂਦੀ, "ਤੇਰੀਆਂ ਧੰਦੇਬਾਜ਼ ਤਿੰਨੇ ਭੈਣਾਂ ਲੁੱਚੀਆਂ ਨੇ। ਪੂਰੀਆਂ ਬਦਕਾਰ ਜ਼ਨਾਨੀਆਂ। ਉਹ ਗ਼ੈਰ ਮਰਦਾਂ ਨਾਲ ਖੇਹ ਖਾਂਦੀਆਂ ਨੇ। ਉਨ੍ਹਾਂ ਧੰਦਾ ਕਰ ਕਰ ਕੇ ਵਧੀਆ ਮਕਾਨ ਛੱਤ ਲਏ। ਸਕੂਟਰੀਆਂ ਲੈ ਲਈਆਂ। ਤੇਰੇ ਜੀਜੇ ਤੇਰੇ ਵਰਗੇ ਈ ਨਸ਼ੇੜੀ ਤੇ ਨਿਖੱਟੂ ਨੇ। ਮੈਂ ਆਪਣੇ ਨਿਆਣੇ ਪਾ਼ਲਦੀ ਆਂ... ਕੁੱਤੀ ਦਿਆ ਜਾਇਆ...!" ਉਹ ਹੋਰ ਵੀ ਕਈ ਗੰਦੀਆਂ ਮੰਦੀਆਂ ਗਾਲ੍ਹਾਂ ਕੱਢਦੀ। ਇਸ ਬਿਰਾਦਰੀ 'ਚ ਔਰਤਾਂ-ਮਰਦਾਂ ਦਾ ਆਪਸ 'ਚ ਲੜਨਾ-ਝਗੜਨਾ, ਗੰਦੀਆਂ ਮੰਦੀਆਂ ਗਾਲ੍ਹਾਂ ਕੱਢਣਾ ਆਮ ਵਰਤਾਰਾ ਏ। ਉਹ ਸ਼ਰਮ-ਹਯਾ, ਸਮਾਜਿਕ ਮਾਣ-ਮਰਯਾਦਾ ਦੀ ਵੀ ਜ਼ਰਾ ਜਿੰਨੀ ਪਰਵਾਹ ਨਹੀਂ ਕਰਦੇ।

ਵਾਰ-ਵਾਰ ਦੀ ਕੁੱਟ-ਮਾਰ ਤੋਂ ਅੱਕੀ ਹੋਈ ਰਾਗੋ ਨੇ ਇਕ ਦਿਨ ਗ਼ਲੀ 'ਚ ਖੜ੍ਹ ਜ਼ਹਿਰ ਪੀ ਕੇ ਮਰਨ ਦੀ ਕੋਸ਼ਿਸ਼ ਕੀਤੀ, ਪਰ ਗੁਆਂਢ 'ਚ ਰਹਿੰਦੇ ਇਕ ਨੌਜੁਆਨ ਮੁੰਡੇ ਨੇ ਅਗਾਂਹ ਹੋ ਕੇ ਉਹਦੇ ਹੱਥੋਂ ਜ਼ਹਿਰ ਵਾਲੀ ਸ਼ੀਸ਼ੀ ਖੋਹ ਲਈ ਤੇ ਸਾਰਾ ਜ਼ਹਿਰ ਨਾ਼ਲੀ ਵਿਚ ਰੋੜ੍ਹ ਦਿੱਤਾ। ਨੇਸ਼ਾ ਉਹਨੂੰ ਅਵਾ-ਤਵਾ ਬੋਲਣ ਲੱਗ ਪਿਆ, "ਓਏ, ਤੇਰੀ ਵੀ ਇਹ ਰੰਨ ਲੱਗਦੀ ਏ? ਤੂੰ ਮਰਨ ਕਿਉਂ ਨਹੀਂ ਦਿੱਤਾ ਸਾ਼ਲੀ ਕੁੱਤੀ ਨੂੰ?" ਅੱਗਿਉਂ ਉਹ ਮੁੰਡਾ ਵੀ ਗੁੱਸੇ 'ਚ ਆ ਗਿਆ, ਪਰ ਉਹਦੇ ਘਰ ਵਾਲੇ ਉਹਨੂੰ ਫੜ ਕੇ ਆਪਣੇ ਘਰ ਲੈ ਗਏ। ਲੜਾਈ ਹੋਣ ਤੋਂ ਬਚਾਅ ਹੋ ਗਿਆ।

ਆਪਣੇ ਪਿਉ ਨੂੰ ਮਾਂ ਨਾਲ ਲੜਾਈ-ਝਗੜਾ ਕਰਦਿਆਂ, ਉਸ ਨਾਲ ਕੁੱਟ-ਮਾਰ ਕਰਦਿਆਂ ਵੇਖ ਕੇ ਨਿੱਕੇ-ਨਿਆਣੇ ਸਹਿਮ ਜਾਂਦੇ। ਰੋਣ ਲੱਗ ਪੈਂਦੇ, ਪਰ ਹੁਣ ਭੋਲੂ ਵੱਡਾ ਹੋ ਚੁੱਕਾ ਸੀ ਤੇ ਇਕ ਦਿਨ ਉਹਨੇ ਨੇਸ਼ੇ ਦੇ ਹੱਥੋਂ ਡੰਡਾ ਖੋਹ ਲਿਆ। ਫਿਰ ਕੜਕ ਕੇ ਬੋਲਿਆ, "ਖਬਰਦਾਰ! ਜੇ ਅੱਜ ਤੋਂ ਬਾਅਦ ਮੇਰੀ ਮਾਂ 'ਤੇ ਹੱਥ ਚੁੱਕਿਆ ਤਾਂ ਮੈਥੋਂ ਬੁਰਾ ਕੋਈ ਨਹੀਂ ਹੋਊਗਾ। ਮੇਰੇ ਸਾ਼ਲੇ ਨੂੰ ਮੈਂ ਧਰਤੀ 'ਚ ਜੀਂਦਾ ਗੱਡ ਦਊਂਗਾ!"

ਨੇਸ਼ਾ ਜੁਆਨ ਹੋ ਚੁੱਕੇ ਪੁੱਤ ਹੱਥੋਂ ਆਪਣੀ ਹੋਈ ਬੇਇੱਜ਼ਤੀ ਸਹਾਰ ਨਾ ਸਕਿਆ ਤੇ ਬੋਲਿਆ, "ਤੈਨੂੰ ਆਪਣੀ ਮਾਂ ਦਾ ਬਹੁਤ ਹੇਜ ਆਉਂਦਾ ਏ। ਹੁਣੇ ਇਸ ਨੂੰ ਲੈ ਕੇ ਮੇਰੇ ਘਰੋਂ ਬਾਹਰ ਹੋ ਜਾ... ਹਰਾਮਦਿਆ!" ਭੋਲੂ ਤਾਂ ਘਰ ਛੱਡ ਕੇ ਨਾ ਗਿਆ, ਲੇਕਿਨ ਕੁਝ ਦਿਨਾਂ ਬਾਅਦ ਇਕ ਗਹਿਰੀ ਕਾ਼ਲੀ ਰਾਤ ਦੇ ਵਕਤ ਸਾਰਿਆਂ ਨੂੰ ਸੁੱਤੇ ਛੱਡ ਵਿਹੜੇ ਦੀ ਗ਼ਲੀ ਵੱਲ ਦੀ ਕੰਧ ਟੱਪ ਕੇ ਰਾਗੋ ਜ਼ਰੂਰ ਚਲੀ ਗਈ। ਨੇਸ਼ਾ ਹਰ ਰਾਤ ਆਪਣੇ ਮੰਜੇ 'ਤੇ ਸੌਣ ਤੋਂ ਪਹਿਲਾਂ ਬਾਹਰਲੇ ਦਰਵਾਜ਼ੇ ਨੂੰ ਅੰਦਰੋਂ ਕੁੰਡਾ-ਜਿੰਦਰਾ ਮਾਰ ਦਿੰਦਾ ਸੀ ਤੇ ਕੁੰਜੀ ਆਪਣੇ ਸਰਹਾਣੇ ਥੱਲੇ ਰੱਖ ਲੈਂਦਾ ਸੀ।

ਘਰ ਛੱਡ ਕੇ ਰਾਗੋ ਅਜਿਹੀ ਗਈ ਕਿ ਦੁਬਾਰਾ ਉਹਨੇ ਨੇਸ਼ੇ ਦੇ ਘਰ ਵਿਚ ਪੈਰ ਨਾ ਪਾਇਆ। ਇਸ ਬਿਰਾਦਰੀ ਦੇ ਲੋਕ ਕਾਨੂੰਨੀ ਤੌਰ 'ਤੇ ਤਲਾਕ ਲੈਣ ਜਾਂ ਦੇਣ ਦੀ ਖਾਸ ਪਰਵਾਹ ਨਹੀਂ ਕਰਦੇ। ਬੱਸ, ਤੋੜ-ਵਿਛੋੜਾ ਕੀਤਾ ਤਾਂ ਮੰਨ ਵੀ ਲਿਆ। ਇਨ੍ਹਾਂ ਲੋਕਾਂ 'ਚ ਪੁਰਾਣੇ ਸਮੇਂ ਤੋਂ ਹੀ 'ਲਿਵ-ਇਨ ਰਿਲੇਸ਼ਨਸ਼ਿਪ' ਦੀ ਆਪਣੀ ਹੀ ਪਰੰਪਰਾ ਚੱਲੀ ਆ ਰਹੀ ਹੈ। ਜਦੋਂ ਰਾਗੋ ਨੇਸ਼ੇ ਦਾ ਘਰ ਛੱਡ ਕੇ ਗਈ, ਤਾਂ ਉਦੋਂ ਉਹਦੀ ਉਮਰ ਚਾ਼ਲੀ ਵਰ੍ਹਿਆਂ ਦੀ ਤੇ ਨੇਸ਼ੇ ਦੀ ਪੰਜਾਹ ਕੁ ਵਰ੍ਹਿਆਂ ਦੀ ਸੀ। ਉਹ ਆਪਣੇ ਇਸ ਸ਼ਹਿਰ ਤੋਂ ਸਵਾ ਕੁ ਸੌ ਕਿਲੋਮੀਟਰ ਦੂਰ ਕਿਸੇ ਹੋਰ ਸ਼ਹਿਰ ਦੇ ਹੋਰ ਬਿਰਾਦਰੀ ਦੇ ਹੱਬੀ ਨਾਂ ਦੇ ਅੱਧਖੜ ਉਮਰ ਦੇ ਆਦਮੀ ਦੇ ਘਰ 'ਬੈਠ' ਗਈ, ਯਾਨਿ ਵਸ ਗਈ।

ਰਾਗੋ ਦੀ ਬਿਰਾਦਰੀ ਦੇ ਕਈ ਲੋਕ ਆਪੋ ਆਪਣੀਆਂ ਕਾਰਾਂ, ਜੀਪਾਂ ਆਦਿ ਵਿਚ ਸਵਾਰ ਹੋ ਕੇ ਤੇ ਭਗਵੇਂ ਚੋ਼ਲ਼ੇ ਪਾ ਕੇ ਦੂਰ-ਦੁਰਾਡੇ ਦੇ ਇਲਾਕਿਆਂ 'ਚ ਦਾਨ ਬਨਾਮ ਭੀਖ ਮੰਗਣ ਵੀ ਚਲੇ ਜਾਂਦੇ ਹਨ। ਇਹੋ ਜਿਹੇ ਲੰਮੇ ਸਫਰ ਨੂੰ ਉਹ 'ਫੇਰੀ ਲਾਉਣਾ' ਆਖਦੇ ਹਨ। ਇਹੋ ਜਿਹੀ ਫੇਰੀ ਮੌਕੇ ਨੇਸ਼ੇ ਦੇ ਇਕ ਨੇੜੇ ਦੇ ਰਿਸ਼ਤੇਦਾਰ ਨੇ ਰਾਗੋ ਨੂੰ ਪਛਾਣ ਕੇ ਬੁਲਾ ਲਿਆ ਤੇ ਉਸ ਨੂੰ ਵਾਪਸ ਘਰ ਚੱਲਣ ਲਈ ਕਿਹਾ, ਪਰ ਰਾਗੋ ਨਹੀਂ ਮੰਨੀ। ਉਸ ਨੇ ਅੱਖਾਂ ਵਿਚ ਅੱਥਰੂ ਤੇ ਆਵਾਜ਼ 'ਚ ਦਰਦ ਭਰ ਕੇ ਕਿਹਾ, "ਨਾ ਭਾਅ, ਮੈਂ ਹੁਣ ਉਥੇ ਨਹੀਂ ਜਾਣਾ। ਜਿੱਥੇ ਹਾਂ, ਠੀਕ ਹਾਂ! ਮੇਰਾ ਨਵਾਂ ਪਤੀ ਮੈਨੂੰ ਬਹੁਤ ਪਿਆਰ ਕਰਦੈ। ਮੇਰੀ ਬਹੁਤ ਇੱਜ਼ਤ ਕਰਦੈ। ਨੇਸ਼ੇ ਦੇ ਘਰੇ ਰਹਿ ਕੇ ਨਾ ਮੈਨੂੰ ਪਿਆਰ ਮਿਲਿਆ ਤੇ ਨਾ ਹੀ ਇੱਜ਼ਤ ਮਿਲੀ। ਭਾਅ, ਮੈਨੂੰ ਆਪਣੇ ਬੱਚਿਆਂ ਦੀ ਬਹੁਤ ਯਾਦ ਆਉਂਦੀ ਏ। ਬਹੁਤ ਮੋਹ ਆਉਂਦਾ ਏ, ਪਰ ਮੈਂ ਕਰਾਂ ਕੀ? ਤੂੰ ਮੇਰੇ ਮੁਬੈਲ ਫੋਨ ਦਾ ਨੰਬਰ ਲੈ ਜਾ, ਤੇ ਮੇਰੇ ਬੱਚਿਆਂ ਨੂੰ ਆਖੀਂ ਕਿ ਮੇਰੇ ਨਾਲ ਗੱਲਬਾਤ ਕਰ ਲਿਆ ਕਰਨ। ਮੈਨੂੰ ਆਪਣੇ ਜਾਇਆਂ ਦੀ ਸੁੱਖ-ਸਾਂਦ, ਰਾਜ਼ੀ-ਖੁਸ਼ੀ ਦਾ ਪਤਾ ਲੱਗਦਾ ਰਹੂ।"

ਨੇਸ਼ੇ ਅਤੇ ਉਹਦੇ ਸ਼ਰੀਕੇ ਦੇ ਲੋਕਾਂ ਵੱਲੋਂ ਰਾਗੋ ਨੂੰ ਵਾਪਸ ਲਿਆਉਣ ਦੀਆਂ ਸਭ ਕੋਸ਼ਿਸ਼ਾਂ ਨਾਕਾਮ ਹੋ ਗਈਆਂ। ਉਸ ਨੇ ਤਾਂ ਨੇਸ਼ੇ ਨਾਲ ਕੋਈ ਗੱਲ ਕਰਨ ਤੋਂ ਹੀ ਸਾਫ ਇਨਕਾਰ ਕਰ ਦਿੱਤਾ ਤੇ ਕਿਹਾ, "ਇਹ ਮੇਰੇ ਵੱਲੋਂ ਮਰ ਗਿਆ, ਮੈਂ ਇਹਦੇ ਵੱਲੋਂ ਮਰ ਗਈ।" ਰਾਗੋ ਵੱਲੋਂ ਵਾਪਸ ਨਾ ਮੁੜਨ ਦੀ ਜ਼ਿੱਦ ਕਾਰਨ ਭੋਲੂ ਉਹਦੇ ਨਾਲ ਖਾਸਾ ਨਾਰਾਜ਼ ਹੋ ਗਿਆ। ਬਾਕੀ ਬੱਚੇ ਨਾਸਮਝ, ਅਣਭੋਲ ਹੀ ਸਨ।

ਹੁਣ ਨੇਸ਼ਾ ਡਾਢਾ ਪਛਤਾ ਰਿਹਾ ਸੀ ਤੇ ਸੋਚ ਰਿਹਾ ਸੀ ਕਿ ਰਾਗੋ ਭਾਵੇਂ ਜਿਹੋ ਜਿਹੀ ਮਰਜ਼ੀ ਦੀ ਔਰਤ ਏ... ਆਪਣਾ ਘਰ ਤੇ ਆਪਣੇ ਬੱਚੇ ਤਾਂ ਸੰਭਾਲਦੀ ਸੀ। ਉਨ੍ਹਾਂ ਦੀ ਦੇਖ-ਭਾ਼ਲ ਤਾਂ ਕਰਦੀ ਸੀ। ਹੁਣ ਮੈਂ 'ਕੱਲਾ ਕੀ ਕਰਾਂ? ਪਹਿਲਾਂ ਉਹ ਸ਼ਾਮ ਪਈ ਨੂੰ ਹੀ ਸ਼ਰਾਬ ਪੀਂਦਾ ਹੁੰਦਾ ਸੀ। ਹੁਣ ਉਹ ਹਰ ਸੁਬਹ ਤੇ ਸ਼ਾਮ ਸ਼ਰਾਬ ਪੀਣ ਲੱਗ ਪਿਆ। ਕਦੇ-ਕਦੇ ਦਰਦ ਭਰੇ ਗੀਤ ਗਾਉਣ ਲੱਗ ਪੈਂਦਾ।

ਨੇਸ਼ੇ ਦੀਆਂ ਭੈਣਾਂ ਭਾਵੇਂ ਜਿਹੋ ਜਿਹੀਆਂ ਸਨ... ਉਨ੍ਹਾਂ ਰ਼ਲ-ਮਿ਼ਲ ਕੇ ਪਹਿਲਾਂ ਭੋਲੂ ਦਾ ਵਿਆਹ ਕੀਤਾ ਤੇ ਫਿਰ ਇਕ-ਇਕ ਕਰ ਕੇ ਭੋਲੂ ਦੀਆਂ ਚਾਰੇ ਭੈਣਾਂ, ਭਾਵ ਆਪਣੀਆਂ ਭਤੀਜੀਆਂ ਦੇ ਵਿਆਹ ਕਰ ਦਿੱਤੇ। ਕੁੜੀਆਂ ਭਰ-ਜੁਆਨ ਨਹੀਂ ਹੋਈਆਂ ਸਨ, ਅਲ੍ਹੜ ਉਮਰ 'ਚ ਹੀ ਉਨ੍ਹਾਂ ਦੇ ਵਿਆਹ ਕਰ ਦਿੱਤੇ ਗਏ।

... ਤੇ ਨੇਸ਼ੇ ਦੀ ਮੌਤ ਉਪਰੰਤ ਘਰ ਦੇ ਅੰਦਰ ਤੇ ਬਾਹਰ ਸੱਥਰ ਵਿਛਿਆ ਪਿਆ ਸੀ। ਰਿਵਾਜ ਮੁਤਾਬਕ ਗ਼ਲੀ 'ਚ ਵਿਛੇ ਸੱਥਰ ਉਪਰ ਬੈਠੇ ਉਨ੍ਹਾਂ ਦੀ ਬਿਰਾਦਰੀ ਦੇ ਕੁਝ ਆਦਮੀ ਭਜਨ ਤੇ ਹਿੰਦੀ-ਪੰਜਾਬੀ ਦੇ ਰ਼ਲੇ-ਮਿ਼ਲੇ ਗੀਤ ਗਾ ਰਹੇ ਸਨ। ਕੋਈ ਡਫਲੀ ਵਜਾ ਰਿਹਾ ਸੀ ਤੇ ਕੋਈ ਢੋਲਕੀ, ਖੜਤਾ਼ਲਾਂ। ਉਹ ਆਪਣੇ ਕਿਸੇ ਸਕੇ ਸੋਧਰੇ ਦੀ ਮੌਤ 'ਤੇ ਇੰਝ ਹੀ ਕਰਦੇ ਸਨ। 'ਪਾਣੀ ਡੋਲ੍ਹਣ' ਦੀ ਰਸਮ ਤਕ ਦਸ ਦਿਨ ਲਗਾਤਾਰ ਹਰ ਰਾਤ ਗਾਉਣ-ਵਜਾਉਣ ਦਾ ਸਿਲਸਿਲਾ ਸੁਬਹ ਹੋਣ ਤਕ ਚੱਲਦਾ ਰਹਿੰਦਾ ਹੈ। ਵਿਚ-ਵਿਚਾ਼ਲੇ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਵੀ ਹੁੰਦੀਆਂ ਰਹਿੰਦੀਆਂ ਹਨ। ਹਾਸਾ-ਠੱਠਾ ਵੀ। ਉਹ ਇਕ ਦੂਜੇ ਨੂੰ ਟਿੱਚਰਾਂ ਮਖ਼ੌਲ ਵੀ ਕਰਦੇ ਰਹਿੰਦੇ ਹਨ। ਮੌਤ ਦੇ ਮਾਤਮ ਦੇ ਨਾਲ-ਨਾਲ ਜਿਵੇਂ ਮੌਤ ਦਾ ਜਸ਼ਨ ਵੀ ਮਨਾਇਆ ਜਾਂਦਾ ਹੋਵੇ। ਅਜੀਬ ਕਿਸਮ ਦੇ ਬੜੇ ਨਿਰਾਲੇ ਨੇ ਇਹ ਲੋਕ।

ਮਾਨੀਆ ਨਾਂ ਦੀ ਔਰਤ ਦਾ ਘਰ ਵਾ਼ਲਾ ਗੋਮੀ ਆਪਣੀ ਡਫਲੀ ਲੈ ਕੇ ਸੱਥਰ 'ਤੇ ਆਣ ਬੈਠਾ। ਉਹ ਡਫਲੀ ਵਜਾ ਕੇ ਤੇ ਭਜਨ ਆਦਿ ਗਾ ਕੇ ਲੋਕਾਂ ਦੇ ਘਰਾਂ 'ਚੋਂ ਭੀਖ ਮੰਗਿਆ ਕਰਦਾ ਸੀ। ਉਹ ਡਫਲੀ ਵਜਾਉਂਦਿਆਂ ਵੰਨ-ਸੁਵੰਨੇ ਗੀਤ

*(ਅਗਲੇ ਸਫੇ 'ਤੇ ਜਾਰੀ)*

ਮਰਦ ਸੂਰਮੇ

# ਦੁੱਲਾ ਕਦੇ ਨਾ ਮਰਸੀ...

ਦੁੱਲਾ ਭੱਟੀ। ਪਿੰਡੀ ਭੱਟੀਆਂ ਬਾਰ ਦਾ ਵਸਨੀਕ। ਰਾਜਪੂਤ ਕਬੀਲੇ ਦਾ ਜਵਾਂ ਮਰਦ। ਕਰੀਬ 700 ਸਾਲ ਪਹਿਲਾਂ ਜੈਸਲਮੇਰ (ਰਾਜਸਥਾਨ) ਤੋਂ ਹਿਜਰਤ ਕਰ ਕੇ ਉਸ ਦੇ ਕਬੀਲੇ ਨੇ ਬਾਰ ਦੇ ਇਲਾਕੇ ਵਿਚ ਡੇਰੇ ਆ ਲਾਏ। ਆਪਣੀਆਂ ਜੰਗੀ ਖਸਲਤਾਂ ਕਰ ਕੇ ਹੌਲੀ-ਹੌਲੀ ਇਨ੍ਹਾਂ ਨੇ ਬਾਰ ਦੇ ਪਿੰਡੀ ਭੱਟੀਆਂ ਦੇ ਇਲਾਕੇ ਵਿਚ ਆਪਣੀ ਰਿਆਸਤ ਕਾਇਮ ਕਰ ਲਈ। ਸਖਤ ਮਿਹਨਤ ਨਾਲ ਫਸਲਾਂ ਦਾ ਝਾੜ ਵਧਾਇਆ ਤੇ ਚਾਰਗਾਹਾਂ ਖੁੱਲ੍ਹੀਆਂ ਕੀਤੀਆਂ। ਮੁਗਲ ਹਾਕਮੀ

ਧਰਮ ਸਿੰਘ ਗੋਰਾਇਆ
ਫੋਨ: 301-653-7029

ਦਰੋਗੇ ਜ਼ਮੀਨ ਦਾ ਲਗਾਨ ਲੈਣ ਆਉਂਦੇ, ਉਨ੍ਹਾਂ ਨੂੰ ਖਾਲੀ ਹੱਥ ਭਜਾ ਦਿੰਦੇ। ਲਾਹੌਰ ਦਰਬਾਰ ਅਤੇ ਭੱਟੀਆਂ ਵਿਚਾਲੇ ਦੁਸ਼ਮਣੀ ਪੈਦਾ ਹੋ ਗਈ।

ਦੁੱਲਾ ਭੱਟੀ ਦਾ ਦਾਦਾ ਬਿਜਲੀ ਖਾਨ ਇਲਾਕੇ ਦਾ ਖੁਦਮੁਖਤਾਰ ਸੀ। ਉਹ ਆਪਣੇ ਗੱਭਰੂਆਂ ਦੀ ਟੁਕੜੀ ਨਾਲ ਮੁਗਲਾਂ ਨਾਲ ਝੜਪਾਂ ਲੈਂਦਾ ਤੇ ਹਲਵਾਹਕਾਂ ਨੂੰ ਲਗਾਨ ਨਾ ਤਾਰਨ ਦਾ ਫਰਮਾਨ ਕਰਦਾ। ਬਾਗੀ ਜੁ ਹੋ ਚੁੱਕਾ ਸੀ। ਫੜ ਲਿਆ ਗਿਆ, ਤੇ ਫਾਂਸੀ ਚਾੜ੍ਹ ਦਿੱਤਾ ਗਿਆ। ਇਸ ਦਾ ਪੁੱਤਰ ਫਰੀਦ ਖਾਨ ਆਪਣੇ ਪਿਉ ਦੇ ਨਕਸ਼-ਏ-ਕਦਮ 'ਤੇ ਚੱਲਦਾ ਉਵੇਂ ਹੀ ਕਰਦਾ। ਇਸ ਨੂੰ ਵੀ ਫੜ ਲਿਆ ਗਿਆ, ਤੇ ਲਾਹੌਰ ਦੇ ਸ਼ਾਹੀ ਕਿਲ੍ਹੇ ਅੰਦਰ ਫਾਂਸੀ ਚਾੜ੍ਹ ਦਿੱਤਾ।

ਦੁੱਲਾ ਝਨਾਂ ਦੇ ਕਿਨਾਰੇ ਚੂਚਕ ਦੇ ਨੇੜੇ ਪਿੰਡ ਬਦਰ ਵਿਚ 1547 ਨੂੰ ਪੈਦਾ ਹੋਇਆ। ਕੁਝ ਵਕਤ ਲਈ ਪਿੰਡੀ ਭੱਟੀਆਂ ਦੇ ਇਲਾਕੇ ਅੰਦਰ ਚੁੱਪ ਵਰਤ ਗਈ, ਜਿਵੇਂ ਹਵਾ ਹੀ ਰੁਕ ਗਈ ਹੋਵੇ। ਅਜੇ ਦੁੱਲਾ, ਦੁੱਲਾ ਸੀ, ਬਚਪਨ ਸੀ। ਜਵਾਨ ਹੋਇਆ ਤਾਂ ਆਪਣੇ ਹਮਜੋਲੀਆਂ ਦੀਆਂ ਢਾਣੀਆਂ ਬਣਾ ਕੇ ਗੁਰੀਲਾ ਤੇ ਛਾਪਾਮਾਰ ਹਰਕਤਾਂ ਕਰਨ ਲੱਗਾ, ਜਿਵੇਂ ਉਹ ਆਉਣ ਵਾਲੇ ਭਿਆਨਕ ਵਕਤ ਲਈ ਆਪਣੇ ਆਪ ਨੂੰ ਤਿਆਰ ਕਰ ਰਿਹਾ ਹੋਵੇ। ਪਿੰਡੀ ਭੱਟੀਆਂ ਦੇ ਜੰਗਲੀ ਰਾਹਾਂ ਵਿਚ ਦੁੱਲੇ ਦੇ ਹਮਜੋਲੀ ਪਹਿਰੇਦਾਰੀ ਕਰਦੇ, ਸ਼ਿਕਾਰ ਖੇਡਦੇ, ਪਸ਼ੂ ਚਾਰਦੇ ਤੇ ਸ਼ਿਕਾਰ ਕਰਦੇ। ਹਾਕਮ ਧਿਰ ਦੇ ਸੁਦਾਗਰਾਂ, ਜਿਹੜੇ ਲਾਹੌਰ ਤੋਂ ਕਾਬਲ ਕੰਧਾਰ ਤੇ ਇਰਾਨ ਨੂੰ ਜਾਂਦੇ, ਜਾਂ ਵਾਪਸ ਆਉਂਦੇ, ਦਾ ਸਾਮਾਨ ਲੁੱਟ ਲੈਂਦੇ। ਚੰਗੀ ਨਸਲ ਦੇ ਘੋੜੇ ਆਪਣੇ ਕੋਲ ਰੱਖ ਕੇ ਬਾਕੀ ਸਮਾਨ ਗਰੀਬ ਪੇਂਡੂ ਲੋਕਾਂ ਵਿਚ ਤਕਸੀਮ ਕਰ ਦਿੰਦੇ। ਭੱਟੀਆਂ ਵਿਚ ਲੁਹਾਰ ਖਾਂ ਦੀਆਂ ਲਾਟਾਂ ਨਾਲ ਨੇਜੇ, ਭਾਲੇ, ਤਲਵਾਰਾਂ, ਬਰਛੇ, ਢਾਲਾਂ ਤਿਆਰ ਕਰਦੇ। ਬੰਦੂਕਾਂ ਦੇ ਭੰਡਾਰ ਇਕੱਠੇ ਹੋਣ ਲੱਗੇ। ਲਾਹੌਰ ਨੂੰ ਖਬਰ ਮਿਲੀ ਤਾਂ ਸ਼ਾਹੀ ਕਿਲ੍ਹਾ ਹਿੱਲਣ ਲੱਗਾ। ਉਸ ਨੂੰ ਫਿਰ ਕੋਈ ਲਲਕਾਰਨ ਵਾਲਾ ਜੰਮ ਪਿਆ ਸੀ। ਜਿਵੇਂ ਕੋਈ ਕਹਿ ਰਿਹਾ ਹੋਵੇ:

ਮੈਂ ਭੰਨਾਂ ਦਿੱਲੀ ਦੇ ਕਿੰਗਰੇ
ਕਰ ਦਿਆਂ ਲਾਹੌਰ ਤਬਾਹ।

ਦਿੱਲੀ ਤੇ ਲਾਹੌਰ, ਇਕੋ ਸਿੱਕੇ ਦੇ ਦੋ ਪਾਸੇ। ਹਾਕਮਸ਼ਾਹੀ ਦੇ ਨਿਸ਼ਾਨ। ਜ਼ੁਲਮੋ-ਸਿਤਮ ਦੇ ਪ੍ਰਤੀਕ। ਅੰਨ੍ਹੀ ਤਾਕਤ ਦਾ ਨਸ਼ਾ। ਹੱਕ-ਸੱਚ ਲਈ ਉਠੀ ਹਰ ਆਵਾਜ਼ ਖਤਮ ਕਰਨ ਦੀਆਂ ਅਦਾਲਤਾਂ। ਇਨ੍ਹਾਂ ਸ਼ਹਿਰਾਂ ਦਾ ਵਰਤਾਰਾ ਉਦੋਂ ਵੀ ਉਹੀ ਸੀ, ਜਦ ਅਜੇ ਦੁੱਲਾ ਨਹੀਂ ਸੀ ਜੰਮਿਆ, ਤੇ ਅੱਜ ਵੀ ਉਹੀ ਹੈ। ਝੂਠ-ਸੱਚ ਵਿਚਾਲੇ ਸੰਘਰਸ਼ ਪਹਿਲਾਂ ਵੀ ਸੀ, ਅੱਜ ਵੀ ਨਿਰੰਤਰ ਚੱਲ ਰਿਹਾ ਹੈ ਤੇ ਹਮੇਸ਼ਾ ਚੱਲਦਾ ਰਹੇਗਾ। ਚਾਹੇ ਬਾਰ ਵਾਲਾ ਦੁੱਲਾ ਭੱਟੀ ਨਾ ਸਹੀ, ਪਰ ਹੋਰ ਦੁੱਲੇ ਵਕਤ ਬੇ-ਵਕਤ ਹਾਕਮਾਂ ਨੂੰ ਲਲਕਾਰਦੇ ਰਹਿਣਗੇ। ਇਨ੍ਹਾਂ ਦੁੱਲਿਆਂ ਵਿਚ ਹਰ ਉਹ ਸਪੂਤ ਆਉਂਦਾ ਹੈ ਜਿਸ ਨੇ ਹੱਕਾਂ ਦੀ ਆਵਾਜ਼ ਉਠਾਈ, ਆਜ਼ਾਦੀ ਲਈ ਲੜਿਆ। ਚਾਹੇ ਉਹ ਕਰਤਾਰ ਸਿੰਘ ਸਰਾਭਾ, ਭਗਤ ਸਿੰਘ, ਚੰਦਰ ਸ਼ੇਖਰ ਆਜ਼ਾਦ, ਅਸ਼ਫਾਕ ਉਲ੍ਹਾ ਖਾਨ ਹੋਵੇ, ਤੇ ਜਾਂ ਫਿਰ ਮੈਕਸੀਕੋ ਦਾ ਸਪਾਂਤਾ ਜਾਂ ਪਾਂਚੋ ਵਿਲਾ, ਤੇ ਜਾਂ ਫਿਰ ਅੱਜ ਦਾ ਕਨ੍ਹੱਈਆ ਹੋਵੇ।

ਫਿਰ ਦੁੱਲੇ ਨਾਲ ਵੀ ਉਹੀ ਹੋਇਆ ਜੋ ਕਿਸੇ ਬਾਗੀ ਨਾਲ ਹੁੰਦਾ ਹੈ। ਅਣਗਿਣਤ ਬੇਮਿਸਾਲ ਲੜਾਈਆਂ ਬਾਅਦ ਧੋਖੇ ਨਾਲ ਦੁੱਲੇ ਨੂੰ ਫੜ ਲਿਆ ਗਿਆ ਅਤੇ ਲਾਹੌਰ ਅਕਬਰ ਅੱਗੇ ਸ਼ਾਹੀ ਦਰਬਾਰ ਵਿਚ ਲਿਆਂਦਾ ਗਿਆ। ਦੁੱਲੇ ਭੱਟੀ ਨੂੰ ਸਾਜ਼ਿਸ਼ੀ ਤਰੀਕੇ ਨਾਲ ਛੋਟੇ ਦਰਵਾਜ਼ੇ ਰਾਹੀਂ ਅਕਬਰ ਅੱਗੇ ਪੇਸ਼ ਕੀਤਾ ਗਿਆ, ਪਰ ਪੰਜਾਬ ਦਾ ਇਹ ਜਾਂਬਾਜ਼ ਸੂਰਮਾ ਦਰਵਾਜ਼ੇ ਅੰਦਰ ਪਹਿਲਾਂ ਆਪਣੀ ਨੋਕਦਾਰ ਜੁੱਤੀ ਪੇਸ਼ ਕਰਦਾ ਹੈ। ਮੰਡੀ ਦਾ ਵਿਕਾਊ ਮਾਲ ਨਹੀਂ ਸੀ ਉਹ। ਉਹ ਤਾਂ ਸਦੀਆਂ ਤੋਂ ਜ਼ਾਲਮਸ਼ਾਹੀ ਨੂੰ ਨੋਕਦਾਰ ਜੁੱਤੀ ਦਿਖਾ ਰਿਹਾ ਸੀ।



*ਮਿਆਣੀ ਸਾਹਿਬ ਕਬਰਿਸਤਾਨ (ਲਾਹੌਰ) ਵਿਚ ਦੁੱਲਾ ਭੱਟੀ ਦੀ ਸਮਾਧ।*

ਦੁੱਲੇ ਨੂੰ ਫਾਂਸੀ ਦਾ ਹੁਕਮ ਹੋਇਆ। 26 ਮਾਰਚ 1599 ਨੂੰ ਮਿਆਣੀ ਸਾਹਿਬ ਦੇ ਕਬਰਿਸਤਾਨ 'ਤੇ ਜਦ ਦੁੱਲੇ ਨੂੰ ਫਾਂਸੀ ਦਿੱਤੀ ਜਾਣੀ ਸੀ, ਤਾਂ ਆਪਣੇ ਹੀ ਰੰਗ ਵਿਚ ਰੰਗੇ ਮਸਤ ਮੌਲਾ ਸ਼ਾਹ ਹੁਸੈਨ ਨੇ ਆਣ ਦਸਤਕ ਦਿੱਤੀ। ਕੋਤਵਾਲ ਮਲਕ ਅਲੀ ਅਤੇ ਸ਼ਾਹ ਹੁਸੈਨ ਦਰਮਿਆਨ ਬੋਲ-ਕਬੋਲ ਹੋਏ, ਤਾਂ ਮਲਕ ਨੇ ਬੜੀ ਭੈੜੀ ਬੋਲੀ ਬੋਲੀ। ਸ਼ਾਹ ਹੁਸੈਨ ਕਹਿਣ ਲੱਗਾ, ਕੋਤਵਾਲ ਤੂੰ ਵੀ ਆਪਣੇ ਮਰਨ ਦੀ ਤਿਆਰੀ ਕਰ ਲੈ। ਦੁੱਲੇ ਨੂੰ ਦੁਨੀਆਂ ਯਾਦ ਰੱਖੇਗੀ, ਪਰ ਤੇਰੇ ਨਾਂ ਦਾ ਵੀ ਕਿਸੇ ਨੂੰ ਪਤਾ ਨਹੀਂ ਲੱਗਣਾ। ਦੁੱਲੇ ਦੀ ਫਾਂਸੀ ਤੋਂ ਬਾਅਦ ਕੋਤਵਾਲ ਅਕਬਰ ਨੂੰ ਦਰਬਾਰ ਵਿਚ ਆ ਕੇ ਦੱਸਦਾ ਹੈ ਕਿ ਉਸ ਨੇ ਕਿੰਝ ਦੁੱਲੇ ਨੂੰ ਫਾਂਸੀ ਦਿੱਤੀ। ਅਕਬਰ ਨੇ ਕਿਹਾ ਕਿ ਉਥੇ ਹੋਰ ਕੀ ਹੋਇਆ ਸੀ, ਤਾਂ ਕੋਤਵਾਲ ਨੇ ਸ਼ਾਹ ਹੁਸੈਨ ਬਾਰੇ ਕਿਹਾ ਕਿ ਜਹਾਂ ਪਨਾਹ! ਉਹ ਤੁਹਾਡੇ ਉਪਰ ਤੋਹਮਤਾਂ ਪਿਆ ਲਾਉਂਦਾ ਸੀ, ਪਰ ਅਕਬਰ ਨੂੰ ਪਹਿਲਾਂ ਹੀ ਆਪਣੇ ਸੂਹੀਆਂ ਤੋਂ ਪੂਰੀ ਖਬਰ ਮਿਲ ਚੁੱਕੀ ਸੀ। ਕੋਤਵਾਲ ਮਲਕ ਅਲੀ ਨੂੰ ਵੀ ਉਸੇ ਸ਼ਾਮ ਨੂੰ ਮਾਰ ਦਿੱਤਾ ਗਿਆ। ਮਿਆਣੀ ਦੇ ਕਬਰਿਸਤਾਨ ਵਿਚ ਜਿਥੇ ਦੁੱਲੇ ਦੀ ਕਬਰ ਹੈ, ਉਥੇ ਮਲਕ ਅਲੀ ਦੀ ਵੀ ਕਬਰ ਮੌਜੂਦ ਹੈ।

ਸ਼ਾਹ ਹੁਸੈਨ ਦੁੱਲੇ ਦੀ ਸ਼ੁਰੂ ਤੋਂ ਹੀ ਤਰਫ਼ਦਾਰੀ ਕਰਦਾ ਰਿਹਾ ਸੀ। ਦੁੱਲੇ ਦੀ ਫਾਂਸੀ ਵਕਤ ਸ਼ਾਹ ਹੁਸੈਨ ਨੇ ਦੁੱਲੇ ਨੂੰ ਕੁਝ ਇੰਝ ਕਿਹਾ ਜੋ ਸ਼ਾਹ ਹੁਸੈਨ ਦੀਆਂ ਲਿਖਤਾਂ ਵਿਚ ਦਰਜ ਹੈ:

ਯਾ ਦਿਲਬਰ ਯਾ ਮਰ ਕੇ ਪਿਆਰਾ
ਦੁੱਲੇ ਦੇ ਲਾਲ ਲਬਾ ਦੇ ਲਾਰੇ
ਸੂਲੀ ਪਰ ਚੜ੍ਹ ਲੈ ਹੁਲਾਰੇ
ਆਨ ਮਿਲਾਸੀ ਦਿਲਬਰ ਯਾਰਾ
ਯਾ ਦਿਲਬਰ ਯਾ ਸਰ ਕਰ ਪਿਆਰਾ।

ਤੇ ਇਸ ਦੀ ਗਵਾਹੀ ਤਾਰੀਕ-ਏ-ਚਿਸ਼ਤੀ ਦੇ ਲਿਖਾਰੀ ਨੂਰ ਅਹਿਮਦ ਚਿਸ਼ਤੀ ਨੇ 'ਤਹਿਕੀਕ-ਉਲ ਫੁਕਰਾਂ' ਵਿਚ ਦਿੱਤੀ ਹੈ।

ਦੁੱਲੇ ਸਦਾ ਹੀ ਹਾਕਮਾਂ ਨੂੰ ਲਲਕਾਰਦੇ ਅਤੇ ਜ਼ੁਲਮ ਖਿਲਾਫ ਲੜਦੇ ਰਹਿਣਗੇ। ਉਹ ਲੜਦੇ ਰਹਿਣਗੇ ਉਨ੍ਹਾਂ ਸੋਚਾਂ ਦੇ ਖਿਲਾਫ ਜੋ ਨਿੱਤ ਨਵੇਂ ਦੰਗੇ ਕਰਵਾਉਣ ਲਈ ਲੋਕਾਂ ਨੂੰ ਧਰਮ, ਜਾਤ-ਪਾਤ, ਬੋਲੀ ਆਦਿ ਦੇ ਆਧਾਰ 'ਤੇ ਲੜਾ ਰਹੇ ਹਨ, ਪਰ ਦੁੱਲੇ ਕਦੇ ਖਤਮ ਨਹੀਂ ਹੋਣਗੇ!

# ਅੰਦਰ ਬਾਹਰ ਵਿਛਿਆ ਸੱਥਰ

(ਪਿਛਲੇ ਸਫੇ ਦੀ ਬਾਕੀ)

ਗਾਉਣ ਲੱਗ ਪਿਆ। ਉਹ ਵੀ ਨਿੱਤ ਦਾ ਸ਼ਰਾਬੀ ਬੰਦਾ ਸੀ, ਜੂਆ ਵੀ ਖੇਡਦਾ ਸੀ, ਪਰ ਸੋਜ਼-ਭਰਪੂਰ ਆਵਾਜ਼ ਵਿਚ ਤੇ ਪੂਰੀ ਸੁਰਤਾਲ ਵਿਚ ਗਾਉਂਦਾ ਹੁੰਦਾ ਸੀ। ਅੱਜ ਉਸ ਨੂੰ ਗਾਉਂਦਾ ਸੁਣ ਕੇ ਜਿਵੇਂ ਵਕਤ ਠਹਿਰ ਗਿਆ ਹੋਵੇ ਤੇ ਬੇਚੈਨ ਵਕਤ ਨੇ ਜਿਵੇਂ ਨੇਸ਼ੇ ਦੇ ਘਰ ਦੇ ਅੰਦਰ-ਬਾਹਰ ਘੁੰਮਣਾ-ਫਿਰਨਾ ਬੰਦ ਕਰ ਦਿੱਤਾ ਹੋਵੇ। ਜਿਵੇਂ ਵਕਤ ਵੀ ਸੱਥਰ ਉਪਰ ਚੌਕੜਾ ਮਾਰ ਆਣ ਬੈਠਾ ਹੋਵੇ।

ਗੋਮੀ ਨੇ ਇਕ ਤੋਂ ਬਾਅਦ ਦੂਜਾ, ਤੀਜਾ, ਚੌਥਾ... ਇਸ ਤਰ੍ਹਾਂ ਕਈ ਗੀਤ ਗਾਏ। ਜਿਵੇਂ ਉਹ ਨੇਸ਼ੇ ਦੀ ਮਾਰਫਤ ਆਪਣਾ ਹੀ ਦਰਦ ਤੇ ਗ਼ਮ ਬਿਆਨ ਕਰ ਰਿਹਾ ਹੋਵੇ, ਗਾ ਰਿਹਾ ਹੋਵੇ, ਕਿਉਂਕਿ ਮਾਨੀਆ ਵੀ ਕੋਈ ਨੇਕ ਔਰਤ ਨਹੀਂ ਸੀ। ਗੋਮੀ ਸ਼ਰਾਬ ਪੀ ਕੇ ਉਸ ਨਾਲ ਲੜਾਈ-ਝਗੜਾ ਕਰਦਾ, ਲੇਕਿਨ ਮਾਨੀਆ 'ਤੇ ਕੋਈ ਅਸਰ ਨਾ ਹੁੰਦਾ। ਸਿਹਤ ਪੱਖੋਂ ਮਾਨੀਆ ਗੋਮੀ ਨਾਲੋਂ ਤਕੜੀ ਸੀ। ਜਦੋਂ ਗੋਮੀ ਲੜਾਈ-ਝਗੜਾ, ਕਲੇਸ਼ ਕਰਨ ਤੋਂ ਨਾ ਹਟਦਾ, ਤਾਂ ਉਹ ਗੋਮੀ ਨੂੰ ਥੱਲੇ ਢਾਹ ਕੇ ਘੋਟਣੇ ਨਾਲ ਕੁੱਟਣ ਲੱਗ ਪੈਂਦੀ। ਕੁੱਟ ਖਾਂਦਾ ਗੋਮੀ ਮਾਨੀਆ ਨੂੰ ਮਿਹਣੇ ਦਿੰਦਾ। ਗਾਲ੍ਹਾਂ ਕੱਢਦਾ। ਧੀਆਂ ਅਤੇ ਪੁੱਤਰ ਆਪਣੀ ਮਾਂ ਮਾਨੀਆ ਦਾ ਪੂਰਾ ਸਾਥ ਦਿੰਦੇ ਤੇ ਕਈ ਵਾਰ ਗੋਮੀ ਨੂੰ ਘਰੋਂ ਬਾਹਰ ਕੱਢ ਦਿੱਤਾ ਜਾਂਦਾ। ਅੱਧੀ-ਅੱਧੀ ਰਾਤ ਗੋਮੀ ਗਲੀ 'ਚ ਖੜ੍ਹਾ ਬੰਦ ਦਰਵਾਜ਼ੇ 'ਤੇ ਮੁੱਕੇ ਮਾਰ-ਮਾਰ ਕੇ ਦੁਹਾਈ ਪਾਉਂਦਾ ਰਹਿੰਦਾ, "ਓਏ, ਪਾਪੀਓ! ਬੂਹਾ ਖੋਲ੍ਹ ਦਿਓ! ਮੈਨੂੰ ਅੰਦਰ ਆਣ ਦਿਓ! ਤੁਹਾਡੇ ਕੀੜੇ ਪੈਣ! ਬੂਹਾ ਖੋਲ੍ਹੋ! ਦੱਸੋ, ਮੈਂ ਅੱਧੀ ਰਾਤ ਨੂੰ ਕਿੱਥੇ ਜਾਵਾਂ? ਓ, ਕਮੀਨਿਓ, ਕੁੱਤਿਓ! ਬੂਹਾ ਖੋਲ੍ਹ ਦਿਓ... ਓ... ਓ!" ਉਹਦੀ ਆਵਾਜ਼ ਬੰਦ ਦਰਵਾਜ਼ੇ ਨਾਲ ਟਕਰਾਉਂਦੀ ਰਹਿੰਦੀ ਤੇ ਉਹ ਬੇਦਮ ਜਿਹਾ ਹੋ ਜਾਂਦਾ। ਜਦੋਂ ਘਰ ਦਾ ਬੰਦ ਦਰਵਾਜ਼ਾ ਨਾ ਹੀ ਖੁੱਲ੍ਹਦਾ ਤਾਂ ਉਦੋਂ ਖਪਿਆ ਤੇ ਖਿਝਿਆ ਗੋਮੀ ਆਪਣੇ ਘਰ ਦੇ ਬਾਹਰ ਗਲੀ 'ਚ ਭੁੰਜੇ ਲੰਮਾ ਪੈ ਜਾਂਦਾ, ਜਾਂ ਫਿਰ ਇਧਰ-ਉਧਰ ਘੁੰਮ-ਫਿਰ ਕੇ ਰਾਤ ਲੰਘਾਉਂਦਾ। ਸੁਬਹ ਦਰਵਾਜ਼ਾ ਖੁੱਲ੍ਹਣ 'ਤੇ ਉਹ ਆਪਣੇ ਘਰ ਦੇ ਅੰਦਰ ਚਲਾ ਜਾਂਦਾ।

ਇਹੋ ਜਿਹਾ ਸਖਤ ਸਲੂਕ ਹੋਣ ਦੇ ਬਾਵਜੂਦ ਗੋਮੀ ਆਪਣਾ ਘਰ ਛੱਡ ਕੇ ਕਿਤੇ ਹੋਰ ਜਾ ਨਹੀਂ ਸਕਿਆ। ਉਸ ਨੇ ਆਪਣੀ ਜ਼ਿੰਦਗੀ ਦੀਆਂ ਬੇਸ਼ੁਮਾਰ ਠੰਢੀਆਂ-ਸੀਤ ਤੇ ਹੁੱਸੜ-ਭਰੀਆਂ ਰਾਤਾਂ ਇੰਝ ਹੀ ਗੁਜ਼ਾਰੀਆਂ।

... ਤੇ ਹੁਣ ਸੱਥਰ 'ਤੇ ਬੈਠਾ ਗੋਮੀ ਡਫਲੀ ਵਜਾ-ਵਜਾ ਕੇ ਗਾ ਰਿਹਾ ਸੀ, "ਵਾਜਾਂ ਮਾਰੀਆਂ ਬੁਲਾਇਆ ਕਈ ਵਾਰ ਮੈਂ, ਕਿਸੇ ਨੇ ਮੇਰੀ ਗੱਲ ਨਾ ਸੁਣੀ... ਹੋ ਵਾਜਾਂ ਮਾਰੀਆਂ...।" ਇਸ ਤੋਂ ਬਾਅਦ ਉਸ ਨੇ ਇਕ ਹੋਰ ਗੀਤ ਸ਼ੁਰੂ ਕਰ ਦਿੱਤਾ, "ਹਮ ਤੁਮਹੇਂ ਚਾਹਤੇ ਹੈਂ ਐਸੇ। ਮਰਨੇ ਵਾਲਾ ਕੋਈ... ਈ... ਈ... ਜ਼ਿੰਦਗੀ ਚਾਹਤਾ ਹੋ ਜੈਸੇ।" ਫਿਰ ਉਹ ਜਿਵੇਂ ਵਜਦ ਵਿਚ ਆ ਗਿਆ ਹੋਵੇ, "ਵਫ਼ਾ ਜਿਨ ਸੇ ਕੀ, ਬੇਵਫ਼ਾ ਹੋ ਗਏ। ਵੋਹ ਵਾਅਦੇ ਮੁਹੱਬਤ ਕੇ ਕਿਆ ਹੋ ਗਏ?" ਫਿਰ ਉਹਨੇ ਇਕ ਹੋਰ ਗੀਤ ਦਾ ਸਿੱਧਾ ਅੰਤਰਾ ਹੀ ਛੋਹ ਲਿਆ, "ਆ ਕੇ ਜ਼ਰਾ ਦੇਖ ਤੋ, ਤੇਰੀ ਖ਼ਾਤਰ ਹਮ ਕਿਸ ਤਰਹ ਸੇ ਜੀਏ? ਆਂਸੂਓਂ ਕੇ ਧਾਗੇ ਸੇ ਸੀਤੇ ਰਹੇ ਹਮ, ਜੋ ਜ਼ਖ਼ਮ ਤੁਮ ਨੇ ਦੀਏ। ਹਮ ਸੇ ਹੈ ਜ਼ਿੰਦਾ, ਹਮੀਂ ਸੇ ਹੈ ਤੇਰੀ ਮਹਿਫ਼ਿਲ ਜਵਾਂ। ਜਬ ਹਮ ਨਾ ਹੋਂਗੇ, ਤੋ ਰੋ-ਰੋ ਕੇ ਦੁਨੀਆਂ ਢੂੰਡੇਗੀ ਹਮਾਰੇ ਨਿਸ਼ਾਂ।"

ਉਸ ਨੂੰ ਅਜਿਹੇ ਗੀਤ ਗਾਉਂਦਿਆਂ ਸੁਣ ਕੇ ਸੱਥਰ 'ਤੇ ਬੈਠੇ ਬਾਕੀ ਬੰਦੇ ਹੱਸਣ ਲੱਗ ਪਏ ਤੇ ਉਸ ਨੂੰ ਗੁੱਝੀਆਂ ਰਮਜ਼ਾਂ ਮਾਰਨ ਲੱਗ ਪਏ। ਗੁੱਝੇ-ਗੁੱਝੇ ਮਖੌਲ ਕਰਨ ਲੱਗ ਪਏ। ਗੋਮੀ ਨੇ ਸਾਰਿਆਂ ਦੀ ਨਜ਼ਰ ਬਚਾ ਕੇ ਆਪਣੇ ਕੁੜਤੇ ਦੀਆਂ ਬਾਂਹਵਾਂ ਨਾਲ ਅੱਖਾਂ 'ਚ ਆਏ ਅੱਥਰੂ ਪੂੰਝੇ ਤੇ ਫਿਰ ਗਾਉਣ ਲੱਗ ਪਿਆ, "ਨਾ ਧੁੱਪ ਰਹਿਣੀ ਨਾ ਛਾਂ ਬੰਦਿਆ। ਨਾ ਪਿਉ ਰਹਿਣਾ ਨਾ ਮਾਂ ਬੰਦਿਆ। ਹਰ ਸ਼ੈਅ ਨੇ ਆਖਰ ਮੁੱਕ ਜਾਣਾ। ਬੱਸ, ਰਹਿਣਾ ਰੱਬ ਦਾ ਨਾਂ ਬੰਦਿਆ... ਆ... ਆ!"

ਬਾਕੀ ਸੱਥਰੀ ਲੋਕ ਸੁਣਦੇ ਰਹੇ ਤੇ ਗੋਮੀ ਸਾਰੀ ਰਾਤ ਗਾਉਂਦਾ ਰਿਹਾ। ਉਸ ਨੇ ਉਸ ਰਾਤ ਹੋਰ ਕਿਸੇ ਨੂੰ ਕੁਝ ਗਾਉਣ ਦਾ ਮੌਕਾ ਹੀ ਨਾ ਦਿੱਤਾ। ਇਕ ਸੱਥਰ ਨੇਸ਼ੇ ਹੁਣਾਂ ਦੇ ਘਰ ਦੇ ਅੰਦਰ-ਬਾਹਰ ਵਿਛਿਆ ਪਿਆ ਸੀ ਅਤੇ ਦੂਜਾ ਸੱਥਰ ਗੋਮੀ ਦੇ ਸਮੁੱਚੇ ਵਜੂਦ 'ਤੇ ਵਿਛਿਆ ਪਿਆ ਸੀ।

ਰਾਤ ਨੇਸ਼ੇ ਹੁਣਾਂ ਦੇ ਘਰ ਦੇ ਵਿਹੜੇ ਦੀਆਂ ਕੰਧਾਂ ਟੱਪ ਕੇ ਤੇ ਗਲੀ 'ਚੋਂ ਲੰਘਦੀ ਹੋਈ ਪੂਰੇ ਸ਼ਹਿਰ ਦਾ ਚੱਕਰ ਕੱਟ ਵਿਦਾ ਹੋ ਗਈ। ਬੱਸ, ਉਦੋਂ ਹੀ ਸੁਬਹ ਦੇ ਵਕਤ ਰਾਗੋ ਨੇ ਆਪਣੇ ਪੁਰਾਣੇ ਸ਼ਹਿਰ, ਪੁਰਾਣੇ ਘਰ ਅੰਦਰ ਪੈਰ ਟਿਕਾਇਆ। ਉਸ ਨੇ ਆਪਣੇ ਦੂਜੇ ਪਤੀ ਹੱਬੀ ਤੋਂ ਪੈਦਾ ਹੋਏ ਸੱਤਾਂ ਕੁ ਮਹੀਨਿਆਂ ਦੇ ਮੁੰਡੇ ਨੂੰ ਕੁੱਛੜ ਚੁੱਕਿਆ ਹੋਇਆ ਸੀ। ਹੱਬੀ ਉਹਦੇ ਨਾਲ ਨਹੀਂ ਆਇਆ। ਉਹ ਰਾਗੋ ਨੂੰ ਵੀ ਨਹੀਂ ਆਉਣ ਦੇ ਰਿਹਾ ਸੀ। ਹੱਬੀ ਨੇ ਰਾਗੋ ਕੋਲੋਂ ਮੁੜ ਉਹਦੇ ਕੋਲ ਵਾਪਸ ਪਰਤਣ ਦਾ ਭਰੋਸਾ ਲੈ ਕੇ ਉਸ ਨੂੰ ਆਉਣ ਦਿੱਤਾ, ਪਰ ਉਸ ਨੇ ਉਹਦੇ ਕੋਲੋਂ ਉਹਦਾ ਮੋਬਾਈਲ ਫੋਨ ਤੇ ਗਹਿਣਿਆਂ ਵਾਲਾ ਡੱਬਾ ਲੈ ਕੇ ਆਪਣੇ ਕੋਲ ਰੱਖ ਲਿਆ।

ਰਾਗੋ ਦੇ ਬਾਰ੍ਹਵੇਂ ਬੱਚੇ ਬਾਰੇ ਜਿਨ੍ਹਾਂ ਨੂੰ ਪਹਿਲਾਂ ਹੀ ਪਤਾ ਲੱਗ ਚੁੱਕਾ ਸੀ, ਉਹ ਤਾਂ ਹੈਰਾਨ ਨਾ ਹੋਏ। ਐਪਰ ਬਾਕੀ ਵੇਖਣ ਵਾਲੇ ਡਾਢੇ ਹੈਰਾਨ ਹੋਏ। ਭੋਲੂ ਦੀ ਵਹੁਟੀ ਕੇਸ਼ਵੀ ਸੋਹਣੀ-ਸੁਨੱਖੀ, ਪਰ ਪੱਕੀ ਉਮਰ ਦੀ ਹੋ ਚੁੱਕੀ ਆਪਣੀ ਸੱਸ ਦੇ ਪਹਿਲੀ ਵਾਰ ਰੂ-ਬ-ਰੂ ਹੋਈ। ਕੇਸ਼ਵੀ ਨੇ ਵੀ ਗੋਦੀ 'ਚ ਆਪਣਾ ਬਾਲ ਚੁੱਕਿਆ ਹੋਇਆ ਸੀ। ਇਕ ਪਾਸੇ ਭੌਰ-ਭੌਰ ਖੜ੍ਹੇ ਭੋਲੂ ਨੂੰ ਬਾਲ ਫੜਾ ਕੇ ਕੇਸ਼ਵੀ ਨੇ ਅਗਾਂਹ ਹੋ ਕੇ ਰਾਗੋ ਦੇ ਪੈਰੀਂ ਹੱਥ ਲਾਏ।

ਰਾਗੋ ਝੱਟ ਸਮਝ ਗਈ ਕਿ ਇਹ ਮੇਰੀ ਨੂੰਹ ਹੈ। ਉਸ ਨੇ ਕੇਸ਼ਵੀ ਨੂੰ ਢੇਰ ਸਾਰੀਆਂ ਅਸੀਸਾਂ ਦਿੱਤੀਆਂ ਤੇ ਭੋਲੂ ਨੂੰ ਕਿਹਾ, "ਪੁੱਤ, ਆਪਣੀ ਵਹੁਟੀ ਨੂੰ ਫੁੱਲਾਂ ਵਾਂਗ ਰੱਖੀਂ। ਔਰਤ ਦਾ ਮਨ ਬਹੁਤ ਕੋਮਲ ਹੁੰਦਾ ਏ।" ਭੋਲੂ ਚੁੱਪ ਰਿਹਾ ਤੇ ਉਹਦੇ ਬਾਕੀ ਭੈਣਾਂ-ਭਰਾਵਾਂ ਨੇ ਆਪਣੀ ਮਾਂ ਦੁਆਲੇ ਝੁਰਮਟ ਜਿਹਾ ਬਣਾ ਕੇ ਉਚੀ-ਉਚੀ ਰੋਣਾ ਸ਼ੁਰੂ ਕਰ ਦਿੱਤਾ। ਰਾਗੋ ਵੀ ਉਚੀ-ਉਚੀ ਰੋਣ ਲੱਗ ਪਈ। ਉਹਦਾ ਮਨ ਆਪਣੇ ਬੱਚਿਆਂ ਦੇ ਹੇਰਵੇ ਕਾਰਨ ਭਰਿਆ ਪਿਆ ਸੀ। ਆਪਣੇ ਬੱਚਿਆਂ ਨੂੰ ਦਿਲਾਸਾ ਦੇਣ ਬਾਅਦ ਰਾਗੋ ਨੇ ਆਪਣੇ ਸਿਰ 'ਤੇ ਲਈ ਚਿੱਟੀ ਚੁੰਨੀ ਨੂੰ ਮੋਏ ਨੇਸ਼ੇ ਦੇ ਪੈਰਾਂ ਕੋਲ ਰੱਖ ਕੇ ਮੱਥਾ ਟੇਕਿਆ ਤੇ ਫਿਰ ਹੌਲੀ ਜਿਹੀ ਆਖਿਆ, "ਸੱਜਣਾ, ਤੈਨੂੰ ਤੇਰੇ ਸਾਰੇ ਗੁਨਾਹ ਮਾਫ। ਮੇਰੀਆਂ ਭੁੱਲਾਂ-ਚੁੱਕਾਂ ਮਾਫ ਕਰੀਂ!"

ਨੇਸ਼ੇ ਦੇ ਦਾਹ-ਸੰਸਕਾਰ ਤੋਂ ਬਾਅਦ ਬੱਸ, ਕੁਝ ਘੜੀਆਂ ਹੀ ਰਾਗੋ ਆਪਣੇ ਪੁਰਾਣੇ ਘਰ 'ਚ ਰੁਕੀ। ਫਿਰ ਆਪਣੀ ਸਭ ਤੋਂ ਵੱਡੀ ਧੀ ਬਿੰਦੀਆ ਨੂੰ ਨੇਸ਼ੇ ਦੇ ਭੋਗ 'ਤੇ ਖਰਚ ਕਰਨ ਲਈ ਕਾਫੀ ਸਾਰੇ ਰੁਪਏ ਦੇ ਕੇ ਹੱਬੀ ਦਾ ਮੁੰਡਾ ਕੁੱਛੜ ਚੁੱਕੀ ਆਪਣੇ ਨਵੇਂ ਘਰ, ਨਵੇਂ ਟਿਕਾਣੇ ਵੱਲ ਰਵਾਨਾ ਹੋ ਗਈ। ਕਈਆਂ ਵੱਲੋਂ ਰੋਕਣ ਦੇ ਬਾਵਜੂਦ ਉਹ ਨਾ ਰੁਕੀ। ਗਲੀ ਦੇ ਮੋੜ 'ਤੇ ਜਾ ਕੇ ਉਸ ਨੇ ਮੁੜ ਕੇ ਆਪਣੇ ਉਸ ਪੁਰਾਣੇ ਘਰ ਵੱਲ ਜ਼ਰੂਰ ਵੇਖਿਆ ਜਿਸ ਘਰ ਵਿਚ ਉਹ ਕਾਫੀ ਸਾਲ ਪਹਿਲਾਂ ਨੇਸ਼ੇ ਨੇ ਸਿਹਰਾ ਬੰਨ੍ਹ ਵਿਆਹ ਕੇ ਲਿਆਂਦੀ ਸੀ।

ਮਿੰਨੀ ਕਹਾਣੀ

## ਸਮਝਦਾਰੀ

ਖੁੱਡੇ ਵਿਚ ਤਾਜ਼ੇ ਹੋਏ ਨਵ-ਜੰਮੇ ਚੂਚੇ ਇਕ ਸ਼ਾਮ ਆਪਣੀ ਮਾਂ ਕੁਕੜੀ ਨੂੰ ਕਹਿਣ ਲੱਗੇ, "ਨੀ ਮਾਂ, ਸਾਡਾ ਬਾਹਰ ਖੁੱਲ੍ਹੇ ਵਿਹੜੇ ਵਿਚ ਖੇਡਣ ਨੂੰ ਚਿਤ ਕਰਦੈ, ਪਰ ਤੂੰ ਸਾਨੂੰ ਬਾਹਰ ਨਿਕਲਣ ਹੀ ਨਹੀਂ ਦਿੰਦੀ... ਅੱਜ ਬਾਹਰ ਮੌਸਮ ਬਹੁਤ ਸੁਹਾਵਣਾ ਲਗਦੈ... ਅਸੀਂ ਘੁੰਮ ਲਈਏ ਵਿਹੜੇ ਵਿਚ?"

ਕੁਕੜੀ ਨੇ ਆਪਣੇ ਬੱਚਿਆਂ ਦਾ ਸਵਾਲ ਬੜੀ ਗੰਭੀਰਤਾ ਨਾਲ ਸੁਣ ਕੇ ਕਿਹਾ, "ਇਉਂ ਕਰੋ, ਤਾਕੀ ਵਿਚੋਂ ਮੂੰਹ ਕੱਢ ਕੇ ਆਲੇ-ਦੁਆਲੇ ਨਜ਼ਰ ਮਾਰੋ, ਕਿਤੇ ਕੋਈ ਸਾਡਾ ਦੁਸ਼ਮਣ ਜਾਨਵਰ ਤਾਂ ਨਹੀਂ ਫਿਰਦਾ?"

ਦੋਹਾਂ ਚੂਚਿਆਂ ਨੇ ਬੜੇ ਚਾਅ ਨਾਲ ਤਾਕੀ ਵਿਚੋਂ ਦੂਰ-ਦੂਰ ਤੱਕ ਝਾਕਿਆ। ਦੋ ਪਲ ਇੰਜ ਦੇਖ ਕੇ ਖੁਸ਼ੀ ਵਿਚ ਝੂਮਦਿਆਂ ਉਹ ਮਾਂ ਨੂੰ ਕਹਿੰਦੇ, "ਮਾਂ! ਮਾਂ! ਬਾਹਰ ਸਾਰਾ ਵਿਹੜਾ ਵਿਹਲਾ ਪਿਐ... ਬਸ ਬਾਹਰਲੇ ਗੇਟ ਕੋਲ ਵਗਲ ਦੀ ਕੰਧ ਨਾਲ ਲੂੰਬੜ ਘੂਕ ਸੁੱਤਾ ਪਿਐ!... ਸਾਨੂੰ ਉਹਦਾ 'ਸੁੱਤੇ ਪਏ' ਦਾ ਕਾਹਦਾ ਡਰ?... ਸਾਨੂੰ ਜਾਣ ਦੇਹ ਬਾਹਰ ਅੱਜ ਮਾਂ।"

"ਚੁੱਪ! ਖਾਮੋਸ਼!" ਕੁਕੜੀ ਨੇ ਝਿੜਕਦਿਆਂ ਕਿਹਾ, "ਅੰਦਰ ਹੀ ਬੈਠੋ!... ਹਾਲੇ ਨਹੀਂ ਤੁਸੀਂ ਕਾਬਲ ਹੋਏ ਬਾਹਰ ਖੇਲਣ-ਮੱਲ੍ਹਣ ਦੇ।" ਮਾਂ ਦਾ ਇਨਕਾਰ ਸੁਣ ਕੇ ਵਿਚਾਰੇ ਚੂਚੇ ਮਾਯੂਸ ਜਿਹੇ ਹੋ ਕੇ ਬਹਿ ਗਏ।

ਹਫਤਾ ਦੋ ਹਫਤੇ ਬਾਅਦ ਇਕ ਸ਼ਾਮ ਫਿਰ ਚੂਚਿਆਂ ਨੇ ਆਪਣੀ ਮਾਂ ਅੱਗੇ ਖੁੱਡੇ ਵਿਚੋਂ ਬਾਹਰ ਜਾਣ ਦੀ ਇਜਾਜ਼ਤ ਮੰਗੀ। ਕੁਕੜੀ ਨੇ ਫਿਰ ਉਹੀ ਗੱਲ ਕਹਿ ਦਿੱਤੀ; ਅਖੇ, ਬਾਹਰ ਦਾ ਮਾਹੌਲ ਦੇਖੋ ਤਾਂ ਕੈਸਾ ਹੈ? ਚੂਚਿਆਂ ਨੇ ਬਾਹਰ ਗਰਦਨਾਂ ਕੱਢ ਕੇ ਚਾਰ-ਚੁਫੇਰਾ ਦੇਖ ਕੇ ਜਵਾਬ ਦਿੱਤਾ, "ਏ ਮਾਂ, ਬਾਹਰ ਲੂੰਬੜ ਲੰਮੀਆਂ ਤਾਣ ਕੇ ਅੱਖਾਂ ਮੀਟੀ ਪਿਐ... ਪਰ ਸਾਨੂੰ 'ਸ਼ੱਕ' ਹੈ ਕਿ ਉਹ 'ਸੁੱਤਾ ਹੋਇਆ' ਨਹੀਂ। ਹੈਗਾ ਤਾਂ ਖੁੱਡੇ ਤੋਂ ਦੂਰ ਈ ਆ... ਬਾਹਰ ਗੇੜਾ ਮਾਰ ਆਈਏ ਅਸੀਂ ਅੱਜ?"

ਕੁਕੜੀ ਨੇ ਨਾਂਹ ਵਿਚ ਸਿਰ ਹਿਲਾਉਂਦਿਆਂ ਬੱਚਿਆਂ ਨੂੰ ਕਿਹਾ, "ਲਾਡਲਿਓ, ਤੁਸੀਂ ਵੱਡੇ ਤਾਂ ਜ਼ਰੂਰ ਹੋ ਗਏ ਓ, ਪਰ ਹਾਲੇ 'ਸਿਆਣੇ' ਨਹੀਂ ਹੋਏ... ਹਾਲੇ ਨਹੀਂ ਮੈਂ ਤੁਹਾਨੂੰ ਬਾਹਰ ਖੇਡਣ ਜਾਣ ਦੇਣਾ।"

ਕੁਝ ਅਰਸਾ ਬਾਅਦ ਚੂਚੇ ਵੱਡੇ ਹੋ ਗਏ। ਖੁੱਡੇ ਦੇ ਅੰਦਰ-ਅੰਦਰ ਰਹਿ ਕੇ ਉਨ੍ਹਾਂ ਦਾ ਸਾਹ ਜਿਹਾ ਘੁੱਟਿਆ ਜਾਣ ਲੱਗਾ। ਉਨ੍ਹਾਂ ਦਾ ਦਿਲ ਕਾਹਲਾ ਪੈਣ ਲੱਗਾ ਕਿ ਬਾਹਰ ਖੁੱਲ੍ਹੀ ਹਵਾ ਵਿਚ ਟਪੂਸੀਆਂ ਮਾਰੀਆਂ ਜਾਣ... ਆਜ਼ਾਦ ਮਾਹੌਲ ਦਾ ਅਨੰਦ ਮਾਣਿਆ ਜਾਵੇ, ਪਰ ਮਾਂ ਦੀ ਇਜਾਜ਼ਤ ਤੋਂ ਬਿਨਾਂ ਉਨ੍ਹਾਂ ਦਾ ਹੀਆ ਨਾ ਪਿਆ ਖੁੱਡੇ ਵਿਚੋਂ ਨਿਕਲਣ ਦਾ।

ਤਾਕੀ ਦੀਆਂ ਵਿਰਲਾਂ ਥਾਣੀਂ ਬਾਹਰਲੇ ਮੌਸਮ ਦਾ ਅੰਦਾਜ਼ਾ ਲਾਉਂਦਿਆਂ, ਉਨ੍ਹਾਂ ਇਕ ਦਿਨ ਦੁਪਹਿਰ ਬਾਅਦ ਫਿਰ ਮਾਂ ਅੱਗੇ ਅਰਜ਼ ਗੁਜ਼ਾਰੀ। ਪਹਿਲਾਂ ਵਾਂਗ ਹੀ ਕੁਕੜੀ ਨੇ ਕਿਹਾ ਕਿ ਵਿਹੜੇ ਵੱਲ ਨਜ਼ਰ ਮਾਰ ਕੇ ਦੇਖੋ, ਸੂਰਤੇ-ਹਾਲ ਕੈਸਾ ਹੈ?

ਅੱਧੀ ਕੁ ਤਾਕੀ ਖੋਲ੍ਹ ਕੇ ਚੂਚਿਆਂ ਨੇ ਬਾਹਰ ਗਰਦਨਾਂ ਕੱਢੀਆਂ। ਬਾਹਰ ਦਾ ਆਲਾ-ਦੁਆਲਾ ਤੱਕਣ ਤੋਂ ਬਾਅਦ, ਉਹ ਪਹਿਲਾਂ ਵਾਂਗ ਫਟਾ-ਫਟ ਕੁਕੜੀ ਕੋਲ ਭੱਜੇ ਆਉਣ ਦੀ ਬਜਾਏ, ਇਸ ਵਾਰ ਬਾਹਰ ਵੱਲ ਨੀਝਾਂ ਲਾ-ਲਾ ਦੇਖੀ ਜਾਣ।

ਹੈਰਾਨ ਹੋਈ ਕੁਕੜੀ ਦੇਖੇ ਕਿ ਬਾਹਰ ਇਹੋ ਜਿਹਾ ਕੀ ਅਨੋਖਾ ਹੋਵੇਗਾ ਜੋ ਇਹ ਨਜ਼ਰਾਂ ਗੱਡੀ ਬਾਹਰ ਹੀ ਦੇਖੀ ਜਾਂਦੇ ਨੇ? ਫਿਕਰਮੰਦ ਹੋਈ ਕੁਕੜੀ ਪੋਲੇ ਪੈਰੀਂ ਚੂਚਿਆਂ ਪਿਛੇ ਜਾ ਖੜ੍ਹੀ ਹੋਈ ਅਤੇ ਬਾਹਰ ਝਾਤੀ ਮਾਰੀ। ਉਸ ਨੇ ਦੇਖਿਆ ਕਿ ਵਗਲ ਦੇ ਵੱਡੇ ਗੇਟ ਕੋਲ ਲੂੰਬੜ ਲੰਮਾ ਪਿਆ ਹੈ... ਤੇ ਚੂਚੇ ਉਹਦੇ ਵੱਲ ਹੀ ਗਹੁ ਨਾਲ ਦੇਖ ਰਹੇ ਸਨ।

ਕੁਕੜੀ ਨੇ ਸਿਰ ਨੀਵਾਂ ਕਰ ਕੇ ਚੂਚਿਆਂ ਦੀ ਆਪਸੀ ਕਾਨਾਫੂਸੀ ਸੁਣੀ। ਉਹ ਹੀ-ਹੀ-ਹੀਂ ਕਰਦੇ ਦੱਬਵੀਂ ਜ਼ਬਾਨ ਲੂੰਬੜ ਵੱਲ ਨੂੰ ਮੂੰਹ ਚੁੱਕ ਕੇ ਕਹਿ ਰਹੇ ਸਨ, "ਓਏ ਕਪਟੀ ਤੇ ਮੱਕਾਰ ਲੂੰਬੜਾ, ਤੂੰ 'ਸੁੱਤਾ ਹੋਣ' ਦਾ ਡਰਾਮਾ ਕਰਦੈਂ! ਸਾਨੂੰ ਤੇਰੇ ਪਖੰਡਾਂ ਦਾ ਪਤੈ... ਅਸੀਂ ਤੇਰਾ ਭੋਰਾ ਯਕੀਨ ਨਹੀਂ ਕਰਦੇ... ਸੌਣਾ ਛੱਡ, ਤੂੰ ਭਾਵੇਂ 'ਮਰਿਆ ਹੋਣ' ਦਾ ਨਾਟਕ ਵੀ ਕਰ... ਅਸੀਂ ਤੇਰੇ ਅੜਿੱਕੇ ਨਹੀਂ ਆਉਣ ਲੱਗੇ ਪਖੰਡੀਆ!"

ਚੁੰਝਾਂ ਨਾਲ ਤਾਕੀ ਖੋਲ੍ਹਦਿਆਂ ਕੁਕੜੀ ਚੂਚਿਆਂ ਨੂੰ ਕਹਿੰਦੀ, "ਲਉ ਬੱਚਿਓ, ਹੁਣ ਤੁਸੀਂ ਵਿਹੜੇ ਵਿਚ ਖੇਡਣ ਦੇ ਕਾਬਲ ਹੋ ਗਏ ਹੋ।"

-ਤਰਲੋਚਨ ਸਿੰਘ ਦੁਪਾਲਪੁਰ

# ਸੁਧੀਰ ਮਿਸ਼ਰਾ ਦੀ 'ਦੇਸ਼ ਭਗਤਾਂ' ਉਤੇ ਤਨਜ਼

ਉਘੇ ਫਿਲਮਸਾਜ਼ ਸੁਧੀਰ ਮਿਸ਼ਰਾ ਨੇ 'ਭਾਰਤ ਮਾਤਾ ਕੀ ਜੈ' ਵਾਲੇ ਨਾਅਰੇ ਉਤੇ ਤਨਜ਼ ਕੱਸਦਿਆਂ ਕਿਹਾ ਹੈ ਕਿ ਅਖੌਤੀ ਦੇਸ਼ ਭਗਤਾਂ ਦਾ ਇਹ ਰੌਲਾ ਬਹੁਤ ਨਕਲੀ ਜਾਪ ਰਿਹਾ ਹੈ। ਦੇਸ਼ ਭਗਤੀ ਸਿਰਫ਼ ਨਾਅਰਿਆਂ ਨਾਲ ਨਹੀਂ, ਕੰਮਾਂ ਵਿਚੋਂ ਝਲਕਣੀ ਚਾਹੀਦੀ ਹੈ। ਇਹ ਨਾਅਰਾ ਲਗਾਉਣ ਵਾਲੇ ਲੋਕਾਂ ਵੱਲੋਂ ਆਮ ਲੋਕਾਂ ਅੰਦਰ ਨਫ਼ਰਤ ਦੇ ਬੀਜ, ਬੀਜੇ ਜਾ ਰਹੇ ਹਨ। ਯਾਦ ਰਹੇ ਕਿ ਆਰ.ਐਸ.ਐਸ. ਅਤੇ ਭਾਰਤੀ ਜਨਤਾ ਪਾਰਟੀ ਨਾਲ ਸਬੰਧਤ ਜਥੇਬੰਦੀਆਂ ਨੇ ਹੁਣ ਇਹ ਗੱਲ ਆਮ ਹੀ ਪ੍ਰਚਾਰ ਦਿੱਤੀ ਹੈ ਕਿ 'ਭਾਰਤੀ ਮਾਤਾ ਕੀ ਜੈ' ਦਾ ਨਾਅਰਾ ਲਗਾਉਣ ਵਾਲਾ ਹੀ ਦੇਸ਼ ਭਗਤ ਹੈ। ਇਸ ਮਾਮਲੇ ਵਿਚ ਵੱਖ-ਵੱਖ ਲੋਕਾਂ ਨੂੰ ਇਹ ਨਾਅਰਾ ਲਗਾਉਣ ਲਈ ਮਜਬੂਰ ਕੀਤਾ ਜਾ ਰਿਹਾ ਹੈ।

ਇਸ ਮਾਮਲੇ ਵਿਚ ਅਨੂਪਮ ਖੇਰ ਵਰਗਾ ਚੰਗਾ ਕਲਾਕਾਰ ਵੀ ਕਟੜਪੰਥੀਆਂ ਦੇ ਪਾਲੇ ਵਿਚ ਖੜ੍ਹਾ ਨਜ਼ਰ ਆ ਰਿਹਾ ਹੈ। ਸੁਧੀਰ ਮਿਸ਼ਰਾ ਆਖਦਾ ਹੈ, "ਮੇਰੇ ਲਈ ਦੇਸ਼ ਭਗਤੀ ਦਾ ਮਤਲਬ ਹੈ ਜਦੋਂ ਕੋਈ ਬੰਦਾ ਰੂਹ ਨਾਲ ਕੰਮ ਕਰਦਾ ਹੈ। ਇਸ ਕੰਮ ਵਿਚੋਂ ਹੀ ਤੁਹਾਡੀ ਦੇਸ਼ ਭਗਤੀ ਝਲਕਣੀ ਚਾਹੀਦੀ ਹੈ।" ਅਨੂਪਮ ਖੇਰ ਵੱਲ ਇਸ਼ਾਰਾ ਸੁੱਟਦਿਆਂ ਉਹ ਸਾਫ ਕਹਿੰਦਾ ਹੈ ਕਿ ਜੇ ਕੋਈ ਇਹ ਨਾਅਰਾ ਲਗਾਉਣਾ ਚਾਹੁੰਦਾ ਹੈ ਤਾਂ ਲਾਈ ਜਾਵੇ, ਕਿਸੇ ਨੂੰ ਮਜਬੂਰ ਨਹੀਂ ਕੀਤਾ ਜਾਣਾ ਚਾਹੀਦਾ। ਉਨ੍ਹਾਂ ਕਿਹਾ ਕਿ ਜ਼ਬਰਦਸਤੀ ਕਰ ਕੇ ਹੀ ਤਾਂ ਇਹ ਸਾਰਾ ਕੁਝ ਨਕਲੀ ਜਾਪ ਰਿਹਾ ਹੈ। ਇਸ ਦੇ ਨਾਲ ਹੀ ਉਨ੍ਹਾਂ ਸਪਸ਼ਟ ਕੀਤਾ ਕਿ ਉਹ ਆਲ ਇੰਡੀਆ ਮਜਲਸ-ਏ-ਇਤਿਹਾਦ-ਉਲ ਮੁਸਲਮੀਨ ਦੇ ਲੀਡਰ ਅਸਦ-ਉਦ-ਦੀਨ ਓਵੈਸੀ ਨਾਲ ਵੀ ਸਹਿਮਤ ਨਹੀਂ ਹਨ, ਕਿਉਂਕਿ ਅਜਿਹੇ ਲੀਡਰ ਮਜ਼ਹਬੀ ਆਧਾਰ ਉਤੇ ਨਫ਼ਰਤ ਫੈਲਾਉਣ ਦਾ ਕੰਮ ਹੀ ਕਰਦੇ ਹਨ। ਉਨ੍ਹਾਂ ਫਿਲਮਸਾਜ਼ ਹੰਸਲ ਮਹਿਤਾ ਦੀ ਖੂਬ ਤਾਰੀਫ਼ ਕੀਤੀ ਅਤੇ ਉਨ੍ਹਾਂ ਦੇ ਪੈਂਤੜੇ ਨੂੰ ਸਲਾਹਿਆ। ਯਾਦ ਰਹੇ ਕਿ ਇਸ ਮਾਮਲੇ 'ਤੇ ਹੰਸਲ ਮਹਿਤਾ ਨੇ ਕੱਟੜ ਜਥੇਬੰਦੀਆਂ ਦੀ ਤਿੱਖੀ ਨੁਕਤਾਚੀਨੀ ਕੀਤੀ ਸੀ।



# ਜ਼ੀਨਤ ਦੀ ਲਾਹੌਰੀ ਮੁਹੱਬਤ



**ਰੌਸ਼ਨੀ ਖੇਤਲ**

ਬੀਤੇ ਵੇਲਿਆਂ ਦੀ ਖੂਬਸੂਰਤ ਅਦਾਕਾਰਾ ਜ਼ੀਨਤ ਅਮਾਨ ਲਾਹੌਰ ਪਹੁੰਚੀ ਤਾਂ ਉਹ ਇਸ ਸ਼ਹਿਰ ਦੀ ਖੂਬਸੂਰਤੀ ਨੂੰ ਦੇਖ ਕੇ ਦੰਗ ਹੀ ਰਹਿ ਗਈ ਅਤੇ ਉਸ ਦੇ ਮੂੰਹੋਂ ਆਪ-ਮੁਹਾਰੇ ਨਿਕਲ ਗਿਆ: "ਕਿੰਨਾ ਸੋਹਣਾ ਸ਼ਹਿਰ ਹੈ ਅਤੇ ਕਿੰਨੇ ਸੋਹਣੇ ਹਨ ਇਸ ਸ਼ਹਿਰ ਦੇ ਲੋਕ। ਕਾਸ਼! ਮੈਂ ਲਾਹੌਰ ਪਹਿਲਾਂ ਆਈ ਹੁੰਦੀ।" ਕੋਲ ਖੜ੍ਹੇ ਲੋਕਾਂ ਨੂੰ ਜ਼ੀਨਤ ਅਮਾਨ ਦੇ ਇਹ ਅਲਫ਼ਾਜ਼ ਨਿਰੀ ਕਵਿਤਾ ਲੱਗੇ। ਲੋਕਾਂ ਨਾਲ ਗੱਲਾਂ ਕਰਦਿਆਂ ਉਸ ਨੇ ਦੱਸਿਆ ਕਿ ਭਾਰਤੀ ਫਿਲਮ ਇੰਡਸਟਰੀ ਵਿਚ ਪੇਸ਼ਾਵਰ ਦੇ ਬਥੇਰੇ ਲੋਕ ਛਾਏ ਰਹੇ ਹਨ ਅਤੇ ਸੁਣਿਆ ਹੈ ਕਿ ਮੁਲਕ ਦੀ ਵੰਡ ਤੋਂ ਪਹਿਲਾਂ ਲਾਹੌਰ ਫਿਲਮਾਂ ਅਤੇ ਕਲਾ ਦਾ ਗੜ੍ਹ ਹੁੰਦਾ ਸੀ!

ਯਾਦ ਰਹੇ ਕਿ ਜ਼ੀਨਤ ਅਮਾਨ ਦਾ ਜਨਮ ਵੰਡ ਤੋਂ ਚਾਰ ਸਾਲ ਬਾਅਦ 19 ਨਵੰਬਰ 1951 ਨੂੰ ਮੁੰਬਈ ਵਿਚ ਹੋਇਆ ਸੀ। ਉਸ ਨੇ ਆਪਣੀ ਪੜ੍ਹਾਈ ਅਮਰੀਕਾ ਦੇ ਸ਼ਹਿਰ ਲਾਸ ਏਂਜਲਸ ਵਿਚ ਮੁਕੰਮਲ ਕੀਤੀ ਅਤੇ 19 ਵਰ੍ਹਿਆਂ ਦੀ ਉਮਰ ਵਿਚ ਉਹ 1970 ਵਿਚ ਮਿਸ ਏਸ਼ੀਆ ਪੈਸਿਫਿਕ ਬਣ ਗਈ ਸੀ।

ਇਸ ਤੋਂ ਬਾਅਦ ਉਸ ਦਾ ਫਿਲਮ ਕਰੀਅਰ ਆਰੰਭ ਹੋਇਆ। 1971 ਵਿਚ ਉਸ ਨੇ ਦੋ ਫਿਲਮਾਂ ਕੀਤੀਆਂ- 'ਹਲਚਲ' ਅਤੇ 'ਹੰਗਾਮਾ'। ਫਿਲਮ ਹਲਚਲ ਉਘੇ ਫਿਲਮਸਾਜ਼ ਓ.ਪੀ ਰਲਹਨ ਨੇ ਬਣਾਈ ਸੀ ਅਤੇ 'ਹੰਗਾਮਾ' ਵਿਚ ਉਸ ਦਾ ਹੀਰੋ ਕਿਸ਼ੋਰ ਕੁਮਰ ਸੀ; ਪਰ ਇਹ ਦੋਵੇਂ ਫਿਲਮਾਂ ਚੱਲੀਆਂ ਹੀ ਨਹੀਂ ਅਤੇ ਉਹ ਵਾਪਸ ਆਪਣੀ ਮਾਂ ਕੋਲ ਜਰਮਨੀ ਚਲੀ ਗਈ। ਮਗਰੋਂ ਉਸੇ ਹੀ ਸਾਲ ਦੇਵ ਅਨੰਦ ਨੇ ਆਪਣੀ ਫਿਲਮ 'ਹਰੇ ਰਾਮਾ ਹਰੇ ਕ੍ਰਿਸ਼ਨਾ' ਲਈ ਉਸ ਨਾਲ ਸੰਪਰਕ ਕੀਤਾ। ਇਸ ਫਿਲਮ ਵਿਚ ਜ਼ੀਨਤ ਅਮਾਨ ਦੇ ਕਿਰਦਾਰ ਦੀ ਖੂਬ ਪ੍ਰਸ਼ੰਸਾ ਹੋਈ ਅਤੇ ਫਿਲਮੀ ਦੁਨੀਆਂ ਵਿਚ ਉਸ ਦੀ ਗੱਡੀ ਚੱਲ ਨਿਕਲੀ। ਇਸ ਤੋਂ ਬਾਅਦ ਤਾਂ ਉਸ ਨੇ ਫਿਲਮ ਦੁਨੀਆਂ ਨੂੰ ਬੜੀਆਂ ਹਿੱਟ ਫਿਲਮਾਂ ਦਿੱਤੀਆਂ ਅਤੇ ਉਹ ਲਗਭਗ ਦੋ ਦਹਾਕੇ ਫਿਲਮ ਇੰਡਸਟਰੀ ਵਿਚ ਛਾਈ ਰਹੀ।

ਹੁਣ ਜਦੋਂ ਜ਼ੀਨਤ ਅਮਾਨ ਪਾਕਿਸਤਾਨ ਪੁੱਜੀ ਤਾਂ ਉਸ ਨੂੰ ਕਈ ਤਰ੍ਹਾਂ ਦੇ ਸਵਾਲਾਂ ਦਾ ਸਾਹਮਣਾ ਵੀ ਕਰਨਾ ਪਿਆ। ਇਨ੍ਹਾਂ ਵਿਚੋਂ ਇਕ ਸਵਾਲ ਕ੍ਰਿਕਟਰ ਤੋਂ ਸਿਆਸਤਦਾਨ ਬਣੇ ਇਮਰਾਨ ਖਾਨ ਨਾਲ ਸਬੰਧਤ ਸੀ। ਕੋਈ ਵੇਲਾ ਸੀ ਜਦੋਂ ਜ਼ੀਨਤ ਅਮਾਨ ਅਤੇ ਇਮਰਾਨ ਖਾਨ ਦੇ ਰੋਮਾਂਸ ਦੀਆਂ ਖਬਰਾਂ ਉਡੀਆਂ ਸਨ। ਇਸ ਬਾਰੇ ਜ਼ੀਨਤ ਅਮਾਨ ਨੇ ਬਹੁਤ ਤਹੱਮਲ ਨਾਲ ਜਵਾਬ ਦਿੱਤਾ। ਉਨ੍ਹਾਂ ਸਵਾਲ ਪੁੱਛਣ ਵਾਲੇ ਨੂੰ ਕਿਹਾ, "ਬੀਤੇ ਵੇਲਿਆਂ ਦੀਆਂ ਗੱਲਾਂ ਹੁਣ ਕੀ ਫਰੋਲਣੀਆਂ ਹੋਈਆਂ! ਹੁਣ ਸਾਡੇ ਬੱਚੇ ਵੱਡੇ ਹੋ ਗਏ ਹਨ।" ਇਹ ਆਖ ਕੇ ਉਸ ਨੇ ਇਸ ਸਵਾਲ ਬਾਰੇ ਕੁਝ ਵੀ ਸੰਕੇਤ ਦੇਣ ਤੋਂ ਇਨਕਾਰ ਕਰ ਦਿੱਤਾ। ਬਾਅਦ ਵਿਚ ਗੈਰ ਰਸਮੀ ਗੱਲਬਾਤ ਦਾ ਜ਼ੀਨਤ ਨੇ ਸਪਸ਼ਟ ਕਿਹਾ ਕਿ ਪਿਆਰ ਦੀ ਕੋਈ ਪ੍ਰੀਭਾਸ਼ਾ ਨਹੀਂ ਬੰਨ੍ਹੀ ਜਾ ਸਕਦੀ ਅਤੇ ਨਾ ਹੀ ਇਸ ਨੂੰ ਕੈਦ ਕੀਤਾ ਜਾ ਸਕਦਾ ਹੈ। ਅਸਲ ਵਿਚ ਸਮਾਂ ਹੀ ਪਿਆਰ ਦੀ ਕੋਈ ਪ੍ਰੀਭਾਸ਼ਾ ਬੰਨ੍ਹ ਰਿਹਾ ਹੁੰਦਾ ਹੈ ਅਤੇ ਅਸੀਂ ਸਾਰੇ ਉਸ ਹਿਸਾਬ ਨਾਲ ਆਪੋ-ਆਪਣੇ ਕਦਮ ਅਗਾਂਹ ਵਧਾ ਰਹੇ ਹੁੰਦੇ ਹਾਂ।



# ਵਸਲ ਤੇ ਹਿਜਰ ਦਾ ਨਿਆਰਾ ਰੰਗ: 'ਇਜਾਜ਼ਤ'

**ਆਵਾਜ਼ ਦੇ ਕਹਾਂ ਹੈ... -43-**



**ਕੁਲਦੀਪ ਕੌਰ**
ਫੋਨ: +91-98554-04330


ਫਿਲਮ 'ਇਜਾਜ਼ਤ' ਜਦੋਂ ਰਿਲੀਜ਼ ਹੋਈ ਸੀ ਤਾਂ ਇੱਕ ਵਾਰ ਫਾਰਮੂਲਾ ਆਧਾਰਿਤ ਪ੍ਰੇਮ ਕਹਾਣੀਆਂ ਅਤੇ ਪਿਆਰ ਤਿਕੋਣਾਂ ਬਾਰੇ ਪਟਕਥਾਵਾਂ ਲਿਖਣ ਵਾਲੇ ਦੰਗ ਰਹਿ ਗਏ। ਇਹ ਫਿਲਮ ਵੱਖਰਾ ਹੀ ਤਜਰਬਾ ਸੀ। ਫਿਲਮ ਦੀ ਨਾ ਸਿਰਫ ਕਹਾਣੀ ਵੱਖਰੀ ਸੀ, ਸਗੋਂ ਇਸ ਕਹਾਣੀ ਨੂੰ ਫਿਲਮਾਇਆ ਵੀ ਬੇਹੱਦ ਕਾਵਿਮਈ ਢੰਗ ਨਾਲ ਸੀ। ਫਿਲਮ ਦੇ ਤਿੰਨੇ ਕਿਰਦਾਰ ਇੱਕ-ਦੂਜੇ ਨਾਲ ਰਹਿੰਦਿਆਂ ਵੀ ਇੱਕ-ਦੂਜੇ ਨਾਲ ਨਹੀਂ ਰਹਿੰਦੇ। ਉਹ ਨਾ ਤਾਂ ਪੂਰੀ ਤਰ੍ਹਾਂ ਮਿਲਦੇ ਹਨ ਤੇ ਨਾ ਹੀ ਪੂਰੀ ਤਰ੍ਹਾਂ ਵਿਛੜਦੇ ਹਨ। ਫਿਲਮ ਵਿਚ ਗੁਲਜ਼ਾਰ ਦੀ ਸ਼ਬਦਾਂ ਵਿਚ ਲਿਖੀ ਕਵਿਤਾ ਨੂੰ ਦ੍ਰਿਸ਼ਾਂ ਵਿਚ ਫਿਲਮਾਇਆ ਗਿਆ ਹੈ। ਫਿਲਮ ਦੇਖਦਿਆਂ ਪਾਣੀ ਦੀਆਂ ਲਟਕਦੀਆਂ ਬੂੰਦਾਂ, ਡਿੱਗਣ ਤੋਂ ਇੱਕਦਮ ਪਹਿਲਾਂ ਟਹਿਣੀਆਂ ਤੇ ਲਟਕਦੇ ਪੱਤੇ , ਘਰਾਂ ਦੇ ਸਾਰੇ ਕਮਰਿਆਂ ਵਿਚ ਵਿਉਂਤਬੱਧ ਢੰਗ ਨਾਲ ਚਿਣੇ ਪੌਦੇ ਅਤੇ ਰਸਤਿਆਂ ਦਾ ਇੱਕ-ਦੂਜੇ ਨੂੰ ਕੱਟਦਿਆਂ ਗੁਜ਼ਰਨਾ; ਇਹ ਸਾਰਾ ਕੁਝ ਵੀ ਕਹਾਣੀ ਦਾ ਕਿਰਦਾਰ ਬਣਦਾ ਹੈ। ਇਸ ਤੋਂ ਇਲਾਵਾ ਫਿਲਮ ਵਿਚ ਕਿਰਦਾਰਾਂ ਦਾ ਜੀਵਨ ਢੰਗ ਵੀ ਲੀਹ ਨਾਲੋਂ ਹਟਵਾਂ ਹੈ।

ਫਿਲਮ ਦੀ ਕਹਾਣੀ ਅਨੁਸਾਰ ਮਹਿੰਦਰ (ਨਸੀਰੂਦੀਨ ਸ਼ਾਹ) ਰੇਲਵੇ ਪਲੇਟਫਾਰਮ 'ਤੇ ਰਾਤ ਗੁਜ਼ਾਰਨ ਲਈ ਰੁਕਦਾ ਹੈ। ਉਥੇ ਵੇਟਿੰਗ ਰੂਮ ਵਿਚ ਉਸ ਦੀ ਮੁਲਾਕਾਤ ਸੁਧਾ (ਰੇਖਾ) ਨਾਲ ਹੁੰਦੀ ਹੈ। ਸੁਧਾ ਉਸ ਦੀ ਪਤਨੀ ਰਹਿ ਚੁੱਕੀ ਹੈ। ਉਹ ਦੋਵੇਂ ਹੈਰਾਨ-ਪ੍ਰੇਸ਼ਾਨ ਹੋ ਜਾਂਦੇ ਹਨ। ਫਿਰ ਹੌਲੀ-ਹੌਲੀ ਉਹ ਆਪਣੇ ਅਤੀਤ ਦੀਆਂ ਪਰਤਾਂ ਫਰੋਲਣੀਆਂ ਸ਼ੁਰੂ ਕਰਦੇ ਹਨ। ਦਰਸ਼ਕਾਂ ਨੂੰ ਇਹ ਜਾਣ ਕੇ ਹੈਰਾਨੀ ਹੁੰਦੀ ਹੈ ਕਿ ਸੁਧਾ ਨੇ ਇਹ ਜਾਣਦਿਆਂ ਵੀ ਮਹਿੰਦਰ ਨਾਲ ਵਿਆਹ ਕਰਵਾਇਆ ਸੀ ਕਿ ਉਹ ਪਹਿਲਾ ਹੀ ਮਾਇਆ (ਅਨੁਰਾਧਾ ਪਟੇਲ) ਨਾਲ ਰਹਿ ਰਿਹਾ ਹੈ ਤੇ ਸੁਧਾ ਨੂੰ ਵੀ ਉਹ ਸਾਰਾ ਕੁਝ ਦੱਸ ਚੁੱਕਾ ਹੈ। ਉਹ ਸੁਧਾ ਨਾਲ ਵਿਆਹ ਤੋਂ ਪਹਿਲਾ ਮਾਇਆ ਨੂੰ ਲੱਭਣ ਵੀ ਜਾਂਦਾ ਹੈ, ਪਰ ਮਾਇਆ ਦੀ ਆਦਤ ਹੈ ਕਿ ਉਹ ਹਫਤਿਆਂ ਤੇ ਮਹੀਨਿਆਂ ਬੱਧੀ ਘਰੋਂ ਗਾਇਬ ਹੋ ਜਾਂਦੀ ਹੈ। ਉਸ ਨੂੰ ਇੰਦਾਂ ਹੀ ਜਿਉਣ ਦੀ ਆਦਤ ਹੈ ਅਤੇ ਮਹਿੰਦਰ ਉਸ ਦੀ ਇਸੇ ਆਜ਼ਾਦ-ਖਿਆਲੀ ਕਾਰਨ ਉਸ ਨੂੰ ਪਸੰਦ ਕਰਦਾ ਹੈ, ਪਰ ਇਸੇ ਆਜ਼ਾਦ-ਖਿਆਲੀ ਕਾਰਨ ਉਸ ਦੇ ਮਨ ਵਿਚ ਮਾਇਆ ਦੇ ਫੈਸਲਿਆਂ ਬਾਰੇ ਅਨਿਸ਼ਚਤਤਾ ਅਤੇ ਬੇਭਰੋਸਗੀ ਲਗਾਤਾਰ ਬਣੀ ਰਹਿੰਦੀ ਹੈ। ਉਸ ਨੂੰ ਇਹ ਵੀ ਪੂਰੀ ਤਰ੍ਹਾਂ ਸਪਸ਼ਟ ਨਹੀਂ ਕਿ ਮਾਇਆ ਉਸ ਨੂੰ ਪਿਆਰ ਕਰਦੀ ਹੈ ਜਾਂ ਨਹੀਂ? ਇਸੇ ਕਸ਼ਮਕਸ਼ ਵਿਚ ਉਹ ਸੁਧਾ ਨਾਲ ਵਿਆਹ ਕਰਵਾ ਲੈਂਦਾ ਹੈ। ਸੁਧਾ ਸੁਲਝੀ ਹੋਈ ਕੁੜੀ ਹੈ ਜਿਸ ਨੂੰ ਲੱਗਦਾ ਹੈ ਕਿ ਮਾਇਆ, ਮਹਿੰਦਰ ਦਾ ਬੀਤਿਆ ਕੱਲ੍ਹ ਹੈ, ਤੇ ਉਹ ਉਸ ਦਾ ਅੱਜ ਹੈ, ਪਰ ਹਾਲਾਤ ਉਦੋਂ ਅਣਕਿਆਸਿਆ ਮੋੜ ਲੈ ਲੈਂਦੇ ਹਨ ਜਦੋਂ ਮਹਿੰਦਰ ਕੱਲ੍ਹ ਤੇ ਅੱਜ ਵਿਚਕਾਰ ਸਫਰ ਜਾਰੀ ਰੱਖਦਾ ਹੈ। ਮਾਇਆ ਨੂੰ ਉਸ ਦੇ ਵਿਆਹ ਨਾਲ ਧੱਕਾ ਤਾਂ ਲੱਗਦਾ ਹੈ, ਪਰ ਉਸ ਦਾ ਕਵੀ ਮਨ ਇਸ ਨੂੰ ਵੀ ਕਿਸੇ ਨਵ-ਸਿਰਜਕ ਵਿਚਾਰ ਦੇ ਤੌਰ 'ਤੇ ਲੈਂਦਾ ਹੈ। ਉਧਰ ਸੁਧਾ ਨੂੰ ਲੱਗਦਾ ਹੈ ਕਿ ਮਾਇਆ ਦੀ ਛੋਹ ਘਰ ਦੀ ਹਰ ਸ਼ੈਅ ਵਿਚ ਵਸੀ ਹੋਈ ਹੈ ਤੇ ਚਾਹ ਕੇ ਵੀ ਉਹ ਇਸ ਹਾਲਾਤ ਨਾਲ ਸਮਝੌਤਾ ਨਹੀਂ ਕਰ ਸਕਦੀ। ਮਾਇਆ ਆਪਣੀਆਂ ਕਲਪਨਾਵਾਂ ਅਤੇ ਸੋਚਾਂ ਦੇ ਸੰਸਾਰ ਨੂੰ ਹਕੀਕਤ ਦਾ ਰੂਪ ਦੇਣ ਲਈ ਕਈ ਤਰ੍ਹਾਂ ਨਾਲ ਯਤਨ ਕਰਦੀ ਹੈ। ਮਹਿੰਦਰ ਨੂੰ ਭਾਵਨਾਤਮਿਕ ਤੌਰ 'ਤੇ ਬਲੈਕਮੇਲ ਕਰਨ ਲਈ ਉਹ ਨੀਂਦ ਦੀਆਂ ਗੋਲੀਆਂ ਖਾ ਕੇ ਮਰਨ ਦੀ ਕੋਸ਼ਿਸ਼ ਕਰਦੀ ਹੈ। ਨਤੀਜੇ ਵਜੋਂ ਮਹਿੰਦਰ ਨੂੰ ਉਸ ਕੋਲ ਹਸਪਤਾਲ ਜਾਣਾ ਪੈਂਦਾ ਹੈ ਤੇ ਸੁਧਾ ਇਸ ਤੋਂ ਅਣਜਾਣ ਮਹਿੰਦਰ ਦੇ ਗਾਇਬ ਹੋਣ ਤੋਂ ਨਾਰਾਜ਼ ਘਰ ਛੱਡ ਦਿੰਦੀ ਹੈ। ਮਹਿੰਦਰ ਨੂੰ ਇਸ ਸਾਰੇ ਹਾਲਾਤ ਕਾਰਨ ਦਿਲ ਦਾ ਦੌਰਾ ਪੈ ਜਾਂਦਾ ਹੈ। ਉਸ ਦੀ ਦੇਖਭਾਲ ਮਾਇਆ ਦੇ ਸਿਰ ਆ ਜਾਂਦੀ ਹੈ। ਇਸ ਸਾਰੇ ਘਟਨਾਕ੍ਰਮ ਤੋਂ ਪੰਜ ਸਾਲ ਬਾਅਦ ਮਹਿੰਦਰ ਤੇ ਸੁਧਾ ਦੀ ਮੁਲਾਕਾਤ ਰੇਲਵੇ ਦੇ ਵੇਟਿੰਗ ਰੂਮ ਵਿਚ ਹੁੰਦੀ ਹੈ। ਸੁਧਾ ਨੂੰ ਇਥੇ ਹੀ ਮਾਇਆ ਦੀ ਮੌਤ ਬਾਰੇ ਪਤਾ ਲੱਗਦਾ ਹੈ। ਉਸ ਨੂੰ ਘਰ ਛੱਡਣ ਦੇ ਆਪਣੇ ਕਾਹਲੇ ਫੈਸਲੇ 'ਤੇ ਅਫਸੋਸ ਵੀ ਹੁੰਦਾ ਹੈ।

ਗੁਲਜ਼ਾਰ ਨੇ ਬੇਸ਼ੱਕ ਪਿਆਰ ਦੇ ਇਸ ਤਿਕੋਣ ਨੂੰ ਸੰਵੇਦਨਸ਼ੀਲ ਤਰੀਕੇ ਨਾਲ ਫਿਲਮਾਇਆ ਹੈ, ਪਰ ਇਸ ਫਿਲਮ ਨੇ ਰਿਸ਼ਤਿਆਂ ਦੇ ਦਾਇਰਿਆਂ ਬਾਰੇ ਕਈ ਮਹੱਤਵਪੂਰਨ ਸਵਾਲ ਖੜ੍ਹੇ ਕੀਤੇ। ਆਲੋਚਕਾਂ ਨੇ ਇਸ ਫਿਲਮ ਵਿਚਲੇ ਮਾਇਆ ਦੇ ਕਿਰਦਾਰ ਨੂੰ ਸਮੇਂ ਤੋਂ ਅੱਗੇ ਦਾ ਕਿਰਦਾਰ ਦੱਸਿਆ, ਪਰ ਨਾਲ ਹੀ ਇਸ ਫਿਲਮ ਨੂੰ ਮਰਦ ਕਿਰਦਾਰ ਦੇ ਦੋਗਲੇਪਣ ਨੂੰ ਜਾਇਜ਼ ਠਹਿਰਾਉਂਦੀ ਦੱਸਿਆ ਗਿਆ। ਫਿਲਮ ਦੀ ਇਸ ਪੱਖ ਤੋਂ ਵੀ ਆਲੋਚਨਾ ਹੋਈ ਕਿ ਸੁਧਾ ਦੀ 'ਸ਼ਹਾਦਤ' ਦੀ ਥਾਂ ਕਹਾਣੀ ਨੂੰ ਕੋਈ ਹੋਰ ਮੋੜ ਨਹੀਂ ਸੀ ਦਿੱਤਾ ਜਾ ਸਕਦਾ!

ਇਸ ਫਿਲਮ ਦੇ ਗਾਣਿਆਂ ਨੂੰ ਸਮਝੇ ਬਿਨਾਂ ਫਿਲਮ ਵਿਚ ਹਵਾ ਵਾਂਗ ਮੌਜੂਦ ਗੁਲਜ਼ਾਰ ਦੀ ਕਵਿਤਾ ਨੂੰ ਨਹੀਂ ਸਮਝਿਆ ਜਾ ਸਕਦਾ। ਫਿਲਮ ਦਾ ਗਾਣਾ 'ਮੇਰਾ ਕੁਝ ਸਾਮਾਨ ਤੁਮਹਾਰੇ ਪਾਸ ਹੈ' ਭਾਰਤੀ ਫਿਲਮ ਸੰਗੀਤ ਵਿਚ ਕਲਾਸਿਕ ਦਾ ਦਰਜਾ ਰੱਖਦਾ ਹੈ।







ਫਿਲਮਸਾਜ਼ ਗੁਲਜ਼ਾਰ ਦੀ ਫਿਲਮ 'ਇਜਾਜ਼ਤ' ਦੇ ਇਕ ਦ੍ਰਿਸ਼ ਵਿਚ ਅਦਾਕਾਰਾ ਰੇਖਾ (ਖੱਬੇ) ਅਤੇ ਫਿਲਮ ਦਾ ਪੋਸਟਰ।

# ਪਾਇਤਲੋਸੋ ਤੇ ਸਤਵਰਗ


ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353


ਅੱਜ ਮੈਂ ਜੋ ਵਾਰਤਾ ਸੁਣਾਉਣ ਜਾ ਰਿਹਾ ਹਾਂ, ਉਸ ਦਾ ਸਬੰਧ ਮੱਧ ਇਟਲੀ ਦੇ ਇਕ ਛੋਟੇ ਜਿਹੇ ਕਸਬੇ ਕੋਪੈਰੋ ਨਾਲ ਹੈ। ਕੁਝ ਦਿਨ ਪਹਿਲਾਂ ਇਥੋਂ ਦੇ ਇਕ ਪ੍ਰਾਇਮਰੀ ਸਕੂਲ ਦੀ ਅਧਿਆਪਕਾ ਉਸ ਵੇਲੇ ਦੰਗ ਰਹਿ ਗਈ ਜਦ ਉਸ ਨੇ ਦੇਖਿਆ ਕਿ ਉਸ ਦੇ ਛੋਟੇ ਜਿਹੇ ਵਿਦਿਆਰਥੀ ਮੈਟੀਓ ਨੇ ਘਰ ਦਿੱਤੇ ਕੰਮ ਵਿਚ ਇਕ ਅਜਿਹੇ ਨਵੇਂ ਸ਼ਬਦ ਦੀ ਵਰਤੋਂ ਕੀਤੀ ਹੈ ਜੋ ਉਸ ਨੇ ਨਾ ਕਦੇ ਸੁਣਿਆ ਸੀ ਤੇ ਨਾ ਪੜ੍ਹਿਆ ਸੀ। ਪਰ ਮਜ਼ੇ ਦੀ ਗੱਲ ਇਹ ਹੈ ਕਿ ਅਧਿਆਪਕਾ ਨੂੰ ਲੱਗਾ ਕਿ ਇਹ ਸ਼ਬਦ ਗਲਤ ਵੀ ਨਹੀਂ ਹੋ ਸਕਦਾ। ਛੋਟੀ ਉਮਰ ਦੇ ਬੱਚੇ ਭਾਸ਼ਾ ਦੇ ਮਾਮਲੇ ਵਿਚ ਆਮ ਤੌਰ 'ਤੇ ਗੜਬੜੀਆਂ ਕਰਦੇ ਹਨ, ਗਲਤ ਸ਼ਬਦ ਲਿਖਦੇ ਤੇ ਬੋਲਦੇ ਹਨ, ਅਕਸਰ ਇਹ ਉਨ੍ਹਾਂ ਦੇ ਸਿੱਖਣ ਦੇ ਦਿਨ ਹਨ। ਅਸਲ ਵਿਚ ਇਸ ਉਮਰ ਵਿਚ ਬੱਚੇ ਦਾ ਦਿਮਾਗ ਬਹੁਤ ਤੇਜ਼ ਚਲਦਾ ਹੈ ਤੇ ਉਹ ਬੇਹੱਦ ਸਿਰਜਣਾਤਮਕ ਹੁੰਦੇ ਹਨ।

ਮੈਟੀਓ ਨੇ ਆਪਣੇ ਪੜ੍ਹਾਈ ਵਾਲੇ ਕੰਮ ਵਿਚ ਕਿਸੇ ਫੁੱਲ ਦੀਆਂ ਵਿਸ਼ੇਸ਼ਤਾਈਆਂ ਬਿਆਨ ਕਰਨੀਆਂ ਸਨ। ਉਹ ਦੱਸਣਾ ਚਾਹੁੰਦਾ ਸੀ ਕਿ ਇਸ ਫੁੱਲ ਦੀਆਂ ਬਹੁਤ ਸਾਰੀਆਂ ਪੰਖੜੀਆਂ ਹੁੰਦੀਆਂ ਹਨ। ਫੁੱਲ ਦੇ ਇਸ ਗੁਣ ਲਈ ਉਸ ਨੇ ਵਿਸ਼ੇਸ਼ਣ ਵਰਤਿਆ 'ਪਾਇਤਲੋਸੋ' ਜਿਸ ਨੂੰ ਅਸੀਂ ਪੰਜਾਬੀ ਵਿਚ ਪੰਖੜੀਆਂ ਭਰਪੂਰ ਕਹਿ ਸਕਦੇ ਹਾਂ। ਇਤਾਲਵੀ ਭਾਸ਼ਾ ਦੇ ਕਿਸੇ ਕੋਸ਼ ਵਿਚ ਇਹ ਸ਼ਬਦ ਦਰਜ ਨਹੀਂ ਹੈ ਤੇ ਨਾ ਹੀ ਬੋਲਣ ਵਿਚ ਆਉਂਦਾ ਹੈ ਪਰ ਇਸ ਭਾਸ਼ਾ ਦੇ ਸ਼ਬਦ-ਨਿਰਮਾਣ ਨਿਯਮਾਂ ਅਤੇ ਵਿਆਕਰਣ ਅਨੁਸਾਰ 'ਪਾਇਤਲੋ' (Petalo) ਦੇ ਨਾਲ ਪਿਛੇਤਰ 'Es'o (-oso) ਲਾ ਕੇ ਵਿਸ਼ੇਸ਼ਣ ਬਣਾਉਣ ਵਿਚ ਕੋਈ ਵਿਆਕਰਣ ਦੀ ਉਲੰਘਣਾ ਨਹੀਂ ਲਗਦੀ। ਇਥੇ ਇਹ ਦੱਸ ਦੇਈਏ ਕਿ ਇਤਾਲਵੀ ਸ਼ਬਦ ਪਾਇਤਲੋ ਅੰਗਰੇਜ਼ੀ ਵਾਲਾ ਪੈਟਲ (Petal) ਹੀ ਹੈ ਤੇ ਇਸ ਦਾ ਸੁਜਾਤੀ ਵੀ। ਪੰਜਾਬੀ ਵਿਚ ਇਸ ਦੀ ਬਰਾਬਰੀ ਰੱਖਦਾ ਸ਼ਬਦ ਹੈ, ਪੰਖੜੀ। ਇਸੇ ਤਰ੍ਹਾਂ ਪਿਛੇਤਰ (-oso) ਵੀ ਅੰਗਰੇਜ਼ੀ ous ਦਾ ਹੀ ਰੁਪਾਂਤਰ ਅਤੇ ਸੁਜਾਤੀ ਹੈ। ਮਿਸਾਲ ਵਜੋਂ Pomp ਤੋਂ Pompous. ਹੋਰ ਤਾਂ ਹੋਰ ਅੰਗਰੇਜ਼ੀ ਵਿਚ ਤਾਂ ਬਾਕਾਇਦਾ Petalous ਸ਼ਬਦ ਮੌਜੂਦ ਹੈ ਜੋ ਅਠਾਰਵੀਂ ਸਦੀ ਤੋਂ ਦਰਜ ਹੋਇਆ ਮਿਲਦਾ ਹੈ। ਇਤਾਲਵੀ ਅਤੇ ਅੰਗਰੇਜ਼ੀ ਦੋਵੇਂ ਪਿਛੇਤਰ ਲਾਤੀਨੀ -osus ਤੋਂ ਵਿਕਸਤ ਹੋਏ ਹਨ।

ਅਸੀਂ ਇਸ ਮੁੱਦੇ ਨੂੰ ਥੋੜਾ ਪੰਜਾਬੀ ਪ੍ਰਸੰਗ ਵਿਚ ਰੱਖ ਕੇ ਸਮਝੀਏ। ਇਹ ਗੱਲ ਕੁਝ ਇਸ ਤਰ੍ਹਾਂ ਹੈ ਜਿਵੇਂ ਗੇਂਦੇ ਜਿਹੇ ਕਿਸੇ ਬਹੁਤ ਸਾਰੀਆਂ ਪੰਖੜੀਆਂ ਵਾਲੇ ਫੁੱਲ ਨੂੰ ਕੋਈ ਬੱਚਾ 'ਪੰਖੜੀਆਂ ਭਰਪੂਰ' ਬਿਆਨੇ। ਪਰ ਪੰਜਾਬੀ ਦਾ ਬਣਾਇਆ ਇਹ ਸ਼ਬਦ ਬਹੁਤਾ ਮੂੰਹ ਚੜ੍ਹਨ ਵਾਲਾ ਤੇ ਕੀਲੇ-ਠੋਕਵਾਂ ਨਹੀਂ। ਹਾਂ, ਪੰਖੜੀਦਾਰ ਨਾਲ ਸ਼ਾਇਦ ਕੁਝ ਗੱਲ ਬਣ ਜਾਵੇ ਪਰ ਪੰਖੜੀਦਾਰ ਦਾ ਅਰਥ ਸਿਰਫ ਪੰਖੜੀਆਂ ਵਾਲਾ ਹੀ ਹੋਵੇਗਾ (ਜੋ ਹਰ ਫੁੱਲ ਹੀ ਹੁੰਦਾ ਹੈ) ਨਾ ਕਿ ਜ਼ਿਆਦਾ ਪੰਖੜੀਆਂ ਵਾਲਾ।

ਖੈਰ! ਮੈਟੀਓ ਦੀ ਅਧਿਆਪਕਾ ਔਰੋਰਾ ਸੋਚੀਂ ਪੈ ਗਈ, 'ਸ਼ਾਇਦ ਅੱਠ ਸਾਲ ਦੇ ਜੁਆਕ ਨੇ ਕਿਤੇ ਨਵਾਂ ਸ਼ਬਦ ਘੜ ਲਿਆ ਹੈ?' ਅਧਿਆਪਕਾ ਨੇ ਮੈਟੀਓ ਤੋਂ ਇਤਾਲਵੀ ਭਾਸ਼ਾ ਦੀ ਨਜ਼ਰਸਾਨੀ ਕਰਦੀ ਸਰਵਉਚ ਭਾਸ਼ਾ ਅਕਾਦਮੀ ਨੂੰ ਇਸ ਸਬੰਧੀ ਆਪਣੀ ਰਾਏ ਦੇਣ ਲਈ ਚਿੱਠੀ ਲਿਖਵਾਈ। ਅਕਾਦਮੀ ਤੋਂ ਬੱਚੇ ਨੂੰ ਮਿਲੇ ਹੌਸਲਾ ਅਫਜ਼ਾਈ ਵਾਲੇ ਜਵਾਬ ਤੋਂ ਸਾਰਾ ਸਟਾਫ ਹੈਰਾਨ ਰਹਿ ਗਿਆ। ਅਕਾਦਮੀ ਦੀ ਇਕ ਚੋਟੀ ਦੀ ਮਾਹਰ ਨੇ ਜਵਾਬੀ ਮੋੜ ਵਿਚ ਲਿਖਿਆ, "ਤੇਰਾ ਬਣਾਇਆ ਸ਼ਬਦ ਏਨਾ ਸੁਘੜ ਹੈ ਕਿ ਇਸ ਦੀ ਇਤਾਲਵੀ ਭਾਸ਼ਾ ਵਿਚ ਵਰਤੋਂ ਕੀਤੀ ਜਾ ਸਕਦੀ ਹੈ। ਇਹ ਬਹੁਤ ਹੀ ਸੁੰਦਰ ਅਤੇ ਸਪੱਸ਼ਟ ਵੀ ਹੈ।" ਪਰ ਅਕਾਦਮੀ ਨੇ ਨਾਲ ਹੀ ਇਹ ਗੱਲ ਵੀ ਕੀਤੀ ਕਿ ਕੋਈ ਸ਼ਬਦ ਕਿਸੇ ਭਾਸ਼ਾ ਦੀ ਸ਼ਬਦਾਵਲੀ ਦਾ ਹਿੱਸਾ ਤਾਂ ਹੀ ਬਣ ਸਕਦਾ ਹੈ ਜੇ ਬਹੁਤ ਸਾਰੇ ਲੋਕ ਇਸ ਦਾ ਅਰਥ ਸਮਝਦੇ ਹੋਏ ਇਸ ਦੀ ਵਰਤੋਂ ਕਰਦੇ ਹੋਣ। ਅਕਸਰ ਹਰ ਨਵਾਂ ਸ਼ਬਦ ਕਿਸੇ ਇਕ ਵਿਅਕਤੀ ਨੇ ਹੀ ਘੜਿਆ ਹੁੰਦਾ ਹੈ ਜਿਸ ਨੂੰ ਹੋਰ ਲੋਕ ਇਸ ਕਦਰ ਚੁੱਕ ਲੈਂਦੇ ਹਨ ਕਿ ਉਹ ਫਿਰ ਆਮ ਹੀ ਬਣ ਜਾਂਦਾ ਹੈ। ਅਕਾਦਮੀ ਨੇ ਚਿੱਠੀ ਵਿਚ ਹੋਰ ਲਿਖਿਆ, "ਜੇ ਤੁਸੀਂ ਇਸ ਸ਼ਬਦ ਨੂੰ ਏਨਾ ਫੈਲਾ ਸਕੋ ਕਿ ਹਰ ਕੋਈ ਕਹਿਣ ਲੱਗ ਪਵੇ, "ਕਿਆ ਪਾਇਤਲੋਸੋ ਫੁੱਲ ਹੈ ਇਹ, ਤਾਂ ਇਹ ਸ਼ਬਦ ਇਤਲਾਵੀ ਭਾਸ਼ਾ ਦਾ ਬਾਕਾਇਦਾ ਪ੍ਰਮਾਣੀਕ ਸ਼ਬਦ ਬਣ ਜਾਵੇਗਾ।"

ਮੈਟੀਓ ਦੀ ਅਧਿਆਪਕਾ ਅਕਾਦਮੀ ਦੇ ਇਸ ਜਵਾਬ ਤੋਂ ਬਹੁਤ ਪ੍ਰਭਾਵਿਤ ਹੋਈ। ਉਸ ਨੇ ਆਪਣੀ ਫੇਸਬੁੱਕ 'ਤੇ ਲਿਖਿਆ, "ਇਹ ਤਾਂ ਇਤਾਲਵੀ ਭਾਸ਼ਾ ਦੇ ਹਜ਼ਾਰ ਸਬਕਾਂ ਦੇ ਬਰਾਬਰ ਹੈ।" ਤੇ ਨਾਲ ਹੀ ਫੇਸਬੁੱਕ 'ਤੇ ਇਸ ਚਿੱਠੀ ਨੂੰ ਸ਼ੇਅਰ ਕੀਤਾ। ਨਤੀਜਨ ਜੋ ਹੋਇਆ, ਉਸ ਨੇ ਸ਼ਾਇਦ ਸੋਚਿਆ ਵੀ ਨਾ ਹੋਵੇਗਾ। 'ਪਾਇਤਲੋਸੋ' ਨੂੰ ਘਰ ਘਰ ਦਾ ਸ਼ਬਦ ਬਣਾਉਣ ਲਈ ਇਸ ਸੰਦੇਸ਼ ਨੂੰ 80,000 ਲੋਕਾਂ ਨੇ ਸ਼ੇਅਰ ਕੀਤਾ। ਟਵਿਟਰ ਵਿਚ ਇਹ ਸ਼ਬਦ 40,000 ਵਾਰੀ ਵਰਤਿਆ ਗਿਆ। ਇਟਲੀ ਵਿਚ ਇਹ ਸ਼ਬਦ ਆਮ ਚਰਚਾ ਦਾ ਵਿਸ਼ਾ ਬਣ ਗਿਆ। ਸ਼ਬਦ ਨੂੰ ਪ੍ਰਚਲਿਤ ਕਰਨ ਲਈ ਅਕਾਦਮੀ ਨੇ ਵੀ ਆਪਣਾ ਜ਼ੋਰ ਲਾਇਆ ਤੇ ਵਾਰ ਵਾਰ ਇਸ ਨੂੰ ਟਵੀਟ ਕੀਤਾ।



ਇਤਾਲਵੀ ਭਾਸ਼ਾ ਦੀ ਚੋਟੀ ਦੀ ਡਿਕਸ਼ਨਰੀ ਛਾਪਣ ਵਾਲੇ ਪ੍ਰਕਾਸ਼ਕ ਨੇ ਕਿਹਾ ਕਿ ਉਹ ਡਿਕਸ਼ਨਰੀ ਦੇ ਅਗਲੇ ਐਡੀਸ਼ਨ ਵਿਚ ਇਸ ਸ਼ਬਦ ਨੂੰ ਦਰਜ ਕਰਨਗੇ। ਹੋਰ ਤਾਂ ਹੋਰ ਇਟਲੀ ਦੇ ਪ੍ਰਧਾਨ ਮੰਤਰੀ ਨੇ ਇਸ 8 ਸਾਲਾ ਸ਼ਬਦ-ਘਾੜੇ ਨੂੰ ਇਸ ਸ਼ਾਬਦਿਕ ਪ੍ਰਾਪਤੀ ਲਈ ਵਧਾਈ ਦਿੱਤੀ। ਸੋਸ਼ਲ ਮੀਡੀਆ ਦੇ ਬਲਬੂਤੇ 'ਪਾਇਤਲੋਸੋ' ਇਤਾਲਵੀ ਭਾਸ਼ਾ ਦਾ ਮੰਨਿਆ-ਪ੍ਰਮੰਨਿਆ ਸ਼ਬਦ ਬਣ ਗਿਆ ਹੈ।

ਇਸ ਘਟਨਾ ਨੇ ਕੁਝ ਪ੍ਰਸ਼ਨ ਵੀ ਖੜੇ ਕੀਤੇ ਹਨ। ਕੇਵਲ ਭਾਵੁਕ ਹੋ ਕੇ ਇਕ ਛੋਟੇ ਬੱਚੇ ਦੀ ਹੌਸਲਾ ਅਫਜ਼ਾਈ ਲਈ ਇਕ ਬਨਾਉਟੀ ਢੰਗ ਨਾਲ ਸ਼ਬਦ ਪ੍ਰਚਲਿਤ ਕਰਨ ਦਾ ਅਡੰਬਰ ਰਚਣਾ, ਕਿਥੋਂ ਤੱਕ ਜਾਇਜ਼ ਹੈ? ਇਹ ਤਾਂ ਨਹੀਂ ਕਿ ਛੇਤੀ ਪਿਛੋਂ ਲੋਕ ਇਸ ਸ਼ਬਦ ਨੂੰ ਭੁੱਲ ਹੀ ਜਾਣ? ਨਾਲੇ ਕੀ ਕਿਸੇ ਸ਼ਬਦ ਦੇ ਪ੍ਰਮਾਣੀਕ ਹੋਣ ਦੀ ਕਸਵੱਟੀ ਇਹੋ ਹੈ ਕਿ ਉਹ ਡਿਕਸ਼ਨਰੀ ਵਿਚ ਮੌਜੂਦ ਹੋਣਾ ਚਾਹੀਦਾ ਹੈ? ਪ੍ਰਸੰਗਵੱਸ ਦੱਸ ਦੇਈਏ ਕਿ ਇਤਾਲਵੀ ਭਾਸ਼ਾ ਸ਼ਬਦ ਘੜਨ ਦੇ ਮਾਮਲੇ ਵਿਚ ਬਹੁਤ ਰੂੜੀਵਾਦੀ ਹੈ। ਲਿਖਤਾਂ ਵਿਚ ਆਮ ਤੌਰ 'ਤੇ ਡਿਕਸ਼ਨਰੀ ਵਿਚ ਦਰਜ ਸ਼ਬਦ ਹੀ ਵਰਤੇ ਜਾਂਦੇ ਹਨ। ਸ਼ਾਇਦ ਇਸ ਲਈ ਕਿ ਇਸ ਭਾਸ਼ਾ ਦੀਆਂ ਬੇਸ਼ੁਮਾਰ ਉਪਭਾਸ਼ਾਵਾਂ ਹਨ। ਬੇਹਤਰੀਨ ਕੋਸ਼ ਕਿਸੇ ਸ਼ਬਦ ਨੂੰ ਐਵੇਂ ਨਹੀਂ ਦਰਜ ਕਰਦੇ।

ਕੋਸ਼ਕਾਰ ਕਿਸੇ ਨਵੇਂ ਸ਼ਬਦ ਦੇ ਪ੍ਰਚਲਨ ਉਤੇ ਨਿਗ੍ਹਾ ਰੱਖਦੇ ਹਨ। ਜੇ ਇਕ ਹੱਦ ਤੱਕ ਪ੍ਰਚਲਿਤ ਹੋ ਜਾਵੇ ਤਾਂ ਹੀ ਇਸ ਨੂੰ ਕੋਸ਼ ਵਿਚ ਥਾਂ ਮਿਲਦੀ ਹੈ। ਕਈ ਸ਼ਬਦ ਤਾਂ ਫੈਸ਼ਨ ਦੀ ਤਰ੍ਹਾਂ ਕੁਝ ਅਰਸੇ ਵਿਚ ਹੀ ਦਮ ਤੋੜ ਜਾਂਦੇ ਹਨ। ਪਿਛੇ ਜਿਹੇ ਹੀ ਅੰਗਰੇਜ਼ੀ ਤੇ ਹੋਰ ਭਾਸ਼ਾਵਾਂ ਦੇ ਕੋਸ਼ਾਂ ਵਿਚ ਸੈਲਫੀ ਸ਼ਬਦ ਦਰਜ ਕੀਤਾ ਗਿਆ ਹੈ।

ਪੰਜਾਬੀਆਂ ਨੇ ਇੰਗਲੈਂਡ ਦੇ ਪੱਬਾਂ ਵਿਚ ਕਈ ਸਾਲ ਭੰਗੜੇ ਦਾ ਖੂਬ ਧਮੱਚੜ ਪਾਇਆ। ਹੌਲੀ ਹੌਲੀ ਅੰਗਰੇਜ਼ ਵੀ ਅਜਿਹੇ ਪੱਬਾਂ ਵਿਚ ਜਾ ਕੇ ਭੰਗੜਾ ਪਾਉਣ ਲੱਗ ਪਏ। ਫਲਸਰੂਪ ਭੰਗੜਾ ਸ਼ਬਦ ਅੰਗਰੇਜ਼ਾਂ ਦੇ ਵੀ ਮੂੰਹ ਚੜ੍ਹ ਗਿਆ। ਆਖਰ ਅੰਗਰੇਜ਼ੀ ਦੇ ਚੋਟੀ ਦੇ ਕੋਸ਼ਾਂ ਵਿਚ ਇਹ ਸ਼ਬਦ ਸ਼ੋਭਾ ਦੇਣ ਲੱਗ ਪਿਆ ਪਰ ਕੁਝ ਬਦਲੇ ਹੋਏ ਅਰਥਾਂ ਵਿਚ। ਪਹਿਲਾਂ ਪਹਿਲਾਂ ਇਸ ਨੂੰ ਇਕ Beat (ਤਾਲ) ਦੇ ਤੌਰ 'ਤੇ ਸਮਝਿਆ ਗਿਆ। ਖਾਸ ਤੌਰ 'ਤੇ 'ਭੰਗੜਾ ਬੀਟ' ਸ਼ਬਦ ਜੁੱਟ ਵਿਚ ਇਹ ਸ਼ਬਦ ਵਰਤਿਆ ਆਮ ਮਿਲਦਾ ਹੈ। ਅੱਜ ਵੀ ਇਕ ਕੋਸ਼ ਅਨੁਸਾਰ ਭੰਗੜਾ 'ਇਕ ਲੋਕਪ੍ਰਿਅ ਸੰਗੀਤ ਹੈ ਜਿਸ ਵਿਚ ਪੰਜਾਬੀ ਲੋਕ-ਰਵਾਇਤਾਂ ਅਤੇ ਪੱਛਮੀ ਪੌਪ ਸੰਗੀਤ ਦਾ ਮਿਸ਼ਰਣ ਹੈ।' ਪਰ ਹੁਣ 'ਲੋਕਪ੍ਰਿਅ ਸੰਗੀਤ' ਦੀ ਜਗ੍ਹਾ 'ਲੋਕਪ੍ਰਿਅ ਸੰਗੀਤ ਨਾਚ' ਬਿਆਨਿਆ ਜਾਣ ਲੱਗ ਪਿਆ ਹੈ ਜੋ 'ਇੰਗਲੈਂਡ ਵਿਚ ਸ਼ੁਰੂ ਹੋਇਆ।'

ਹੁਣ ਤੱਕ ਦੀ ਮੇਰੀ ਜਾਣਕਾਰੀ ਅਨੁਸਾਰ ਇਤਾਲਵੀ ਪਾਇਤਲੋ ਜਾਂ ਅੰਗਰੇਜ਼ੀ ਪੈਟਲ ਪੰਜਾਬੀ ਦੇ ਕਿਸੇ ਸ਼ਬਦ ਦੇ ਸੁਜਾਤੀ ਨਹੀਂ ਹਨ ਭਾਵੇਂ ਕਿ ਧੁਨੀ ਪੱਖੋਂ ਇਹ ਪੰਜਾਬੀ 'ਪੱਤੀ' ਨਾਲ ਮਿਲਦੇ-ਜੁਲਦੇ ਹਨ। ਪੱਤੀ ਦੀ ਗੱਲ ਹੋਈ ਤਾਂ ਇਹ ਜ਼ਿਕਰ ਕਰਨਾ ਬਣਦਾ ਹੈ ਕਿ ਪੈਟਲ ਜਾਂ ਪੰਖੜੀ ਲਈ ਪੱਤੀ ਜਾਂ ਫੁੱਲ-ਪੱਤੀ ਸ਼ਬਦ ਵੀ ਚਲਦਾ ਹੈ। ਅਰਬੀ ਵਿਚ ਇਕ ਸ਼ਬਦ ਹੈ, ਵਰਕ ਜਿਸ ਦਾ ਅਰਥ ਹੁੰਦਾ ਹੈ, ਕਾਗਜ਼ ਜਾਂ ਦਰਖਤ ਦਾ ਪੱਤਾ। ਮਠਿਆਈ 'ਤੇ ਲਾਇਆ ਜਾਂਦਾ ਸੋਨੇ ਜਾਂ ਚਾਂਦੀ ਦਾ ਮਹੀਨ ਪੱਤਰਾ ਵੀ ਵਰਕ ਕਹਾਉਂਦਾ ਹੈ ਜੋ ਪੰਜਾਬੀ 'ਚ ਵੀ ਖੂਬ ਪ੍ਰਚਲਿਤ ਹੈ। ਇਸੇ ਤੋਂ ਵਰਕਾ ਬਣਿਆ ਹੈ ਜੋ ਕਿਤਾਬ ਆਦਿ ਦਾ ਪੱਤਰਾ ਹੁੰਦਾ ਹੈ। ਇਸ ਤੋਂ ਬਣੇ ਫਾਰਸੀ ਸ਼ਬਦ 'ਬਰਗ' ਦਾ ਅਰਥ ਹੈ ਪੱਤਾ ਜਾਂ ਪੱਤੀ। ਇਸ ਤੋਂ ਬਣਿਆ ਫਾਰਸੀ ਸ਼ਬਦ 'ਸਦ-ਬਰਗ' ਭਰਵੇਂ ਗੁਲਾਬ ਦੇ ਫੁੱਲ ਦਾ ਨਾਂ ਹੈ। ਪੰਜਾਬੀ ਵਿਚ ਇਸ ਦਾ ਰੂਪ ਹੈ 'ਸਤਵਰਗ' ਪਰ ਸਾਡੀ ਭਾਸ਼ਾ ਵਿਚ ਇਹ ਸ਼ਬਦ ਗੇਂਦੇ ਦੇ ਫੁੱਲ ਲਈ ਰੂੜ੍ਹ ਹੋਇਆ। ਸਦ-ਬਰਗ ਦੇ ਮੁਢਲੇ ਅਰਥ ਸਮਝੀਏ। ਫਾਰਸੀ 'ਸਦ' ਦਾ ਅਰਥ ਹੁੰਦਾ ਹੈ, ਸੌ। ਸਦੀ ਸ਼ਬਦ ਇਸੇ ਤੋਂ ਬਣਿਆ। ਇਸ ਦਾ ਸੰਸਕ੍ਰਿਤ ਸੁਜਾਤੀ ਸ਼ਬਦ ਹੈ 'ਸ਼ਤ' (ਸ਼ਤਾਬਦੀ) ਬਰਗ ਜਾਂ ਵਰਗ ਦਾ ਅਰਥ ਅਸੀਂ ਜਾਣ ਹੀ ਲਿਆ, ਪੱਤਾ ਜਾਂ ਪੱਤੀ। ਸੋ ਸਦ-ਬਰਗ/ਸਦਵਰਗ ਦਾ ਸ਼ਾਬਦਿਕ ਅਰਥ ਬਣਿਆ 'ਸੌ ਪੱਤੀਆ ਫੁੱਲ' ਅਰਥਾਤ ਬਹੁਤ ਸਾਰੀਆਂ ਪੱਤੀਆਂ ਜਾਂ ਪੰਖੜੀਆਂ ਵਾਲਾ ਫੁੱਲ।

ਸ਼ਾਇਦ ਕੁਝ ਲੋਕਾਂ ਨੂੰ ਪਤਾ ਹੋਵੇ ਕਿ ਸਤਵਰਗ ਜਾਂ ਗੇਂਦੇ ਨੂੰ ਹਜ਼ਾਰਾ ਵੀ ਆਖਦੇ ਹਨ। ਇਹ ਸ਼ਬਦ ਵੀ ਫਾਰਸੀ ਹਜ਼ਾਰ (1000) ਤੋਂ ਬਣਿਆ ਹੈ ਤੇ ਇਥੇ ਸੰਕੇਤ ਹੈ, ਫੁੱਲ ਦੀਆਂ ਹਜ਼ਾਰ ਅਰਥਾਤ ਬਹੁਤ ਸਾਰੀਆਂ ਪੱਤੀਆਂ ਵੱਲ। ਉਂਜ ਫਾਰਸੀ ਵਿਚ ਹਜ਼ਾਰਾ ਭਰਵੇਂ ਪੋਸਤ ਦੇ ਫੁੱਲ ਨੂੰ ਆਖਦੇ ਹਨ। ਹੈ ਨਾ ਇਹ ਫੁੱਲ ਪਾਇਤਲੋਸੋ ਜਾਂ ਪੈਟਲਸ! ਕਈ ਵਾਰੀ ਦੋ ਦੁਰਾਡੀਆਂ ਤੇ ਭਿੰਨ ਭਾਸ਼ਾਵਾਂ ਦੇ ਇਕੋ ਜਿਹੇ ਅਰਥ ਰੱਖਦੇ ਸ਼ਬਦਾਂ ਵਿਚਕਾਰ ਨਿਰੁਕਤਕ ਸਾਂਝ ਨਹੀਂ ਹੁੰਦੀ ਪਰ ਭਾਵ-ਵਿਕਾਸ ਦੀ ਸਾਂਝ ਹੋ ਸਕਦੀ ਹੈ।

# ਨੌਰੋਜ਼


ਹਰਪਾਲ ਸਿੰਘ ਪੰਨੂ

ਫੋਨ: 91-94642-51454


ਅੱਜ ਕਲ੍ਹ ਇਰਾਨ ਵਿਚ ਨੌਰੋਜ਼ ਤਿਉਹਾਰ ਮਨਾਇਆ ਜਾ ਰਿਹਾ ਹੈ। ਫਾਰਸੀ ਲਫਜ਼ ਨੌਰੋਜ਼ ਦਾ ਮਾਇਨਾ ਹੈ, ਨਵਾਂ ਦਿਨ। ਇਹ ਇਰਾਨੀਆਂ ਦੇ ਨਵੇਂ ਵਰ੍ਹੇ ਦਾ ਤਿਉਹਾਰ ਹੈ, ਨਵੇਂ ਸਾਲ ਦਾ ਪਹਿਲਾ ਦਿਨ। ਮੈਂ ਇਰਾਨ ਵਿਚ ਗਿਆ ਤਾਂ ਇਤਫਾਕਨ ਉਦੋਂ ਇਸ ਤਿਉਹਾਰ ਦੇ ਦਿਨ ਚਲ ਰਹੇ ਸਨ। ਮੈਨੂੰ ਇਹ ਜਾਣ ਕੇ ਹੈਰਾਨੀ ਹੋਈ ਕਿ ਇਰਾਨ ਵਿਚ ਚੰਦ ਆਧਾਰਤ ਇਸਲਾਮੀ ਹਿਜਰੀ ਕੈਲੰਡਰ ਨਹੀਂ, ਪਾਰਸੀਆਂ ਦਾ ਸੂਰਜੀ ਕੈਲੰਡਰ ਲਾਗੂ ਹੈ।


ਸੁੰਨੀਆਂ ਦੇ ਮੁਕਾਬਲੇ ਸ਼ੀਆ ਮੁਸਲਮਾਨ ਨਰਮ ਹਨ, ਪੰਜ ਦੀ ਥਾਂ ਤਿੰਨ ਵਾਰ ਨਮਾਜ਼ ਪੜ੍ਹਦੇ ਹਨ। ਔਰਤਾਂ ਬੁਰਕੇ ਨਾਲ ਕੇਵਲ ਸਿਰ ਕੱਜਦੀਆਂ ਹਨ, ਮੂੰਹ ਨਹੀਂ। ਇਰਾਨ ਅੰਦਰ ਸੱਤਵੀਂ ਸਦੀ ਵਿਚ ਇਸਲਾਮ ਆਉਣ ਤੋਂ ਪਹਿਲਾਂ ਇਹ ਦੇਸ਼ ਪਾਰਸੀ ਸੀ।

ਸਾਰੇ ਅਰਬ ਦੇਸਾਂ ਵਿਚ ਥੋੜੀ ਬਹੁਤੀ ਗਿਣਤੀ ਸ਼ੀਆਂ ਲੋਕਾਂ ਦੀ ਹੈ ਪਰ ਇਰਾਨ ਵਿਚ ਬਹੁਗਿਣਤੀ ਹੈ ਤੇ ਇਥੇ ਸ਼ੀਆ ਸਰਕਾਰ ਹੈ ਜਿਸ ਨੂੰ ਆਇਤੁੱਲਾ ਚਲਾਉਂਦੇ ਹਨ। ਆਇਤੁੱਲਾ ਦੇਸ਼ ਦੀ ਧਾਰਮਕ ਉਪਾਧੀ ਹੈ ਜੋ ਸਖਤ ਚੋਣ ਕਰਕੇ ਦਿੱਤੀ ਜਾਂਦੀ ਹੈ।

ਨੌਰੋਜ਼ ਬਸੰਤ ਦੇ ਆਗਮਨ ਦਾ ਤਿਉਹਾਰ ਹੈ। ਤਿੰਨ ਹਜ਼ਾਰ ਸਾਲ ਪਹਿਲਾਂ ਇਸ ਤਿਉਹਾਰ ਨੂੰ ਮਨਾਏ ਜਾਣ ਦੇ ਸਬੂਤ ਮਿਲਦੇ ਹਨ। ਦੇਸ਼ ਦਾ ਸਭ ਤੋਂ ਵੱਡਾ ਤਿਉਹਾਰ ਇਹੋ ਹੈ, ਈਦ ਤੋਂ ਵੀ ਵੱਡਾ। ਤਿਉਹਾਰ ਤੋਂ ਪਹਿਲਾਂ ਘਰਾਂ ਦੀਆਂ ਸਫਾਈਆਂ, ਮੁਰੰਮਤਾਂ, ਰੰਗ-ਰੋਗਨ ਸ਼ੁਰੂ ਹੋ ਜਾਂਦੇ ਹਨ, ਲੋਕ ਨਵੇਂ ਕੱਪੜੇ ਖਰੀਦਦੇ ਹਨ। ਨਵੇਂ ਸਾਲ ਦੀ ਰਸਮ ਦਾ ਨਾਮ ਹੈ, ਹਫਤ ਸੀਨ। ਹਫਤ ਮਾਇਨੇ ਸੱਤ, ਸੀਨ ਸੱਸਾ, ਅਰਥ ਸੱਤ ਸੱਸੇ। ਪੁਰਾਣੇ ਸਮੇਂ ਵਿਚ ਸੱਤ ਫਰਿਸ਼ਤੇ ਸਨ ਪਰ ਹੁਣ ਸਤਨਾਜਾ ਕਹਿ ਦੇਈਏ ਤਾਂ ਠੀਕ ਰਹੇ ਕਿਉਂਕਿ ਖਾਣ ਵਾਲੀਆਂ ਚੀਜ਼ਾਂ ਦੇ ਨਾਮ ਹਨ- ਸੇਬ, ਸਬਜ਼ੀ, ਸਿਰਕਾ, ਸੇਵੀਆਂ, ਸਿੰਜੇਦ (ਬੇਰ), ਸਿੱਕੇ, ਸੀਅਰ (ਲਸਣ)।

ਸਾਲ ਦੇ ਪਹਿਲੇ ਦਿਨ ਥਾਲੀਆਂ ਵਿਚ ਕਣਕ ਬੀਜਦੇ ਹਨ ਜਿਸ ਨੂੰ ਤੇਰਵੇਂ ਦਿਨ ਜਲ ਪ੍ਰਵਾਹ ਕਰ ਦਿੰਦੇ ਹਨ। ਥਾਲੀਆਂ ਨੂੰ ਰਿਬਨਾਂ ਨਾਲ ਸਜਾਇਆ ਜਾਂਦਾ ਹੈ। ਕਟੋਰੇ ਵਿਚ ਪੰਜ ਸੁਨਹਿਰੀ ਮੱਛੀਆਂ ਤੈਰਦੀਆਂ ਰਹਿੰਦੀਆਂ ਹਨ, ਤੇਰ੍ਹਵੇਂ ਦਿਨ ਉਨ੍ਹਾਂ ਨੂੰ ਨਦੀ ਜਾਂ ਤਲਾਬ ਵਿਚ ਛੱਡਿਆ ਜਾਂਦਾ ਹੈ ਪਰ ਹੁਣ ਸ਼ੀਸ਼ੇ ਦੇ ਮਰਤਬਾਨ ਵਿਚ ਪਾ ਕੇ ਘਰ ਵਿਚ ਰੱਖਣ ਦਾ ਰਿਵਾਜ ਚੱਲ ਪਿਆ ਹੈ।

ਖੁੱਲ੍ਹੇ ਥਾਂ ਦਰੀ ਵਿਛਾ ਕੇ ਮੋਮਬੱਤੀ ਬਾਲ ਦਿੰਦੇ ਹਨ, ਆਲੇ ਦੁਆਲੇ ਘਰ ਵਿਚ ਪਏ ਸਾਰੇ ਸ਼ੀਸ਼ੇ ਰੱਖ ਦਿੰਦੇ ਹਨ ਤਾਂ ਇਉਂ ਲਗਦਾ ਹੈ ਜਿਵੇਂ ਧੂਈਂ ਬਲ ਰਹੀ ਹੋਵੇ। ਪੁਰਾਣਿਆਂ ਵੇਲਿਆਂ ਵਿਚ ਧੂਈਂ ਬਾਲੀ ਜਾਂਦੀ ਸੀ। ਪਾਰਸੀ ਧਰਮ ਵਿਚ ਅਗਨੀ ਦੀ ਪੂਜਾ ਹੁੰਦੀ ਹੈ। ਇਸਲਾਮ ਆਉਣ ਕਾਰਨ ਹੁਣ ਅਗਨੀ ਦੀ ਪੂਜਾ ਨਹੀਂ ਕਰਦੇ ਪਰ ਚਿੰਨ੍ਹ ਵਜੋਂ ਯਾਦ ਕਰਦੇ ਹਨ। ਹੁਣ ਮੋਮਬੱਤੀ ਨਾਲ ਕੁਰਾਨ ਰੱਖਣ ਦਾ ਰਿਵਾਜ ਵੀ ਹੋ ਗਿਆ ਹੈ। ਬਹੁਤ ਲੋਕ ਕੁਰਾਨ ਦੀ ਥਾਂ ਹਾਫਿਜ਼ ਦਾ ਦੀਵਾਨ ਰੱਖਦੇ ਹਨ, ਹਾਫਿਜ਼ ਦੇ ਗੀਤ ਗਾਉਂਦੇ ਹਨ। ਕਿਤੇ ਕਿਤੇ ਫਿਰਦੌਸੀ ਦਾ ਸ਼ਾਹਨਾਮਾ ਰੱਖਿਆ ਮਿਲ ਜਾਵੇਗਾ।




ਤੇਰ੍ਹਵੇਂ ਦਿਨ ਲੋਕ ਜੱਫੀ ਪਾ ਕੇ ਆਪਸ ਵਿਚ ਮਿਲਦੇ ਹਨ, ਨਵੇਂ ਸਾਲ ਦੀਆਂ ਮੁਬਾਰਕਾਂ ਦਿੰਦੇ ਹਨ। ਇਕ ਦੂਜੇ ਨੂੰ ਤੋਹਫੇ ਦਿੰਦੇ ਹਨ, ਬੱਚਿਆਂ ਨੂੰ ਸਿੱਕੇ ਦਿੰਦੇ ਹਨ। ਕੁਝ ਦਿਨਾਂ ਲਈ ਰਿਸ਼ਤੇਦਾਰਾਂ ਨੂੰ ਮਿਲਣ ਚਲੇ ਜਾਂਦੇ ਹਨ। ਪੰਦਰਾਂ ਸਰਕਾਰੀ ਛੁੱਟੀਆਂ ਹੁੰਦੀਆਂ ਹਨ। ਮਠਿਆਈਆਂ ਵੰਡਦੇ ਹਨ। ਮਨਪਸੰਦ ਮਿਠਾਈਆਂ ਸ਼ੀਰੇ ਵਿਚ ਮੇਵੇ ਰਲਾ ਕੇ ਬਣਾਈਆਂ ਹੋਈਆਂ ਹੁੰਦੀਆਂ ਹਨ, ਖਜੂਰਾਂ ਹਨ, ਚਾਵਲ-ਮੱਛੀ ਵਧੀਕ ਮਨਭਾਉਂਦਾ ਖਾਣਾ ਹੈ। ਭਾਵੇਂ ਇਲਾਕੇ ਅਨੁਸਾਰ ਖਾਣਿਆਂ ਵਿਚ ਭਿੰਨਤਾ ਹੁੰਦੀ ਹੈ ਪਰ ਸੇਵੀਆਂ ਅਤੇ ਖਜੂਰਾਂ ਸਾਰੇ ਖਾਂਦੇ ਹਨ।

ਤੇਰ੍ਹਵੇਂ ਦਿਨ ਨੂੰ ਸਿਜਦਾ ਬੇਦਾਰ ਕਹਿੰਦੇ ਹਨ ਜਿਸ ਦਿਨ ਇਸ ਤਿਉਹਾਰ ਦੀ ਸਮਾਪਤੀ ਹੁੰਦੀ ਹੈ। ਇਸ ਦਿਨ ਘਰ ਨਹੀਂ ਰਹਿੰਦੇ। ਪਿਕਨਿਕ ਮਨਾਉਣ ਲਈ ਕਿਸੇ ਪਹਾੜੀ, ਨਦੀ ਕਿਨਾਰੇ, ਜੰਗਲ ਜਾਂ ਬਾਗ ਵਿਚ ਚਲੇ ਜਾਂਦੇ ਹਨ। ਕੁਦਰਤ ਦੀ ਗੋਦ ਵਿਚ ਇਹ ਇਕ ਦਿਨ ਬਿਤਾਣਾ ਲਾਜ਼ਮੀ ਹੈ। ਸਭ ਤੋਂ ਵਧੀਕ ਖੁਸ਼ ਬੱਚੇ ਹੁੰਦੇ ਹਨ, ਪੂਰਾ ਦਿਨ ਖੇਡਣ ਨੂੰ ਮਿਲਦਾ ਹੈ। ਇਸ ਦਿਨ ਕੰਮ ਕਰਨ ਨੂੰ ਪਾਪ ਮੰਨਿਆ ਜਾਂਦਾ ਹੈ। ਖੱਮਣੀ ਦੋ ਟਾਹਣੀਆਂ ਦੁਆਲੇ ਵਲੇਟੀ ਜਾਏ ਤਾਂ ਕਹਿੰਦੇ ਹਨ, ਚੰਗਾ ਵਰ ਮਿਲੇਗਾ।


ਆਖਰੀ ਦਿਨ ਜੇ ਮੰਗਲਵਾਰ ਹੈ ਤਾਂ ਬਹੁਤ ਵਧੀਆ, ਨਹੀਂ ਤਾਂ ਤਿਉਹਾਰ ਤੋਂ ਪਹਿਲਾਂ ਜਿਹੜਾ ਮੰਗਲਵਾਰ ਹੋਵੇ, ਸ਼ਾਮ ਨੂੰ ਧੂਈਂ ਬਾਲ ਕੇ ਆਲੇ ਦੁਆਲੇ ਖਲੋ ਕੇ ਗੀਤ ਗਾਉਂਦੇ ਹਨ,

ਸੋਰਖੀ ਇ ਤੋ ਅਜ਼ ਮਾਂ।
ਜ਼ਰਦੀ ਇ ਮਾਂ ਅਜ਼ ਤੋ।
(ਮੈਨੂੰ ਆਪਣਾ ਸੂਹਾ ਰੰਗ ਦੇਹ। ਮੇਰਾ ਪੀਲਾ ਰੰਗ ਮੈਥੋਂ ਵਾਪਸ ਲੈ।)

ਵਧਾਈ ਦੇ ਲਫਜ਼ ਹਨ:

ਨੌ ਰੋਜ਼ ਮੁਬਾਰਕ (ਨਵੇਂ ਸਾਲ ਦੀ ਵਧਾਈ)
ਈਦੇ ਸ਼ੋਮਾ ਮੁਬਾਰਕ (ਨਵੇਂ ਤਿਉਹਾਰ ਦੀ ਵਧਾਈ)
ਨੌਰੋਜ਼ ਪੀਰੂਜ਼ (ਸਾਲ ਸਫਲ ਹੋਵੇ)
ਸਦ ਸਾਲ ਬੇ ਇਨਸ਼ਾ ਅੱਲਾਹ (ਸੌ ਸਾਲ ਖੁਸ਼ੀ ਦੇ ਬੀਤਣ)

ਭਾਰਤੀ ਲੋਕ ਦਸ ਦਿਨ ਪਹਿਲਾਂ ਜੌਂ ਬੀਜਦੇ ਹਨ ਤੇ ਦਸਹਿਰੇ ਦੇ ਦਿਨ ਸਿਰਾਂ 'ਤੇ ਟੰਗਦੇ ਹਨ। ਇਵੇਂ ਹੀ ਲੋਹੜੀ ਦੀ ਸ਼ਾਮ ਨੂੰ ਧੂਈਂ ਵਿਚ ਤਿਲ ਆਦਿਕ ਭੇਟ ਕਰਦਿਆਂ ਗਾਉਂਦੇ ਹਨ:




ਈਸਰ ਆਏ ਦਲਿਦਰ ਜਾਏ।
ਦਲਿਦਰ ਦੀ ਜੜ੍ਹ ਚੁਲ੍ਹੇ ਪਾਏ।

ਇਰਾਨੀਆਂ ਵਾਸਤੇ ਲਾਲ ਰੰਗ ਤਾਕਤ ਅਤੇ ਪੀਲਾ ਰੰਗ ਕਮਜ਼ੋਰੀ ਦੀ ਨਿਸ਼ਾਨੀ ਹੈ। ਉਹ ਵੀ ਨੌਰੋਜ਼ ਤਿਉਹਾਰ ਵਕਤ ਇਹੋ ਕਾਮਨਾ ਕਰਦੇ ਹਨ ਜੋ ਭਾਰਤੀ ਲੋਹੜੀ ਦੀ ਸ਼ਾਮ ਵਕਤ।




International programming requires additional $10/mo International Basic package or any America's Top or DishLATINO package.

**Important Terms and Conditions: Promotional Offers:**

**$10/mo. Credit for 12 Months Offer:** Valid for activation and installation of qualifying new DISH service. Requires subscription to a qualifying American or DishLATINO package in addition to Punjabi Mega Pack. Must provide Offer Code at time of order. Receive a monthly credit of $10 for the first 12 months.

**$30/mo. Credit for 12 Months Offer:** Valid for activation and installation of qualifying new DISH service. Requires subscription to a qualifying American or DishLATINO package in addition to Hindi Mega Pack. Must provide Offer Code at time of order. Receive a monthly credit of $30 for the first 12 months.

Requires activation of new qualifying DISH service. All prices, fees, charges, packages, programming, features, functionality and offers subject to change without notice. After 12 months, then-current everyday monthly price applies unless you call or go online to downgrade. **ETF:** If you cancel service during first 24 months, early termination fee of $20 for each month remaining applies.

**Additional Requirements: Installation/Equipment Requirements:** A second dish antenna may be required to view both International and American programming. Free Standard Professional Installation only. Leased equipment must be returned to DISH upon cancellation or unreturned equipment fees apply. Upfront and additional monthly fees may apply. **Miscellaneous:** Offers available for new and qualified former customers. Activation Fee may apply. Offers subject to terms of applicable Promotional and Residential Customer agreements. Taxes or reimbursement charges for state gross earnings taxes may apply. Additional restrictions and taxes may apply. **Offers end 4/30/2016.**

© 2016 DISH Network L.L.C. All rights reserved.